Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969



Jassi Gill
CA DRE# 00966763

Ad Space Available
Call: 847-359-0746



ਸਸਤੀ ਅਤੇ ਵਧੀਆ
ਹੈਲਥ ਇੰਸ਼ੋਰੈਂਸ
Quality Health Care
Including MEDI-CAL
COVERED CALIFORNIA
Manjit Gill
Certified Insurance Agent
CA. Lic#0B23990
Ph:510-888-1180
209-524-4008
Gill Financial & Insurance Services
27165 Mission Blvd, Hayward CA 94544
www.gillfinancial.com

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 2, January 11, 2014 20451 N Plum Grove Rd., Palatine, IL 60074 Ph:847-359-0746, Fax:847-705-9388

# ਬਿਕਰਮ ਸਿੰਘ ਮਜੀਠੀਆ ਡਰੱਗ ਸਮਗਲਰ !

## ਜਗਦੀਸ਼ ਭੋਲਾ ਨੇ ਕੀਤਾ ਖੁਲਾਸਾ, ਕਸੂਤੇ ਫਸੇ ਬਾਦਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਲੋਕ ਸੰਪਰਕ ਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਇਸ ਵਾਰ ਕਸੂਤੇ ਫਸ ਗਏ ਹਨ। ਉਨ੍ਹਾਂ ਦਾ ਨਾਂ ਕੌਮਾਂਤਰੀ ਡਰੱਗ ਸਮਗਲ ਕਰਨ ਦੇ ਕੇਸ ਵਿਚ ਗੂੰਜਿਆ ਹੈ। ਡਰੱਗ ਤਸਕਰੀ ਦੇ ਇਲਜ਼ਾਮਾਂ ਵਿਚ ਘਿਰੇ ਅਤੇ ਆਪਣੇ ਵੇਲੇ ਕੌਮਾਂਤਰੀ ਪਹਿਲਵਾਨ ਰਹੇ ਜਗਦੀਸ਼ ਸਿੰਘ ਉਰਫ਼ ਭੋਲਾ ਨੇ ਮੀਡੀਆ ਸਾਹਮਣੇ ਨਸ਼ਿਆਂ ਦੀ ਤਸਕਰੀ ਪਿੱਛੇ ਸ. ਮਜੀਠੀਆ ਦਾ ਹੱਥ ਹੋਣ ਦਾ ਦਾਅਵਾ ਕੀਤਾ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬੇਸ਼ੱਕ ਸ. ਮਜੀਠੀਆ ਨੂੰ ਕਲੀਨ ਚਿੱਟ ਦੇ ਕੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਬਿਲਕੁਲ ਬੇਬੁਨਿਆਦ ਕਰਾਰ ਦਿੰਦਿਆਂ ਸਿਆਸੀ ਸਟੰਟ ਕਿਹਾ ਹੈ ਪਰ ਵਿਰੋਧੀ ਧਿਰ ਕਾਂਗਰਸ ਨੇ ਇਸ ਮਾਮਲੇ ਨੂੰ ਲੈ ਕੇ ਸਰਕਾਰ ਨੂੰ ਘੇਰ ਲਿਆ ਹੈ। ਉਧਰ, ਜਗਦੀਸ਼ ਭੋਲਾ ਵੱਲੋਂ ਕੀਤੇ ਜਾ ਰਹੇ ਖੁਲਾਸਿਆਂ ਦੀ ਸੀ.ਬੀ.ਆਈ. ਜਾਂਚ ਕਰਵਾਉਣ ਲਈ ਦਾਇਰ ਜਨਹਿੱਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਇਹ ਪਟੀਸ਼ਨ ਕਾਂਗਰਸ ਦੇ ਸੀਨੀਅਰ ਆਗੂ ਜਗਮੀਤ ਸਿੰਘ ਬਰਾੜ ਵੱਲੋਂ ਦਾਇਰ ਕੀਤੀ ਗਈ ਹੈ। ਜਗਮੀਤ ਬਰਾੜ ਨੇ ਅਦਾਲਤ ਅੱਗੇ ਇਸ ਕੇਸ ਦੀ ਖ਼ੁਦ ਪੈਰਵੀ ਕੀਤੀ। ਇਸ ਕੇਸ ਦੀ ਅਗਲੀ ਸੁਣਵਾਈ 28 ਜਨਵਰੀ ਨੂੰ ਚੀਫ



ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਅਰੁਣ ਪੱਲੀ ਕਰਨਗੇ।

ਭੋਲਾ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਜਾਂਚ ਦੌਰਾਨ ਪਹਿਲੇ ਹੀ ਦਿਨ ਸੀ.ਆਈ.ਏ ਸਟਾਫ ਪਟਿਆਲਾ ਕੋਲ ਮਜੀਠੀਏ ਦਾ ਨਾਂ ਲਿਆ ਸੀ। ਉਸ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਇਸ ਗੋਰਖਧੰਦੇ ਵਿਚ ਇਸ ਮੰਤਰੀ ਦੀ ਸਿੱਧੀ ਮਿਲੀਭੁਗਤ ਹੈ ਤੇ ਇਸ ਬਾਰੇ ਦੁਆਬੇ ਦੇ ਇਕ ਮੰਤਰੀ ਦੇ ਨਾਂ ਦਾ ਖੁਲਾਸਾ ਉਹ 20 ਜਨਵਰੀ ਨੂੰ ਅਗਲੀ ਪੇਸ਼ੀ ਦੌਰਾਨ ਕਰੇਗਾ। ਭੋਲਾ ਨੇ ਪਟਿਆਲਾ ਦੇ ਐਸ.ਐਸ.ਪੀ. ਹਰਦਿਆਲ ਸਿੰਘ ਮਾਨ 'ਤੇ ਵੀ ਕਰੋੜਾਂ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਲਾਏ ਹਨ। ਉਸ ਨੇ ਕਿਹਾ ਕਿ ਸਮੁੱਚੇ ਡਰੱਗ ਰੈਕੇਟ ਵਿਚ ਮਜੀਠੀਏ ਦੀ ਮਿਲੀਭੁਗਤ ਹੈ ਤੇ ਜਾਂਚ ਦੌਰਾਨ ਸ. ਮਜੀਠੀਆ ਵੱਲੋਂ ਸੀ.ਆਈ.ਏ. ਸਟਾਫ਼ ਪਟਿਆਲਾ ਨੂੰ ਵਾਰ-ਵਾਰ ਫੋਨ ਵੀ ਕੀਤੇ ਜਾਂਦੇ ਸਨ। ਮੰਤਰੀ ਦਾ ਫੋਨ ਆਉਣ ਤੋਂ ਬਾਅਦ ਜਾਂਚ ਰੋਕ ਦਿੱਤੀ ਜਾਂਦੀ ਸੀ। ਇਹੀ ਨਹੀਂ, ਉਸ ਵੱਲੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮਾਮਲੇ ਵਿਚ ਮਜੀਠੀਏ ਦਾ ਨਾਂ ਲੈਣ ਤੋਂ ਬਾਅਦ ਪਟਿਆਲਾ ਜ਼ਿਲ੍ਹੇ ਦੀ ਪੁਲਿਸ ਨੇ ਉਸ ਦਾ ਹੋਰ ਪੁਲਿਸ ਰਿਮਾਂਡ ਨਹੀਂ ਮੰਗਿਆ।

ਭੋਲਾ ਨੇ ਐਸ.ਐਸ.ਪੀ. ਮਾਨ ਸਮੇਤ ਇਸ ਕੇਸ ਦੀ ਜਾਂਚ ਕਰਨ ਵਾਲੀ ਸਮੁੱਚੀ ਟੀਮ 'ਤੇ ਦੋਸ਼ ਲਾਇਆ ਕਿ ਹੁਣ ਤੱਕ ਰਿਸ਼ਵਤ ਦੇ ਰੂਪ ਵਿਚ ਕਰੀਬ 25 ਕਰੋੜ ਰੁਪਏ ਲਏ ਜਾ ਚੁੱਕੇ ਹਨ। ਪੰਜਾਬ ਵਿਚ ਕੁੱਲ 23 ਐਸ.ਐਸ.ਪੀ. ਕੰਮ ਕਰ ਰਹੇ ਹਨ ਪਰ ਨਸ਼ੀਲੇ ਪਦਾਰਥ ਜਿਨ੍ਹਾਂ ਵਿਚ ਹੈਰੋਇਨ ਤੇ ਹੋਰ ਕਿਸਮ ਦੇ ਨਸ਼ੇ ਸ਼ਾਮਲ ਹਨ, ਸਿਰਫ ਪਟਿਆਲਾ ਪੁਲਿਸ ਵੱਲੋਂ ਫੜੇ ਗਏ ਹਨ।

ਭੋਲਾ ਨੇ ਪੁਲਿਸ ਜਾਂਚ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਉਹ ਸ਼ੁਰੂ ਤੋਂ ਕਹਿੰਦਾ

*(ਬਾਕੀ ਸਫਾ 6 'ਤੇ)*

## ਜਗਦੀਸ਼ ਭੋਲਾ ਜਲੰਧਰ ਪੁਲੀਸ ਹਵਾਲੇ

**ਜਲੰਧਰ:** ਡਰਗ ਤਸਕਰੀ ਕੇਸ ਵਿਚ ਫਸੇ ਜਗਦੀਸ਼ ਭੋਲਾ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਂ ਲੈਣ ਦੇ ਇਕ ਦਿਨ ਬਾਅਦ ਹੀ ਉਸ ਨੂੰ ਜੁਡੀਸ਼ੀਅਲ ਹਿਰਾਸਤ ਵਿਚੋਂ ਪੁਲਿਸ ਹਿਰਾਸਤ ਵਿਚ ਲੈ ਆਂਦਾ ਗਿਆ। ਪੁਲਿਸ ਨੇ ਇਹ ਸਾਰੀ ਕਾਰਵਾਈ ਗੁਪਤ ਰੱਖਣ ਦੀ ਕੋਸ਼ਿਸ਼ ਕੀਤੀ। ਮਿਲੀ ਜਾਣਕਾਰੀ ਅਨੁਸਾਰ ਪੁਲਿਸ ਉਸ ਨੂੰ ਪਟਿਆਲਾ ਤੋਂ ਪ੍ਰੋਡਕਸ਼ਨ ਵਰੰਟ 'ਤੇ ਲੈ ਕੇ ਆਈ। ਹੈਰਾਨੀ ਦੀ ਗੱਲ ਹੈ ਕਿ ਜਗਦੀਸ਼ ਭੋਲਾ ਵਿਰੁਧ ਜਲੰਧਰ ਪੁਲਿਸ ਕੋਲ ਕੋਈ ਵੀ ਕੇਸ ਨਹੀਂ ਹੈ, ਫਿਰ ਵੀ ਉਸ ਦਾ ਰਿਮਾਂਡ ਲਿਆ ਗਿਆ ਹੈ। ਭੋਲਾ ਨੂੰ ਜਲੰਧਰ ਲਿਆਉਣ ਬਾਰੇ ਕੋਈ ਵੀ ਪੁਲਿਸ ਅਫ਼ਸਰ ਮੂੰਹ ਖੋਲ੍ਹਣ ਲਈ ਤਿਆਰ ਨਹੀਂ ਸੀ।

## ਪਰਵਾਸੀ ਭਾਰਤੀ ਗ੍ਰਿਫ਼ਤਾਰ

**ਪਟਿਆਲਾ:** ਪਟਿਆਲਾ ਪੁਲਿਸ ਨੇ ਛੇ ਹਜ਼ਾਰ ਕਰੋੜ ਰੁਪਏ ਦੀ ਸਿੰਥੈਟਿਕ ਡਰੱਗ ਦੀ ਕੌਮਾਂਤਰੀ ਪੱਧਰ 'ਤੇ ਤਸਕਰੀ ਕਰਨ 'ਤੇ ਆਧਾਰਤ ਇਕ ਹੋਰ ਵੱਡੇ ਕੇਸ ਦਾ ਪਰਦਾਫਾਸ਼ ਕਰਦਿਆਂ, ਕੈਨੇਡਾ ਦੇ ਵਸਨੀਕ ਦਵਿੰਦਰ ਸਿੰਘ ਦੇਵ ਨੂੰ ਕਾਬੂ ਕੀਤਾ ਹੈ। ਐਸ.ਐਸ.ਪੀ. ਹਰਦਿਆਲ ਸਿੰਘ ਮਾਨ ਨੇ ਦੱਸਿਆ ਕਿ ਦੇਵ ਵੱਲੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਿੱਲੀ ਦੇ ਕਰੋਲ ਬਾਗ ਖੇਤਰ ਦੀ ਇਕ ਕੁਆਲਿਟੀ ਫੂਡ ਕੰਪਨੀ ਦੇ ਪਰਮੋਦ ਟੋਨੀ ਸਮੇਤ ਸਮੁੰਦਰੀ ਜਹਾਜ਼ ਦੇ ਮਾਲਕ ਰਾਹੀਂ ਕੀਤੀ ਜਾਂਦੀ ਸੀ। ਉਸ ਨੇ ਜਗਦੀਸ਼ ਭੋਲਾ ਨੂੰ ਵੀ ਸਿੰਥੈਟਿਕ ਡਰੱਗ ਬਣਾਉਣ ਲਈ ਇਕ ਕੁਇੰਟਲ ਅਫੀਮ ਮੁਹੱਈਆ ਕਰਵਾਈ ਸੀ। ਦੇਵ ਨੂੰ ਅਦਾਲਤ ਨੇ 14 ਜਨਵਰੀ ਤੱਕ ਪੁਲਿਸ ਹਿਰਾਸਤ ਵਿਚ ਭੇਜ ਦਿੱਤਾ ਹੈ।

## ਪੰਜਾਬ ਕਾਂਗਰਸ ਦੀਆਂ ਜੜ੍ਹ 'ਚ ਬਹਿ ਗਈ ਬਗਾਵਤ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਦੇ ਪੁਨਰਗਠਨ ਮਗਰੋਂ ਸ਼ੁਰੂ ਹੋਈ ਬਗਾਵਤ ਨੇ ਪਾਰਟੀ ਦੇ ਅਕਸ ਨੂੰ ਮੁੜ ਢਾਹ ਲਾਈ ਹੈ ਤੇ ਹੇਠਲੇ ਪੱਧਰ 'ਤੇ ਕੰਮ ਕਰ ਰਹੇ ਵਰਕਰ ਵੀ ਨਿਰਾਸ਼ ਹੋ ਰਹੇ ਹਨ। ਇਸ ਬਗਾਵਤ ਨੇ ਪਾਰਟੀ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਕਾਰਗੁਜ਼ਾਰੀ ਅਤੇ ਭਰੋਸੇਯੋਗਤਾ 'ਤੇ ਵੀ ਸਵਾਲ ਉਠਾਇਆ ਹੈ। ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਕਾਂਗਰਸ ਵਿਚ ਪਏ ਇਸ ਖਲਾਰੇ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ ਤੇ ਪਾਰਟੀ ਨੂੰ ਇਸ ਦਾ ਵੱਡਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ। ਲੋਕ ਸਭਾ ਚੋਣਾਂ ਸਿਰ ਉਤੇ ਹੋਣ ਕਾਰਨ ਕਾਂਗਰਸ ਦੇ ਘਰ ਵਿਚ ਪਏ ਕਲੇਸ਼ ਤੋਂ ਅਕਾਲੀ ਕੱਛਾਂ ਵਜਾ ਰਹੇ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਚਾਰ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਹੋਈ ਹਾਰ ਮਗਰੋਂ ਕਾਂਗਰਸ ਹਾਈ ਕਮਾਨ ਦੀ ਪਾਰਟੀ 'ਤੇ ਪਕੜ ਕਮਜ਼ੋਰ ਪਈ ਹੈ। ਇਸ ਗੱਲ ਦਾ ਸੰਕੇਤ ਕੇਂਦਰੀ ਨੇਤਾਵਾਂ ਦੀ ਘੁਰਕੀ ਮਗਰੋਂ ਵੀ ਪੰਜਾਬ ਦੇ ਕਾਂਗਰਸ ਆਗੂਆਂ ਵੱਲੋਂ ਪ੍ਰਦੇਸ਼ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਦੀ ਜਾਰੀ ਸੂਚੀ ਵਿਰੁੱਧ ਰੋਸ ਪ੍ਰਗਟ ਕਰਦਿਆਂ ਅਸਤੀਫਿਆਂ ਦੀ ਝੜੀ ਲਗਾਤਾਰ ਜਾਰੀ ਰਹਿਣ ਤੋਂ ਮਿਲਦਾ ਹੈ। ਪੰਜਾਬ ਦੇ ਇੰਚਾਰਜ ਅਤੇ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਡਾ. ਸੁਸ਼ੀਲ ਅਹਿਮਦ ਦੀ ਪਾਰਟੀ ਆਗੂਆਂ ਨੂੰ ਆਪਣੇ ਮਤਭੇਦ ਜਨਤਕ ਕਰਨ ਤੇ ਅਸਤੀਫ਼ੇ ਦੇਣ ਵਰਗੀਆਂ ਕਾਰਵਾਈਆਂ ਤੋਂ ਸੰਕੋਚ ਕਰਨ ਦੀ ਦਿੱਤੀ ਸਲਾਹ ਵੀ ਰੱਦ ਕਰ ਦਿੱਤੀ ਗਈ ਹੈ। ਡਾ. ਅਹਿਮਦ ਨੇ ਜ਼ਾਬਤਾ ਭੰਗ ਕਰਨ ਵਾਲਿਆਂ ਖਿਲਾਫ਼ ਕਾਰਵਾਈ ਦੀ ਵੀ ਘੁਰਕੀ ਦਿੱਤੀ ਪਰ ਕਾਂਗਰਸ ਅੰਦਰ ਜਿਸ ਪੱਧਰ ਦੀ ਘਰੇਲੂ ਜੰਗ ਛਿੜੀ ਹੈ, ਮੁੱਕਣ 'ਤੇ ਨਹੀਂ ਆ ਰਹੀ।

ਪਾਰਟੀ ਆਗੂਆਂ ਅੰਦਰ ਇਹ ਆਮ ਪ੍ਰਭਾਵ ਹੈ ਕਿ ਪਾਰਟੀ ਅਹੁਦੇਦਾਰਾਂ ਤੇ ਕਮੇਟੀ ਦੀ ਜਾਰੀ ਸੂਚੀ ਵਿਚ ਬਹੁਤੇ ਸੀਨੀਅਰ ਨੇਤਾਵਾਂ ਨੂੰ ਅੱਖੋਂ-ਪਰੋਖੇ ਕਰਨ ਕਾਰਨ ਹੀ ਪਾਰਟੀ ਅੰਦਰ ਰੋਸ ਤੇ ਵਿਰੋਧ ਦੀ ਇੰਨੀ ਵੱਡੀ ਲਹਿਰ ਪੈਦਾ ਹੋਈ ਹੈ। ਆਮ ਕਰ ਕੇ ਇਹ ਪ੍ਰਭਾਵ ਹੈ ਕਿ ਕੈਪਟਨ ਧੜੇ ਵੱਲੋਂ ਅਸਤੀਫ਼ਾ ਮੁਹਿੰਮ ਸ. ਬਾਜਵਾ ਦੀ ਪੁਜ਼ੀਸ਼ਨ ਖ਼ਰਾਬ ਕਰਨ ਲਈ ਚਲਾਈ

*(ਬਾਕੀ ਸਫਾ 6 'ਤੇ)*

REAL ESTATE & HOME LOANS



ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Broker / Associate
Century 21
M&M and Associates
209.918.6464
ahundal@c21mm.com
605 Standiford Ave, Ste D - Modesto, CA 95350
SFR

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜ਼ਨਸ ਲਾਅ



Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਕੈਂਸਰ ਅਤੇ ਦਿਲ ਦੇ ਰੋਗਾਂ ਨੂੰ ਰੋਕੇਗੀ ਫਿਲਮ 'ਪਟਿਆਲਾ ਡਰੀਮਜ਼'

**ਸੁਖਬੀਰ ਗਰੇਵਾਲ**

ਕੀ ਕਿਸੇ ਪੰਜਾਬੀ ਫਿਲਮ ਦਾ ਦਿਲ ਅਤੇ ਕੈਂਸਰ ਦੇ ਰੋਗਾਂ ਨਾਲ ਕੋਈ ਸਬੰਧ ਹੋ ਸਕਦਾ ਹੈ? 10 ਜਨਵਰੀ ਨੂੰ ਵਿਸ਼ਵ ਭਰ ਦੇ ਸਿਨੇਮਾ ਘਰਾਂ ਵਿਚ ਰਿਲੀਜ਼ ਹੋ ਰਹੀ ਪੰਜਾਬੀ ਫਿਲਮ 'ਪਟਿਆਲਾ ਡਰੀਮਜ਼' ਦੇ ਨਿਰਮਾਣ ਦੇ ਉਦੇਸ਼ਾਂ ਦੀ ਪੁਣਛਾਣ ਕਰੀਏ ਤਾਂ ਇਸ ਸਵਾਲ ਦਾ ਜਵਾਬ ਸੁਭਾਵਕ ਹੀ ਮਿਲ ਜਾਂਦਾ ਹੈ। ਇਸ ਫਿਲਮ ਦੇ ਲੇਖਕ ਅਤੇ ਨਿਰਮਾਤਾ ਕੈਲਗਰੀ (ਕੈਨੇਡਾ) ਵਿਚ ਰਹਿ ਰਹੇ ਡਾ. ਅਨਮੋਲ ਸਿੰਘ ਕਪੂਰ ਹਨ। ਡਾ. ਕਪੂਰ ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਹਨ। ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦੀ ਰੋਕਥਾਮ ਬਾਰੇ ਫੈਲਾਈ ਜਾ ਰਹੀ ਜਾਗਰੂਕਤਾ ਮੁਹਿੰਮ 'ਰੋਕੋ ਕੈਂਸਰ' ਨਾਲ ਵੀ ਇਸ ਫਿਲਮ ਦਾ ਡੂੰਘਾ ਸਬੰਧ ਹੈ।



*ਡਾ. ਅਨਮੋਲ ਸਿੰਘ ਕਪੂਰ ਅਤੇ ਮੇਅਰ ਨਹੀਦ*

ਇਸ ਤਿਕੋਣ ਦੀ ਪਹਿਲੀ ਕੜੀ ਡਾ. ਅਨਮੋਲ ਸਿੰਘ ਕਪੂਰ ਹਨ ਜਿਹੜੇ ਨਾਭਾ ਤੋਂ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਰੂਸ ਤੋਂ ਡਾਕਟਰੀ ਪਾਸ ਕਰਕੇ ਕੈਨੇਡਾ ਪਹੁੰਚੇ ਅਤੇ ਲੰਮੇ ਸੰਘਰਸ਼ ਤੋਂ ਬਾਅਦ ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਬਣੇ। ਡਾਕਟਰੀ ਅਭਿਆਸ ਦੌਰਾਨ ਡਾ. ਕਪੂਰ ਨੇ ਜਲਦੀ ਹੀ ਮਹਿਸੂਸ ਕਰ ਲਿਆ ਕਿ ਦੱਖਣੀ-ਏਸ਼ੀਆ ਮੂਲ ਦੇ ਲੋਕਾਂ ਵਿਚ ਦਿਲ ਦੇ ਰੋਗਾਂ ਦਾ ਰੁਝਾਨ ਕਾਫੀ ਜਿਆਦਾ ਹੈ। ਉਨ੍ਹਾਂ 2011 ਵਿਚ 'ਦਿਲ ਵਾਕ' ਨਾਂ ਦੀ ਸਮਾਜ ਸੇਵੀ ਸੰਸਥਾ ਬਣਾਈ ਜਿਸ ਦਾ ਉਦੇਸ਼ ਸਿਹਤ ਸੰਭਾਲ ਸਬੰਧੀ ਜਾਗਰੂਕਤਾ ਫੈਲਾ ਕੇ ਖਾਸ ਕਰਕੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੂੰ ਦਿਲ ਦੇ ਰੋਗਾਂ ਤੋਂ ਬਚਾਓ ਲਈ ਜਾਗਰੂਕ ਕਰਨਾ ਹੈ।

ਇਹ ਸੰਸਥਾ ਕੈਲਗਰੀ ਅਤੇ ਐਡਮੰਟਨ ਵਿਚ ਪਿਛਲੇ ਤਿੰਨ ਸਾਲ ਤੋਂ ਪੂਰੀ ਸਰਗਰਮ ਹੈ। ਸੰਸਥਾ ਦਾ ਹੋਕਾ ਹੈ ਕਿ ਘਰ ਤੋਂ ਬਾਹਰ ਨਿਕਲ ਕੇ ਜੇ ਸਰੀਰਕ ਤੌਰ ਤੇ ਸਰਗਰਮੀ ਭਰਿਆ ਜੀਵਨ ਬਿਤਾਇਆ ਜਾਵੇ ਤਾਂ ਅਪਸੀ ਮੇਲ ਜੋਲ ਨਾਲ ਗਿਆਨ ਵੀ ਵਧਦਾ ਹੈ ਅਤੇ ਰੋਗਾਂ ਤੋਂ ਨਿਜਾਤ ਵੀ ਮਿਲਦੀ ਹੈ। ਡਾ. ਕਪੂਰ ਦੀ ਪਤਨੀ ਰਮਨ ਕਪੂਰ ਇਕ ਮਾਨਤਾ ਪ੍ਰਾਪਤ ਖੁਰਾਕੀ ਮਾਹਿਰ (ਡਾਈਟੀਸ਼ਨ) ਹਨ ਜਿਹੜੇ ਇਸ ਸੰਸਥਾ ਦੇ ਕੋ-ਆਰਡੀਨੇਟਰ ਵੀ ਹਨ।

ਤਿਕੋਣ ਦੀ ਦੂਜੀ ਕੜੀ ਇੰਗਲੈਂਡ ਵਾਸੀ ਕੁਲਵੰਤ ਸਿੰਘ ਧਾਲੀਵਾਲ ਦੁਆਰਾ ਪੰਜਾਬ ਵਿਚ ਚਲਾਈ ਜਾ ਰਹੀ ਮੁਹਿੰਮ 'ਰੋਕੋ ਕੈਂਸਰ' ਹੈ। ਇਸ ਸੰਸਥਾ ਵਲੋਂ ਪੰਜਾਬ ਵਿਚ ਪੰਜ ਮੋਬਾਈਲ ਵੈਨਾਂ ਚਲਾਈਆਂ ਜਾ ਰਹੀਆਂ ਹਨ ਜੋ ਪਿੰਡਾਂ ਵਿਚ ਜਾ ਕੇ ਲੋਕਾਂ ਦੇ ਕੈਂਸਰ ਟੈਸਟ ਕਰਦੀਆਂ ਹਨ। 'ਰੋਕੋ ਕੈਂਸਰ' ਮੁਹਿੰਮ ਨੂੰ ਹੋਰ ਵੱਡੀ ਪੱਧਰ 'ਤੇ ਪਹੁੰਚਾਉਣ ਲਈ ਵਿਤੀ ਸਹਾਇਤਾ ਦੀ ਲੋੜ ਸੀ ਜਿਸ ਕਰਕੇ ਡਾ. ਅਨਮੋਲ ਸਿੰਘ ਕਪੂਰ ਨੇ ਵਾਅਦਾ ਕੀਤਾ ਹੈ ਕਿ ਪੰਜਾਬੀ ਫਿਲਮ 'ਪਟਿਆਲਾ ਡਰੀਮਜ਼' ਤੋਂ ਹੋਣ ਵਾਲੀ ਕਮਾਈ 'ਚੋਂ ਉਹ 'ਰੋਕੋ ਕੈਂਸਰ' ਮੁਹਿੰਮ ਲਈ ਦੋ ਹੋਰ ਮੋਬਾਈਲ ਵੈਨਾਂ ਦਾ ਪ੍ਰਬੰਧ ਕਰਨਗੇ।

'ਪਟਿਆਲਾ ਡਰੀਮਜ਼' ਫਿਲਮ ਬਾਰੇ ਡਾ. ਕਪੂਰ ਨੇ ਦੱਸਿਆ ਕਿ ਇਸ ਫਿਲਮੀ ਦੀ ਕਹਾਣੀ ਰਾਹੀਂ ਵਿਦੇਸ਼ਾਂ ਵਿਚ ਰਹਿ ਰਹੇ ਵਿਅਕਤੀਆਂ ਨੇ ਆਪਣੀਆਂ ਜੜ੍ਹਾਂ ਨਾਲ ਮੋਹ ਦੀ ਗੱਲ ਕਹੀ ਗਈ ਹੈ। ਉਨ੍ਹਾਂ ਦੱਸਿਆ ਕਿ 'ਪਟਿਆਲਾ ਡਰੀਮਜ਼' ਤੋਂ ਹੋਣ ਵਾਲੀ ਕਮਾਈ ਦਾ ਬਹੁਤਾ ਹਿੱਸਾ ਉਹ 'ਦਿਲ ਵਾਕ' ਅਤੇ 'ਰੋਕੋ ਕੈਂਸਰ' ਸੰਸਥਾਵਾਂ ਲਈ ਦੇਣਗੇ ਤਾਂ ਕਿ ਪੰਜਾਬੀ ਭਾਈਚਾਰੇ ਨੂੰ ਇਕ ਤੰਦਰੁਸਤ ਭਵਿੱਖ ਦਿੱਤਾ ਜਾਵੇ। ਉਨ੍ਹਾਂ ਪੰਜਾਬੀ ਭਾਈਚਾਰੇ ਨੂੰ 'ਪਟਿਆਲਾ ਡਰੀਮਜ਼' ਫਿਲਮ ਦੇਖ ਕੇ 'ਦਿਲ ਵਾਕ' ਅਤੇ ਰੋਕੋ ਕੈਂਸਰ' ਸੰਸਥਾਵਾਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। ਇਹ ਫਿਲਮ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਦੇ ਸਿਨੇਮਾ ਘਰਾਂ ਵਿਚ ਦਿਖਾਈ ਜਾ ਰਹੀ ਹੈ। ਹੋਰ ਵੇਰਵੇ ਲਈ ਸਫਾ 21 'ਤੇ ਛਪਿਆ ਇਸ਼ਤਿਹਾਰ ਦੇਖੋ।


**Trinity Logistics Inc.**

Brokerage Company California Office

**Now Hiring Company Drivers**

Team & Solo *(With Two Years Experience )*

**Owner Operators**

Specialize in Reefer & Dry Loads.
Run All 48 States



*Quick Pay Available
*Get paid weekly on time.
*Fuel advance

Transflo or fax your delivery BOL and get paid by ACH deposit in your account.

**ਕੰਪਨੀ ਡਰਾਈਵਰਾਂ**

ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)

**ਓਨਰ ਅਪਰੇਟਰਾਂ ਦੀ ਲੋੜ ਹੈ**

*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਂਡਵਾਂਸ

*Call Dispatch at*

**661-213-3355 or 661-431-8692**




# ਸਿੱਖ ਪੰਚਾਇਤ ਵਲੋਂ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਮੁੜ ਸਰਬਸੰਮਤੀ ਨਾਲ ਕਰਾਉਣ ਦਾ ਅਹਿਦ

**ਫਰੀਮਾਂਟ (ਬਿਊਰੋ):** ਹੋਰ ਅੱਠ ਹਫਤਿਆਂ ਅੰਦਰ ਹੋਣ ਵਾਲੀ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀ ਚੋਣ ਲਈ ਹਿਲਜੁਲ ਹੋਣੀ ਸ਼ੁਰੂ ਹੋ ਗਈ ਹੈ। ਬੀਤੇ ਐਤਵਾਰ ਇਥੇ ਸਿੱਖ ਪੰਚਾਇਤ ਦੀ ਇਕ ਮੀਟਿੰਗ ਹੋਈ ਜਿਸ ਵਿਚ ਗੁਰਦੁਆਰਾ ਫਰੀਮਾਂਟ ਸਬੰਧੀ 2 ਸਾਲ ਪਹਿਲਾਂ ਵਖ ਵਖ ਗਰੁਪਾਂ ਵੱਲੋਂ ਕੀਤੀ ਗਈ ਏਕਤਾ ਉਪਰੰਤ ਬਣਾਈ ਗਈ ਸਿੱਖ ਪੰਚਾਇਤ ਦੇ ਫਰਜਾਂ ਨੂੰ ਸੁਹਿਰਦਤਾ ਨਾਲ ਨਿਭਾਏ ਜਾਣ 'ਤੇ ਤੱਸਲੀ ਪ੍ਰਗਟਾਈ ਗਈ।

ਚੇਤੇ ਰਹੇ, ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧ ਨੂੰ ਲੈ ਕੇ ਹੁੰਦੀ ਖਿੱਚੋਤਾਣ ਨੂੰ ਖਤਮ ਕਰਨ ਲਈ ਤਿੰਨ ਮੁੱਖ ਧਿਰਾਂ ਨੇ ਇਹ ਏਕਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਲੈ ਕੇ ਕੀਤੀ ਸੀ। ਮੀਟਿੰਗ ਵਿਚ ਇਸ ਗੱਲ ਉਤੇ ਤਸੱਲੀ ਪ੍ਰਗਟਾਈ ਗਈ ਕਿ ਇਨ੍ਹਾਂ ਤਿੰਨ ਧਿਰਾਂ ਦੇ ਮੁਖ ਆਗੂਆਂ-ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਰਾਮ ਸਿੰਘ, ਸ. ਜਸਜੀਤ ਸਿੰਘ ਅਤੇ ਡਾ. ਪ੍ਰਿਤਪਾਲ ਸਿੰਘ ਨੇ ਇਸ ਏਕਤਾ ਤੋਂ ਬਾਅਦ ਕੋਈ ਵੀ ਅਹੁਦਾ ਨਾ ਲੈ ਕੇ ਤਿਆਗ ਦੀ ਮਿਸਾਲ ਕਾਇਮ ਕੀਤੀ ਹੈ। ਮੀਟਿੰਗ ਵਿਚ ਕੁਝ ਮੈਂਬਰਾਂ ਨੇ ਕਿਹਾ ਕਿ ਕਈ ਲੋਕਾਂ ਨੇ ਇਸ ਏਕਤਾ ਦੇ ਇਕ ਮਹੀਨੇ ਵਿਚ ਟੁੱਟਣ 'ਤੇ ਸ਼ਰਤਾਂ ਲਾ ਰਖੀਆਂ ਸਨ, ਪਰ ਅੱਜ ਕੋਈ ਇਹ ਨਹੀਂ ਦੱਸ ਸਕਦਾ ਕਿ ਸਿੱਖ ਪੰਚਾਇਤ ਦੇ ਇਹ ਮੈਂਬਰ ਕਦੇ ਅਲੱਗ ਅਲੱਗ ਗਰੁਪਾਂ ਨਾਲ ਸਬੰਧ ਰਖਦੇ ਸਨ।

ਮੀਟਿੰਗ ਵਿਚ 2 ਸਾਲ ਪਹਿਲਾਂ ਸਰਬਸੰਮਤੀ ਨਾਲ ਚੁਣੀ ਗਈ ਸੁਪਰੀਮ ਕੌਂਸਲ ਅਤੇ ਪ੍ਰਬੰਧਕ ਕਮੇਟੀ ਵਲੋਂ ਨਿਭਾਈ ਗਈ ਸ਼ਾਨਦਾਰ ਸੇਵਾ ਦੀ ਵੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਗੱਲ ਉਤੇ ਮੈਂਬਰਾਂ ਨੇ ਤਸੱਲੀ ਪ੍ਰਗਟਾਈ ਕਿ ਕਮੇਟੀ ਵਲੋਂ ਹੁਣ ਤੱਕ ਦੀਆਂ ਸਭ ਪ੍ਰਬੰਧਕ ਕਮੇਟੀਆਂ ਨਾਲੋਂ ਵੱਧ ਯੋਗਤਾ ਅਤੇ ਇਤਫਾਕ ਨਾਲ ਸੇਵਾ ਨਿਭਾਈ ਹੈ ਜਿਸ ਕਾਰਨ ਗੁਰੂ ਘਰ ਦਾ ਮਾਹੌਲ ਖਿੱਚੋਤਾਣ ਤੋਂ ਮੁਕਤ ਹੋ ਕੇ ਬਹੁਤ ਖੁਸ਼ਗਵਾਰ ਹੋਇਆ ਹੈ। ਇਸ ਨਾਲ ਸੰਗਤ ਦੀ ਹਾਜ਼ਰੀ ਵੀ ਵਧੀ ਹੈ। ਗੁਰੂ ਘਰ ਨਾਲ ਸਬੰਧਤ ਵੱਡੇ ਪ੍ਰਾਜੈਕਟ ਪਾਸ ਕਰਵਾਏ ਜਾਣ ਦੇ ਬਾਵਜੂਦ ਅਕਾਊਂਟ ਵਿਚ ਕਾਫੀ ਵਾਧਾ ਹੋਇਆ ਹੈ।

ਮਾਰਚ ਵਿਚ ਆ ਰਹੀ ਚੋਣ ਸਬੰਧੀ ਵਿਚਾਰ ਕਰਦਿਆਂ ਸਿੱਖ ਪੰਚਾਇਤ ਨੇ ਸੁਪਰੀਮ ਕੌਂਸਲ ਦੀ ਚੋਣ ਇਸ ਵਾਰ ਫਿਰ ਗੁਰਮਤੇ ਰਾਹੀਂ ਸਰਬਸੰਮਤੀ ਨਾਲ ਕਰਨ ਦਾ ਵਾਅਦਾ ਕੀਤਾ ਹੈ। ਸਿੱਖ ਪੰਚਾਇਤ ਹਰ ਕੋਸ਼ਿਸ਼ ਕਰੇਗੀ ਕਿ ਪੰਜ ਸਿੰਘਾਂ ਦੀ ਚੋਣ ਸਰਬਸੰਮਤੀ ਨਾਲ ਹੋਵੇ ਪਰ ਨਾਲ ਹੀ ਸਿੱਖ ਪੰਚਾਇਤ ਨੇ ਸੰਗਤ ਨੂੰ ਗੁਰਮਤੇ ਤੋਂ ਭਗੌੜੇ ਹੋ ਕੇ ਗੁਰੂ ਘਰ ਦਾ ਚੋਣਾਂ ਵਿਚ ਖਰਚਾ ਕਰਵਾਉਣ ਅਤੇ ਮੁੜ ਧੜੇਬੰਦੀ ਤੇ ਈਰਖਾ ਪੈਦਾ ਕਰਨ ਵਾਲੇ ਅਨਸਰਾਂ ਨੂੰ ਰੱਦ ਕਰਨ ਦੀ ਬੇਨਤੀ ਕੀਤੀ।


ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ ਲੈਣ ਲਈ

COVERED CALIFORNIA

YOUR DESTINATION FOR AFFORDABLE QUALITY HEALTH CARE INCLUDING MEDI-CAL

CERTIFIED INSURANCE AGENT
GURCHARAN SINGH MANN
License # 0C70672

(510) 797-7989
2450 PERALTA BLVD, SUITE 203
FREMONT CA 94536

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*



*Contact:*
Dr. Baljit Jammu
*Doctor of Chiropractic*
Ph: 510-940-8236
1090 La Palya Dr.,
Hayward CA 94545

ਤਹੀ ਪ੍ਰਕਾਸ ਹਮਾਰਾ ਭਯੋ॥
ਪਟਨਾ ਸਹਰ ਬਿਖੈ ਭਵ ਲਯੋ॥

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਸੰਗਤਾਂ ਨੂੰ ਲੱਖ ਲੱਖ ਵਧਾਈ

Sunday, 12th January 2014
Dublin Civic Center – City Hall
100 Civic Plaza, Dublin, CA 94568

ਐਤਵਾਰ, 12 ਜਨਵਰੀ 2014
ਜਪੁਜੀ ਸਾਹਿਬ ਅਤੇ ਚੌਪਈ ਸਾਹਿਬ ਪਾਠ: ਸਵੇਰੇ 10:00 ਤੋਂ 10:30 ਤੱਕ
ਕੀਰਤਨ ਤੇ ਪੰਥਕ ਵਿਚਾਰਾਂ (ਸੰਗਤ ਵਲੋਂ): ਸਵੇਰੇ 10:30 ਤੋਂ 11:00 ਤੱਕ
ਬੱਚਿਆਂ ਦਾ ਪ੍ਰੋਗਰਾਮ: ਸਵੇਰੇ 11:00 ਤੋਂ 11:45 ਤੱਕ
ਢਾਡੀ ਵਾਰਾਂ: ਸਵੇਰੇ 11:45 ਤੋਂ 12:30 ਤੱਕ
ਸ਼ਬਦ ਕੀਰਤਨ: ਦੁਪਹਿਰ 12:30 ਤੋਂ 1:30 ਤੱਕ
ਅਰਦਾਸ ਅਤੇ ਹੁਕਮਨਾਮਾ: ਬਾਅਦ ਦੁਪਹਿਰ 1:30 ਤੋਂ 2:00 ਤੱਕ



Try-Valley Sikh Center

Ph: 925-364-4125
Email: TriValleySikhCenter@gmail.com
Website: TriValleySikhCenter.com

*Please send a note with your name, address & phone number to TVSC email so we can add you to the email distribution list.*

# ਹਰਿਮੰਦਰ ਸਾਹਿਬ ਵਿਖੇ ਅਖੰਡ ਪਾਠ ਲਈ ਕਰਨੀ ਪਏਗੀ ਲੰਮੀ ਉਡੀਕ

## ਪੰਜ ਤੋਂ 10 ਸਾਲ ਲਈ ਬੁਕਿੰਗ ਮੁਕੰਮਲ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਹਰਿ ਕੀ ਪਉੜੀ ਤੇ ਦੁੱਖ ਭੰਜਨੀ ਬੇਰੀ ਆਦਿ ਥਾਵਾਂ 'ਤੇ ਸ੍ਰੀ ਅਖੰਡ ਕਰਾਉਣ ਲਈ ਸੰਗਤਾਂ ਲਈ ਪੰਜ ਤੋਂ 10 ਸਾਲ ਲੰਮੀ ਉਡੀਕ ਸੂਚੀ ਹੈ। ਪਿਛਲੇ ਕੁਝ ਦਹਾਕਿਆਂ ਤੋਂ ਇਨ੍ਹਾਂ ਅਹਿਮ ਥਾਵਾਂ 'ਤੇ ਅਖੰਡ ਪਾਠ ਕਰਾਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ ਹੈ। ਕਈ ਸ਼ਰਧਾਲੂਆਂ ਵੱਲੋਂ ਤਾਂ ਅਖੰਡ ਪਾਠ ਕਰਾਉਣ ਲਈ ਪੱਕੇ ਤੌਰ 'ਤੇ ਲੋੜੀਂਦੀ ਰਕਮ ਦੀਆਂ ਐਫ.ਡੀਜ਼ ਬਣਵਾ ਕੇ ਸ਼੍ਰੋਮਣੀ ਕਮੇਟੀ ਨੂੰ ਸੌਂਪੀਆਂ ਹੋਈਆਂ ਹਨ ਜਿਸ ਤੋਂ ਆਉਣ ਵਾਲੇ ਵਿਆਜ ਦੀ ਰਕਮ ਨਾਲ ਉਨ੍ਹਾਂ ਸ਼ਰਧਾਲੂਆਂ ਦੇ ਹਰ ਸਾਲ ਅਖੰਡ ਪਾਠ ਦੀ ਲੜੀ ਚਲਦੀ ਰਹਿੰਦੀ ਹੈ।

ਅਖੰਡ ਪਾਠ ਕਰਾਉਣ ਦੇ ਇਛੁੱਕ ਸ਼ਰਧਾਲੂਆਂ ਦੀ ਗਿਣਤੀ ਵਿਚ ਹੋਏ ਵਾਧੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਅਖੰਡ ਪਾਠ ਰੱਖਣ ਲਈ ਕਮਰਿਆਂ ਦੀ ਗਿਣਤੀ ਵੀ ਵਧਾਈ ਗਈ ਹੈ ਪਰ ਇਹ ਗਿਣਤੀ ਵੀ ਥੋੜ੍ਹੀ ਪੈ ਰਹੀ ਹੈ। ਇਸ ਵੇਲੇ ਇਥੇ ਸਮੂਹ ਵਿਚ 65 ਥਾਵਾਂ ਉਤੇ ਅਖੰਡ ਪਾਠ ਪ੍ਰਕਾਸ਼ ਹੈ ਪਰ ਵਧੇਰੇ ਸੰਗਤਾਂ ਦੀ ਇੱਛਾ ਹਰਿ ਕੀ ਪਉੜੀ, ਦੁੱਖ ਭੰਜਨੀ ਬੇਰੀ, ਸ੍ਰੀ ਹਰਿਮੰਦਰ ਸਾਹਿਬ ਦੇ ਗੁੰਬਦ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਖੰਡ ਪਾਠ ਕਰਾਉਣ ਦੀ ਹੁੰਦੀ ਹੈ ਜਿਸ ਕਰਕੇ ਇਨ੍ਹਾਂ ਥਾਵਾਂ 'ਤੇ ਉਡੀਕ ਸੂਚੀ ਪੰਜ ਸਾਲ ਤੋਂ ਵੱਧ ਹੈ।ਹਰਿ ਕੀ ਪਉੜੀ ਵਿਖੇ ਤਾਂ ਪਿਛਲੇ ਅੱਠ ਸਾਲਾਂ ਤੋਂ ਨਵੇਂ ਅਖੰਡ ਪਾਠ ਬੁੱਕ ਕਰਨ ਦਾ ਸਿਲਸਿਲਾ ਬੰਦ ਕੀਤਾ ਹੋਇਆ ਹੈ ਪਰ ਇਸ ਦੇ ਬਾਵਜੂਦ 2017 ਤੋਂ ਬਾਅਦ ਹੀ ਕਿਸੇ ਦੀ ਵਾਰੀ ਆਵੇਗੀ। ਇਸੇ ਤਰ੍ਹਾਂ ਹਰਿ ਕੀ ਪਉੜੀ ਵਿਖੇ ਵੀ 2022 ਤਕ ਅਖੰਡ ਪਾਠਾਂ ਦੀ ਬੁਕਿੰਗ ਹੋ ਚੁੱਕੀ ਹੈ। ਇਸੇ ਤਰ੍ਹਾਂ ਗੁੰਬਦ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੀ ਚਾਰ ਤੋਂ ਪੰਜ ਸਾਲ ਦੀ ਉਡੀਕ ਸੂਚੀ ਹੈ।

ਸਕੱਤਰ ਮਨਜੀਤ ਸਿੰਘ ਨੇ ਦੱਸਿਆ ਕਿ ਦੇਸ਼ ਵਿਦੇਸ਼ ਤੋਂ ਕਈ ਸ਼ਰਧਾਲੂਆਂ ਵੱਲੋਂ ਪੱਕੇ ਤੌਰ 'ਤੇ ਹੀ ਅਖੰਡ ਪਾਠ ਬੁੱਕ ਕਰਾਏ ਹੋਏ ਹਨ ਜਿਸ ਤਹਿਤ ਉਨ੍ਹਾਂ ਦੇ ਹਰ ਸਾਲ ਅਖੰਡ ਪਾਠ ਦੀ ਲੜੀ ਚਲਦੀ ਰਹਿੰਦੀ ਹੈ। ਅਜਿਹੇ ਸ਼ਰਧਾਲੂਆਂ ਵੱਲੋਂ ਅਖੰਡ ਪਾਠ ਲਈ ਲੋੜੀਂਦੀ ਰਕਮ ਦੀ ਐਫ.ਡੀ.ਇਥੇ ਪ੍ਰਬੰਧਕਾਂ ਨੂੰ ਸੌਂਪੀ ਹੋਈ ਹੈ।

ਉਨ੍ਹਾਂ ਦੱਸਿਆ ਕਿ ਹੁਣ ਅਖੰਡ ਪਾਠ ਦੀ ਭੇਟਾ 4500 ਰੁਪਏ ਹੋ ਗਈ ਹੈ ਜਿਸ ਕਾਰਨ ਕਈ ਸ਼ਰਧਾਲੂਆਂ ਦੀ ਐਫ.ਡੀਜ਼ ਦੇ ਵਿਆਜ ਦੀ ਰਕਮ ਘਟ ਗਈ ਹੈ। ਅਜਿਹੇ ਸ਼ਰਧਾਲੂਆਂ ਦਾ ਪਹਿਲਾਂ ਬੁੱਕ ਕੀਤਾ ਅਖੰਡ ਪਾਠ ਹੁਣ ਦੋ ਸਾਲ ਬਾਅਦ ਕੀਤਾ ਜਾ ਰਿਹਾ ਹੈ। ਅਜਿਹੀ ਸਥਿਤੀ ਵਿਚ ਜਦੋਂ ਅਖੰਡ ਪਾਠ ਦੀ ਤਰੀਕ ਖਾਲੀ ਹੁੰਦੀ ਹੈ ਤਾਂ ਇਨ੍ਹਾਂ ਅਹਿਮ ਥਾਵਾਂ 'ਤੇ ਹੋਰ ਸ਼ਰਧਾਲੂਆਂ ਦੇ ਅਖੰਡ ਪਾਠ ਕਰਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਗੁਰੂ ਘਰ ਲਈ ਸਾਰੇ ਸ਼ਰਧਾਲੂ ਇਕ ਬਰਾਬਰ ਹਨ, ਇਸ ਲਈ ਕਿਸੇ ਵਿਅਕਤੀ ਵਿਸ਼ੇਸ਼ ਨੂੰ ਅਖੰਡ ਪਾਠ ਬੁੱਕ ਕਰਨ ਦੇ ਮਾਮਲੇ ਵਿਚ ਤਰਜੀਹ ਨਹੀਂ ਦਿੱਤੀ ਜਾਂਦੀ ਤੇ ਹਰੇਕ ਨੂੰ ਆਪਣੀ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ। ਹਰਿ ਕੀ ਪਉੜੀ ਵਿਖੇ ਕਈ ਅਹਿਮ ਸ਼ਖ਼ਸੀਅਤਾਂ ਵੱਲੋਂ ਅਖੰਡ ਪਾਠ ਕਰਾਏ ਜਾਂਦੇ ਹਨ। ਇਨ੍ਹਾਂ ਵਿਚ ਉਘੇ ਕਲਾਕਾਰ ਅਮਿਤਾਭ ਬਚਨ ਦੀ ਬੇਟੀ ਸ਼ਵੇਤਾ ਨੰਦਾ ਤੇ ਰਿਸ਼ੀ ਕਪੂਰ, ਉਘੇ ਉਦਯੋਗਪਤੀ ਮੁਕੇਸ਼ ਅੰਬਾਨੀ, ਸੁਨੀਲ ਭਾਰਤੀ ਮਿੱਤਲ ਤੇ ਹੋਰ ਸ਼ਾਮਲ ਹਨ। ਮਿਲੇ ਵੇਰਵਿਆਂ ਅਨੁਸਾਰ ਉਡੀਕ ਸੂਚੀ ਵਿਚ ਵੀ ਕਈ ਅਹਿਮ ਸ਼ਖ਼ਸੀਅਤਾਂ ਦੇ ਨਾਂ ਸ਼ਾਮਲ ਹਨ।

### ਪਿਛਲੇ ਅੱਠ ਸਾਲਾਂ ਤੋਂ ਬੁਕਿੰਗ ਬੰਦ

ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਹਰਿ ਕੀ ਪਉੜੀ ਵਿਖੇ ਤਾਂ ਪਿਛਲੇ ਅੱਠ ਸਾਲਾਂ ਤੋਂ ਨਵੇਂ ਅਖੰਡ ਪਾਠ ਬੁੱਕ ਕਰਨੇ ਬੰਦ ਕੀਤੇ ਹੋਏ ਹਨ ਤੇ 2017 ਤੋਂ ਬਾਅਦ ਹੀ ਨਵੇਂ ਅਖੰਡ ਪਾਠ ਬੁੱਕ ਹੋਣਗੇ।

ਹਰਿ ਕੀ ਪਉੜੀ ਵਿਖੇ ਅਖੰਡ ਪਾਠ ਦੀ ਬੁਕਿੰਗ ਨਾ ਹੋਣ ਕਾਰਨ ਹੁਣ ਵਧੇਰੇ ਸ਼ਰਧਾਲੂ ਦੁਖ ਭੰਜਨੀ ਬੇਰੀ ਵਿਖੇ ਅਖੰਡ ਪਾਠ ਕਰਾਉਣਾ ਚਾਹੁੰਦੇ ਹਨ। ਇਸੇ ਕਾਰਨ ਹੁਣ ਦੁੱਖ ਭੰਜਨੀ ਬੇਰੀ ਵਿਖੇ ਵੀ ਉਡੀਕ ਸੂਚੀ 2022 ਤਕ ਪੁੱਜ ਗਈ ਹੈ। ਇਸੇ ਤਰ੍ਹਾਂ ਹੋਰ ਥਾਵਾਂ 'ਤੇ ਵੀ ਚਾਰ ਤੋਂ ਪੰਜ ਸਾਲ ਬਾਅਦ ਹੀ ਅਖੰਡ ਪਾਠ ਕਰਾਉਣ ਦੀ ਵਾਰੀ ਆਵੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਅਹਿਮ ਥਾਵਾਂ 'ਤੇ ਨਵਾਂ ਅਖੰਡ ਪਾਠ ਉਸ ਸਥਿਤੀ ਵਿਚ ਹੀ ਬੁੱਕ ਕੀਤਾ ਜਾਂਦਾ ਹੈ ਜੇ ਕਿਸੇ ਕਾਰਨ ਪਹਿਲਾਂ ਬੁੱਕ ਕੀਤਾ ਹੋਇਆ ਅਖੰਡ ਪਾਠ ਨਾ ਹੋ ਸਕੇ।

# ਪਰਵਾਸੀ ਪੰਜਾਬੀ ਨੂੰ ਇਮੀਗ੍ਰੇਸ਼ਨ ਕਮੇਟੀ ਅੱਗੇ ਪੇਸ਼ ਹੋਣ ਦਾ ਹੁਕਮ



**ਟੋਰਾਂਟੋ:** ਬੱਬਰ ਖਾਲਸਾ ਦੀ ਬਰਤਾਨੀਆ ਇਕਾਈ ਦੇ ਸਾਬਕਾ ਆਗੂ ਗੁਰਮੇਜ ਸਿੰਘ ਗਿੱਲ ਨੂੰ ਕੈਨੇਡਾ ਦੀ ਇਮੀਗ੍ਰੇਸ਼ਨ ਕਮੇਟੀ ਅੱਗੇ ਪੇਸ਼ ਹੋਣ ਦੇ ਹੁਕਮ ਦਿੱਤੇ ਗਏ ਹਨ। ਕਮੇਟੀ ਨੇ ਉਹਨੂੰ ਕੈਨੇਡਾ ਵਿਚ ਰਹਿਣ ਦੀ ਮਨਜ਼ੂਰੀ ਦੇਣ ਬਾਰੇ ਫ਼ੈਸਲਾ ਕਰਨਾ ਹੈ। ਉਹ ਨਵੰਬਰ ਦੇ ਆਖ਼ਰੀ ਹਫ਼ਤੇ ਵੈਨਕੂਵਰ ਪਹੁੰਚਿਆ ਸੀ।

ਗੁਰਮੇਜ ਸਿੰਘ ਦੇ ਇਸ ਪਾਬੰਦੀਸ਼ੁਦਾ ਜਥੇਬੰਦੀ ਨਾਲ ਸਬੰਧ ਹੋਣ ਕਾਰਨ ਕਮੇਟੀ ਅੱਗੇ ਪੇਸ਼ ਹੋਣ ਦੇ ਹੁਕਮ ਦਿੱਤੇ ਗਏ ਹਨ। ਇਮੀਗ੍ਰੇਸ਼ਨ ਤੇ ਸ਼ਰਨਾਰਥੀ ਬੋਰਡ ਦੀ ਸਲਾਹਕਾਰ ਮਲੀਸਾ ਐਂਡਰਸਨ ਨੇ ਦੱਸਿਆ ਕਿ ਗੁਰਮੇਜ ਸਿੰਘ ਦੇ ਕੇਸ ਦੀ ਸੁਣਵਾਈ ਫਰਵਰੀ ਦੇ ਅਖ਼ੀਰ ਜਾਂ ਮਾਰਚ ਦੇ ਸ਼ੁਰੂ ਵਿਚ ਹੋ ਸਕਦੀ ਹੈ। ਚੇਤੇ ਰਹੇ ਕਿ ਗੁਰਮੇਜ ਸਿੰਘ ਗਿੱਲ ਦਾ ਕੈਨੇਡਾ ਇਮੀਗ੍ਰੇਸ਼ਨ ਨਾਲ ਇਹ ਕੋਈ ਪਹਿਲਾ ਵਿਵਾਦ ਨਹੀਂ ਹੈ। ਅਗਸਤ 2001 ਵਿਚ ਵੀ ਉਸ ਨੂੰ ਵੈਨਕੂਵਰ ਹਵਾਈ ਅੱਡੇ 'ਤੇ ਗ੍ਰਿਫ਼ਤਾਰ ਕਰ ਲਿਆ ਸੀ ਜਦੋਂ ਉਹ ਆਪਣੇ ਲੜਕੇ ਦੇ ਵਿਆਹ ਲਈ ਗਿਆ ਸੀ। ਉਸ ਨੂੰ ਵਿਆਹ ਸਮਾਗਮਾਂ ਵਿਚ ਸ਼ਾਮਲ ਨਹੀਂ ਸੀ ਹੋਣ ਦਿੱਤਾ ਗਿਆ ਸੀ ਤੇ ਵਾਪਸ ਇੰਗਲੈਂਡ ਭੇਜ ਦਿੱਤਾ ਸੀ। ਉਸ ਅਨੁਸਾਰ ਉਸ ਨੇ 2001 ਵਿਚ ਹੀ ਬੱਬਰ ਖ਼ਾਲਸਾ ਦੀ ਮੈਂਬਰੀ ਛੱਡ ਦਿੱਤੀ ਸੀ ਜਦੋਂ ਬਰਤਾਨੀਆ ਵਿਚ ਇਸ ਜਥੇਬੰਦੀ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਉਜ ਵੀ ਉਸ ਨੇ ਕੁਝ ਵੀ ਗਲਤ ਨਹੀਂ ਕੀਤਾ ਹੈ। ਜਿਹੜੇ ਲੋਕ ਹਿੰਸਾ ਵਿਚ ਵਿਸ਼ਵਾਸ ਰੱਖਦੇ ਹਨ, ਉਨ੍ਹਾਂ ਨਾਲ ਉਸ ਦਾ ਕੁਝ ਵੀ ਲੈਣਾ-ਦੇਣਾ ਨਹੀਂ ਹੈ।

# ਇਤਿਹਾਸਕ ਨਿਸ਼ਾਨੀ ਜ਼ਮੀਨ ਹੇਠ ਦੱਬੀ

**ਤਰਨ ਤਾਰਨ:** ਇਥੋਂ ਦੇ ਸ੍ਰੀ ਦਰਬਾਰ ਸਾਹਿਬ ਦੇ ਪਾਵਨ ਸਰੋਵਰ ਨੂੰ ਜਲ ਸਪਲਾਈ ਕਰਨ ਵਾਲੇ ਰਜਬਾਹੇ ਨਾਲ ਸਬੰਧਤ ਪੱਥਰ 'ਤੇ ਉਕਰੀ ਇਤਿਹਾਸਕ ਇਬਾਰਤ ਸ਼੍ਰੋਮਣੀ ਕਮੇਟੀ ਤੇ ਕਾਰ ਸੇਵਾ ਨਾਲ ਸਬੰਧਤ ਸੰਪਰਦਾਵਾਂ ਦੇ ਧਿਆਨ ਤੋਂ ਪਰੋਖੇ ਹੋਈ ਰਹੀ। ਇਹ ਪੱਥਰ ਅੱਧੇ ਦੇ ਕਰੀਬ ਜ਼ਮੀਨ ਹੇਠਾਂ ਦੱਬ ਚੁੱਕਾ ਹੈ।

ਤਰਨਤਾਰਨ ਤੋਂ ਕਰੀਬ ਛੇ ਕਿਲੋਮੀਟਰ ਦੂਰ ਰਸੂਲਪੁਰ ਪਿੰਡ ਦੇ ਘਰਾਟਾਂ ਦੇ ਨਜ਼ਦੀਕ ਨਹਿਰ ਦੇ ਗੇਟ ਕੋਲ ਲਾਏ ਗਏ ਪੱਥਰ ਉਪਰ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਨੂੰ ਜਲ ਦੀ ਸਪਲਾਈ ਇਕ ਰਜਬਾਹੇ ਰਾਹੀਂ ਕਰਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਹ ਪੱਥਰ 1883 ਦਾ ਲਾਇਆ ਹੋਇਆ ਹੈ।

ਇਤਿਹਾਸ ਵਿਚ ਦਰਜ ਹੈ ਕਿ ਭਾਰੀ ਸੋਕਾ ਪੈ ਜਾਣ ਕਾਰਨ ਦਰਬਾਰ ਸਾਹਿਬ ਤਰਨ ਤਾਰਨ ਦੇ ਸਰੋਵਰ ਵਿਚ ਜਲ ਖਤਮ ਹੋ ਗਿਆ ਸੀ। ਗੁਰੂਘਰ ਦੇ ਸ਼ਰਧਾਵਾਨ ਤੇ ਜੀਂਦ (ਸੰਗਰੂਰ) ਦੇ ਮਹਾਰਾਜਾ ਰਘਬੀਰ ਸਿੰਘ ਜਿਸ ਬਾਰੇ ਇਸ ਪੱਥਰ 'ਤੇ ਦਰਜ ਹੈ ਕਿ ਉਹ ਉਸ ਮੌਕੇ ਇਕ ਅਹਿਮ ਸਰਕਾਰੀ ਪਦਵੀ 'ਤੇ ਤਾਇਨਾਤ ਸਨ, ਨੇ ਆਪਣੀ ਜੇਬ ਵਿਚੋਂ ਖਰਚ ਕਰਕੇ ਇਹ ਰਜਬਾਹਾ ਬਣਾਇਆ ਸੀ ਜਿਹੜਾ ਉਸ ਮੌਕੇ ਕੱਚਾ ਸੀ। ਇਸ ਰਜਬਾਹੇ ਰਾਹੀਂ ਹੀ ਨਹਿਰੀ ਪਾਣੀ ਸਰੋਵਰ ਵਿਚ ਲਿਆਂਦਾ ਗਿਆ ਸੀ।

ਇਸ ਪੱਥਰ 'ਤੇ ਦਰਜ ਕੀਤਾ ਗਿਆ ਹੈ ਕਿ ਮਹਾਰਾਜਾ ਰਘਬੀਰ ਸਿੰਘ ਨੇ ਉਸ ਸਮੇਂ ਦੇ ਗਵਰਨਰ (ਜਿਸ ਨੂੰ ਜਨਾਬ ਨਵਾਬ ਨਾਲ ਵੀ ਸੰਬੋਧਨ ਕੀਤਾ ਗਿਆ ਹੈ) ਸ. ਰਾਬਰਟ ਅਜਰਟਨ ਪਾਸੋਂ ਮਨਜ਼ੂਰੀ ਲੈ ਕੇ ਰਜਬਾਹਾ ਤਿਆਰ ਕਰਵਾਇਆ ਸੀ। ਪੱਥਰ ਉਪਰ ਦਰਜ ਕੀਤਾ ਗਿਆ ਹੈ ਕਿ ਉਸ ਮੌਕੇ 1883 ਵਿਚ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਪ੍ਰਬੰਧ ਦੀ ਦੇਖ-ਰੇਖ ਸਰਦਾਰ ਮਾਨ ਸਿੰਘ ਸਾਹਿਬ ਕੋਲ ਸੀ। ਉਸ ਮੌਕੇ ਅਨੁਸਾਰ ਗੁਰਮੁਖੀ ਲਿਪੀ ਲਿਖਣ ਦੀ ਵਿਧੀ ਅਨੁਸਾਰ ਇਕ ਸ਼ਬਦ ਤੋਂ ਦੂਸਰੇ ਸ਼ਬਦ ਵਿਚਾਲੇ ਵਿੱਥ ਨਾ ਰੱਖਣ ਦੀ ਰਵਾਇਤ ਇਸ ਪੱਥਰ 'ਤੇ ਲਿਖੀ ਇਬਾਰਤ ਉਪਰ ਵੀ ਦਿਖਾਈ ਦਿੰਦੀ ਹੈ।

ਉਸ ਮੌਕੇ ਦੀ ਹਕੂਮਤ ਨੇ ਵੀ ਪੰਜਾਬੀ ਬੋਲੀ ਦਾ ਸਤਿਕਾਰ ਕਰਦਿਆਂ ਪਹਿਲਾਂ ਇਹ ਇਬਾਰਤ ਪੰਜਾਬੀ ਵਿਚ ਲਿਖੀ ਤੇ ਹੇਠਾਂ ਉਰਦੂ ਵਿਚ ਇਬਾਰਤ ਉਕਰੀ ਹੈ। ਉਰਦੂ ਦੀ ਇਬਾਰਤ ਦੀ ਸਿਰਫ ਇਕ ਲਾਈਨ ਵਿਚ ਹੀ ਪੜ੍ਹੀ ਜਾ ਸਕਦੀ ਹੈ ਜਦੋਂਕਿ ਬਾਕੀ ਦੀ ਸ਼ਬਦਾਵਲੀ ਮਿੱਟੀ ਹੇਠਾਂ ਦੱਬ ਕੇ ਰਹਿ ਗਈ ਹੈ।

## ਸਿੱਖ ਕਤਲੇਆਮ ਲਈ ਕਾਂਗਰਸ ਕਸੂਰਵਾਰ: ਰਾਮਦੇਵ



**ਨਵੀਂ ਦਿੱਲੀ:** ਯੋਗਾ ਗੁਰੂ ਸਵਾਮੀ ਰਾਮਦੇਵ ਨੇ ਕਿਹਾ ਕਿ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਲਈ ਕਾਂਗਰਸ ਜ਼ਿੰਮੇਵਾਰ ਹੈ। ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਗੁਜਰਾਤ ਦੰਗਿਆਂ ਵਿਚ ਨਰਿੰਦਰ ਮੋਦੀ ਦੀ ਭੂਮਿਕਾ ਬਾਰੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲੋਂ ਕੀਤੀ ਟਿੱਪਣੀ 'ਤੇ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਬਾਬਾ ਰਾਮਦੇਵ ਨੇ ਕਿਹਾ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਪਤਾ ਹੋਣਾ ਚਾਹੀਦਾ ਹੈ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਲਈ ਕਾਂਗਰਸ ਸਿੱਧੇ ਤੌਰ 'ਤੇ ਕਸੂਰਵਾਰ ਹੈ ਜਦਕਿ ਨਰਿੰਦਰ ਮੋਦੀ ਨੂੰ ਅਦਾਲਤ ਵੱਲੋਂ ਕਲੀਨ ਚਿੱਟ ਮਿਲ ਚੁੱਕੀ ਹੈ।

ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਸਮਰਥਨ ਦੇਣ ਜਾਂ ਲੈਣ ਵਾਲੇ ਕਾਂਗਰਸ ਦੇ ਗੁਨਾਹ ਵਿਚ ਸ਼ਾਮਲ ਮੰਨੇ ਜਾਣਗੇ। ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਦਾ ਖੁੱਲ੍ਹ ਕੇ ਸਮਰਥਨ ਕਰ ਰਹੇ ਬਾਬਾ ਰਾਮਦੇਵ ਨੇ ਸ਼ਰਤ ਰੱਖਦਿਆਂ ਕਿਹਾ ਕਿ ਦੇਸ਼ 'ਚ ਸਿਰਫ ਇਕ ਟੈਕਸ ਰੱਖਣ ਤੇ ਕਾਲੇ ਧਨ ਤੇ ਭ੍ਰਿਸ਼ਟਾਚਾਰ ਦੀ ਸਮੱਸਿਆ ਦੇ ਹਲ ਨਾਲ ਸਬੰਧਤ ਮੰਗਾਂ ਨੂੰ ਸਵੀਕਾਰ ਕਰਨ ਦਾ ਭਰੋਸਾ ਦਿਵਾਉਣ ਦੀ ਸੂਰਤ ਵਿਚ ਹੀ ਨਰਿੰਦਰ ਮੋਦੀ ਦਾ ਸਮਰਥਨ ਕੀਤਾ ਜਾਵੇਗਾ।

# ਸ਼੍ਰੋਮਣੀ ਕਮੇਟੀ ਵੱਲੋਂ ਆਨਲਾਈਨ ਪਿੰਨੀ ਪ੍ਰਸ਼ਾਦ 'ਤੇ ਰੋਕ

**ਅੰਮ੍ਰਿਤਸਰ:** ਇਕ ਆਨਲਾਈਨ ਕੰਪਨੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦਾ ਪਿੰਨੀ ਪ੍ਰਸ਼ਾਦ ਡਾਕ ਜਾਂ ਕੁਰੀਅਰ ਰਾਹੀਂ ਭੇਜਣ ਦੀ ਵਿਧੀ ਨੂੰ ਸਿੱਖ ਧਾਰਮਿਕ ਸ਼ਖ਼ਸੀਅਤਾਂ ਤੇ ਆਮ ਸ਼ਰਧਾਲੂਆਂ ਨੇ ਵੀ ਰੱਦ ਕਰ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਨੂੰ ਮਨਮਤ ਕਰਾਰ ਦਿੱਤਾ ਜਦੋਂਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਵਿਧੀ ਨੂੰ ਰੱਦ ਕਰ ਦਿੱਤਾ ਹੈ।

ਆਨਲਾਈਨ ਪ੍ਰਸਾਦ ਡਾਟ ਕਾਮ ਨਾਂ ਦੀ ਦੱਖਣੀ ਭਾਰਤ ਦੀ ਕੰਪਨੀ ਨੇ ਸ਼ਰਧਾਲੂਆਂ ਦੀ ਮੰਗ 'ਤੇ ਪਿਛਲੇ ਤਿੰਨ ਮਹੀਨਿਆਂ ਤੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਪਿੰਨੀ ਪ੍ਰਸ਼ਾਦ ਭੇਜਣਾ ਸ਼ੁਰੂ ਕੀਤਾ ਸੀ। ਇਹ ਕੰਪਨੀ ਇਸ ਕੰਮ ਲਈ ਸ਼ਰਧਾਲੂ ਕੋਲੋਂ 501 ਤੇ 751 ਰੁਪਏ ਵਸੂਲੀ ਸੀ। 501 ਰੁਪਏ ਵਿਚ ਸ਼ਰਧਾਲੂ ਨੂੰ ਪਿੰਨੀ ਪ੍ਰਸ਼ਾਦ ਦੇ ਚਾਰ ਪੈਕੇਟ, ਕੰਘਾ, ਲੌਕਟ ਤੇ ਗੁਰੂ ਸਾਹਿਬ ਦੀਆਂ ਤਸਵੀਰਾਂ ਭੇਜੀਆਂ ਜਾਂਦੀਆਂ ਸਨ ਜਦੋਂਕਿ 751 ਰੁਪਏ ਵਿਚ ਇਸ ਸਮੱਗਰੀ ਤੋਂ ਇਲਾਵਾ ਅਸ਼ਟ ਧਾਤੂ ਦਾ ਇਕ ਕੜਾ ਸ਼ਾਮਲ ਹੈ।

ਇਹ ਸਾਰੀ ਸਮੱਗਰੀ ਕੰਪਨੀ ਵੱਲੋਂ ਵਿਸ਼ੇਸ਼ ਢੰਗ ਨਾਲ ਤਿਆਰ ਕੀਤੇ ਇਕ ਪੈਕਟ ਰਾਹੀਂ ਭਾਰਤ ਵਿਚ ਇਕ ਹਫ਼ਤੇ ਤੇ ਵਿਦੇਸ਼ਾਂ ਵਿਚ ਦੋ ਹਫ਼ਤਿਆਂ ਦੇ ਸਮੇਂ ਵਿਚ ਪੁੱਜਦਾ ਕੀਤੀ ਜਾਂਦੀ ਸੀ। ਇਸ ਕੰਪਨੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਹਿੰਦੂ ਧਰਮ ਦੇ ਤਕਰੀਬਨ 50 ਤੋਂ ਵਧ ਧਾਰਮਿਕ ਅਸਥਾਨਾਂ ਤੋਂ ਇਸੇ ਢੰਗ ਤਰੀਕੇ ਨਾਲ ਦੇਸ਼-ਵਿਦੇਸ਼ ਦੇ ਸ਼ਰਧਾਲੂਆਂ ਨੂੰ ਪ੍ਰਸ਼ਾਦ ਤੇ ਹੋਰ ਸਮੱਗਰੀ ਤੋਂ ਇਲਾਵਾ ਧਾਰਮਿਕ ਚਿੰਨ੍ਹ ਭੇਜੇ ਜਾ ਰਹੇ ਹਨ।

ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪ੍ਰਸ਼ਾਦ ਭੇਜਣ ਦੇ ਢੰਗ ਤਰੀਕੇ ਨੂੰ ਮਨਮਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਇਕ ਸੌਦਾ ਹੈ ਜਿਸ ਰਾਹੀਂ ਕੋਈ ਵਸਤੂ ਇਕ ਥਾਂ ਤੋਂ ਦੂਜੀ ਥਾਂ ਭੇਜੀ ਜਾ ਰਹੀ ਹੈ। ਇਸ ਢੰਗ ਨਾਲ ਭੇਜੇ ਗਏ ਪ੍ਰਸ਼ਾਦ ਦੀ ਕੋਈ ਅਹਿਮੀਅਤ ਨਹੀਂ ਰਹੇਗੀ ਤੇ ਸੰਗਤਾਂ ਨੂੰ ਇਸ ਢੰਗ ਤਰੀਕੇ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਪ੍ਰਸ਼ਾਦ ਉਹੀ ਹੈ ਜੋ ਕੋਈ ਵੀ ਸ਼ਰਧਾਲੂ ਖ਼ੁਦ ਗੁਰੂਘਰ ਨਤਮਸਤਕ ਹੋ ਕੇ ਪ੍ਰਾਪਤ ਕਰਦਾ ਹੈ ਤੇ ਜਿਸ ਨੂੰ ਉਹ ਪਰਿਵਾਰਕ ਮੈਂਬਰਾਂ ਤੇ ਹੋਰਾਂ ਲਈ ਲੈ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਡਾਕ ਜਾਂ ਕੁਰੀਅਰ ਰਾਹੀਂ ਭੇਜੇ ਗਏ ਪ੍ਰਸ਼ਾਦ ਦਾ ਮਾਣ-ਸਤਿਕਾਰ ਕਾਇਮ ਨਹੀਂ ਰਹਿ ਸਕਦਾ ਤੇ ਇਸ ਨਾਲ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਵੀ ਠੇਸ ਪੁੱਜੇਗੀ।

ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਤੇ ਸਿੱਖ ਵਿਦਵਾਨ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਪ੍ਰਸ਼ਾਦ ਦਾ ਸੰਕਲਪ ਖ਼ੁਦ ਹਾਜ਼ਰ ਹੋ ਕੇ ਤੇ ਨਿਉਂ ਕੇ ਗੁਰੂ ਦੀ ਕਿਰਪਾ ਪ੍ਰਾਪਤ ਕਰਨਾ ਹੈ। ਇਸ ਢੰਗ ਤਰੀਕੇ ਰਾਹੀਂ ਪ੍ਰਸ਼ਾਦ ਭੇਜਣ ਦਾ ਸਿੱਖ ਮਰਿਆਦਾ ਵਿਚ ਕੋਈ ਸੰਕਲਪ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹੇ ਢੰਗ ਤਰੀਕਿਆਂ ਨੂੰ ਨਕਾਰਨਾ ਚਾਹੀਦਾ ਹੈ ਤੇ ਸਿੱਖ ਸੰਗਤ ਨੂੰ ਵੀ ਇਸ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਸਿਰਫ ਕੜਾਹ ਪ੍ਰਸ਼ਾਦ ਦਾ ਹੀ ਸੰਕਲਪ ਹੈ।




ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਵੀ ਸ੍ਰੀ ਹਰਿਮੰਦਰ ਸਾਹਿਬ ਦਾ ਪਿੰਨੀ ਪ੍ਰਸ਼ਾਦ ਡਾਕ ਜਾਂ ਕੁਰੀਅਰ ਰਾਹੀਂ ਭੇਜਣ ਦੀ ਵਿਧੀ ਨੂੰ ਅਪ੍ਰਵਾਨ ਕਰਦਿਆਂ ਕਿਹਾ ਕਿ ਮਰਿਆਦਾ ਮੁਤਾਬਕ ਸ਼ਰਧਾਲੂ ਨੂੰ ਖ਼ੁਦ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਪ੍ਰਸ਼ਾਦ ਪ੍ਰਾਪਤ ਕਰਨਾ ਚਾਹੀਦਾ ਹੈ। ਦਲ ਖਾਲਸਾ ਦੇ ਕੰਵਰਪਾਲ ਸਿੰਘ ਨੇ ਵੀ ਇਸ ਵਿਧੀ ਨੂੰ ਸਿੱਖ ਮਰਿਆਦਾ ਦੇ ਉਲਟ ਦੱਸਿਆ ਹੈ। ਉਨ੍ਹਾਂ ਤਾਂ ਦੂਰ ਬੈਠੇ ਸ਼ਰਧਾਲੂਆਂ ਵੱਲੋਂ ਖ਼ੁਦ ਹਾਜ਼ਰ ਹੋਏ ਬਿਨਾਂ ਇਥੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਅਖੰਡ ਪਾਠ ਕਰਾਉਣ ਦਾ ਵੀ ਵਿਰੋਧ ਕੀਤਾ ਹੈ।

### ਪੰਜ ਲੱਖ ਪਟਾਕੇ ਚਲਾ ਕੇ ਬਣਾਇਆ ਗਿਨੀਜ਼ ਰਿਕਾਰਡ

**ਦੁਬਈ:** ਨਵੇਂ ਸਾਲ ਦੇ ਜਸ਼ਨਾਂ ਦੌਰਾਨ ਦੁਬਈ ਵਿਚ ਇਕ ਨਿਵੇਕਲਾ ਰਿਕਾਰਡ ਬਣਾਇਆ ਗਿਆ ਜੋ ਗਿਨੀਜ਼ ਵਿਸ਼ਵ ਰਿਕਾਰਡ ਵਿਚ ਦਰਜ ਹੋ ਗਿਆ ਹੈ। ਨਵੇਂ ਸਾਲ ਦੇ ਮੌਕੇ ਪੰਜ ਲੱਖ ਤੋਂ ਵੱਧ ਆਤਿਸ਼ਬਾਜ਼ੀ ਕੀਤੀ ਗਈ ਜੋ ਕਰੀਬ ਛੇ ਮਿੰਟਾਂ ਤਕ ਹੁੰਦੀ ਰਹੀ।

ਗਿਨੀਜ਼ ਰਿਕਾਰਡ ਦੇ ਅਧਿਕਾਰੀ ਵੀ ਇਸ ਮੌਕੇ ਮੌਜੂਦ ਸਨ ਤੇ ਉਨ੍ਹਾਂ ਨਵੇਂ ਰਿਕਾਰਡ ਦੀ ਪੁਸ਼ਟੀ ਕੀਤੀ ਹੈ। 10 ਮਹੀਨਿਆਂ ਦੀ ਤਿਆਰੀ ਮਗਰੋਂ ਕੀਤੀ ਗਈ ਆਤਿਸ਼ਬਾਜ਼ੀ ਸਮੁੰਦਰ ਦੇ 94 ਕਿਲੋਮੀਟਰ ਦੇ ਘੇਰੇ ਵਿਚ ਦੁਬਈ ਦੀਆਂ ਪ੍ਰਮੁੱਖ ਇਮਾਰਤਾਂ ਵਰਲਡ ਆਈਲੈਂਡ, ਬੁਰਜ ਖ਼ਲੀਫ਼ਾ ਤੇ ਬੁਰਜ ਅਲ ਅਰਬ ਵਿਚ ਵੀ ਦੇਖੀ ਗਈ। ਇਸ ਦੌਰਾਨ ਇੰਨੀ ਆਤਿਸ਼ਬਾਜ਼ੀ ਕੀਤੀ ਗਈ ਕਿ ਲੋਕਾਂ ਨੂੰ ਲੱਗਿਆ ਕਿ ਸੂਰਜ ਚੜ੍ਹ ਗਿਆ ਹੈ।



## ਡਾ. ਚਰਨਜੀਤ ਸਿੰਘ ਗੁਮਟਾਲਾ ਦਾ ਫਰਿਜ਼ਨੋ ’ਚ ਨਿੱਘਾ ਸੁਆਗਤ

**ਫਰਿਜ਼ਨੋ (ਬਿਊਰੋ):** ਸਾਬਕਾ ਅਧਿਆਪਕ ਅਤੇ ਪੰਜਾਬੀ ਪੱਤਰਕਾਰ ਡਾ. ਚਰਨਜੀਤ ਸਿੰਘ ਗੁਮਟਾਲਾ ਦਾ ਇਥੇ ਪਹੁੰਚਣ ‘ਤੇ ਸਥਾਨਕ ਇੰਡੀਆ ਓਵਨ ਰੈਸਟੋਰੈਂਟ ਵਿਚ ਸ. ਹਾਕਮ ਸਿੰਘ ਢਿੱਲੋਂ ਵੱਲੋਂ ਕੀਤੇ ਗਏ ਇਕ ਸਮਾਗਮ ਦੌਰਾਨ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ। ਇਸ ਸਮਾਗਮ ਵਿਚ ਕਾਫੀ ਗਿਣਤੀ ਵਿਚ ਪੰਜਾਬੀਆਂ ਨੇ ਸਿਰਕਤ ਕੀਤੀ।

ਡਾ. ਗੁਮਟਾਲਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਪਰਵਾਸੀ ਪੰਜਾਬੀਆਂ ਨੂੰ ਆਪਣੇ ਹੱਕਾਂ ਖਾਤਰ ਇੱਕਜੁਟ ਹੋ ਕੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਸਮੇਂ ਸਮੇਂ ਪੱਤਰ ਲਿਖ ਕੇ ਆਪਣੀਆਂ ਸਮੱਸਿਆਵਾਂ ਚੇਤੇ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਕੁੰਭਕਰਨੀ ਨੀਂਦ ਸੁੱਤੀ ਅਫਸਰਸ਼ਾਹੀ ਨੂੰ ਜਗਾਇਆ ਜਾ ਸਕੇ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸੁਖਦੀਪ ਸਿੰਘ, ਸੁਰਿੰਦਰ ਸਿੰਘ, ਪਾਲ ਧਾਲੀਵਾਲ (ਰੇਡੀਓ ਹੋਸਟ), ਨਾਜਰ ਸਿੰਘ ਸਹੋਤਾ (ਕਬੱਡੀ ਪ੍ਰਮੋਟਰ), ਲੇਖਕ ਹਰਕੇਸ਼ ਸਿੰਘ ਕਹਿਲ, ਸੰਨੀ ਪੰਨੂੰ ਅਤੇ ਮਾਸਟਰ ਦਲਬਾਰਾ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

## ਪ੍ਰੀਤਮ ਸਿੰਘ ਗਰੇਵਾਲ ਨੂੰ ਸਦਮਾ, ਮਾਤਾ ਸੁਰਗਵਾਸ



**ਸੈਨ ਹੋਜ਼ੇ (ਬਿਊਰੋ):** ਸਥਾਨਕ ਸਿੱਖ ਪਤਵੰਤੇ ਅਤੇ ਗੁਰਦੁਆਰਾ ਸੈਨ ਹੋਜ਼ੇ ਦੇ ਸਟੇਜ ਸਕੱਤਰ ਪ੍ਰੀਤਮ ਸਿੰਘ ਗਰੇਵਾਲ ਨੂੰ ਉਸ ਸਮੇਂ ਗੰਭੀਰ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਮਾਤਾ ਜੀ ਬੀਬੀ ਬਲਵੰਤ ਕੌਰ ਲੰਘੀ 6 ਜਨਵਰੀ, ਮੰਗਲਵਾਰ ਨੂੰ ਸੈਕਰਾਮੈਂਟੋ ਦੇ ਕਾਇਜ਼ਰ ਹਸਪਤਾਲ ਵਿਚ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ। ਉਹ 85 ਸਾਲਾਂ ਦੇ ਸਨ। ਉਹ ਆਪਣੇ ਪਿਛੇ 4 ਪੁੱਤਰ, ਇਕ ਧੀ ਅਤੇ ਪੋਤਰਿਆਂ-ਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੇ ਪਤੀ ਅਤੇ ਤਿੰਨ ਪੁੱਤਰ ਕੁਝ ਸਾਲ ਪਹਿਲਾਂ ਚੜ੍ਹਾਈ ਕਰ ਗਏ ਸਨ। ਉਨ੍ਹਾਂ ਦਾ ਪਿਛਲਾ ਪਿੰਡ ਧਾਂਦਰਾ, ਜਿਲ੍ਹਾ ਲੁਧਿਆਣਾ ਸੀ ਅਤੇ ਉਨ੍ਹਾਂ ਦਾ ਸਾਰਾ ਪਰਿਵਾਰ ਅਮਰੀਕਾ ਹੀ ਵੱਸਿਆ ਹੋਇਆ ਹੈ। ਸੈਕਰਾਮੈਂਟੋ ਉਹ ਆਪਣੀ ਬੇਟੀ ਬਲਵਿੰਦਰ ਕੌਰ ਗਰਚਾ ਕੋਲ ਗਏ ਹੋਏ ਸਨ।

ਮਾਤਾ ਬਲਵੰਤ ਕੌਰ ਦਾ ਅੰਤਿਮ ਸੰਸਕਾਰ 12 ਜਨਵਰੀ, ਐਤਵਾਰ ਨੂੰ ਸੈਕਰਾਮੈਂਟੋ ਮੈਮੋਰੀਅਲ ਲਾਅਨ ਗਾਰਡਨ ਚੈਪਲ (6100 ਸਟਾਕਟਨ ਬੁਲੇਵਾਰਡ, ਸੈਕਰਾਮੈਂਟੋ) ਵਿਖੇ ਸਵੇਰੇ 11 ਵਜੇ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸੈਕਰਾਮੈਂਟੋ ਸਿੱਖ ਸੁਸਾਇਟੀ, ਬਰਾਡਸ਼ਾਹ ਵਿਖੇ ਹੋਣਗੇ। ਪਰਿਵਾਰ ਨਾਲ ਸੰਪਰਕ ਪ੍ਰੀਤਮ ਸਿੰਘ ਗਰੇਵਾਲ ਫੋਨ 408-406-0703, ਕੁਲਦੀਪ ਸਿੰਘ ਗਰੇਵਾਲ ਫੋਨ 707-694-6866, ਹਰਤੇਜ ਸਿੰਘ ਗਰੇਵਾਲ ਫੋਨ 707-761-7181, ਜਸਬੀਰ ਸਿੰਘ ਗਰੇਵਾਲ ਫੋਨ 541-974-0133, ਅਜੀਤ ਸਿੰਘ ਗਰੇਵਾਲ ਫੋਨ 530-321-0675 ਜਾਂ ਰਾਜਿੰਦਰ ਸਿੰਘ ਗਰਚਾ ਫੋਨ 916-955-5184 ਰਾਹੀਂ ਕੀਤਾ ਜਾ ਸਕਦਾ ਹੈ।




ਨਵੇਂ ਬੈਂਕੁਇਟ ਹਾਲ ਦਾ ਨੀਂਹ ਪੱਥਰ ਰੱਖਦੇ ਹੋਏ ਪਤਵੰਤੇ

## ਫਰਿਜ਼ਨੋ ’ਚ ਨਵੇਂ ਬੈਂਕੁਇਟ ਹਾਲ ਦਾ ਨੀਂਹ ਪੱਥਰ

**ਫਰਿਜ਼ਨੋ (ਬਿਊਰੋ):** ਪੰਜਾਬੀਆਂ ਦੀ ਸਹੂਲਤ ਲਈ ਇਥੇ ਹਾਈਵੇ 99 ਅਤੇ ਹਾਈਵੇ 180 ਦੇ ਖੂੰਜੇ ਵਿਚ ਆਧੁਨਿਕ ਸਹੂਲਤਾਂ ਨਾਲ ਲੈਸ ਇਕ ਇਨਡੋਰ ਅਤੇ ਆਊਟ ਡੋਰ ਬੈਂਕੁਇਟ ਹਾਲ ਬਣਾਇਆ ਜਾ ਰਿਹਾ ਹੈ ਜਿਸ ਦਾ ਨੀਂਹ ਪੱਥਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜੁਗਰਾਜ ਸਿੰਘ ਦੌਧਰ ਨੇ ਪਿਛਲੇ ਦਿਨੀਂ ਰੱਖਿਆ। ਹਾਕਮ ਸਿੰਘ ਢਿੱਲੋਂ ਅਤੇ ਨਾਜਰ ਸਿੰਘ ਸਹੋਤਾ ਨੇ ਦੱਸਿਆ ਕਿ ਇਹ ਹਾਲ ਪੰਜਾਬ ਦੇ ਮੈਰਿਜ ਪੈਲੇਸਾਂ ਵਾਂਗ ਇਨਡੋਰ ਅਤੇ ਆਊਟ ਡੋਰ ਵਰਤੋਂ ਲਈ ਕੰਮ ਆਵੇਗਾ। ਇਸ ਸਮਾਗਮ ਮੌਕੇ ਹੋਰਨਾਂ ਤੋਂ ਇਲਾਵਾ ਬਿੱਟੂ ਕੁੱਸਾ, ਕਰਮ ਸਿੰਘ ਸੰਘਾ, ਵਿੱਕੀ ਹੀਰ, ਰਛਪਾਲ ਸਿੰਘ, ਗੁਰਦੀਪ ਚੌਹਾਨ, ਪਾਲੀ, ਡਾ. ਸਿਮਰਜੀਤ ਸਿੰਘ ਧਾਲੀਵਾਲ, ਡਾ. ਗੁਰਮੀਤ ਦਿਓਲ, ਕੁਲਵਿੰਦਰ ਢਿਲੋਂ ਹਾਜ਼ਰ ਸਨ।

Are You Tired Of All Treatments?
Try Homeopathic Natural Medicines (HNM)
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Homeopathic natural medicines supply
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
Ph:(408) 687-1899
(408) 729-6691
Fax:(408)292-6200
EX Member:
The California Homeopatic Society
National Center For Homeopathy- USA
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



Gurdip Singh Sandhu

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Want to Sell Your Home
We can sell your home fast @ best price.
ਵਧੀਆ ਕੀਮਤਾਂ ’ਤੇ ਘਰ ਵੇਚਣ ਦਾ ਸੁਨਹਿਰੀ ਮੌਕਾ



Sohanpreet (Sam) Chahal
CA Lic. 01504071
Realtor/Notary Public
email:samchahal@hotmail.com
Sacramento, Stockton, Roseville area prices are on the rise.
Please call me to find out value of your home.
If you are thinking to Buy or Sell a Home, please give us a chance
Call: Sohanpreet ‘Sam’ Chahal
@916-612-5773
Serving from Bay Area to Sacramento
Multi-Million Dollars Producer-2007 to 2012
Golden State Realty
Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਮਰੀਕਾ ਵੱਲੋਂ ਬੰਗਲਾਦੇਸ਼ ਦੀਆਂ ਚੋਣਾਂ ਨਾਮਨਜ਼ੂਰ



*ਜਿੱਤ ਦੇ ਐਲਾਨ ਤੋਂ ਬਾਅਦ ਪ੍ਰਧਾਨ ਮੰਤਰੀ ਸ਼ੇਖ ਹਸੀਨਾ।*

**ਵਾਸ਼ਿੰਗਟਨ:** ਅਮਰੀਕਾ ਨੇ ਬੰਗਲਾਦੇਸ਼ ਵਿਚ ਨਵੇਂ ਸਿਰਿਉਂ ਚੋਣਾਂ ਕਰਾਉਣ ਦੀ ਅਪੀਲ ਕਰਦਿਆਂ ਹੁਣੇ-ਹੁਣੇ ਹੋਈਆਂ ਆਮ ਚੋਣਾਂ ਬਾਰੇ ਸਖ਼ਤ ਉਜ਼ਰ ਕੀਤਾ ਹੈ। ਵਿਦੇਸ਼ ਵਿਭਾਗ ਦੀ ਉਪ ਤਰਜਮਾਨ ਮੈਰੀ ਹਾਰਫ਼ ਨੇ ਆਖਿਆ ਹੈ ਕਿ ਬੰਗਲਾਦੇਸ਼ ਕੋਲ ਸਾਫ-ਸੁਥਰੀਆਂ ਅਤੇ ਆਜ਼ਾਦਾਨਾ ਚੋਣਾਂ ਕਰਵਾ ਕੇ ਲੋਕਤੰਤਰ ਪ੍ਰਤੀ ਆਪਣੀ ਵਚਨਬੱਧਤਾ ਦਰਸਾਉਣ ਦਾ ਅਜੇ ਵੀ ਮੌਕਾ ਹੈ। ਹਾਲੀਆ ਸੰਸਦੀ ਚੋਣਾਂ ਤੋਂ ਸਭ ਨੂੰ ਬਹੁਤ ਮਾਯੂਸੀ ਹੋਈ ਹੈ। ਬਹੁਤ ਸਾਰੀਆਂ ਸੀਟਾਂ ਤੋਂ ਬਿਨਾਂ ਮੁਕਾਬਲਾ ਚੋਣ ਕਰਵਾ ਦਿੱਤੀ ਗਈ ਹੈ।

ਉਧਰ, ਆਵਾਮੀ ਲੀਗ ਨੇ ਨਵੀਂ ਸਰਕਾਰ ਕਾਇਮ ਕਰਨ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਚੋਣ ਕਮਿਸ਼ਨ ਮੁਤਾਬਕ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਆਵਾਮੀ ਲੀਗ ਨੇ 300 ਮੈਂਬਰੀ ਸੰਸਦ ਵਿਚੋਂ 232 ਸੀਟਾਂ ਜਿੱਤ ਲਈਆਂ ਹਨ ਜਦਕਿ ਇਸ ਦੀ ਸਹਿਯੋਗੀ ਜਾਤੀਆ ਪਾਰਟੀ ਨੇ 33 ਸੀਟਾਂ ਜਿੱਤੀਆਂ ਹਨ। ਅਟਕਲਾਂ ਹਨ ਕਿ ਜਾਤੀਆ ਪਾਰਟੀ ਪਾਰਲੀਮੈਂਟ ਵਿਚ ਮੁੱਖ ਵਿਰੋਧੀ ਧਿਰ ਦੀ ਭੂਮਿਕਾ ਅਦਾ ਕਰ ਸਕਦੀ ਹੈ ਕਿਉਂਕਿ ਨਵੀਂ ਸਰਕਾਰ ਵਿਚ ਸ਼ਾਮਲ ਹੋਣ ਦੇ ਮੁੱਦੇ 'ਤੇ ਪਾਰਟੀ ਅੰਦਰ ਤਿੱਖੇ ਮੱਤਭੇਦ ਪੈਦਾ ਹੋ ਗਏ ਹਨ। ਸੱਤਾਧਾਰੀ ਗੱਠਜੋੜ ਦੀਆਂ ਤਿੰਨ ਹੋਰ ਪਾਰਟੀਆਂ ਵਰਕਰਜ਼ ਪਾਰਟੀ, ਜਾਤੀਆ ਸਮਾਜ ਤੰਤਰਿਕ ਦਲ ਅਤੇ ਜਾਤੀਆ ਪਾਰਟੀ (ਮੰਜੂ) ਨੂੰ 12, ਆਜ਼ਾਦ ਉਮੀਦਵਾਰਾਂ ਨੂੰ 13 ਅਤੇ ਤਿੰਨ ਸੀਟਾਂ ਹੋਰ ਛੋਟੀਆਂ ਪਾਰਟੀਆਂ ਨੂੰ ਮਿਲੀਆਂ ਹਨ।

ਚੋਣ ਕਮਿਸ਼ਨ ਵੱਲੋਂ 300 ਵਿਚੋਂ 153 ਹਲਕਿਆਂ ਵਿਚ ਬਿਨਾਂ ਮੁਕਾਬਲਾ ਜੇਤੂ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੀ ਅਗਵਾਈ ਵਾਲੇ 18 ਪਾਰਟੀਆਂ ਦੇ ਗੱਠਜੋੜ ਦੀ ਗ਼ੈਰ-ਮੌਜੂਦਗੀ ਕਾਰਨ ਇਨ੍ਹਾਂ ਹਲਕਿਆਂ ਵਿਚ ਆਵਾਮੀ ਲੀਗ ਅਤੇ ਇਸ ਦੀਆਂ ਸੰਗੀ ਪਾਰਟੀਆਂ ਦੇ ਹੀ ਉਮੀਦਵਾਰ ਸਨ। ਇਸੇ ਦੌਰਾਨ ਸੰਯੁਕਤ ਰਾਸ਼ਟਰ ਦੇ ਮੁਖੀ ਬਾਨ ਕੀ-ਮੂਨ ਨੇ ਬੰਗਲਾਦੇਸ਼ ਦੀਆਂ ਚੋਣਾਂ ਵਿਚ ਸ਼ਾਂਤੀ ਕਾਇਮ ਨਾ ਰਹਿ ਸਕਣ ਅਤੇ ਸਾਰੀਆਂ ਪਾਰਟੀਆਂ ਦੀ ਸ਼ਮੂਲੀਅਤ ਨਾ ਹੋਣ 'ਤੇ ਅਫਸੋਸ ਜ਼ਾਹਰ ਕੀਤਾ ਅਤੇ ਇਸ ਅੜਿੱਕੇ ਨੂੰ ਤੋੜਨ ਲਈ ਸਾਰਥਕ ਗੱਲਬਾਤ ਕਰਨ ਦਾ ਸੱਦਾ ਦਿੱਤਾ ਹੈ। ਬੰਗਲਾਦੇਸ਼ ਵਿਚ ਚੋਣਾਂ ਦੌਰਾਨ ਹੋਈ ਹਿੰਸਾ ਵਿਚ 160 ਤੋਂ ਵੱਧ ਲੋਕ ਮਾਰੇ ਗਏ ਹਨ।

## ਪ੍ਰਧਾਨ ਮੰਤਰੀ ਨੇ ਸਿੱਖ ਮਸਲਿਆਂ 'ਤੇ ਕੁਝ ਨਹੀਂ ਕੀਤਾ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਦੀ ਪ੍ਰੈੱਸ ਕਾਨਫ਼ਰੰਸ 'ਤੇ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕਿਹਾ ਕਿ ਉਨ੍ਹਾਂ 1984 ਦੀ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਕੋਈ ਤਸੱਲੀਬਖ਼ਸ਼ ਰਾਹਤ ਨਹੀਂ ਦਿੱਤੀ ਅਤੇ ਨਾ ਹੀ ਦਸਤਾਰ ਸਮੇਤ ਹੋਰ ਸਿੱਖਾਂ ਦੀ ਭਖਦੇ ਮਸਲਿਆਂ 'ਤੇ ਵਿਦੇਸ਼ੀ ਸਰਕਾਰਾਂ ਕੋਲ ਕੋਈ ਪਹੁੰਚ ਕੀਤੀ ਹੈ। ਉਨ੍ਹਾਂ ਕਿਹਾ ਕਿ 9 ਸਾਲ ਪਹਿਲਾਂ ਪ੍ਰਧਾਨ ਮੰਤਰੀ ਨੇ ਪ੍ਰਭਾਵਿਤ ਸਿੱਖਾਂ ਵਿਚੋਂ ਕੁਝ ਪਰਿਵਾਰਾਂ ਨੂੰ ਤਿੰਨ ਲੱਖ ਰੁਪਏ ਦੀ ਨਿਗੂਣੀ ਰਾਹਤ ਦਿੱਤੀ ਸੀ, ਇਸ ਤੋਂ ਬਾਅਦ ਕੋਈ ਇਮਦਾਦ ਨਹੀਂ ਕੀਤੀ ਗਈ; ਨਾ ਹੀ ਮੁੜ-ਵਸੇਬੇ ਦਾ ਕੋਈ ਪ੍ਰਬੰਧ ਕੀਤਾ ਗਿਆ ਹੈ। ਅਦਾਲਤੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਵੀ ਉਨ੍ਹਾਂ ਕਦੇ ਗੰਭੀਰਤਾ ਨਹੀਂ ਵਿਖਾਈ।

## *ਬਿਕਰਮ ਸਿੰਘ ਮਜੀਠੀਆ ਡਰੱਗ ਤਸਕਰ!*

*(ਸਫਾ ਇਕ ਦੀ ਬਾਕੀ)*

ਆ ਰਿਹਾ ਹੈ ਕਿ ਇਸ ਸਮੁੱਚੇ ਮਾਮਲੇ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਈ ਜਾਵੇ ਪਰ ਪੰਜਾਬ ਦੇ ਮੁੱਖ ਮੰਤਰੀ ਸੀ.ਬੀ.ਆਈ. ਨੂੰ ਜਾਂਚ ਸੌਂਪਣ ਲਈ ਤਿਆਰ ਨਹੀਂ ਹਨ। ਭੋਲੇ ਨੇ ਆਪਣੀ ਜਾਨ ਨੂੰ ਖਤਰਾ ਦੱਸਦੇ ਹੋਏ ਆਖਿਆ ਕਿ ਉਸ 'ਤੇ ਆਪਣੀ ਜ਼ੁਬਾਨ ਬੰਦ ਰੱਖਣ ਲਈ ਕਾਫੀ ਦਬਾਅ ਪਾਇਆ ਜਾ ਰਿਹਾ ਹੈ। ਜੇਲ੍ਹ ਵਿਚ ਉਸ ਦੀ ਜਾਨ ਨੂੰ ਖਤਰਾ ਹੈ।

ਜਗਦੀਸ਼ ਭੋਲਾ ਵੱਲੋਂ ਪੰਜਾਬ ਦੇ ਡਰੱਗ ਮਾਫੀਏ ਪਿੱਛੇ ਮਜੀਠੀਏ ਦਾ ਹੱਥ ਹੋਣ ਦਾ ਖੁਲਾਸਾ ਕਰਨ ਤੋਂ ਬਾਅਦ ਇਸ ਕੇਸ ਵਿਚ ਕਈ ਹੋਰ ਆਗੂ ਵੀ ਬੇਨਕਾਬ ਹੋ ਸਕਦੇ ਹਨ। ਪੰਜਾਬ ਦੇ ਸਾਬਕਾ ਡਾਇਰੈਕਟਰ ਜਨਰਲ ਪੁਲਿਸ (ਜੇਲ੍ਹਾਂ) ਸ਼ਸ਼ੀ ਕਾਂਤ ਨੇ ਭੋਲੇ ਵਲੋਂ ਜਨਤਕ ਤੌਰ 'ਤੇ ਸ. ਮਜੀਠੀਆ ਦਾ ਡਰੱਗ ਮਾਫੀਏ ਪਿੱਛੇ ਹੱਥ ਹੋਣ ਦਾ ਦੋਸ਼ ਲਾਉਣ ਤੋਂ ਬਾਅਦ ਵੱਡਾ ਖੁਲਾਸਾ ਕਰਦਿਆਂ ਕਿਹਾ ਕਿ ਉਨ੍ਹਾਂ ਕੋਲ ਵੱਖ-ਵੱਖ ਸਿਆਸੀ ਪਾਰਟੀਆਂ ਦੇ 12-13 ਆਗੂਆਂ ਤੇ ਪੁਲਿਸ ਅਧਿਕਾਰੀਆਂ ਦੇ ਨਾਂ ਹਨ ਜੋ ਪੰਜਾਬ ਵਿਚ ਡਰੱਗ ਮਾਫੀਏ ਦੀ ਸਰਪ੍ਰਸਤੀ ਕਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਹਾਈ ਕੋਰਟ ਨੇ ਇਜਾਜ਼ਤ ਦਿੱਤੀ ਤਾਂ ਇਸ ਕੇਸ ਦੀ 29 ਜਨਵਰੀ ਨੂੰ ਹੋ ਰਹੀ ਸੁਣਵਾਈ ਦੌਰਾਨ ਉਹ ਹਲਫ਼ਨਾਮੇ ਦੇ ਰੂਪ ਵਿਚ ਸਿਆਸੀ ਆਗੂਆਂ ਤੇ ਪੁਲਿਸ ਅਧਿਕਾਰੀਆਂ ਦੇ ਨਾਂ ਪੇਸ਼ ਕਰਨਗੇ। ਉਨ੍ਹਾਂ ਕਿਹਾ ਕਿ ਬਤੌਰ ਅਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ (ਖੁਫ਼ੀਆ) ਉਨ੍ਹਾਂ ਨੇ ਡਰੱਗ ਮਾਫੀਆ ਨਾਲ ਜੁੜੇ ਕੁਝ ਸਿਆਸੀ ਆਗੂਆਂ ਬਾਰੇ ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਰਿਪੋਰਟ ਸੌਂਪੀ ਸੀ ਜਿਸ ਵਿਚ ਉਸ ਵੇਲੇ ਦੇ ਕੁਝ ਮੰਤਰੀਆਂ ਅਤੇ ਮੌਜੂਦਾ ਤੇ ਸਾਬਕਾ ਵਿਧਾਇਕਾਂ ਦੇ ਵੀ ਨਾਂ ਸ਼ਾਮਲ ਸਨ। ਇਹ ਅਸਲ ਰਿਪੋਰਟ ਤਾਂ ਸਰਕਾਰ ਕੋਲ ਮੌਜੂਦ ਹੈ ਪਰ ਉਹ ਉਸੇ ਰਿਪੋਰਟ ਦੇ ਆਧਾਰ 'ਤੇ ਡਰੱਗ ਮਾਫੀਆ ਨਾਲ ਜੁੜੇ ਲੋਕਾਂ ਦੀ ਸੂਚੀ ਹਾਈ ਕੋਰਟ ਨੂੰ ਸੌਂਪਣਗੇ। ਯਾਦ ਰਹੇ ਕਿ ਉਹ ਪਹਿਲਾਂ ਹੀ ਹਾਈ ਕੋਰਟ ਕੋਲ ਪਹੁੰਚ ਕਰ ਕੇ ਇਹ ਮਾਮਲਾ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਹਵਾਲੇ ਕਰਨ ਦੀ ਮੰਗ ਕਰ ਚੁੱਕੇ ਹਨ।

## ਅਮਰੀਕੀ ਕੰਪਨੀ ਵੱਲੋਂ ਹਥਿਆਰ ਦੇਣ ਤੋਂ ਨਾਂਹ

**ਵਾਸ਼ਿੰਗਟਨ:** ਅਮਰੀਕਾ ਦੀ ਇਕ ਅਸਲਾ ਕੰਪਨੀ ਨੇ ਪਾਕਿਸਤਾਨ ਨੂੰ ਆਧੁਨਿਕ ਤਕਨੀਕ ਵਾਲੀਆਂ ਬੰਦੂਕਾਂ ਵੇਚਣ ਦੀ ਪੇਸ਼ਕਸ਼ ਨੂੰ ਇਸ ਆਧਾਰ ਉੱਤੇ ਠੁਕਰਾਅ ਦਿੱਤਾ ਹੈ ਕਿ ਇਹ ਹਥਿਆਰ ਅਮਰੀਕੀ ਜਵਾਨਾਂ ਵਿਰੁੱਧ ਵਰਤੇ ਜਾ ਸਕਦੇ ਹਨ।

ਅਮਰੀਕਾ ਦੇ ਸ਼ਹਿਰ ਉਟਾਹ ਸਥਿਤ ਡਿਜ਼ਰਟ ਟੈਕਟੀਕਲ ਆਰਮਜ਼ ਨੇ ਪਾਕਿਸਤਾਨ ਵੱਲੋਂ 15 ਲੱਖ ਡਾਲਰ ਦੀਆਂ ਅਤਿ-ਆਧੁਨਿਕ ਸਨਾਈਪਰ ਬੰਦੂਕਾਂ ਖਰੀਦਣ ਦੀ ਕੀਤੀ ਪੇਸ਼ਕਸ਼ ਠੁਕਰਾਅ ਦਿੱਤੀ ਹੈ। ਕੰਪਨੀ ਦੇ ਮਾਲਕ ਨਿੱਕ ਯੂੰਗ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਡਰ ਹੈ ਕਿ ਇਹ ਹਥਿਆਰ ਅਮਰੀਕਨ ਫੌਜੀਆਂ ਖ਼ਿਲਾਫ਼ ਵਰਤੇ ਜਾਣਗੇ। ਉਨ੍ਹਾਂ ਨੇ ਕੰਪਨੀ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਲਈ ਸ਼ੁਰੂ ਕੀਤੀ ਹੈ, ਉਨ੍ਹਾਂ ਦੇ ਖਾਤਮੇ ਲਈ ਨਹੀਂ।

# ਪੰਜਾਬ ਕਾਂਗਰਸ ਦੀਆਂ ਜੜ੍ਹ 'ਚ ਬਹਿ ਗਈ ਬਗਾਵਤ

*(ਸਫਾ ਇਕ ਦੀ ਬਾਕੀ)*

ਸੋਚੀ-ਸਮਝੀ ਕਾਰਵਾਈ ਹੈ ਪਰ ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਇਸ ਸਮੇਂ ਅਸਤੀਫ਼ਾ ਦੇਣ ਵਾਲੇ ਕਾਂਗਰਸ ਆਗੂਆਂ ਨੇ ਸ. ਬਾਜਵਾ ਦੀ ਅਗਵਾਈ ਵਿਚ ਆਪਣੇ ਹਲਕਿਆਂ ਵਿਚ ਗੱਜ-ਵੱਜ ਕੇ ਰੈਲੀਆਂ ਕਰਵਾਈਆਂ ਸਨ ਪਰ ਸ. ਬਾਜਵਾ ਇਨ੍ਹਾਂ ਆਗੂਆਂ ਨੂੰ ਆਪਣੇ ਨਾਲ ਰੱਖਣ ਵਿਚ ਅਸਮਰਥ ਰਹੇ।

ਅਸਲ ਵਿਚ ਪ੍ਰਦੇਸ਼ ਕਾਂਗਰਸ ਵਿਚ ਏਕਤਾ ਹੋਣੀ ਤਾਂ ਦੂਰ ਦੀ ਗੱਲ, ਇਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਹੀ ਇਕਸੁਰ ਨਹੀਂ ਹੋ ਸਕੇ। ਅਸਲ ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਦਾ ਸੰਕਟ ਉਸ ਵੇਲੇ ਗੰਭੀਰ ਹੋ ਗਿਆ ਸੀ ਜਦੋਂ ਪਿਛਲੇ ਸਾਲ ਹਾਈ ਕਮਾਨ ਵੱਲੋਂ ਕੈਪਟਨ ਨੂੰ ਛਾਂਗ ਕੇ ਸ. ਬਾਜਵਾ ਨੂੰ ਪ੍ਰਧਾਨ ਨਿਯੁਕਤ ਕਰ ਦਿੱਤਾ ਸੀ। ਸ. ਬਾਜਵਾ ਦੇ 23 ਮਾਰਚ ਨੂੰ ਪੰਜਾਬ ਇਕਾਈ ਦਾ ਅਹੁਦਾ ਸਾਂਭਦਿਆਂ ਹੀ ਕੈਪਟਨ ਨੇ 'ਲੰਚ ਸਿਆਸਤ' ਰਾਹੀਂ ਆਪਣੀ ਵੱਖਰੀ ਹੋਂਦ ਦਾ ਮੁਜ਼ਾਹਰਾ ਕਰ ਦਿੱਤਾ ਸੀ। ਦੂਜੇ ਪਾਸੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਵੀ ਸ. ਬਾਜਵਾ ਨਾਲ ਕਦੇ ਇਕਸੁਰ ਨਜ਼ਰ ਨਹੀਂ ਹੋਏ। ਸੰਗਰੂਰ ਵਿਚ ਕਾਂਗਰਸ ਦੀ ਰੈਲੀ ਦੌਰਾਨ ਸ. ਬਾਜਵਾ ਅਤੇ ਕੈਪਟਨ ਵਲੋਂ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਮੌਜੂਦਗੀ ਵਿਚ ਹੀ ਸਟੇਜ ਉਪਰ ਇਕ-ਦੂਜੇ ਨਾਲ ਮਿਹਣੋ-ਮਿਹਣੀ ਹੋਣ ਕਾਰਨ ਕਾਂਗਰਸੀ ਵਰਕਰਾਂ ਦੇ ਹੌਸਲੇ ਪਸਤ ਹੋ ਗਏ ਸਨ। ਕਾਂਗਰਸ ਦੇ ਆਮ ਵਰਕਰ ਭਾਵੇਂ ਅਕਾਲੀ ਦਲ-ਭਾਜਪਾ ਤੋਂ ਸਤੇ ਹੋਣ ਕਾਰਨ ਆਪਣੇ ਆਗੂਆਂ ਨੂੰ ਇਕ ਹੋਇਆ ਦੇਖਣਾ ਚਾਹੁੰਦੇ ਹਨ, ਪਰ ਪਾਰਟੀ ਵਿਚ ਪਿਆ ਰੱਫੜ ਦਿਨ-ਬਦਿਨ ਵਧ ਰਿਹਾ ਹੈ। ਪਾਰਟੀ ਦੇ ਮੁੱਖ ਆਗੂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਅਣਕਿਆਸੀ ਹਾਰ ਪਿਛੋਂ ਪਾਰਟੀ ਦੀ ਖੁਰੀ ਸਾਖ ਬਚਾਉਣ ਦੀ ਥਾਂ ਆਪੋ-ਆਪਣੀ ਭੱਲ ਬਣਾਉਣ ਤੱਕ ਹੀ ਸੀਮਤ ਰਹੇ ਹਨ।

ਉਧਰ, ਕਈ ਆਗੂਆਂ ਵੱਲੋਂ ਅਹੁਦਿਆਂ ਤੋਂ ਅਸਤੀਫੇ ਦੇਣ ਮਗਰੋਂ ਕਾਂਗਰਸ ਹਾਈਕਮਾਨ ਨੇ ਅਜਿਹੀਆਂ ਸਾਰੀਆਂ ਸ਼ਿਕਾਇਤਾਂ 'ਤੇ ਨਜ਼ਰਸਾਨੀ ਕਰਨ ਲਈ ਪੰਜਾਬ ਤੋਂ ਸੰਸਦ ਮੈਂਬਰ ਤੇ ਕਾਂਗਰਸ ਦੀ ਕੌਮੀ ਕਾਰਜਕਾਰਨੀ ਕਮੇਟੀ ਲਈ ਵਿਸ਼ੇਸ਼ ਮੈਂਬਰ ਮਹਿੰਦਰ ਸਿੰਘ ਕੇ.ਪੀ. ਦੀ ਅਗਵਾਈ ਹੇਠ ਚਾਰ ਮੈਂਬਰੀ ਕਮੇਟੀ ਬਣਾਈ ਹੈ। ਇਸ ਕਮੇਟੀ ਵਿਚ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਲਾਲ ਸਿੰਘ, ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਦੀ ਪ੍ਰਧਾਨ ਡਾ. ਮਾਲਤੀ ਥਾਪਰ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਕੇ.ਐਲ. ਸ਼ਰਮਾ ਨੂੰ ਮੈਂਬਰਾਂ ਵਜੋਂ ਲਿਆ ਗਿਆ ਹੈ। ਹਾਈ ਕਮਾਨ ਦੇ ਹੁਕਮ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਇਹ ਕਮੇਟੀ ਪ੍ਰਦੇਸ਼ ਕਾਂਗਰਸ ਦੇ ਪੁਨਰਗਠਨ ਬਾਰੇ ਪ੍ਰਾਪਤ ਹੋਣ ਵਾਲੀਆਂ ਸਾਰੀਆਂ ਸ਼ਿਕਾਇਤਾਂ ਡਾ. ਅਹਿਮਦ ਨੂੰ ਪੇਸ਼ ਕਰੇਗੀ ਜੋ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਦੇ ਮਸ਼ਵਰੇ ਨਾਲ ਆਉਂਦੇ ਇਕ ਮਹੀਨੇ ਵਿਚ ਆਲ ਇੰਡੀਆ ਕਾਂਗਰਸ ਕਮੇਟੀ ਨੂੰ ਇਸ ਪਾਰਟੀ ਵਿਵਾਦ ਬਾਰੇ ਆਪਣੀਆਂ ਸਿਫਾਰਸ਼ਾਂ ਪੇਸ਼ ਕਰਨਗੇ।

ਇਹ ਚਰਚਾ ਵੀ ਹੈ ਕਿ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਹਰੀਸ਼ ਚੌਧਰੀ ਚੰਡੀਗੜ੍ਹ ਆ ਰਹੇ ਹਨ। ਸ੍ਰੀ ਚੌਧਰੀ ਕਾਂਗਰਸ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਦੇ ਅਤਿ ਨਜ਼ਦੀਕੀਆਂ ਵਿਚੋਂ ਹਨ। ਸੂਤਰਾਂ ਦਾ ਕਹਿਣਾ ਹੈ ਕਿ ਚਾਰ ਮੈਂਬਰੀ ਕਮੇਟੀ ਦੇ ਗਠਨ ਨਾਲ ਪ੍ਰਦੇਸ਼ ਕਾਂਗਰਸ ਵਿਚੋਂ ਉਠ ਰਹੀ ਬਗਾਵਤ ਇਕ ਵਾਰ ਮੱਠੀ ਪੈ ਜਾਵੇਗੀ ਕਿਉਂਕਿ ਕਮੇਟੀ ਵਿਚ ਸ਼ਾਮਲ ਕੀਤੇ ਗਏ ਮੈਂਬਰਾਂ 'ਤੇ ਵੀ ਬਾਗੀਆਂ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ ਕਿਉਂਕਿ ਸ੍ਰੀਮਤੀ ਮਾਲਤੀ ਥਾਪਰ ਖੁੱਲ੍ਹੇ ਤੌਰ 'ਤੇ ਹੀ ਨਵੀਂ ਕਮੇਟੀ ਦਾ ਵਿਰੋਧ ਕਰ ਚੁੱਕੇ ਹਨ ਜਦੋਂਕਿ ਸ੍ਰੀ ਮਹਿੰਦਰ ਸਿੰਘ ਕੇ.ਪੀ. ਤੇ ਸ. ਲਾਲ ਸਿੰਘ ਵੀ ਇਸ ਕਮੇਟੀ ਦੇ ਗਠਨ ਤੋਂ ਖੁਸ਼ ਨਹੀਂ। ਇਸ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਨਵਨਿਯੁਕਤ 137 ਅਹੁਦੇਦਾਰਾਂ ਦੀ ਚੰਡੀਗੜ੍ਹ ਵਿਚ ਹੋਈ ਮੀਟਿੰਗ ਦੌਰਾਨ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਕੁੱਲ ਮਿਲਾ ਕੇ ਬਲ ਮਿਲਿਆ ਸੀ। ਇਸ ਮੀਟਿੰਗ ਵਿਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਜਿਥੇ ਸ. ਬਾਜਵਾ ਦੀ ਅਗਵਾਈ ਵਿਚ ਵਿਸ਼ਵਾਸ ਪ੍ਰਗਟ ਕੀਤਾ ਗਿਆ, ਉਥੇ ਹਾਈ ਕਮਾਨ ਵੱਲੋਂ ਪੰਜਾਬ ਇਕਾਈ ਦੀ ਬਣਾਈ ਨਵੀਂ ਟੀਮ ਦੇ ਵੀ ਹੱਕ ਵਿਚ ਵੀ ਮਤਾ ਪਾਸ ਕੀਤਾ। ਇਸ ਮੀਟਿੰਗ ਵਿਚ 61 ਸਕੱਤਰਾਂ ਵਿਚੋਂ 49, 14 ਮੀਤ ਪ੍ਰਧਾਨਾਂ ਵਿਚੋਂ 12, ਤੇ 34 ਜਨਰਲ ਸਕੱਤਰਾਂ ਵਿਚੋਂ 3 ਜਨਰਲ ਸਕੱਤਰ ਸ਼ਾਮਲ ਨਹੀਂ ਹੋਏ। ਸਮੂਹ 27 ਜ਼ਿਲ੍ਹਾ ਕਾਂਗਰਸ ਪ੍ਰਧਾਨ ਮੀਟਿੰਗ ਵਿਚ ਸ਼ਾਮਲ ਸਨ। ਉਂਜ ਇਹ ਚਰਚਾ ਜਾਰੀ ਹੈ ਕਿ ਸ. ਬਾਜਵਾ ਦੀ ਅਸਲ ਪ੍ਰੀਖਿਆ 148 ਮੈਂਬਰੀ ਸੂਬਾ ਕਾਰਜਕਾਰਨੀ ਕਮੇਟੀ ਤੇ 34 ਮੈਂਬਰੀ ਸਪੈਸ਼ਲ ਇਨਵਾਈਟੀਜ਼ ਕਮੇਟੀ ਨਾਲ ਸਿੱਝਣ ਮੌਕੇ ਹੋਵੇਗੀ। ਇਨ੍ਹਾਂ ਕਮੇਟੀਆਂ ਵਿਚਲੇ ਮੈਂਬਰਾਂ ਨੇ ਹੀ ਵੱਡੇ ਪੱਧਰ 'ਤੇ ਬਾਗੀ ਸੁਰਾਂ ਚੁੱਕੀਆਂ ਹਨ ਤੇ ਸ. ਬਾਜਵਾ ਨੇ ਇਨ੍ਹਾਂ ਕਮੇਟੀਆਂ ਦੀ ਵੱਖਰੇ ਤੌਰ 'ਤੇ ਮੀਟਿੰਗ ਸੱਦਣ ਦਾ ਫੈਸਲਾ ਕੀਤਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਤਖ਼ਤ ਪਟਨਾ ਸਾਹਿਬ 'ਤੇ ਝਗੜੇ ਵਿਚ ਜਥੇਦਾਰ ਇਕਬਾਲ ਸਿੰਘ ਫੱਟੜ

**ਅੰਮ੍ਰਿਤਸਰ:** ਤਖਤ ਸ੍ਰੀ ਪਟਨਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਸਮੇਂ ਇਕ ਜਥੇਦਾਰ ਦੀ ਨਿਯੁਕਤੀ 'ਤੇ ਦੋ ਧਿਰਾਂ ਵਿਚਾਲੇ ਹੋਏ ਝਗੜੇ ਵਿਚ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਪ੍ਰਕਾਸ਼ ਸਿੰਘ ਸਣੇ ਤਿੰਨ ਜ਼ਖਮੀ ਹੋ ਗਏ ਹਨ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਘਟਨਾ ਨੂੰ ਮੰਦਭਾਗਾ ਕਰਾਰ ਦਿੰਦਿਆਂ ਦੋਸ਼ੀਆਂ ਖਿਲਾਫ ਮਰਿਆਦਾ ਅਨੁਸਾਰ ਸਖ਼ਤ ਕਾਰਵਾਈ ਦਾ ਸੰਕੇਤ ਦਿੱਤਾ ਹੈ। ਮਾਮਲੇ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਮੈਂਬਰੀ ਜਾਂਚ ਕਮੇਟੀ ਵੀ ਬਣਾ ਦਿੱਤੀ ਗਈ ਹੈ ਜੋ ਪਟਨਾ ਸਾਹਿਬ ਪੁੱਜ ਗਈ ਹੈ।

### ਸ਼੍ਰੋਮਣੀ ਕਮੇਟੀ ਨੇ ਜਾਂਚ ਲਈ ਕਮੇਟੀ ਬਣਾਈ



ਜਥੇਦਾਰ ਇਕਬਾਲ ਸਿੰਘ

ਗੁਰਪੁਰਬ ਮੌਕੇ ਸਜਾਏ ਮੰਚ ਦੌਰਾਨ ਜਦੋਂ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਨੇ ਤਖ਼ਤ ਸਾਹਿਬ ਲਈ ਗਿਆਨੀ ਪ੍ਰਤਾਪ ਸਿੰਘ ਦੀ ਮੀਤ ਜਥੇਦਾਰ (ਵਧੀਕ ਗ੍ਰੰਥੀ) ਵਜੋਂ ਨਿਯੁਕਤੀ ਦਾ ਐਲਾਨ ਕੀਤਾ ਤਾਂ ਗਿਆਨੀ ਇਕਬਾਲ ਸਿੰਘ ਦੇ ਸਮਰਥਕਾਂ ਨੇ ਇਸ ਦਾ ਵਿਰੋਧ ਕੀਤਾ। ਜਿਵੇਂ ਹੀ ਗਿਆਨੀ ਇਕਬਾਲ ਸਿੰਘ ਮੰਚ ਤੋਂ ਮਾਈਕ ਉਪਰ ਆਪਣੀ ਗੱਲ ਕਹਿਣ ਲਈ ਗਏ ਤਾਂ ਪ੍ਰਬੰਧਕੀ ਧਿਰ ਨੇ ਉਨ੍ਹਾਂ ਨੂੰ ਰੋਕ ਲਿਆ। ਇਸ ਦੌਰਾਨ ਦੋਵੇਂ ਧਿਰਾਂ ਦੇ ਸਮਰਥਕ ਮੰਚ ਉਤੇ ਪਹੁੰਚ ਗਏ ਅਤੇ ਤਕਰਾਰ ਪਲਾਂ ਵਿਚ ਹੀ ਖ਼ੂਨੀ ਝੜਪ ਵਿਚ ਬਦਲ ਗਿਆ। ਕਈਆਂ ਦੀਆਂ ਦਸਤਾਰਾਂ ਲਹਿ ਗਈਆਂ। ਝਗੜੇ 'ਚ ਗਿਆਨੀ ਇਕਬਾਲ ਸਿੰਘ ਨੂੰ ਵੀ ਸੱਟ ਲੱਗ ਗਈ। ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਮੱਲ੍ਹਮ ਪੱਟੀ ਤੋਂ ਬਾਅਦ ਉਹ ਪਰਤ ਆਏ।

ਜਥੇਦਾਰ ਇਕਬਾਲ ਸਿੰਘ ਨੇ ਝਗੜੇ ਸਬੰਧੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਦੱਸਿਆ ਹੈ ਕਿ ਉਹ ਸਿਰਫ਼ ਮਾਈਕ 'ਤੇ ਇਹ ਕਹਿਣ ਲਈ ਗਏ ਸਨ ਕਿ ਕੋਈ ਵੀ ਨਵੀਂ ਨਿਯੁਕਤੀ ਪੰਜ ਪਿਆਰਿਆਂ ਦੀ ਸਹਿਮਤੀ ਤੋਂ ਬਿਨਾਂ ਨਹੀਂ ਹੋ ਸਕਦੀ ਪਰ ਉਨ੍ਹਾਂ ਨੂੰ ਇਹ ਗੱਲ ਕਹਿਣ ਦਾ ਮੌਕਾ ਨਹੀਂ ਦਿੱਤਾ ਗਿਆ। ਦੂਜੇ ਪਾਸੇ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਆਰ.ਐਸ. ਗਾਂਧੀ ਨੇ ਦੱਸਿਆ ਕਿ ਤਖ਼ਤ ਸਾਹਿਬ ਵਿਖੇ ਅਮਲੇ ਦੀ ਘਾਟ ਕਰਕੇ ਨਵੇਂ ਅਮਲੇ ਦੀ ਭਰਤੀ ਕੀਤੀ ਜਾ ਰਹੀ ਹੈ। ਇਸੇ ਤਹਿਤ ਮੀਤ ਜਥੇਦਾਰ ਵਜੋਂ ਗਿਆਨੀ ਪ੍ਰਤਾਪ ਸਿੰਘ ਦੀ ਨਿਯੁਕਤੀ ਕੀਤੀ ਗਈ ਸੀ। ਗਿਆਨੀ ਪ੍ਰਤਾਪ ਸਿੰਘ ਇਸ ਵੇਲੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਮੁੱਖ ਗ੍ਰੰਥੀ ਹਨ। ਇਸ ਮਾਮਲੇ ਵਿਚ ਗਿਆਨੀ ਇਕਬਾਲ ਸਿੰਘ ਨੂੰ ਭੁਲੇਖਾ ਪੈ ਗਿਆ ਸੀ ਕਿ ਉਨ੍ਹਾਂ ਨੂੰ ਜਥੇਦਾਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਥਾਂ 'ਤੇ ਗਿਆਨੀ ਪ੍ਰਤਾਪ ਸਿੰਘ ਨੂੰ ਨਿਯੁਕਤ ਕੀਤਾ ਗਿਆ ਹੈ, ਜਦੋਂਕਿ ਹਕੀਕਤ ਵਿਚ ਨਾ ਤਾਂ ਉਨ੍ਹਾਂ ਨੂੰ ਹਟਾਇਆ ਗਿਆ ਸੀ ਅਤੇ ਨਾ ਹੀ ਉਨ੍ਹਾਂ ਦੀਆਂ ਤਾਕਤਾਂ ਵਾਪਸ ਲਈਆਂ ਗਈਆਂ ਸਨ। ਉਨ੍ਹਾਂ ਆਖਿਆ ਕਿ ਸਵੇਰੇ ਜਦੋਂ ਇਹ ਸਮਾਗਮ ਚਲ ਰਿਹਾ ਸੀ ਤਾਂ ਇਸੇ ਗਲਤਫਹਿਮੀ ਕਾਰਨ ਗਿਆਨੀ ਇਕਬਾਲ ਸਿੰਘ ਸਮਰਥਕ ਕਿਰਪਾਨਾਂ ਲੈ ਕੇ ਮੰਚ 'ਤੇ ਆ ਗਏ। ਇਸ ਦੌਰਾਨ ਦੂਜੀ ਧਿਰ ਦੇ ਸਮਰਥਕ ਵੀ ਕਿਰਪਾਨਾਂ ਸਮੇਤ ਸਟੇਜ 'ਤੇ ਆ ਗਏ ਤੇ ਆਪਸੀ ਤਕਰਾਰ ਝਗੜੇ ਵਿਚ ਬਦਲ ਗਈ।

ਇਸੇ ਦੌਰਾਨ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਜਾਂਚ ਰਿਪੋਰਟ ਆਉਣ 'ਤੇ ਦੋਸ਼ੀਆਂ ਖਿਲਾਫ਼ ਪੰਥਕ ਮਰਿਆਦਾ ਅਨੁਸਾਰ ਸਖ਼ਤ ਕਾਰਵਾਈ ਹੋਵੇਗੀ। ਗੁਰਪੁਰਬ ਮੌਕੇ ਧਾਰਮਿਕ ਸਮਾਗਮ ਦੇਸ਼ ਵਿਦੇਸ਼ ਵਿਚ ਸਿੱਧੇ ਪ੍ਰਸਾਰਨ ਰਾਹੀਂ ਦੇਖਿਆ ਜਾ ਰਿਹਾ ਸੀ; ਇਸ ਘਟਨਾ ਨੇ ਸਮੁੱਚੀ ਸਿੱਖ ਕੌਮ ਦੇ ਅਕਸ ਨੂੰ ਢਾਹ ਲਾਈ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਧਾਰਮਿਕ ਸਮਾਗਮ ਦੌਰਾਨ ਇਕ ਦੂਜੇ ਖਿਲਾਫ਼ ਕਿਰਪਾਨਾਂ ਚਲਾਉਣ ਅਤੇ ਦਸਤਾਰਾਂ ਉਤਾਰਨ ਦੀ ਘਟਨਾ ਨੂੰ ਮੰਦਭਾਗੀ ਕਰਾਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ। ਇਸ ਵਿਚ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ, ਕਰਨੈਲ ਸਿੰਘ ਪੰਜੋਲੀ, ਨਿਰਵੈਲ ਸਿੰਘ ਜੌਲਾ ਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸਤਬੀਰ ਸਿੰਘ ਸ਼ਾਮਲ ਹਨ। ਕਮੇਟੀ ਆਪਣੀ ਜਾਂਚ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਸੌਂਪੇਗੀ ਜੋ ਅਗਲੀ ਕਾਰਵਾਈ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪੀ ਜਾਵੇਗੀ।

ਉਧਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਇਸ ਘਟਨਾ ਲਈ ਜਥੇਦਾਰ ਗਿਆਨੀ ਇਕਬਾਲ ਸਿੰਘ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਕਸੂਰਵਾਰ ਠਹਿਰਾਇਆ ਹੈ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

Transportation Funding Group, Inc.

Minneapolis , MN 55426


# ਡਾ. ਮਨਮੋਹਨ ਸਿੰਘ ਵੱਲੋਂ ਹੱਥ ਖੜ੍ਹੇ

**ਨਵੀਂ ਦਿੱਲੀ:** ਭਾਰਤ ਦੇ ਲਗਾਤਾਰ ਦੋ ਵਾਰ ਪ੍ਰਧਾਨ ਮੰਤਰੀ ਰਹੇ ਡਾ. ਮਨਮੋਹਨ ਸਿੰਘ ਵੱਲੋਂ ਤੀਜੀ ਵਾਰ ਦੇਸ਼ ਦੀ ਕਮਾਨ ਸੰਭਾਲਨ ਲਈ ਮੈਦਾਨ ਵਿਚ ਨਿੱਤਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਮੰਨਿਆ ਜਾ ਰਿਹਾ ਹੈ ਕਿ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੇ ਪ੍ਰਧਾਨ ਮੰਤਰੀ ਅਹੁਦੇ ਦੀ ਉਮੀਦਵਾਰੀ ਬਣ ਸਕਦੇ ਹਨ। ਸੂਤਰਾਂ ਅਨੁਸਾਰ 17 ਜਨਵਰੀ ਨੂੰ ਮਹਿਲਾ ਕਾਂਗਰਸ ਰਾਹੁਲ ਨੂੰ ਪ੍ਰਧਾਨ ਮੰਤਰੀ ਉਮੀਦਵਾਰ ਬਣਾਉਣ ਦਾ ਮਤਾ ਪੇਸ਼ ਕਰ ਸਕਦੀ ਹੈ। ਲੋਕ ਸਭਾ ਚੋਣਾਂ ਦੀ ਰਣਨੀਤੀ ਤਿਆਰ ਕਰਨ ਲਈ 17 ਜਨਵਰੀ ਨੂੰ ਦਿੱਲੀ ਵਿਚ ਸਰਬ ਭਾਰਤੀ ਕਾਂਗਰਸ ਕਮੇਟੀ ਦਾ ਇਜਲਾਸ ਹੋਣ ਜਾ ਰਿਹਾ ਹੈ।

ਲੰਘੇ ਦਿਨੀਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਮੀਡੀਆ ਨਾਲ ਰੂ-ਬਰੂ ਹੁੰਦਿਆਂ ਅਗਲੀਆਂ ਆਮ ਚੋਣਾਂ ਪਿੱਛੋਂ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਰੱਦ ਕਰ ਦਿੱਤੀ ਤੇ ਕਿਹਾ ਕਿ ਰਾਹੁਲ ਗਾਂਧੀ ਵਿਚ ਚੋਟੀ ਦੇ ਅਹੁਦੇ ਲਈ ਸਾਰੀਆਂ ਖੂਬੀਆਂ ਹਨ। ਉਨ੍ਹਾਂ ਪ੍ਰਧਾਨ ਮੰਤਰੀ ਵਜੋਂ ਨਰਿੰਦਰ ਮੋਦੀ ਨੂੰ ਦੇਸ਼ ਲਈ ਘਾਤਕ ਕਰਾਰ ਦਿੱਤਾ। ਆਪਣੇ ਦੋ ਸਾਲਾਂ ਦੇ ਕਾਰਜਕਾਲ ਵਿਚ ਤੀਸਰੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਪਣੀ ਸਰਕਾਰ ਦੇ ਨਾਂਹਪੱਖੀ ਅਕਸ ਤੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਸਾਢੇ ਨੌਂ ਸਾਲ ਕੰਮ ਕਰਨ ਪਿੱਛੋਂ ਉਨ੍ਹਾਂ 'ਤੇ ਕਮਜ਼ੋਰ ਪ੍ਰਧਾਨ ਮੰਤਰੀ ਦੇ ਲੱਗੇ ਠੱਪੇ ਨੂੰ ਦੂਰ ਕਰਨ ਦਾ ਯਤਨ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਵੱਲੋਂ ਚੰਗਾ ਕੰਮ ਕਰਕੇ ਦੇਸ਼ ਨੂੰ ਵਿਕਾਸ ਦੇ ਰਾਹ ਤੋਰਿਆ ਹੈ।

ਤਕਰੀਬਨ 75 ਮਿੰਟ ਦੀ ਪ੍ਰੈਸ ਕਾਨਫਰੰਸ ਦੌਰਾਨ ਮੋਦੀ 'ਤੇ ਵਾਰ ਕਰਨ ਤੋਂ ਪਹਿਲਾਂ ਡਾ. ਮਨਮੋਹਨ ਸਿੰਘ ਨੇ ਸਪਸ਼ਟ ਕੀਤਾ ਕਿ ਆਉਣ ਵਾਲੀਆਂ 2014 ਦੀਆਂ ਲੋਕ ਸਭਾ ਚੋਣਾਂ ਵਿਚ ਉਹ ਯੂ.ਪੀ.ਏ. ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਨਹੀਂ ਹੋਣਗੇ। ਹਾਲਾਂਕਿ ਕਾਂਗਰਸ ਉਪ-ਪ੍ਰਧਾਨ ਰਾਹੁਲ ਗਾਂਧੀ ਦੀ ਦਾਅਵੇਦਾਰੀ ਬਾਰੇ ਡਾ. ਸਿੰਘ ਨੇ ਸਪਸ਼ਟ ਤੌਰ 'ਤੇ ਕੁਝ ਨਹੀਂ ਆਖਿਆ ਪਰ ਕਿਹਾ ਕਿ ਹੁਣ ਲੀਡਰਸ਼ਿਪ ਦੀ ਕਮਾਨ ਨਵੀਂ ਪੀੜ੍ਹੀ ਦੇ ਹੱਥ ਜਾਏਗੀ। 81 ਸਾਲਾ ਡਾ. ਸਿੰਘ ਨੇ ਕਾਂਗਰਸ ਦੇ ਉਪ ਪ੍ਰਧਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਰਾਹੁਲ ਗਾਂਧੀ ਵਿਚ ਉਹ ਸਾਰੀ ਲੋੜੀਂਦੀ ਯੋਗਤਾ ਹੈ ਜੋ ਇਕ ਆਗੂ ਵਿਚ ਹੋਣੀ ਚਾਹੀਦੀ ਹੈ।

ਇਸ ਮੌਕੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਨਵੰਬਰ 1984 ਵਿਚ ਸਿੱਖ ਕਤਲੇਆਮ ਵਿਚ ਸ਼ਹੀਦ ਹੋਏ ਸਿੱਖਾਂ ਦੀਆਂ ਜਾਨਾਂ ਤਾਂ ਨਹੀਂ ਮੋੜੀਆਂ ਜਾ ਸਕਦੀਆਂ ਪਰ ਸਰਕਾਰ ਤੋਂ ਜਿੰਨੀ ਸੰਭਵ ਸਹਾਇਤਾ ਹੋ ਸਕਦੀ ਹੈ, ਉਹ ਕਰਨ ਦੀ ਕੋਸ਼ਿਸ਼ ਕੀਤੀ ਹੈ।

**ਹੁਣ ਪ੍ਰਿਯੰਕਾ ਸੰਭਾਲੇਗੀ ਵਾਗਡੋਰ:** ਪ੍ਰਿਯੰਕਾ ਗਾਂਧੀ ਵੱਲੋਂ ਆਪਣੇ ਭਰਾ ਤੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਰਿਹਾਇਸ਼ 'ਤੇ ਪਾਰਟੀ ਦੇ ਉੱਚ ਆਗੂਆਂ ਨਾਲ ਅਚਾਨਕ ਮੀਟਿੰਗ ਕਰਨ ਲਈ ਪੁੱਜਣ ਮਗਰੋਂ ਉਨ੍ਹਾਂ ਨੂੰ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਵੱਲੋਂ ਅਹਿਮ ਜ਼ਿੰਮੇਵਾਰੀ ਦੇਣ ਦੀਆਂ ਕਿਆਸਅਰਾਈਆਂ ਲੱਗਣੀਆਂ ਸ਼ੁਰੂ ਹੋ ਗਈਆਂ ਹਨ। ਮੀਟਿੰਗ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਸਿਆਸੀ ਸਕੱਤਰ ਅਹਿਮਦ ਪਟੇਲ, ਕੇਂਦਰੀ ਮੰਤਰੀ ਜੈਰਾਮ ਰਮੇਸ਼, ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਮਧੂਸੂਦਨ ਮਿਸਤਰੀ, ਜਨਾਰਦਨ ਦਿਵੇਦੀ, ਅਜੈ ਮਾਕਨ ਤੇ ਪਾਰਟੀ ਦੇ ਸਿਧਾਂਤਕਾਰ ਮੋਹਨ ਗੋਪਾਲ ਹਾਜ਼ਰ ਸਨ। ਅਗਲੇ ਹਫਤੇ 42 ਸਾਲਾਂ ਦੀ ਹੋ ਰਹੀ ਪ੍ਰਿਯੰਕਾ ਵੱਲੋਂ ਮੀਟਿੰਗ ਵਿਚ ਹਿੱਸਾ ਲੈਣ ਤੋਂ ਸਿਆਸੀ ਮਾਹਰ ਕਿਆਸ ਲਾ ਰਹੇ ਹਨ ਕਿ ਪਾਰਟੀ ਦੀ ਹਾਲ ਹੀ ਦੌਰਾਨ ਵਿਧਾਨ ਸਭਾ ਵਿਚ ਹਾਰ ਮਗਰੋਂ ਉਨ੍ਹਾਂ ਨੂੰ ਲੋਕ ਸਭਾ ਚੋਣਾਂ ਲਈ ਅਹਿਮ ਰੋਲ ਦਿੱਤਾ ਜਾ ਸਕਦਾ ਹੈ।




# ਪਰਵਾਸੀਆਂ ਦੇ ਮਸਲਿਆਂ ਬਾਰੇ ਸਖ਼ਤ ਹੋਇਆ ਐਨ.ਆਰ.ਆਈ ਕਮਿਸ਼ਨ

## ਪਰਵਾਸੀ ਮਹਿਲਾ ਨਾਲ ਦੁਰਵਿਹਾਰ ਬਾਰੇ ਕਾਰਵਾਈ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਐਨ.ਆਰ.ਆਈ ਐਕਟ 2011 ਅਧੀਨ ਗਠਿਤ ਕੀਤੇ ਗਏ ਰਾਜ ਪਰਵਾਸੀ ਭਾਰਤੀ ਕਮਿਸ਼ਨ ਵੱਲੋਂ ਆਪਣੇ ਘੇਰੇ ਵਿਚ ਆਉਂਦੇ ਮੁੱਦਿਆਂ ਨੂੰ ਲੈ ਕੇ ਸੂਬੇ ਦੇ ਪੁਲਿਸ ਤੇ ਪ੍ਰਸ਼ਾਸਨਿਕ ਢਾਂਚੇ ਦੇ ਨਾਲ-ਨਾਲ ਕੇਂਦਰ ਸਰਕਾਰ ਨਾਲ ਵੀ ਰਾਬਤਾ ਕਾਇਮ ਕਰਦਿਆਂ ਕਾਰਵਾਈ ਹਿੱਤ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਹੈ। ਪਰਵਾਸੀ ਭਾਰਤੀਆਂ ਖ਼ਾਸਕਰ ਪੰਜਾਬੀ ਨੌਜਵਾਨਾਂ ਨੂੰ ਦੇਸ਼-ਵਿਦੇਸ਼ ਵਿਚ ਦਰਪੇਸ਼ ਦਿੱਕਤਾਂ ਬਾਰੇ ਕੇਂਦਰੀ ਮੰਤਰਾਲੇ, ਮਨਿਸਟਰੀ ਫ਼ਾਰ ਓਵਰਸੀਜ਼ ਇੰਡੀਅਨ ਅਫੇਰਸ ਤੇ ਬਿਊਰੋ ਆਫ਼ ਇਮੀਗ੍ਰੇਸ਼ਨ ਨਾਲ ਰਾਬਤਾ ਕਾਇਮ ਕੀਤਾ ਜਾ ਚੁੱਕਾ ਹੈ। ਕਮਿਸ਼ਨ ਨੇ ਪਰਵਾਸੀ ਭਾਰਤੀ ਔਰਤ ਵੱਲੋਂ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪੁਲਿਸ ਤੇ ਹਵਾਈ ਅੱਡੇ ਦੇ ਅਧਿਕਾਰੀਆਂ ਵੱਲੋਂ ਗੈਰ ਮਾਨਵੀ ਵਿਵਹਾਰ ਤੇ ਗ਼ਲਤ ਭਾਸ਼ਾ ਦੀ ਵਰਤੋਂ ਕਰਨ ਦੀ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਕੇਂਦਰੀ ਵਿਦੇਸ਼ ਮੰਤਰਾਲੇ ਤੇ ਬਿਊਰੋ ਆਫ਼ ਇਮੀਗ੍ਰੇਸ਼ਨ ਨੂੰ ਕਾਰਵਾਈ ਕਰਨ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਰੁਪਿੰਦਰ ਕੌਰ ਨਾਮੀ ਇਕ ਪਰਵਾਸੀ ਭਾਰਤੀ ਔਰਤ ਵੱਲੋਂ ਕਮਿਸ਼ਨ ਨੂੰ ਭੇਜੀ ਸ਼ਿਕਾਇਤ ਵਿਚ ਦੋਸ਼ ਲਾਇਆ ਸੀ ਕਿ 29 ਸਤੰਬਰ, 2013 ਨੂੰ ਉਹ ਆਪਣੇ ਦੋਸਤ ਡਾ. ਹਰਮਨਦੀਪ ਰਾਏ ਸਮੇਤ ਨਵੀਂ ਦਿੱਲੀ ਅੰਤਰਰਾਸ਼ਟਰੀ ਹਵਾਈ 'ਤੇ




ਉੱਤਰੀ ਤਾਂ ਪੁਲਿਸ ਤੇ ਹਵਾਈ ਅੱਡੇ ਦੇ ਅਧਿਕਾਰੀਆਂ ਵੱਲੋਂ ਉਸ ਨੂੰ ਹਵਾਈ ਅੱਡੇ 'ਤੇ ਹੀ ਇਕ ਕਮਰੇ ਵਿਚ ਬੰਦ ਕਰ ਦਿੱਤਾ ਗਿਆ ਜਿਥੇ ਕੋਈ ਮਹਿਲਾ ਪੁਲਿਸ ਕਰਮਚਾਰੀ ਮੌਜੂਦ ਨਹੀਂ ਸੀ।

ਉਸ ਕੋਲੋਂ ਮੰਦੀ ਭਾਸ਼ਾ ਵਿਚ ਬੇਲੋੜੇ ਸਵਾਲ ਪੁੱਛੇ ਗਏ ਤੇ ਗੈਰ ਮਾਨਵੀ ਵਿਵਹਾਰ ਕੀਤਾ ਗਿਆ। ਜਦ ਉਸ ਦੇ ਦੋਸਤ ਡਾ. ਹਰਮਨਦੀਪ ਰਾਏ ਵੱਲੋਂ ਤਿੰਨ ਘੰਟੇ ਇੰਤਜ਼ਾਰ ਕਰਨ ਤੋਂ ਬਾਅਦ ਮੇਰੇ ਬਾਰੇ ਪੁੱਛਗਿੱਛ ਕੀਤੀ ਗਈ ਤਾਂ ਉਨ੍ਹਾਂ ਦੀ ਖਿੱਚਧੂਹ ਕੀਤੀ ਗਈ ਤੇ ਸਰਕਾਰੀ ਡਿਊਟੀ ਵਿਚ ਵਿਘਨ ਪਾਉਣ ਤੇ ਸ਼ਰਾਬ ਪੀਤੀ ਹੋਣ ਦਾ ਝੂਠਾ ਕੇਸ ਦਰਜ ਕਰ ਦਿੱਤਾ ਗਿਆ ਜਦਕਿ ਉਨ੍ਹਾਂ ਦੇ ਮੈਡੀਕਲ ਵਿਚ ਸਪਸ਼ਟ ਪਾਇਆ ਗਿਆ ਕਿ ਉਨ੍ਹਾਂ ਨਾਲ ਕੁੱਟਮਾਰ ਕੀਤੀ ਗਈ।

## ਅਬੂ ਧਾਬੀ ਜੇਲ੍ਹ ਵਿਚ ਰੁਲ ਰਹੇ ਪੰਜਾਬੀਆਂ ਬਾਰੇ ਮੰਗੀ ਰਿਪੋਰਟ

ਇਸ ਤੋਂ ਇਲਾਵਾ ਕਮਿਸ਼ਨ ਵੱਲੋਂ ਯੂ.ਏ.ਈ ਦੀ ਆਬੂ ਧਾਬੀ ਜੇਲ੍ਹ ਵਿਚ ਦੋ ਮਹੀਨਿਆਂ ਤੋਂ ਵੀ ਵਧ ਸਮੇਂ ਤੋਂ ਡੱਕੇ ਹੋਏ 15 ਪੰਜਾਬੀ ਨੌਜਵਾਨਾਂ ਦੀ ਸਥਿਤੀ ਜਾਣਨ ਤੇ ਰਿਹਾਈ ਸੰਭਵ ਬਣਾਉਣ ਹਿਤ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕੀਤਾ ਗਿਆ। ਏ.ਡੀ.ਜੀ.ਪੀ-ਕਮ-ਮੈਂਬਰ ਐਨ.ਆਰ.ਆਈ ਕਮਿਸ਼ਨ ਐਸ. ਚਟੋਪਾਧਿਆਏ ਨੇ ਦੱਸਿਆ ਕਿ ਇਸ ਬਾਰੇ ਸੰਯੁਕਤ ਅਰਬ ਅਮੀਰਾਤ ਸਥਿਤ ਭਾਰਤੀ ਦੂਤਾਵਾਸ ਤੇ ਉਸ ਦੇਸ਼ ਦੇ ਸਬੰਧਤ ਅਧਿਕਾਰੀਆਂ ਕੋਲ ਛੇਤੀ ਤੋਂ ਛੇਤੀ ਇਹ ਮੁੱਦਾ ਚੁੱਕਣ ਲਈ ਪੱਤਰ ਭੇਜੇ ਗਏ ਹਨ।

ਕਮਿਸ਼ਨ ਵੱਲੋਂ ਕੇਂਦਰੀ ਮੰਤਰਾਲੇ ਨੂੰ ਸਾਰੇ ਮਾਮਲੇ ਬਾਰੇ ਕਾਰਵਾਈ ਬਾਰੇ ਸੱਤ ਫਰਵਰੀ ਤੱਕ ਜਾਣਕਾਰੀ ਦੇਣ ਨੂੰ ਕਿਹਾ ਹੈ। ਕਮਿਸ਼ਨ ਨੇ 15 ਪੰਜਾਬੀ ਨੌਜਵਾਨਾਂ ਬਾਰੇ ਛਪੀਆਂ ਖ਼ਬਰਾਂ 'ਤੇ ਸੂਓ ਮਾਟੋ ਐਕਸ਼ਨ ਲੈਂਦਿਆ ਇਹ ਹੁਕਮ ਦਿੱਤੇ ਹਨ। ਕਮਿਸ਼ਨ ਨੇ ਇਸ ਬਾਰੇ ਜਲੰਧਰ, ਨਵਾਂ ਸ਼ਹਿਰ, ਹੁਸ਼ਿਆਰਪੁਰ ਤੇ ਤਰਨਤਾਰਨ ਜ਼ਿਲ੍ਹਿਆਂ ਦੇ ਐਸ.ਐਸ.ਪੀਜ਼ ਨੂੰ ਉਕਤ ਪੰਜਾਬੀ ਨੌਜਵਾਨਾਂ ਦੇ ਪੀੜਤ ਪਰਿਵਾਰਾਂ ਨਾਲ ਸੰਪਰਕ ਕਰਕੇ 14 ਜਨਵਰੀ ਤੱਕ ਰਿਪੋਰਟ ਸੌਂਪਣ ਦੇ ਹੁਕਮ ਕੀਤੇ ਜਾ ਚੁੱਕੇ ਹਨ।

# ਪਰਵਾਸੀ ਪੰਜਾਬੀ ਮੀਡੀਆ ਦੀ ਮਜ਼ਬੂਤੀ ਲਈ ਹੋਕਾ

**ਚੰਡੀਗੜ੍ਹ:** ਪੰਜਾਬ ਕਲਾ ਭਵਨ ਵਿਚ ਵਰਲਡ ਪੰਜਾਬੀ ਟੈਲੀਵਿਜ਼ਨ ਤੇ ਰੇਡੀਓ ਅਕੈਡਮੀ ਵੱਲੋਂ ਕਰਵਾਈ 'ਦੂਜੀ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ' ਦੌਰਾਨ ਇਹ ਗੱਲ ਸਾਹਮਣੇ ਆਈ ਕਿ ਅੱਜ ਵੀ ਪਰਵਾਸੀ ਪੰਜਾਬੀ ਮੀਡੀਆ ਆਰਥਿਕ ਤੌਰ 'ਤੇ ਮਜ਼ਬੂਤ ਨਾ ਹੋਣ ਕਾਰਨ ਦੇਸ਼-ਵਿਦੇਸ਼ ਦੇ ਪੰਜਾਬੀਆਂ ਵਿਚ ਪੁਲ ਦੀ ਭੂਮਿਕਾ ਨਿਭਾਉਣ ਤੋਂ ਅਸਮਰੱਥ ਹੈ।

ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ ਕਰਵਾਈ ਗਈ ਕਾਨਫਰੰਸ ਵਿਚ ਇਹ ਗੱਲ ਉੱਭਰੀ ਕਿ ਪਰਵਾਸੀ ਪੰਜਾਬੀ ਮੀਡੀਆ ਮੁਫ਼ਤ ਦਾ ਮੀਡੀਆ (ਮੁਫ਼ਤ ਅਖ਼ਬਾਰਾਂ ਵੰਡਣ) ਹੈ ਤੇ ਇਸ ਦੇ ਬਲਬੂਤੇ 'ਤੇ ਰੋਜ਼ੀ-ਰੋਟੀ ਸੰਭਵ ਨਹੀਂ ਹੈ।ਪੰਜਾਬੀ ਅਖ਼ਬਾਰਾਂ ਗੋਰਿਆਂ ਦੀਆਂ ਪ੍ਰੈਸਾਂ ਵਿਚੋਂ ਹੀ ਪ੍ਰਿੰਟ ਹੋ ਰਹੀਆਂ ਹਨ ਤੇ ਵਿਦੇਸ਼ਾਂ ਵਿਚ ਪੰਜਾਬੀ ਪੱਤਰਕਾਰਾਂ ਨੂੰ ਆਰਥਿਕ ਤੇ ਕਾਨੂੰਨੀ ਪੱਖੋਂ ਮਜਬੂਤ ਹੋਣ ਲਈ ਬਹੁਤ ਜੱਦੋ-ਜਹਿਦ ਕਰਨੀ ਪੈਂਦੀ ਹੈ। ਉਂਜ ਪੰਜਾਬੀ ਮੀਡੀਆ ਵਿਦੇਸ਼ਾਂ ਵਿਚਲੇ ਲੱਖਾਂ ਪਰਵਾਸੀ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ, ਵਿਰਸੇ ਅਤੇ ਧਰਮਾਂ ਨਾਲ ਜੋੜਨ ਲਈ ਵੱਡੀ ਭੂਮਿਕਾ ਨਿਭਾ ਰਿਹਾ ਹੈ। ਵਿਦੇਸ਼ਾਂ ਵਿਚ ਬੈਠੇ ਪੰਜਾਬੀ ਹੁਣ ਪੂਰੀ ਤਰ੍ਹਾਂ ਪੰਜਾਬੀ ਅਖ਼ਬਾਰਾਂ ਤੇ ਟੀ.ਵੀ ਚੈਨਲਾਂ ਨਾਲ ਜੁੜ ਚੁੱਕੇ ਹਨ। ਇਸ ਕਾਰਨ ਸਿਆਸੀ, ਆਰਥਿਕ ਤੇ ਸਮਾਜਿਕ ਖੇਤਰ ਵਿਚ ਵੀ ਪੰਜਾਬੀ ਮੀਡੀਆ ਦੀ ਵਧੀਆ ਪਛਾਣ ਬਣ ਰਹੀ ਹੈ।

ਪੰਜਾਬੀ ਮੇਲ (ਕੈਲੀਫੋਰਨੀਆ) ਯੂ.ਐਸ.ਏ ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਵਿਦੇਸ਼ਾਂ ਵਿਚ ਪੰਜਾਬੀ ਪੱਤਰਕਾਰੀ ਨਾਲ ਰੋਟੀ ਦਾ ਜੁਗਾੜ ਬਣਾਉਣਾ




ਹਾਲੇ ਸੰਭਵ ਨਹੀਂ ਹੈ। ਟੋਰਾਂਟੋ (ਕੈਨੇਡਾ) ਤੋਂ ਆਏ 'ਵਤਨੋਂ ਪਾਰ' ਪੰਜਾਬੀ ਨਿਊਜ਼ ਦੇ ਮੁੱਖ ਸੰਪਾਦਕ ਕੰਵਲਜੀਤ ਸਿੰਘ ਕੰਵਲ ਨੇ ਕਿਹਾ ਕਿ ਪੰਜਾਬੀ ਪੱਤਰਕਾਰੀ ਦੀ ਤਰਾਸਦੀ ਵੱਲ ਕਿਸੇ ਨੇ ਵੀ ਅੱਜ ਤੱਕ ਧਿਆਨ ਨਹੀਂ ਦਿੱਤਾ। ਕਾਨਫਰੰਸ ਦੌਰਾਨ ਪੰਜਾਬੀ ਮੀਡੀਆ, ਪੰਜਾਬੀ ਭਾਸ਼ਾ, ਆਨਲਾਈਨ ਪੰਜਾਬੀ ਮੀਡੀਆ ਆਦਿ ਵਿਸ਼ਿਆਂ 'ਤੇ ਚਰਚਾ ਕੀਤੀ ਗਈ। ਇਸ ਮੌਕੇ ਪੰਜਾਬ ਕਲਾ ਪ੍ਰੀਸ਼ਦ ਦੀ ਚੇਅਰਪਰਸਨ ਹਰਜਿੰਦਰ ਕੌਰ ਨੇ ਪੰਜਾਬੀ ਮੀਡੀਆ ਦੀ ਹੋਂਦ ਵਿਸ਼ਾਲ ਕਰਨ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਦੁਬਈ ਵਾਲੇ ਐਸ.ਪੀ.ਐਸ ਓਬਰਾਏ ਨੇ ਕਿਹਾ ਕਿ ਹੁਣ ਪੰਜਾਬੀ ਭਾਸ਼ਾ ਤਾਂ ਪੰਜਾਬ ਵਿਚੋਂ ਹੀ ਲੋਪ ਹੁੰਦੀ ਜਾ ਰਹੀ ਹੈ। ਉਹ ਦੁਬਈ ਵਿਚ ਪੰਜਾਬੀ ਬੱਚਿਆਂ ਨੂੰ ਮਾਂ ਬੋਲੀ ਤੇ ਗੁਰਬਾਣੀ ਦੀ ਸਿੱਖਿਆ ਮੁਹੱਈਆ ਕਰਾਉਣ ਦੀ ਮੁਹਿੰਮ ਚਲਾ ਰਹੇ ਹਨ। ਵਰਲਡ ਪੰਜਾਬੀ ਟੈਲੀਵਿਜ਼ਨ ਤੇ ਰੇਡੀਓ ਅਕੈਡਮੀ ਦੇ ਚੇਅਰਮੈਨ ਪ੍ਰੋਫੈਸਰ ਕਲਬੀਰ ਸਿੰਘ ਨੇ ਕਿਹਾ ਕਿ ਉਹ ਅਜਿਹੀਆਂ ਕਾਨਫਰੰਸਾਂ ਰਾਹੀਂ ਪਰਵਾਸੀ ਮੀਡੀਆ ਨੂੰ ਸਵੈ-ਪੜਚੋਲ ਲਈ ਸਾਂਝਾ ਥੜ੍ਹਾ ਦੇਣ ਦਾ ਯਤਨ ਕਰ ਰਹੇ ਹਨ ਤਾਂ ਜੋ ਦਰਪੇਸ਼ ਚੁਣੌਤੀਆਂ ਦਾ ਮੁਕਾਬਲਾ ਕੀਤਾ ਜਾ ਸਕੇ।

# ਬਰਤਾਨਵੀ ਮਹਾਰਾਣੀ ਵੱਲੋਂ 15 ਭਾਰਤੀਆਂ ਦਾ ਸਨਮਾਨ

**ਲੰਡਨ:** ਨਵੇਂ ਵਰ੍ਹੇ 2014 ਦੀ ਆਮਦ ਮੌਕੇ ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈਥ-2 ਵੱਲੋਂ ਸਨਮਾਨਤ ਕੀਤੀਆਂ ਜਾਣ ਵਾਲੀਆਂ ਸ਼ਖ਼ਸੀਅਤਾਂ ਵਿਚ 15 ਭਾਰਤੀ ਵੀ ਸ਼ਾਮਲ ਹਨ। ਇਨ੍ਹਾਂ ਵਿਚੋਂ ਵੈਸਟ ਨੌਟਿੰਘਮਸ਼ਾਇਰ ਕਾਲਜ ਦੇ ਪ੍ਰਿੰਸੀਪਲ ਵਜੋਂ ਸਿੱਖਿਆ ਦੇ ਖੇਤਰ ਵਿਚ ਦਿੱਤੀਆਂ ਸ਼ਾਨਦਾਰ ਸੇਵਾਵਾਂ ਲਈ ਸ੍ਰੀਮਤੀ ਆਸ਼ਾ ਖੇਮਕਾ ਨੂੰ 'ਡੈਮ ਕਮਾਂਡਰ ਆਫ ਦ ਆਰਡਰ ਆਫ ਦਾ ਬ੍ਰਿਟਿਸ਼ ਐਂਪਾਇਰ ਐਵਾਰਡ' ਨਾਲ ਸਨਮਾਨਤ ਕੀਤਾ ਜਾਵੇਗਾ। ਸ੍ਰੀਮਤੀ ਖੇਮਕਾ ਦੀ ਅਗਵਾਈ ਵਿਚ ਕਾਲਜ ਨੇ ਸਿੱਖਿਆ ਦੇ ਖੇਤਰ ਵਿਚ ਨਵੀਆਂ ਬੁਲੰਦੀਆਂ ਨੂੰ ਛੂਹਿਆ। ਬਕਿੰਘਮ ਪੈਲੇਸ ਵੱਲੋਂ ਜਾਰੀ 1195 ਵਿਅਕਤੀਆਂ ਦੀ ਸੂਚੀ ਵਿਚ 610 ਔਰਤਾਂ ਹਨ। ਸ੍ਰੀਮਤੀ ਖੇਮਕਾ ਤੋਂ



ਇਲਾਵਾ ਵੈਂਬਲੇ ਹਾਈ ਟੈਕਨਾਲੋਜੀ ਸਕੂਲ ਦੇ ਮੁੱਖ ਅਧਿਆਪਕ ਗਿੱਲ ਹਰਜਗਬੀਰ ਬਲ, ਸਤਬੀਰ ਸਿੰਘ ਜੱਸਲ, ਦਵਿੰਦਰ ਕੁਮਾਰ ਕਪੂਰ, ਅਮਰਜੀਤ ਕੌਰ ਬਖਸ਼ੀ, ਜਸਵੀਰ ਜੱਸਲ, ਪ੍ਰਿਆ ਲਖਾਨੀ, ਅਸ਼ੋਕ ਸੋਨੀ, ਸ਼ਾਹਾਦ ਅਹਿਮਦ ਬੱਟੀਵਾਲਾ, ਰੰਜਨਾ ਬੈੱਲ, ਬਿਸਾਖਾ ਸਰਕਾਰ, ਰਾਜ ਕੁਮਾਰ ਬਾਲੀ, ਅਰਨਾਬ ਬਸੂ, ਸਾਧੂ ਸਿੰਘ ਗਾਖਲ, ਬ੍ਰਿਜ ਮੋਹਨ ਗੁਪਤਾ, ਅਨਿਲ ਪ੍ਰਭੂ ਪਟੇਲ ਸ਼ਾਮਲ ਹਨ।

# ਅਪਰਾਧੀਆਂ ਨਾਲ ਏਸ਼ਿਆਈ ਸ਼ਬਦ ਜੋੜਨ ਦਾ ਵਿਰੋਧ

ਲੰਡਨ: ਬਰਤਾਨੀਆ ਵਿਚ ਵਸਦੇ ਸਿੱਖਾਂ ਤੇ ਹਿੰਦੂਆਂ ਨੇ ਦੇਸ਼ ਵਿਚ ਉਨ੍ਹਾਂ ਦੇ ਭਾਈਚਾਰੇ ਦੇ ਨੌਜਵਾਨਾਂ ਦੇ ਗਰੋਹਾਂ ਵੱਲੋਂ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਸਬੰਧੀ ਉਨ੍ਹਾਂ ਬਾਰੇ ਏਸ਼ਿਆਈ ਸ਼ਬਦ ਵਰਤਣ 'ਤੇ ਇਤਰਾਜ਼ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਇਸ ਖ਼ਿਲਾਫ਼ ਆਨਲਾਈਨ ਪਟੀਸ਼ਨ ਪਾ ਕੇ ਸਿਆਸਤਦਾਨਾਂ ਤੇ ਮੀਡੀਆ ਨੂੰ ਕਿਹਾ ਹੈ ਕਿ ਉਹ ਏਸ਼ਿਆਈ ਸ਼ਬਦ ਵਰਤਣ ਤੋਂ ਗੁਰੇਜ਼ ਕਰਨ। ਬਰਤਾਨੀਆ ਵਿਚਲੀਆਂ ਜਥੇਬੰਦੀਆਂ 'ਦਿ ਹਿੰਦੂ ਕੌਂਸਲ ਯੂ.ਕੇ., ਦਿ ਨੈੱਟਵਰਕ ਆਫ ਸਿੱਖ ਆਰਗੇਨਾਈਜੇਸ਼ਨਸ, ਦਿ ਸਿੱਖ ਮੀਡੀਆ ਮੋਨੀਟਰਿੰਗ ਗਰੁੱਪ ਤੇ ਦਿ ਸਿੱਖ ਅਵੇਅਰਨੈੱਸ ਸੁਸਾਇਟੀ ਨੇ ਰਲ ਕੇ ਇਹ ਪਟੀਸ਼ਨ ਪਾਈ ਹੈ। ਜਥੇਬੰਦੀਆਂ ਨੇ ਕਿਹਾ ਹੈ ਕਿ ਅਪਰਾਧ ਕਰਨ ਵਾਲਾ ਕਿਸੇ ਨਸਲ ਜਾਂ ਕੌਮ ਦਾ ਨਹੀਂ ਹੁੰਦਾ। ਉਹ ਸਿਰਫ ਅਪਰਾਧੀ ਹੈ।

# ਭਾਰਤੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ ਇਹ ਆਸਟਰੇਲੀਅਨ ਗਰੋਹ

**ਮੈਲਬਰਨ:** ਭਾਰਤੀ ਨੌਜਵਾਨ ਮਨਰਾਜਵਿੰਦਰ ਸਿੰਘ 'ਤੇ ਆਸਟਰੇਲੀਆ ਵਿਚ ਹਮਲਾ ਕਰਨ ਵਾਲਾ ਗਰੋਹ ਪਹਿਲਾਂ ਵੀ ਕਈ ਭਾਰਤੀਆਂ ਨੂੰ ਨਿਸ਼ਾਨਾ ਬਣਾ ਚੁੱਕਾ ਹੈ। ਅਦਾਲਤ ਵਿਚ ਸੁਣਵਾਈ ਦੌਰਾਨ ਇਹ ਪਤਾ ਲੱਗਾ ਕਿ ਪੁਲਿਸ ਵੱਲੋਂ ਕਾਬੂ ਕੀਤੇ ਤਿੰਨ ਮੁੰਡੇ ਉਸ ਗਰੋਹ ਵਿਚ ਸ਼ਾਮਲ ਸੀ ਜੋ ਭਾਰਤੀਆਂ ਨੂੰ ਲੁੱਟਦੇ ਹਨ। ਅਦਾਲਤ ਨੇ ਇਨ੍ਹਾਂ ਨੌਜਵਾਨਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

20 ਵਰ੍ਹਿਆਂ ਦਾ ਮਨਰਾਜਵਿੰਦਰ ਸਿੰਘ ਆਸਟਰੇਲੀਆ ਵਿਚ ਅਕਾਊਂਟਸ ਦੀ ਪੜ੍ਹਾਈ ਕਰ ਰਿਹਾ ਸੀ ਤੇ ਉਹ ਜਦੋਂ ਆਪਣੇ ਦੋਸਤਾਂ ਨਾਲ ਪ੍ਰਿੰਸਿਜ਼ ਬ੍ਰਿਜ ਨੇੜੇ ਰੇਲ ਦਾ ਇੰਤਜ਼ਾਰ ਕਰ ਰਿਹਾ ਸੀ ਤਾਂ ਕੁਝ ਅਫ਼ਰੀਕੀ ਦਿਖਣ ਵਾਲੇ ਹਮਲਾਵਰਾਂ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ। ਹਮਲੇ ਤੋਂ ਬਾਅਦ ਮਨਰਾਜਵਿੰਦਰ ਸਿੰਘ ਬੇਸੁਰਤ ਹੋ ਗਿਆ ਤੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਅਦਾਲਤ ਨੂੰ ਜਦੋਂ ਪਤਾ ਲੱਗਿਆ ਕਿ ਉਨ੍ਹਾਂ ਨੇ ਨਵੰਬਰ ਵਿਚ ਵੀ ਇਕ ਹੋਰ ਭਾਰਤੀ ਨੂੰ ਹਮਲਾ ਕਰਕੇ ਲੁੱਟਿਆ ਸੀ ਤੇ ਉਹ ਜ਼ਮਾਨਤ 'ਤੇ ਹੈ ਤਾਂ ਅਦਾਲਤ ਨੇ ਉਨ੍ਹਾਂ ਨੂੰ ਰਿਮਾਂਡ 'ਤੇ ਭੇਜ ਦਿੱਤਾ।

ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਇਹ ਮੁੰਡੇ ਉਸ ਗਰੋਹ ਦੇ ਮੈਂਬਰ ਸਨ ਜਿਨ੍ਹਾਂ 'ਆਪਣੇ ਦੁਸ਼ਮਣਾਂ ਨੂੰ ਮਾਰੋ' ਨਾਂ ਦੀ ਜਥੇਬੰਦੀ ਬਣਾਈ ਹੋਈ ਸੀ ਤੇ ਉਹ ਭਾਰਤੀਆਂ ਨੂੰ ਨਿਸ਼ਾਨਾ ਬਣਾ ਕੇ ਦਹਿਸ਼ਤ ਫੈਲਾਉਂਦੇ ਸਨ। ਪੁਲਿਸ ਦੇ ਬੁਲਾਰੇ ਮੁਤਾਬਕ ਵਿਸ਼ੇਸ਼ ਜਾਂਚ ਟੀਮ ਮਾਮਲਾ ਦੇਖ ਰਹੀ ਹੈ ਤੇ ਸੀ. ਸੀ.ਟੀ.ਵੀ. ਕੈਮਰੇ ਵਿਚ ਆਏ ਅਫਰੀਕੀ ਪੰਜ ਹੋਰ ਹਮਲਾਵਰਾਂ ਜਿਨ੍ਹਾਂ ਵਿਚ ਇਕ ਲੜਕੀ ਵੀ ਸ਼ਾਮਲ ਹੈ, ਦੀ ਭਾਲ ਜਾਰੀ ਹੈ।

# ਕੈਨੇਡਾ ਦੇ ਖੇਡ ਮੰਤਰੀ ਵੱਲੋਂ ਬਾਦਲ ਨਾਲ ਮੁਲਾਕਾਤ

**ਚੰਡੀਗੜ੍ਹ:** ਕੈਨੇਡਾ ਦੇ ਖੇਡ ਰਾਜ ਮੰਤਰੀ ਬਲ ਗੋਸਲ ਨੇ ਇਥੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਦੌਰਾਨ ਪੰਜਾਬ ਤੇ ਕੈਨੇਡਾ ਵਿਚਕਾਰ ਖੇਡ, ਵਪਾਰ, ਸਿੱਖਿਆ, ਸਭਿਆਚਾਰ, ਸੈਰ-ਸਪਾਟਾ ਤੇ ਵਣਜ ਬਾਰੇ ਸਮਝੌਤਿਆਂ ਨੂੰ ਹੋਰ ਮਜ਼ਬੂਤ ਕਰਨ ਲਈ ਸੰਭਾਵਨਾਵਾਂ 'ਤੇ ਵਿਚਾਰ-ਵਟਾਂਦਰਾ ਕੀਤਾ।

ਕੈਨੇਡਾ ਦੇ ਵਿਕਾਸ ਵਿਚ ਪੰਜਾਬੀਆਂ ਵੱਲੋਂ ਨਿਭਾਈ ਭੂਮਿਕਾ ਬਾਰੇ ਮੁੱਖ ਮੰਤਰੀ ਤੇ ਪ੍ਰਵਾਸੀ ਮਾਮਲਿਆਂ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਚਰਚਾ ਕਰਦਿਆਂ ਸ੍ਰੀ ਗੋਸਲ ਨੇ ਕਿਹਾ ਕਿ ਪੰਜਾਬੀਆਂ ਵੱਲੋਂ ਉੱਤਰੀ ਅਮਰੀਕਾ ਦੇ ਵਿਕਾਸ ਵਿਚ ਮਿਸਾਲੀ ਯੋਗਦਾਨ ਪਾਇਆ ਗਿਆ ਹੈ ਤੇ ਪਰਵਾਸੀ ਰਾਜ ਵਿਚ ਚੱਲ ਰਹੇ ਵਿਕਾਸ ਕਾਰਜਾਂ ਵਿਚ ਵੀ ਵੱਡਾ ਯੋਗਦਾਨ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਉਦਯੋਗ, ਖੇਤੀ, ਸਿੱਖਿਆ, ਮੈਡੀਕਲ ਤੇ ਸੈਰ-ਸਪਾਟਾ ਸੈਕਟਰਾਂ ਵਿਚ ਕੈਨੇਡੀਅਨ ਮਾਡਲ ਨੂੰ ਦੁਹਰਾ ਸਕਦੇ ਹਨ। ਸ੍ਰੀ ਗੋਸਲ ਨੇ ਮੁੱਖ ਮੰਤਰੀ ਨੂੰ ਕੈਨੇਡੀਅਨ ਸਰਕਾਰ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿਵਾਇਆ।

# ਆਰਥਿਕ ਤੰਗੀਆਂ 'ਚ ਨੇ ਲਖਵਿੰਦਰ ਤੇ ਗੁਰਮੀਤ ਸਿੰਘ ਦੇ ਟੱਬਰ

**ਪਟਿਆਲਾ:** ਪਿਛਲੇ 18 ਸਾਲਾਂ ਤੋਂ ਬੇਅੰਤ ਸਿੰਘ ਕਤਲ ਕੇਸ ਵਿਚ ਬੁੜੈਲ ਜੇਲ੍ਹ ਵਿਚ ਬੰਦ ਪਟਿਆਲਾ ਵਾਸੀ ਲਖਵਿੰਦਰ ਸਿੰਘ ਲੱਖਾ ਤੇ ਗੁਰਮੀਤ ਸਿੰਘ ਦਾ ਪਰਿਵਾਰ ਇਨ੍ਹੀਂ ਦਿਨੀਂ ਕਾਫੀ ਮਾੜੇ ਹਾਲਾਤ ਵਿਚੋਂ ਲੰਘ ਰਿਹਾ ਹੈ। ਇਨ੍ਹਾਂ ਵਿਚੋਂ ਲਖਵਿੰਦਰ ਸਿੰਘ ਦੇ ਤਾਂ ਘਰ ਨੂੰ ਤਾਲਾ ਹੀ ਲੱਗਾ ਹੋਇਆ ਹੈ। ਇਹ ਦੋਵੇਂ ਪਿਛਲੇ ਦਿਨੀਂ ਪੈਰੋਲ 'ਤੇ ਰਿਹਾਅ ਹੋਏ ਹਨ।

ਗੁਰੂ ਨਾਨਕ ਨਗਰ ਪਟਿਆਲਾ ਦਾ ਲਖਵਿੰਦਰ ਸਿੰਘ ਲੱਖਾ (41) ਇਸ ਘਟਨਾ ਮੌਕੇ ਪੰਜਾਬ ਪੁਲਿਸ ਦਾ ਮੁਲਾਜ਼ਮ ਸੀ। ਉਸ 'ਤੇ ਕਤਲ ਕਾਂਡ ਲਈ ਵਰਤੀ ਗਈ ਅੰਬੈਸੇਡਰ ਕਾਰ ਨੂੰ ਪੇਂਟ ਕਰਵਾ ਕੇ ਦੇਣ ਦੇ ਦੋਸ਼ ਸਨ। ਜੇਲ੍ਹ ਵਿਚ ਹੁੰਦਿਆਂ ਹੀ ਲੱਖੇ ਦੀ ਮਾਤਾ ਦਾ ਦੇਹਾਂਤ ਹੋ ਗਿਆ ਸੀ। ਪੁਲਿਸ ਵਿਚ ਹੀ ਨੌਕਰੀ ਕਰਦੇ ਰਹੇ ਉਸ ਦੇ ਪਿਤਾ ਦਰਸ਼ਨ ਸਿੰਘ ਵੀ ਬਰਖਾਸਤ ਹੋ ਗਏ ਸਨ ਜੋ ਕਿਸੇ ਹੋਰ ਥਾਂ ਰਹਿ ਰਹੇ ਹਨ। ਵੱਡੀ ਭੈਣ ਦਾ ਵਿਆਹ ਤਾਂ ਪਹਿਲਾਂ ਹੀ ਹੋ ਗਿਆ ਸੀ ਪਰ ਛੋਟੀ ਭੈਣ ਦਾ ਵਿਆਹ ਇਸੇ ਸਾਲ 25 ਫਰਵਰੀ ਨੂੰ ਹੋਇਆ ਹੈ ਜਿਸ ਦੌਰਾਨ ਲੱਖਾ ਨੂੰ ਵੀ ਭਾਰੀ ਸੁਰੱਖਿਆ ਪ੍ਰਬੰਧਾਂ ਹੇਠਾਂ ਇਥੇ ਲਿਆਂਦਾ ਗਿਆ




ਸੀ। ਲੱਖੇ ਦੇ ਛੋਟੇ ਭਰਾ ਭਗਵੰਤ ਸਿੰਘ ਜਿਸ ਨੇ ਵਿਆਹ ਨਹੀਂ ਕਰਵਾਇਆ, ਵੀ ਕੁਝ ਸਮੇਂ ਤੋਂ ਘਰ ਨਹੀਂ ਰਹਿੰਦਾ। ਇਸ ਕਰਕੇ ਉਨ੍ਹਾਂ ਦੇ ਘਰ ਨੂੰ ਤਾਲਾ ਲੱਗਾ ਹੋਇਆ ਹੈ। ਇਸੇ ਦੌਰਾਨ ਕੁਝ ਸਮਾਂ ਪਹਿਲਾਂ ਉਨ੍ਹਾਂ ਵੱਲੋਂ ਜਦੋਂ ਇਹ ਘਰ ਕਿਸੇ ਨੂੰ ਕਿਰਾਏ 'ਤੇ ਦੇ ਦਿੱਤਾ ਗਿਆ ਸੀ ਤਾਂ ਘਰ 'ਤੇ ਕਬਜ਼ੇ ਨੂੰ ਲੈ ਕੇ ਵੀ ਵਿਵਾਦ ਚੱਲਿਆ ਸੀ ਜਿਸ ਦੌਰਾਨ ਹੀ ਘਰ ਵਿਚ ਅੱਗ ਲੱਗਣ ਦਾ ਮਾਮਲਾ ਵੀ ਸਾਹਮਣੇ ਆਇਆ ਸੀ। ਲੱਖਾ ਖੁਦ ਸ਼ਾਦੀਸ਼ੁਦਾ ਨਹੀਂ ਹੈ।

ਇਸੇ ਇਲਾਕੇ ਦਾ ਵਸਨੀਕ ਗੁਰਮੀਤ ਸਿੰਘ (42) ਮੁਹਾਲੀ ਦੀ ਇਕ ਫੈਕਟਰੀ ਵਿਚ ਨੌਕਰੀ ਕਰਦਾ ਰਿਹਾ ਹੈ ਜਿਸ ਦਾ ਵਿਆਹ ਨਹੀਂ ਹੋਇਆ। ਇੰਜਨੀਅਰਿੰਗ ਕੀਤੀ ਹੋਣ ਕਰਕੇ ਇਸ ਕਾਂਡ ਦੌਰਾਨ ਮਨੁੱਖੀ ਬੰਬ ਵਜੋਂ ਦਿਲਾਵਰ ਸਿੰਘ ਵੱਲੋਂ ਬਾਰੂਦ ਸਮੇਤ ਲੱਕ 'ਤੇ ਬੰਨ੍ਹੀ ਗਈ ਬੈਲਟ ਉਸ ਵੱਲੋਂ ਤਿਆਰ ਕੀਤੀ ਦੱਸੀ ਜਾਂਦੀ ਰਹੀ ਹੈ। ਉਸ ਦੇ ਪਰਿਵਾਰ ਵਿਚ ਉਸ ਦੀ ਬਿਰਧ ਮਾਤਾ ਸੁਰਜੀਤ ਕੌਰ ਤੇ ਇਕ ਭੈਣ ਹੈ ਜੋ ਬੋਲ ਨਹੀਂ ਸਕਦੀ।

ਉਸ ਦੇ ਪਿਤਾ ਪੰਜਾਬੀ ਯੂਨੀਵਰਸਿਟੀ ਵਿਚ ਸੁਪਰਡੈਂਟ ਸਨ ਅਤੇ ਉਥੋਂ ਉਸ ਦੀ ਮਾਤਾ ਨੂੰ ਮਿਲਦੀ ਪੈਨਸ਼ਨ ਸਹਾਰੇ ਹੀ ਉਹ ਆਪਣਾ ਤੇ ਆਪਣੀ ਧੀ ਦਾ ਗੁਜ਼ਾਰਾ ਕਰਦੀ ਹੈ। ਇਸੇ ਦੌਰਾਨ ਇਨ੍ਹਾਂ ਦੇ ਨਾਲ ਹੀ ਬੰਦ ਸ਼ਮਸ਼ੇਰ ਸਿੰਘ ਪਟਿਆਲਾ ਜ਼ਿਲ੍ਹੇ ਦੇ ਰਾਜਪੁਰਾ ਨੇੜਲੇ ਪਿੰਡ ਉਕਸੀ ਜੱਟਾਂ ਦਾ ਵਸਨੀਕ ਹੈ। ਉਂਜ ਜ਼ਿਮੀਂਦਾਰ ਤਬਕੇ ਨਾਲ ਸਬੰਧਤ ਸ਼ਮਸ਼ੇਰ ਸਿੰਘ ਦੀ ਆਰਥਿਕ ਪੱਖੋਂ ਹਾਲਤ ਠੀਕ ਹੈ। ਉਸ ਦੇ ਦੋ ਬੇਟੀਆਂ ਤੇ ਇਕ ਬੇਟਾ ਹੈ।

# ਪੰਜਾਬ ਸਰਕਾਰ ਕਰੇਗੀ 208 ਕੈਦੀਆਂ ਦੀ ਸਜ਼ਾ ਬਾਰੇ ਨਜ਼ਰਸਾਨੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਉਨ੍ਹਾਂ ਸਾਰੇ ਸਿੱਖ ਕੈਦੀਆਂ ਦੇ ਕੇਸਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਗਈ ਹੈ ਜਿਨ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ ਜਾਂ ਹੋਣ ਵਾਲੀਆਂ ਹਨ। ਸਰਕਾਰ ਦੇ ਇਕ ਬੁਲਾਰੇ ਮੁਤਾਬਕ ਇਸ ਵੇਲੇ ਕੁੱਲ 208 ਕੈਦੀਆਂ ਦੇ ਕੇਸ ਸਰਕਾਰ ਦੇ ਵਿਚਾਰ ਅਧੀਨ ਹਨ ਜਿਨ੍ਹਾਂ 119 ਸਿੱਖ ਕੈਦੀਆਂ ਦੀ ਸੂਚੀ ਜਾਰੀ ਕੀਤੀ ਗਈ ਸੀ, ਤਫਤੀਸ਼ ਕਰਨ 'ਤੇ ਪਾਇਆ ਗਿਆ ਹੈ ਕਿ ਉਨ੍ਹਾਂ ਵਿਚੋਂ 66 ਵਿਰੁੱਧ ਅਜੇ ਵੀ ਕੇਸ ਚੱਲ ਰਹੇ ਹਨ ਜਦੋਂਕਿ ਸੱਤ ਪੰਜਾਬ ਤੋਂ ਬਾਹਰ ਹਨ ਤੇ ਸੱਤ ਹੋਰ ਅਜਿਹੇ ਨਜ਼ਰਬੰਦ ਹਨ ਜਿਨ੍ਹਾਂ ਨੂੰ ਮਗਰਲੇ ਦੋ-ਤਿੰਨ ਸਾਲ ਦੌਰਾਨ ਸਜ਼ਾਵਾਂ ਹੋਈਆਂ ਤੇ ਉਹ ਰਿਹਾਈ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ। ਉਕਤ 119 ਨਜ਼ਬੰਦਾਂ ਵਿਚੋਂ ਸਿਰਫ ਦੋ-ਤਿੰਨ ਅਜਿਹੇ ਨਜ਼ਰਬੰਦ ਪਾਏ ਗਏ ਹਨ ਜਿਨ੍ਹਾਂ ਦੀ ਰਿਹਾਈ ਬਾਰੇ ਸੂਬਾ ਸਰਕਾਰ ਫੌਰੀ ਸਿਫਾਰਸ਼ ਕਰ ਸਕਦੀ ਹੈ।

ਹਾਸਲ ਜਾਣਕਾਰੀ ਮੁਤਾਬਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੀਲੀਭੀਤ ਜੇਲ੍ਹ ਵਿਚ ਨਜ਼ਰਬੰਦ ਵਰਿਆਮ ਸਿੰਘ ਪੁੱਤਰ ਆਤਮਾ ਸਿੰਘ ਜ਼ਿਲ੍ਹਾ ਸ਼ਾਹਜਹਾਂਪੁਰ ਜੋ 16 ਜੁਲਾਈ 1990 ਤੋਂ ਜੇਲ੍ਹ ਵਿਚ ਹੈ ਤੇ ਕੋਈ 23 ਸਾਲ ਦੀ ਨਜ਼ਰਬੰਦੀ ਪੂਰੀ ਕਰ ਚੁੱਕਾ ਹੈ, ਦਾ ਮਾਮਲਾ ਯੂ.ਪੀ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨਾਲ ਵਿਚਾਰਿਆ ਗਿਆ ਹੈ। ਯੂ.ਪੀ ਸਰਕਾਰ ਵੱਲੋਂ ਵਰਿਆਮ ਸਿੰਘ ਦੀ ਰਿਹਾਈ ਲਈ ਕੇਸ ਆਪਣੀ ਸਿਫਾਰਿਸ਼ ਨਾਲ ਰਾਜਪਾਲ ਨੂੰ ਭੇਜ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਅਕਾਲਗੜ੍ਹ ਦੇ ਲਾਲ ਸਿੰਘ ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ, ਨੂੰ 42 ਦਿਨ ਲਈ ਪੈਰੋਲ 'ਤੇ ਛੱਡ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਸ. ਲਾਲ ਸਿੰਘ ਦੋ ਸਾਲ ਪੰਜ ਮਹੀਨੇ ਤੇ 15 ਦਿਨ ਦੀ ਪੈਰੋਲ ਪਹਿਲਾਂ ਵੀ ਲੈ ਚੁੱਕੇ ਹਨ। ਇਸੇ ਤਰ੍ਹਾਂ ਕਰਨਾਟਕਾ ਦੀ ਗੁੱਲਬਰਗਾ ਜੇਲ੍ਹ ਵਿਚ ਅਕਤੂਬਰ 1990 ਤੋਂ ਉਮਰ ਕੈਦ ਦੀ ਸਜ਼ਾ ਕੱਟ ਰਹੇ ਗੁਰਦੀਪ ਸਿੰਘ ਖੇੜਾ ਪੁੱਤਰ ਬੰਤਾ ਸਿੰਘ ਪਹਿਲਵਾਨ ਪਿੰਡ ਜੱਲੂਪੁਰ ਖੇੜਾ ਬਾਰੇ ਸੂਬਾ ਸਰਕਾਰ ਨੂੰ ਪੈਰੋਲ ਦੀ ਕੋਈ ਅਰਜ਼ੀ ਪ੍ਰਾਪਤ ਹੀ ਨਹੀਂ ਹੋਈ ਜੋ ਸੂਬਾ ਸਰਕਾਰ ਦੀ ਰਿਪੋਰਟ ਲਈ ਪੰਜਾਬ ਨੂੰ ਭੇਜੀ ਜਾਣੀ ਜ਼ਰੂਰੀ ਸੀ।

ਕਰਨਾਟਕਾ ਜੇਲ੍ਹ ਵਿਚ ਨਜ਼ਰਬੰਦ ਹੋਣ ਕਾਰਨ ਉਸ ਦੀ ਰਿਹਾਇਸ਼ ਬਾਰੇ ਫੈਸਲਾ ਵੀ ਉਥੋਂ ਦੀ ਸਰਕਾਰ ਨੇ ਹੀ ਕਰਨਾ ਹੈ, ਹਾਲਾਂਕਿ ਉਸ ਨੂੰ ਨਜ਼ਰਬੰਦ ਕੀਤਿਆਂ 23 ਸਾਲ ਹੋ ਗਏ ਹਨ। ਭਾਈ ਗੁਰਬਖ਼ਸ਼ ਸਿੰਘ ਵੱਲੋਂ ਜਿਨ੍ਹਾਂ ਛੇ ਸਿੰਘਾਂ ਦੀ ਰਿਹਾਈ ਲਈ ਨਾਂਅ ਸਰਕਾਰ ਨੂੰ ਦਿੱਤੇ ਗਏ ਹਨ, ਉਨ੍ਹਾਂ ਵਿਚੋਂ ਤਿੰਨ ਹੋਰ ਲਖਵਿੰਦਰ ਸਿੰਘ, ਗੁਰਮੀਤ ਸਿੰਘ ਤੇ ਸ਼ਮਸ਼ੇਰ ਸਿੰਘ ਇਸ ਵੇਲੇ ਚੰਡੀਗੜ੍ਹ ਕੇਂਦਰੀ ਪ੍ਰਦੇਸ਼ ਦੀ ਬੁੜੈਲ ਜੇਲ੍ਹ ਵਿਚ ਨਜ਼ਰਬੰਦ ਹਨ ਤੇ ਉਨ੍ਹਾਂ ਦਾ ਕੇਸ ਵੀ ਸੀ.ਬੀ.ਆਈ ਵਲੋਂ ਜਾਂਚ ਅਧੀਨ ਹੈ।

ਹਾਸਲ ਜਾਣਕਾਰੀ ਮੁਤਾਬਕ ਉਨ੍ਹਾਂ ਵੱਲੋਂ ਸਜ਼ਾ ਪੂਰੀ ਹੋਣ ਕਾਰਨ ਜੇਲ੍ਹ ਤੋਂ ਰਿਹਾਈ ਬਾਰੇ ਚਾਲੂ ਸਾਲ ਵਿਚ ਕੀਤੀ ਗਈ ਪਟੀਸ਼ਨ ਕੇਂਦਰ ਸਰਕਾਰ ਵੱਲੋਂ ਰੱਦ ਕਰ ਦਿੱਤੀ ਗਈ ਸੀ ਤੇ ਇਨ੍ਹਾਂ ਤਿੰਨਾਂ ਨਜ਼ਰਬੰਦਾਂ ਦੇ ਵਕੀਲ ਵੱਲੋਂ ਦੁਬਾਰਾ ਪੈਰੋਲ 'ਤੇ ਰਿਹਾਈ ਲਈ ਅਰਜ਼ੀ ਦਾਇਰ ਕੀਤੀ ਗਈ ਹੈ, ਜਿਸ ਵਿਚ ਉਨ੍ਹਾਂ ਦੇ ਪਟਿਆਲਾ ਜ਼ਿਲ੍ਹੇ ਦੇ ਰਿਹਾਇਸ਼ੀ ਪਤੇ ਹੋਣ ਕਾਰਨ ਰਿਪੋਰਟ ਪਟਿਆਲਾ ਪੁਲਿਸ ਤੋਂ ਲਈ ਜਾਵੇਗੀ ਪਰ ਉਨ੍ਹਾਂ ਨੂੰ ਪੈਰੋਲ 'ਤੇ ਛੱਡਣ ਦਾ ਅੰਤਿਮ ਫ਼ੈਸਲਾ ਚੰਡੀਗੜ੍ਹ ਪ੍ਰਸ਼ਾਸਨ ਤੇ ਕੇਂਦਰ ਸਰਕਾਰ ਦੇ ਹੱਥਾਂ ਵਿਚ ਹੈ।

ਸੂਬਾ ਬੁਲਾਰੇ ਨੇ ਇਹ ਵੀ ਦੱਸਿਆ ਕਿ ਇਨ੍ਹਾਂ ਵਿਚੋਂ 26 ਨਜ਼ਰਬੰਦ ਅਜਿਹੇ ਹਨ ਜਿਨ੍ਹਾਂ ਵਿਰੁੱਧ ਘਿਨੌਣੇ ਅਪਰਾਧ ਅਧੀਨ ਦੋਸ਼ ਹਨ, ਜਿਨ੍ਹਾਂ ਵਿਚ ਮੁਆਫ਼ੀ ਮਿਲ ਸਕਣੀ ਮੁਸ਼ਕਿਲ ਹੋਵੇਗੀ ਪਰ ਕਾਂਗਰਸ ਦੇ ਸਾਰੇ ਮੁੱਖ ਲੀਡਰਾਂ ਵੱਲੋਂ ਸਜ਼ਾ ਪੂਰੀ ਕਰਨ ਵਾਲੇ ਨਜ਼ਰਬੰਦਾਂ ਨੂੰ ਰਿਹਾਅ ਕਰਨ ਤੇ ਭਾਜਪਾ ਦੀ ਲੀਡਰਸ਼ਿਪ ਵੱਲੋਂ ਵੀ ਮੁੱਖ ਮੰਤਰੀ ਨੂੰ ਕਾਨੂੰਨ ਅਨੁਸਾਰ ਰਿਹਾਅ ਹੋਣ ਵਾਲੇ ਨਜ਼ਰਬੰਦਾਂ ਨੂੰ ਰਿਹਾਅ ਕਰਨ ਬਾਰੇ ਪ੍ਰਗਟਾਈ ਰਜ਼ਾਮੰਦੀ ਤੋਂ ਇਹ ਜ਼ਰੂਰ ਸਪੱਸ਼ਟ ਹੋ ਗਿਆ ਹੈ ਕਿ ਪੰਜਾਬ ਸਰਕਾਰ ਨੂੰ ਇਸ ਮੁੱਦੇ 'ਤੇ ਕਿਸੇ ਸਿਆਸੀ ਵਿਰੋਧ ਦਾ ਸਾਹਮਣਾ ਹੋਣ ਦੀ ਸੰਭਾਵਨਾ ਨਹੀਂ।

## ਪਰਵਾਸੀਆਂ ਲਈ ਫਾਸਟ ਟਰੈਕ ਅਦਾਲਤਾਂ ਨਾ ਬਣੀਆਂ

**ਜਲੰਧਰ:** ਪਰਵਾਸੀ ਭਾਰਤੀਆਂ ਲਈ ਫਾਸਟ ਟਰੈਕ ਅਦਾਲਤਾਂ ਬਣਾਉਣ ਦਾ ਪੰਜਾਬ ਸਰਕਾਰ ਦਾ ਵਾਅਦਾ ਇਕ ਸਾਲ ਬਾਅਦ ਵੀ ਹਵਾ 'ਚ ਲਟਕ ਰਿਹਾ ਹੈ। ਸਰਕਾਰ ਨੇ ਪਿਛਲੇ ਸਾਲ ਅਗਸਤ ਵਿਚ ਮੋਗਾ, ਲੁਧਿਆਣਾ ਅਤੇ ਮੁਹਾਲੀ ਵਿਖੇ ਫਾਸਟ ਟਰੈਕ ਅਦਾਲਤਾਂ ਬਣਾਉਣ ਦਾ ਐਲਾਨ ਕੀਤਾ ਸੀ ਪਰ ਅਜੇ ਤਕ ਜਲੰਧਰ 'ਚ ਹੀ ਅਜਿਹੀ ਕੋਰਟ ਬਣ ਸਕੀ ਹੈ। ਇਸ ਅਦਾਲਤ ਦਾ ਮੁਖੀ ਜੂਨੀਅਰ ਡਿਵੀਜ਼ਨਲ ਮੈਜਿਸਟਰੇਟ ਲਾਇਆ ਜਾਂਦਾ ਹੈ ਅਤੇ ਇਸ ਨੂੰ ਖਾਸ ਕਿਸਮ ਦੇ ਦੀਵਾਨੀ ਕੇਸਾਂ ਦੀ ਸੁਣਵਾਈ ਦਾ ਅਧਿਕਾਰ ਹੁੰਦਾ ਹੈ। ਇਹ ਅਦਾਲਤ ਭਾਵੇਂ ਖਾਸ ਤੌਰ 'ਤੇ ਪਰਵਾਸੀ ਭਾਰਤੀਆਂ ਦੇ ਕੇਸ ਨਜਿੱਠਣ ਲਈ ਬਣਾਈ ਸੀ ਪਰ ਇਸ ਕੋਲ ਦੋ ਪੁਲਿਸ ਸਟੇਸ਼ਨਾਂ ਅਤੇ ਮਹਿਲਾ ਸੈਲ ਨਾਲ ਸਬੰਧਤ ਕਰੀਬ ਸੌ ਕੇਸ ਆਏ ਹਨ।

ਹੁਣ ਬਕਾਇਆ ਕੇਸਾਂ ਵੱਲ ਧਿਆਨ ਮਾਰਦਿਆਂ ਹੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜਲੰਧਰ ਜ਼ਿਲ੍ਹੇ ਵਿਚ ਐਨ.ਆਰ.ਆਈ. ਅਪੀਲ ਅਦਾਲਤ ਬਣਾਉਣ ਨੂੰ ਹਰੀ ਝੰਡੀ ਦਿੱਤੀ ਹੈ। ਜਲੰਧਰ ਵਿਚਲੀਆਂ ਦੋ ਫਾਸਟ ਟਰੈਕ ਅਦਾਲਤਾਂ ਨੂੰ ਮਿਲਾ ਕੇ ਇਕ ਐਨ.ਆਰ.ਆਈ. ਅਪੀਲ ਕੋਰਟ ਬਣਾਉਣ ਦੀ ਤਜਵੀਜ਼ ਪਹਿਲਾਂ ਹੀ ਹਾਈ ਕੋਰਟ ਨੂੰ ਭੇਜੀ ਗਈ ਹੈ। ਸੂਤਰਾਂ ਅਨੁਸਾਰ ਅਗਲੇ ਹਫਤੇ ਇਸ ਮਸਲੇ 'ਤੇ ਵਿਚਾਰ ਕੀਤਾ ਜਾਵੇਗਾ। ਵਿਸ਼ੇਸ਼ ਐਨ.ਆਰ.ਆਈ. ਕੋਰਟ ਬਣਾਉਣ ਵੇਲੇ ਅਦਾਲਤਾਂ 'ਚ ਪਹਿਲਾਂ ਤੋਂ ਹੀ 2500 ਕੇਸ ਚੱਲ ਰਹੇ ਸਨ।

## ਗੁਰਦੁਆਰਾ ਰੀਓਲਿੰਡਾ 'ਚ ਨਵੇਂ ਸਾਲ 'ਤੇ ਸਮਾਗਮ

**ਸੈਕਰਾਮੈਂਟੋ (ਬਿਊਰੋ):** ਸਥਾਨਕ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ, ਰੀਓਲਿੰਡਾ ਵਲੋਂ ਨਵੇਂ ਸਾਲ ਦੀ ਪੂਰਬ ਸੰਧਿਆਂ ਉਤੇ ਵਿਸ਼ੇਸ਼ ਸਮਾਗਮ ਕੀਤਾ ਗਿਆ ਅਤੇ ਨਵਾਂ ਸਾਲ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਬਾਣੀ ਨਾਲ ਜੁੜ ਕੇ ਮਨਾਇਆ ਗਿਆ। ਇਸ ਮੌਕੇ ਰਖਾਏ ਗਏ ਅਖੰਡ ਪਾਠ ਦੀ ਸੇਵਾ ਅਮਰ ਨਾਥ ਭਾਰਦਵਾਜ ਦੇ ਪਰਿਵਾਰ ਵਲੋਂ ਕੀਤੀ ਗਈ ਜਿਨ੍ਹਾਂ ਨੇ ਗੁਰੂ ਘਰ ਦੀ ਨਵੀਂ ਬਣ ਰਹੀ ਇਮਾਰਤ ਲਈ ਵੱਧ ਤੋਂ ਵੱਧ ਹਿੱਸਾ ਪਾਉਣ ਦਾ ਪ੍ਰਣ ਲਿਆ।

ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਭਾਈ ਜਸਪਾਲ ਸਿੰਘ ਅਤੇ ਭਾਈ ਨਿਰਮਲ ਸਿੰਘ ਨੇ ਸ਼ਬਦ ਕੀਰਤਨ ਕਰ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਮੰਗਜੀਤ ਮੰਗਾ, ਜੀਵਨ ਰੱਤੂ ਅਤੇ ਉਨ੍ਹਾਂ ਦੇ ਬੱਚਿਆਂ-ਖੁਸ਼ੀ ਰੱਤੂ ਤੇ ਏਕਮ ਰੱਤੂ ਨੇ ਧਾਰਮਿਕ ਕਵਿਤਾਵਾਂ ਰਾਹੀਂ ਹਾਜ਼ਰੀ ਲੁਆਈ।



ਗੁਰਦੁਆਰਾ ਰੀਓਲਿੰਡਾ ਵਿਚ ਨਵੇਂ ਸਾਲ ਦੇ ਸਮਾਗਮ 'ਚ ਕਵਿਤਾਵਾਂ ਪੜ੍ਹਦੇ ਹੋਏ ਬੱਚੇ

## ਸੁਖਬੀਰਪਾਲ ਸਿੰਘ ਦਾ ਦਿਹਾਂਤ

**ਸੈਨ ਹੋਜ਼ੇ (ਬਿਊਰੋ):** ਸ. ਸੁਖਬੀਰਪਾਲ ਸਿੰਘ ਦਾ ਲੰਘੀ 2 ਜਨਵਰੀ ਨੂੰ ਦਿਹਾਂਤ ਹੋ ਗਿਆ। ਉਹ ਆਪਣੇ ਪਿਛੇ ਪਤਨੀ ਕੁਲਦੀਪ ਕੌਰ ਪਾਹਵਾ ਅਤੇ ਦੋ ਧੀਆਂ-ਸੋਨੀਆ ਕੌਰ ਕੰਧਾਰੀ ਤੇ ਰੋਜ਼ੀ ਕੌਰ ਪਾਹਵਾ ਛੱਡ ਗਏ ਹਨ।

ਸ. ਸੁਖਬਰੀਪਾਲ ਸਿੰਘ ਦਾ ਅੰਤਿਮ ਸੰਸਕਾਰ ਆਉਂਦੀ 10 ਜਨਵਰੀ ਨੂੰ ਬਾਅਦ



ਦੁਪਹਿਰ ਇਕ ਤੋਂ ਤਿੰਨ ਵਜੇ ਤੱਕ ਚੈਪਲ ਆਫ ਚਾਈਮਜ਼ (32990 ਮਿਸ਼ਨ ਬੁਲੇਵਾਰਡ, ਹੇਵਰਡ, ਕੈਲੀਫੋਰਨੀਆ) ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਫਰੀਮਾਂਟ ਵਿਖੇ ਹੋਵੇਗੀ। ਵਿਛੜੀ ਰੂਹ ਨਮਿਤ ਸਹਿਜ ਪਾਠ ਦਾ ਭੋਗ 12 ਜਨਵਰੀ ਨੂੰ ਗੁਦੁਆਰਾ ਸੈਨ ਹੋਜ਼ੇ ਵਿਖੇ ਬਾਅਦ ਦੁਪਹਿਰ 3 ਤੋਂ 5 ਵਜੇ ਤੱਕ ਪਵੇਗਾ। ਪਰਿਵਾਰ ਨਾਲ ਸੰਪਰਕ ਅਮਰਜੀਤ ਸਿੰਘ ਫੋਨ 408-781-4086, ਪਰਮਜੀਤ ਸਿੰਘ ਫੋਨ 408-250-1951 ਤੇ ਪ੍ਰਭਜੋਤ ਕੰਧਾਰੀ ਫੋਨ 203-243-3309 ਰਾਹੀਂ ਕੀਤਾ ਜਾ ਸਕਦਾ ਹੈ।

Matrimonial
ਕੰਨਿਆਂ ਦੀ ਲੋੜ
Suitable girl wanted for Jatt Sikh US citizen BSc, 24, 5'-10". Girl from US with DDS/ MBBS/Eng./Nursing degree, 22 to 24, height 5'-5". No caste bar. Send photo & bio-data @ bsimerb@yahoo.com

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

ਪੰਜਾਬੀ ਰੇਡੀਓ ਯੂ.ਐਸ.ਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)
Cell: (510)-677-9942
Shop: (510)-505-9605
www.princebarbershop.com

# ਪੰਜਾਬ ਦੀ ਰਾਜਧਾਨੀ ਚੰਡੀਗੜ੍ਹ 'ਚ ਮਾਂ ਬੋਲੀ 'ਤੇ ਇਕ ਹੋਰ ਵਾਰ

## ਡਰਾਈਵਿੰਗ ਲਾਇਸੈਂਸ ਟੈਸਟ ਵਿਚੋਂ ਪੰਜਾਬੀ ਗਾਇਬ

**ਚੰਡੀਗੜ੍ਹ:** ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਨੁੱਕਰੇ ਲਾ ਕੇ ਤੇਲਗੂ, ਕੰਨੜ੍ਹ ਤੇ ਤਾਮਿਲ ਭਾਸ਼ਾਵਾਂ ਨੂੰ ਰਾਣੀ ਬਣਾ ਦਿੱਤਾ ਹੈ। ਜਿਥੇ ਪਹਿਲਾਂ ਹੀ ਯੂ.ਟੀ. ਪ੍ਰਸ਼ਾਸਨ ਦੀ ਸਰਕਾਰੀ ਭਾਸ਼ਾ ਪੰਜਾਬੀ ਦੀ ਥਾਂ ਅੰਗਰੇਜ਼ੀ ਸਥਾਪਤ ਕਰਕੇ ਪੰਜਾਬੀਆਂ ਦੀ ਮਾਂ ਬੋਲੀ ਨੂੰ ਇਥੇ ਬੇਚਾਰੀ ਬਣਾ ਦਿੱਤਾ ਹੈ, ਉਥੇ ਹੁਣ ਹੋਰ ਰਾਜਾਂ ਦੀਆਂ ਭਾਸ਼ਾਵਾਂ ਨੂੰ ਸਥਾਪਤ ਕਰਕੇ ਪੰਜਾਬੀ ਭਾਸ਼ਾ ਦਾ ਇਥੋਂ ਪੂਰੀ ਤਰ੍ਹਾਂ ਨਿਕਾਲਾ ਦਿੱਤਾ ਜਾ ਰਿਹਾ ਹੈ।

ਚੰਡੀਗੜ੍ਹ ਪ੍ਰਸ਼ਾਸਨ ਦੇ ਰਜਿਸਟਰਿੰਗ ਐਂਡ ਲਾਇਸੈਂਸਿੰਗ ਅਥਾਰਟੀ (ਆਰ.ਐਲ.ਏ.) ਦੀ ਕਾਰਜ ਪ੍ਰਣਾਲੀ ਵਿਚੋਂ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਵਿਸਾਰ ਕੇ ਤੇਲਗੂ, ਤਾਮਿਲ ਤੇ ਕੰਨੜ੍ਹ ਭਾਸ਼ਾਵਾਂ ਸਮੇਤ ਅੰਗਰੇਜ਼ੀ ਤੇ ਹਿੰਦੀ ਭਾਸ਼ਾ ਨੂੰ ਹੀ ਤਰਜੀਹ ਦਿੱਤੀ ਜਾ ਰਹੀ ਹੈ।

ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਲਰਨਿੰਗ ਡਰਾਈਵਿੰਗ ਲਾਇਸੈਂਸ ਬਣਾਉਣ ਤੋਂ ਪਹਿਲਾਂ ਬਿਨੈਕਾਰਾਂ ਕੋਲੋਂ ਕੰਪਿਊਟਰ ਰਾਹੀਂ ਟਰੈਫਿਕ ਨਿਯਮਾਂ ਬਾਰੇ ਟੈਸਟ ਲਿਆ ਜਾਂਦਾ ਹੈ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਇਹ ਡਰਾਈਵਿੰਗ ਟੈਸਟ ਪੰਜ ਭਾਸ਼ਾਵਾਂ ਵਿਚ ਲਿਆ ਜਾ ਰਿਹਾ ਹੈ। ਇਸ ਟੈਸਟ ਲਈ ਕੰਪਿਊਟਰ ਸਿਸਟਮ ਵਿਚ ਅੰਗਰੇਜ਼ੀ, ਹਿੰਦੀ, ਤਾਮਿਲ, ਕੰਨੜ੍ਹ ਤੇ ਤੇਲਗੂ ਭਾਸ਼ਾਵਾਂ ਨੂੰ ਹੀ ਸ਼ਾਮਲ ਕੀਤਾ ਗਿਆ ਹੈ।




ਚੰਡੀਗੜ੍ਹ ਦੇ ਪ੍ਰਸ਼ਾਸਨ ਵੱਲੋਂ ਕੰਪਿਊਟਰ ਸਿਸਟਮ ਵਿਚ ਡਰਾਈਵਿੰਗ ਟੈਸਟ ਪੰਜਾਬੀ ਭਾਸ਼ਾ ਵਿਚ ਦੇਣ ਦਾ ਮੌਕਾ ਹੀ ਨਹੀਂ ਦਿੱਤਾ ਗਿਆ। ਹੁਣ ਇਸ ਦਫਤਰ ਵਿਚ ਡਰਾਈਵਿੰਗ ਟੈਸਟ ਬਣਾਉਣ ਲਈ ਆਉਂਦੇ ਹਜ਼ਾਰਾਂ ਪੰਜਾਬੀ ਨੌਜਵਾਨਾਂ ਨੂੰ ਪੰਜਾਬੀ ਭਾਸ਼ਾ ਵਿਚ ਡਰਾਈਵਿੰਗ ਟੈਸਟ ਦੇਣ ਦਾ ਅਧਿਕਾਰ ਨਹੀਂ ਹੈ ਤੇ ਉਹ ਅੰਗਰੇਜ਼ੀ, ਹਿੰਦੀ, ਤਾਮਿਲ, ਕੰਨੜ੍ਹ ਤੇ ਤੇਲਗੂ ਭਾਸ਼ਾਵਾਂ ਵਿਚ ਹੀ ਇਹ ਟੈਸਟ ਦੇ ਸਕਦੇ ਹਨ। ਪਹਿਲਾਂ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਕੰਡਕਟਰ ਦਾ ਲਾਇਸੈਂਸ ਹਾਸਲ ਕਰਨ ਲਈ ਪੰਜਾਬੀ ਭਾਸ਼ਾ ਵਿਚ ਮੈਟ੍ਰਿਕ ਕਰਨ ਵਾਲੇ ਨੂੰ ਅਯੋਗ ਕਰਾਰ ਦਿੱਤਾ ਗਿਆ ਸੀ ਤੇ ਹਿੰਦੀ ਭਾਸ਼ਾ ਵਿਚ ਮੈਟ੍ਰਿਕ ਕਰਨ ਵਾਲੇ ਨੂੰ ਹੀ ਇਹ ਲਾਇਸੈਂਸ ਹਾਸਲ ਕਰਨ ਲਈ ਯੋਗ ਮੰਨਿਆ ਜਾਂਦਾ ਸੀ।

ਪਿਛਲੇ ਸਮੇਂ ਹੀ ਚੰਡੀਗੜ੍ਹ ਪ੍ਰਸ਼ਾਸਨ ਦੇ ਇਸ ਫੈਸਲੇ ਵਿਰੁੱਧ ਪੰਜਾਬੀ ਹਿਤੈਸ਼ੀਆਂ ਵੱਲੋਂ ਲੜੇ ਸੰਘਰਸ਼ ਤੋਂ ਬਾਅਦ ਪ੍ਰਸ਼ਾਸਨ ਨੂੰ ਹਿੰਦੀ ਭਾਸ਼ਾ ਵਾਲੀ ਮਦ ਦੇ ਨਾਲ ਪੰਜਾਬੀ ਵਿਸ਼ੇ ਵਿਚ ਮੈਟ੍ਰਿਕ ਕਰਨ ਵਾਲੇ ਨੂੰ ਵੀ ਕੰਡਕਟਰ ਦਾ ਲਾਇਸੈਂਸ ਬਣਾਉਣ ਦੇ ਯੋਗ ਮੰਨਣ ਦੀ ਨਿਯਮਾਂ ਵਿਚ ਸੋਧ ਕੀਤੀ ਗਈ ਸੀ। ਚੰਡੀਗੜ੍ਹ ਦੇ ਪ੍ਰਸ਼ਾਸਕ ਸ਼ਿਵਰਾਜ ਪਾਟਿਲ ਨੇ ਪਿਛਲੇ ਸਮੇਂ ਦਾਅਵਾ ਕੀਤਾ ਸੀ ਕਿ ਯੂ.ਟੀ. ਪ੍ਰਸ਼ਾਸਨ ਵਿਚ ਤਿੰਨ ਭਾਸ਼ਾਈ (ਅੰਗਰੇਜ਼ੀ, ਹਿੰਦੀ ਤੇ ਪੰਜਾਬੀ) ਫਾਰਮੂਲਾ ਲਾਗੂ ਕੀਤਾ ਗਿਆ ਹੈ ਪਰ ਸਥਿਤੀ ਇਸ ਦੇ ਪੂਰੀ ਤਰ੍ਹਾਂ ਉਲਟ ਹੈ।

ਚੰਡੀਗੜ੍ਹ ਪ੍ਰਸ਼ਾਸਨ ਵਿਚ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਨੁੱਕਰੇ ਲਾ ਕੇ ਜਿਥੇ ਹੋਰ ਰਾਜਾਂ ਦੀਆਂ ਭਾਸ਼ਾਵਾਂ ਨੂੰ ਸਥਾਪਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਉਥੇ ਰੀਆਰਗੇਨਾਈਜੇਸ਼ਨ ਐਕਟ-1966 ਤਹਿਤ ਚੰਡੀਗੜ੍ਹ ਵਿਚ ਪੰਜਾਬ ਤੇ ਹਰਿਆਣਾ ਦੇ ਮੁਲਾਜ਼ਮਾਂ/ਅਧਿਕਾਰੀਆਂ ਦੇ 60 ਫੀਸਦ ਤੇ 40 ਫੀਸਦ ਡੈਪੂਟੇਸ਼ਨ ਕੋਟੇ ਨੂੰ ਵੀ ਇਸੇ ਢੰਗ ਨਾਲ ਖੋਰਾ ਲਾਇਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਯੂ.ਟੀ. ਪ੍ਰਸ਼ਾਸਨ ਵੱਲੋਂ ਆਪਣੇ ਪੱਧਰ 'ਤੇ ਸਮੇਂ-ਸਮੇਂ ਬਦਲੇ ਨਿਯਮਾਂ ਤਹਿਤ ਹੁਣ ਡੈਪੂਟੇਸ਼ਨ ਕੋਟੇ ਨੂੰ ਵੀ ਭਾਰੀ ਖੋਰਾ ਲੱਗ ਚੁੱਕਾ ਹੈ ਕਿਉਂਕਿ ਨਿਯਮਾਂ ਵਿਚ ਪੰਜਾਬ ਤੇ ਹਿਮਾਚਲ ਦੀ ਥਾਂ ਹੋਰ ਰਾਜਾਂ ਦਾ ਸ਼ਬਦ ਜੋੜ ਕੇ ਦੇਸ਼ ਦੇ ਸਾਰੇ ਰਾਜਾਂ ਦੇ ਮੁਲਾਜ਼ਮਾਂ ਨੂੰ ਯੂ.ਟੀ. ਵਿਚ ਡੈਪੂਟੇਸ਼ਨ 'ਤੇ ਆਉਣ ਦਾ ਰਾਹ ਖੋਲ੍ਹ ਦਿੱਤਾ ਹੈ।

ਇਹੋ ਕਾਰਨ ਹੈ ਕਿ ਯੂ.ਟੀ. ਪ੍ਰਸ਼ਾਸਨ ਵਿਚ ਕਈ ਰਾਜਾਂ ਦੇ ਮੁਲਾਜ਼ਮ ਡੈਪੂਟੇਸ਼ਨ 'ਤੇ ਆ ਚੁੱਕੇ ਹਨ। ਭਾਵੇਂ ਪੰਜਾਬ ਸਰਕਾਰ ਸਮੇਂ-ਸਮੇਂ ਪੰਜਾਬ ਦੇ ਡੈਪੂਟੇਸ਼ਨ ਦਾ ਕੋਟਾ ਭਾਰਤ ਸਰਕਾਰ ਕੋਲ ਰਸਮੀ ਤੌਰ 'ਤੇ ਉਠਾਉਂਦੀ ਆ ਰਹੀ ਹੈ ਪਰ ਸਥਿਤੀ ਇਹ ਹੈ ਕਿ ਇਸ ਕੋਟੇ ਤਹਿਤ ਯੂ.ਟੀ. ਪ੍ਰਸ਼ਾਸਨ ਵਿਚ ਪੰਜਾਬ ਦੇ ਮੁਲਾਜ਼ਮ 60 ਫੀਸਦ ਦੀ ਥਾਂ ਮਹਿਜ਼ 4 ਫੀਸਦ ਦੇ ਕਰੀਬ ਰਹਿ ਗਏ ਹਨ। ਪੰਜਾਬ ਸਰਕਾਰ ਮਹਿਜ਼ ਉਚ ਅਧਿਕਾਰੀਆਂ ਦੇ ਕੋਟੇ ਨੂੰ ਹੀ ਕੁਝ ਹੱਦ ਤਕ ਬਚਾ ਸਕੀ ਹੈ। ਇਸੇ ਤਰ੍ਹਾਂ ਭਾਵੇਂ ਪੰਜਾਬ ਵਿਧਾਨ ਸਭਾ ਵਿਚ 15 ਮਾਰਚ, 2010 ਨੂੰ ਸਰਬਸੰਮਤੀ ਨਾਲ ਯੂ.ਟੀ. ਪ੍ਰਸ਼ਾਸਨ ਦੀ ਸਰਕਾਰੀ ਭਾਸ਼ਾ ਪੰਜਾਬੀ ਕਰਨ ਦਾ ਮਤਾ ਪਾਸ ਕੀਤਾ ਗਿਆ ਸੀ ਪਰ ਸਥਾਨਕ ਪ੍ਰਸ਼ਾਸਨ ਨੇ ਇਸ ਮਤੇ ਨੂੰ ਵੀ ਅੰਗੂਠਾ ਦਿਖਾ ਦਿੱਤਾ ਹੈ।

## ਪਰਵਾਸੀ ਭਾਰਤੀ ਸੰਮੇਲਨ 10 ਤੋਂ

ਜਲੰਧਰ: ਪੰਜਾਬ ਸਰਕਾਰ ਵੱਲੋਂ 10 ਤੇ 11 ਜਨਵਰੀ ਨੂੰ ਕਰਵਾਏ ਜਾ ਰਹੇ ਦੋ ਦਿਨਾ ਪਰਵਾਸੀ ਭਾਰਤੀ ਸੰਮੇਲਨ ਦੀਆਂ ਤਿਆਰੀਆਂ ਲਈ 13 ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।

ਸੰਮੇਲਨ ਵਿਚ ਸ਼ਾਮਲ ਹੋਣ ਵਾਲੇ ਪ੍ਰਵਾਸੀ ਭਾਰਤੀਆਂ ਦੀ ਰਜਿਸਟਰੇਸ਼ਨ ਵਾਸਤੇ ਇਸ ਸਾਲ 20 ਕਾਊਂਟਰ ਲਾਏ ਜਾ ਰਹੇ ਹਨ। ਇਸ ਮੌਕੇ ਪੰਜਾਬ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਤੇ ਵਿਕਾਸ ਨੂੰ ਪ੍ਰਦਰਸ਼ਿਤ ਕਰਦੀ ਇਕ ਵਿਸ਼ੇਸ਼ ਪ੍ਰਦਰਸ਼ਨੀ ਵੀ ਲਾਈ ਜਾ ਰਹੀ ਹੈ ਜਿਥੇ 35 ਪ੍ਰਦਰਸ਼ਨੀ ਦੇ ਸਟਾਲ ਲਗਾਏ ਜਾ ਰਹੇ ਹਨ।

# ਸਾਲ 1947 ਤੇ 2014 ਦਾ ਕੈਲੰਡਰ ਇਕੋ ਜਿਹਾ

**ਫ਼ਰੀਦਕੋਟ:** ਇਤਿਹਾਸ ਵਿਚ ਸਭ ਤੋਂ ਵੱਡੀ ਵੰਡ ਦਾ ਗਵਾਹ ਤੇ ਪੰਜਾਬੀਆਂ ਲਈ ਸਦਾ ਨਸੂਰ ਵਾਂਗ ਯਾਦ ਰਿਹਾ ਸਾਲ 1947 ਦਾ ਸਾਲਾਨਾ ਕੈਲੰਡਰ 2014 ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ। ਪਿਛਲੇ ਸੱਤ ਦਹਾਕਿਆਂ ਵਿਚ ਇਹ ਪਹਿਲੀ ਵਾਰ ਹੋਇਆ ਹੈ। 1947 ਦਾ ਸਮਾਂ ਦੇਸ਼ ਤੇ ਪੰਜਾਬੀਆਂ ਲਈ ਕਦੇ ਨਾ ਭੁੱਲਣ ਵਾਲਾ ਹੈ। 1947 ਦਾ ਸਾਲ ਬੁੱਧਵਾਰ ਨੂੰ ਸ਼ੁਰੂ ਹੋਇਆ ਸੀ ਤੇ ਬੁੱਧਵਾਰ ਨੂੰ ਹੀ ਇਸ ਸਾਲ ਦਾ ਆਖਰੀ ਦਿਨ ਸੀ। 2014 ਵੀ ਬੁੱਧਵਾਰ ਨਾਲ ਹੀ ਸ਼ੁਰੂ ਹੋਇਆ ਹੈ ਤੇ ਇਸੇ ਦਿਨ ਨਾਲ ਹੀ ਖਤਮ ਹੋਵੇਗਾ।

ਦੇਸ਼ ਦੀ ਵੰਡ ਸ਼ੁੱਕਰਵਾਰ ਵਾਲੇ ਦਿਨ 15 ਅਗਸਤ, 1947 ਨੂੰ ਹੋਈ ਸੀ ਤੇ ਇਸ ਸਾਲ ਵੀ 15 ਅਗਸਤ ਦੇ ਦਿਨ ਸ਼ੁੱਕਰਵਾਰ ਹੀ ਹੈ। ਅਣਵੰਡੇ ਪੰਜਾਬ ਸਮੇਂ ਲਾਹੌਰ ਵਿਚ ਪੜ੍ਹਾਈ ਕਰਨ ਵਾਲੇ 90 ਸਾਲਾ ਵਕੀਲ ਦੇਵ ਕੁਮਾਰ ਬੇਦੀ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਸ੍ਰੀ ਬੇਦੀ ਨੇ ਦੱਸਿਆ ਕਿ ਇਤਫਾਕਨ 67 ਸਾਲਾਂ ਬਾਅਦ ਸਾਲਾਨਾ ਕੈਲੰਡਰ ਇਕੋ ਜਿਹਾ ਆਉਣ ਨਾਲ ਬਹੁਤ ਸਾਰੀਆਂ ਯਾਦਾਂ ਤਾਜ਼ਾ ਹੋਈਆਂ ਹਨ। ਦੋਹਾਂ ਸਾਲਾਂ ਦੇ 365 ਦਿਨਾਂ ਵਿਚ ਰੱਤੀ ਭਰ ਦਾ ਵੀ ਫਰਕ ਨਹੀਂ। ਸੱਤ ਦਹਾਕਿਆਂ ਬਾਅਦ ਇਕੋ ਕੈਲੰਡਰ ਆਉਣ ਦਾ ਇਥੇ ਕੁਝ ਅੰਧ-ਵਿਸ਼ਵਾਸ ਫੈਲਾਉਣ ਵਾਲਿਆਂ ਵੱਲੋਂ ਗਲਤ ਪ੍ਰਚਾਰ ਵੀ ਕੀਤਾ ਜਾ ਰਿਹਾ ਹੈ। ਬਲਦੇਵ ਸਿੰਘ ਅਰਾਈਆਂਵਾਲਾ ਜਿਸ ਦਾ ਬਚਪਨ ਲਾਹੌਰ ਵਿਚ ਬੀਤਿਆ, ਨੇ ਦੱਸਿਆ ਕਿ ਉਸ ਨੇ ਇਸ ਤਰ੍ਹਾਂ ਦੇ ਕੈਲੰਡਰ ਬਾਰੇ ਪਹਿਲਾਂ ਕੁਝ ਨਹੀਂ ਸੁਣਿਆ ਤੇ ਹੁਣ ਦੋਹਾਂ ਸਾਲਾਂ ਦੇ ਕੈਲੰਡਰ ਦੇਖਣ ਤੋਂ ਬਾਅਦ ਉਸ ਨੇ ਕਿਹਾ ਕਿ ਭਾਵੇਂ ਸੱਤ ਦਹਾਕੇ ਪਹਿਲਾਂ ਸਾਲ, ਮਹੀਨੇ, ਦਿਨ ਜਾਂ ਸਮਾਂ ਯਾਦ ਰੱਖਣ ਦੀ ਕੋਈ ਜ਼ਰੂਰਤ ਨਹੀਂ ਸੀ ਪਰ 1947 ਵਾਲੇ ਸਾਲ ਨੇ ਲੋਕਾਂ ਨੂੰ ਆਪਣਾ ਇਕ-ਇਕ ਪਲ ਯਾਦ ਰੱਖਣ ਲਈ ਮਜ਼ਬੂਰ ਕਰ ਦਿੱਤਾ। ਦੇਸ਼ ਦੀ ਵੰਡ ਅੱਖੀਂ ਦੇਖਣ ਵਾਲਿਆਂ ਨੇ ਕਿਹਾ ਕਿ 6 ਅਗਸਤ, 1947 ਤੋਂ ਬਾਅਦ ਦੇ ਦਿਨ ਚਸ਼ਮਦੀਦਾਂ ਨੂੰ ਕਦੇ ਨਹੀਂ ਭੁੱਲਣਗੇ। ਬਲਦੇਵ ਸਿੰਘ ਨੇ ਦੱਸਿਆ ਕਿ 15 ਅਗਸਤ, 1947 ਵਾਲੇ ਦਿਨ ਬਹੁਤ ਬਾਰਸ਼ ਹੋਈ ਸੀ, ਸ਼ਾਇਦ ਇਸ ਵਾਰੀ ਮੌਸਮ ਵੀ ਕੈਲੰਡਰ ਵਾਂਗ ਮੇਲ ਖਾਵੇਗਾ। ਦੇਵ ਕੁਮਾਰ ਬੇਦੀ ਨੇ ਦੱਸਿਆ ਕਿ 1947 ਤੇ 2014 ਦੇ ਬਹੁਤ ਸਾਰੇ ਤਿਉਹਾਰ ਵੀ ਉਸੇ ਦਿਨ ਆਏ ਹਨ।

# ਮਾਂ-ਬੋਲੀ ਪੰਜਾਬੀ ਦੀ ਜੈ-ਜੈਕਾਰ ਬੁਲਾਈ



**ਚੰਡੀਗੜ੍ਹ:** ਸਿਰਫ ਗੁਰਬਾਣੀ ਪੜ੍ਹਨ ਦੇ ਇਛੁੱਕ ਵਿਅਕਤੀ ਹੀ ਗੁਰਮੁਖੀ ਨਾ ਸਿੱਖਣ ਬਲਕਿ ਹੋਰ ਮਜ਼੍ਹਬਾਂ ਦੇ ਵੱਧ ਤੋਂ ਵੱਧ ਲੋਕ ਵੀ ਇਸ ਨੂੰ ਪੜ੍ਹਨਾ, ਲਿਖਣਾ, ਬੋਲਣਾ ਸਿੱਖ ਸਕਣ; ਇਸ ਮਕਸਦ ਲਈ ਅੱਜ ਤੋਂ 200 ਸਾਲ ਪਹਿਲਾਂ ਹੀ ਸਿੱਖ ਬੁੱਧੀਜੀਵੀਆਂ ਨੇ ਸਾਹਿਤਕ ਸੰਘਰਸ਼ ਆਰੰਭ ਦਿੱਤੇ ਸਨ ਜਿਨ੍ਹਾਂ ਤਹਿਤ ਉਸ ਵੇਲੇ ਛਾਪੇਖਾਨਿਆਂ ਦੀ ਅਣਹੋਂਦ ਦੇ ਬਾਵਜੂਦ ਇਨ੍ਹਾਂ ਸਿੱਖ ਸਾਹਿਤਕਾਰਾਂ ਨੇ ਆਪਣੇ ਹੱਥੀਂ ਵੱਡੀ ਗਿਣਤੀ ਵਿਚ ਗੀਤਾ, ਰਾਮਾਇਣ ਤੇ ਆਯੁਰਵੈਦ ਸਮੇਤ ਹੋਰ ਕਈ ਹਿੰਦੂ ਗ੍ਰੰਥਾਂ ਦਾ ਗੁਰਮੁਖੀ ਵਿਚ ਅਨੁਵਾਦ ਕੀਤਾ। ਇਹ ਗ੍ਰੰਥ ਤੇ ਖਰੜੇ ਪਿਛਲੀਆਂ ਦੋ ਸਦੀਆਂ ਖਸਤਾ ਹਾਲਤ ਵਿਚ ਲੋਕਾਂ ਦੇ ਘਰਾਂ, ਯੂਨੀਵਰਸਿਟੀਆਂ ਤੇ ਹੋਰ ਸਥਾਨਾਂ 'ਤੇ ਗੁੰਮਨਾਮ ਅਵਸਥਾ ਵਿਚ ਰਹੇ ਪਰ ਪਿਛਲੇ ਕੁਝ ਸਮੇਂ ਦੌਰਾਨ ਪੰਜਾਬ ਡਿਜ਼ੀਟਲ ਲਾਇਬ੍ਰੇਰੀ (ਪੀ.ਡੀ.ਐਲ.) ਚੰਡੀਗੜ੍ਹ ਨੇ ਇਹ ਗ੍ਰੰਥ/ਖਰੜੇ ਲੱਭ ਕੇ ਇਨ੍ਹਾਂ ਦਾ ਕੰਪਿਊਟਰੀਕਰਨ ਕੀਤਾ। ਦਿਲਚਸਪ ਗੱਲ ਇਹ ਹੈ ਕਿ ਡੇਢ ਸੌ-ਦੋ ਸੌ ਸਾਲ ਪਹਿਲਾਂ ਕੀਤੇ ਗਏ ਇਨ੍ਹਾਂ ਗੁਰਮੁਖੀ ਅਨੁਵਾਦਾਂ ਵਿਚੋਂ ਗੀਤਾ/ਭਗਵਤ ਪੁਰਾਣ ਦੇ ਗੁਰਮੁਖੀ ਅਨੁਵਾਦ ੴ ਜਾਂ ੴ ਸਤਿਗੁਰ ਪ੍ਰਸਾਦਿ ਨਾਲ ਸ਼ੁਰੂ ਕੀਤੇ ਮਿਲਦੇ ਹਨ।

ਗੁਰਮੁਖੀ ਅਨੁਵਾਦਿਤ ਇਨ੍ਹਾਂ ਹਿੰਦੂ ਤੇ ਹੋਰ ਮੱਤਾਂ ਦੇ ਗ੍ਰੰਥਾਂ ਵਿਚ ਬਿਸ਼ਨ ਪੁਰਾਣ, ਪੰਚਦਸ਼ੀ, ਅਸ਼ਵਮੇਧ ਭਾਖਾ, ਭਗਤ ਮਾਲਾ, ਪ੍ਰਾਣ ਸੰਗਲੀ, ਆਯੁਰਵੈਦ ਦੇ ਕਈ ਭਾਗ, ਹਨੂੰਮਾਨ ਨਾਟਯ ਆਦਿ ਮਿਲਦੇ ਹਨ। ਇਨ੍ਹਾਂ ਵਿਚੋਂ ਕੁਝ ਗ੍ਰੰਥਾਂ/ਖਰੜਿਆਂ ਦੇ ਪੰਨੇ ਸਿੱਖ ਸਾਹਿਤਕਾਰਾਂ ਨੇ ਭਾਂਤ-ਭਾਂਤ ਦੇ ਡਿਜ਼ਾਇਨ ਵਾਹ ਕੇ ਬਹੁਤ ਸਜਾਏ ਹੋਏ ਹਨ ਜੋ ਸਿੱਖ ਸਾਹਿਤਕਾਰਾਂ ਦਾ ਸਾਹਿਤ ਰਚਨਾ/ਅਨੁਵਾਦ ਪ੍ਰਤੀ ਚਾਅ ਦਾ ਸਬੂਤ ਹੈ ਪਰ ਕੀ ਪੀ.ਡੀ.ਐਲ. ਨੂੰ ਮੁਸਲਿਮ ਧਰਮ ਨਾਲ ਸਬੰਧਤ ਸਾਹਿਤ ਵੀ ਗੁਰਮੁਖੀ ਵਿਚ ਮਿਲਿਆ।

ਪੀ.ਡੀ.ਐਲ. ਦੇ ਸੰਸਥਾਪਕ ਸ. ਦਵਿੰਦਰਪਾਲ ਸਿੰਘ ਅਨੁਸਾਰ ਉਨ੍ਹਾਂ ਨੂੰ ਪੁਰਾਤਨ ਕੁਰਾਨਾਂ ਤਾਂ ਮਿਲੀਆਂ ਪਰ ਗੁਰਮੁਖੀ ਵਿਚ ਨਹੀਂ। ਉਨ੍ਹਾਂ ਕਿਹਾ ਕਿ ਇਹ ਹੋ ਸਕਦਾ ਹੈ ਕਿ ਮੁਸਲਿਮ ਧਰਮ ਨਾਲ ਸਬੰਧਤ ਪੁਰਾਤਨ ਹੱਥ ਲਿਖਤ ਸਾਹਿਤ ਗੁਰਮੁਖੀ ਵਿਚ ਹੋਵੇ ਜੋ ਵੰਡ ਵੇਲੇ ਇਧਰੋਂ ਪਾਕਿਸਤਾਨ ਚਲਾ ਗਿਆ ਹੋਵੇ ਜਾਂ ਨਸ਼ਟ ਹੋ ਗਿਆ ਹੋਵੇ। ਗੀਤਾ/ਭਗਵਤ ਪੁਰਾਣ ਦਾ ਅਨੁਵਾਦ ਸਿੱਖਾਂ ਨੇ ੴ ਸਤਿਗੁਰ ਪ੍ਰਸਾਦਿ ਨਾਲ ਕਿਉਂ ਸ਼ੁਰੂ ਕੀਤਾ।

# ਜੇਲ੍ਹ ਦੀ ਬੈਰਕ ਵਿਚ ਬੰਦ ਗਾਇਕ ਨਛੱਤਰ ਗਿੱਲ

**ਲੁਧਿਆਣਾ:** ਲੁਧਿਆਣਾ ਦੀ ਕੁੜੀ ਨੂੰ ਮਾਡਲਿੰਗ ਕਰਵਾਉਣ ਦਾ ਝਾਂਸਾ ਦੇ ਕੇ ਉਸ ਨਾਲ ਬਲਾਤਕਾਰ ਕਰਨ ਦੇ ਮਾਮਲੇ ਵਿਚ ਜੇਲ੍ਹ ਪਹੁੰਚੇ ਗਾਇਕ ਨਛੱਤਰ ਗਿੱਲ ਨੂੰ ਹਾਈ ਸਕਿਓਰਟੀ ਬੈਰਕ ਵਿਚ ਰੱਖਿਆ ਗਿਆ ਹੈ। ਗਾਇਕ ਨਛੱਤਰ ਗਿੱਲ ਸਵੇਰੇ ਤੜਕਸਾਰ ਉਠ ਕੇ ਪਾਠ ਕਰਦਾ ਹੈ ਤੇ ਉਸ ਦਾ ਸਾਰਾ ਦਿਨ ਲੋਕਾਂ ਨੂੰ ਗਾਣੇ ਸੁਣਾਉਣ ਵਿਚ ਬੀਤ ਜਾਂਦਾ ਹੈ।

ਜੇਲ੍ਹ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਜੇਲ੍ਹ ਵਿਚ ਬਹੁਤ ਹੀ ਖ਼ਤਰਨਾਕ ਕੈਦੀ ਵੀ ਹਨ। ਇਸ ਕਰਕੇ ਨਛੱਤਰ ਗਿੱਲ ਨੂੰ ਹਾਈ ਸਕਿਓਰਟੀ ਬੈਰਕ ਵਿਚ ਬੰਦ ਕੀਤਾ ਗਿਆ ਹੈ। ਗਾਇਕ ਨਛੱਤਰ ਗਿੱਲ ਦਿਨ ਵੇਲੇ ਵੀ ਆਪਣੀ ਬੈਰਕ ਵਿਚੋਂ ਬਾਹਰ ਨਹੀਂ ਆਉਂਦਾ। ਜੇਲ੍ਹ ਸੁਪਰਡੈਂਟ ਸੁਰਿੰਦਰ ਪਾਲ ਖੰਨਾ ਦਾ ਕਹਿਣਾ ਹੈ ਕਿ ਨਛੱਤਰ ਗਿੱਲ ਨੂੰ ਖਾਣਾ ਵੀ ਜੇਲ੍ਹ ਦਾ ਹੀ ਦਿੱਤਾ ਜਾ ਰਿਹਾ ਹੈ ਜਿਹੜਾ ਕਿ ਬਾਕੀ ਕੈਦੀਆਂ ਵਾਸਤੇ ਬਣਦਾ ਹੈ। ਨਾਲ ਹੀ ਸਿਰਫ਼ ਉਸ ਦੇ ਰਿਸ਼ਤੇਦਾਰਾਂ ਨੂੰ ਹੀ ਉਸ ਨਾਲ ਮਿਲਣ ਦੀ ਮਨਜ਼ੂਰੀ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਗਾਇਕ ਨਛੱਤਰ ਗਿੱਲ ਨੂੰ 24 ਦਸੰਬਰ ਨੂੰ ਥਾਣਾ ਪੀ.ਏ.ਯੂ. ਦੀ ਪੁਲਿਸ ਨੇ ਫੜਿਆ ਸੀ ਜਿਸ ਤੋਂ ਬਾਅਦ ਪੰਜ ਦਿਨ ਪੁਲਿਸ



ਰਿਮਾਂਡ ਵਿਚ ਰੱਖਣ ਤੋਂ ਬਾਅਦ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਜਦੋਂ ਗਾਇਕ ਨਛੱਤਰ ਗਿੱਲ ਜੇਲ੍ਹ ਪਹੁੰਚਿਆ ਤਾਂ ਜੇਲ੍ਹ ਪ੍ਰਸ਼ਾਸਨ ਨੂੰ ਸੋਚ ਪੈ ਗਈ ਕਿ ਉਸ ਨੂੰ ਕਿਹੜੀ ਬੈਰਕ ਵਿਚ ਰੱਖਿਆ ਜਾਵੇ ਕਿਉਂਕਿ ਜੇਲ੍ਹ ਵਿਚ 3300 ਕੈਦੀ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੇ ਖ਼ਤਰਨਾਕ ਕੈਦੀ ਹਨ।

ਫਿਰ ਜੇਲ੍ਹ ਪ੍ਰਸ਼ਾਸਨ ਨੇ ਨਛੱਤਰ ਗਿੱਲ ਨੂੰ ਜੇਲ੍ਹ ਦੇ ਅੰਦਰ ਹੀ ਬਣਾਈ ਗਈ ਹਾਈ ਸਕਿਓਰਟੀ ਬੈਰਕ ਵਿਚ ਬੰਦ ਕਰ ਦਿੱਤਾ। ਇਸ ਵਿਚ ਪਹਿਲਾਂ ਤੋਂ ਵਿਦੇਸ਼ੀ ਕੈਦੀ, ਹਰਪ੍ਰੀਤ ਤੇਜ਼ਾਬ ਕਾਂਡ ਦੇ ਮੁਲਜ਼ਮ ਤੇ ਕਰੀਬ 100 ਹੋਰ ਕੈਦੀ ਬੰਦ ਹਨ। ਇਸ ਹਾਈ ਸਕਿਓਰਟੀ ਬੈਰਕ ਵਿਚ ਬੰਦ ਇਕ ਕੈਦੀ ਜੋ ਕਿ ਲੁਧਿਆਣਾ ਦੇ ਸਿਵਲ ਹਸਪਤਾਲ ਵਿਚ ਇਲਾਜ ਲਈ ਆਇਆ ਸੀ, ਨੇ ਦੱਸਿਆ ਕਿ ਬੈਰਕ ਵਿਚ ਨਛੱਤਰ ਗਿੱਲ ਉਨ੍ਹਾਂ ਨੂੰ ਜਦੋਂ ਮਨ ਹੋਏ ਗਾਣੇ ਸੁਣਾ ਦਿੰਦਾ ਹੈ ਪਰ ਕਈ ਵਾਰੀ ਆਪਣੇ ਆਪ ਵਿਚ ਹੀ ਗੁਣ ਗੁਣਾਂਦਾ ਰਹਿੰਦਾ ਹੈ।

ਜੇਲ੍ਹ ਸੁਪਰਡੈਂਟ ਖੰਨਾ ਨੇ ਦੱਸਿਆ ਕਿ ਉਸ ਨੂੰ ਹਾਈ ਸਕਿਓਰਟੀ ਬੈਰਕ ਵਿਚ ਇਸ ਵਾਸਤੇ ਰੱਖਿਆ ਗਿਆ ਹੈ ਕਿਉਂਕਿ ਕਈ ਵਾਰ ਬਾਕੀ ਕੈਦੀ ਲੜ ਪੈਂਦੇ ਹਨ। ਉਸ 'ਤੇ ਕੋਈ ਹਮਲਾ ਨਾ ਕਰ ਦੇਵੇ ਇਸ ਕਰਕੇ ਉਸ ਨੂੰ ਵੱਖਰੀ ਤੇ ਸੁਰੱਖਿਅਤ ਬੈਰਕ ਵਿਚ ਰੱਖਿਆ ਹੈ ਪਰ ਉਸ ਦੇ ਨਾਲ ਵਰਤਾਰਾ ਆਮ ਕੈਦੀਆਂ ਵਾਂਗ ਹੀ ਕੀਤਾ ਜਾ ਰਿਹਾ ਹੈ।

# ਖਾੜਕੂ ਚੌੜਾ ਬਾਰੇ ਚੌਕਸੀ ਵਧਾਈ

**ਅੰਮ੍ਰਿਤਸਰ:** ਪੰਜਾਬ ਪੁਲਿਸ ਦੇ ਵਿੰਗ ਕਾਊਂਟਰ ਇੰਟੈਲੀਜੈਂਸ ਨੇ ਸੁਚੇਤ ਕੀਤਾ ਹੈ ਕਿ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਚ ਬੰਦ ਖਾੜਕੂ ਆਗੂ ਨਰੈਣ ਸਿੰਘ ਚੌੜਾ ਜੇਲ੍ਹ ਵਿਚੋਂ ਭੱਜਣ ਦੀ ਯੋਜਨਾ ਬਣਾ ਰਿਹਾ ਹੈ। ਪੁਲਿਸ ਦੇ ਉੱਚ ਪੱਧਰੀ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਵਿੰਗ ਦੇ ਉੱਚ ਅਧਿਕਾਰੀਆਂ ਨੇ ਇਸ ਬਾਰੇ ਪੱਤਰ ਹਾਲ ਹੀ ਵਿਚ ਗ੍ਰਹਿ ਵਿਭਾਗ ਨੂੰ ਭੇਜਿਆ ਹੈ। ਇਸ ਪੱਤਰ ਵਿਚ ਲਿਖਿਆ ਗਿਆ ਹੈ ਕਿ ਅਕਾਲ ਫੈਡਰੇਸ਼ਨ ਜਥੇਬੰਦੀ ਦਾ ਬਾਨੀ ਤੇ ਖਾੜਕੂ ਨਰੈਣ ਸਿੰਘ ਚੌੜਾ ਜੇਲ੍ਹ ਵਿਚੋਂ ਫਰਾਰ ਹੋਣ ਦੀ ਯੋਜਨਾ ਬਣਾ ਰਿਹਾ ਹੈ। ਉਨ੍ਹਾਂ ਜੇਲ੍ਹ ਵਿਚ ਸਖ਼ਤ ਸੁਰੱਖਿਆ ਪ੍ਰਬੰਧ ਕਰਨ ਲਈ ਕਿਹਾ ਹੈ।

ਜ਼ਿਕਰਯੋਗ ਹੈ ਕਿ ਕੇਂਦਰੀ ਜੇਲ੍ਹ ਵਿਚ ਏ.ਐਸ.ਆਈ. ਕਤਲ ਮਾਮਲੇ ਵਿਚ ਬੰਦ ਸਾਬਕਾ ਅਕਾਲੀ ਆਗੂ ਰਣਜੀਤ ਸਿੰਘ ਰਾਣਾ ਨੇ ਜੇਲ੍ਹ ਦੀਆਂ ਸਲਾਖਾਂ ਕੱਟ ਕੇ ਭੱਜਣ ਦਾ ਯਤਨ ਕੀਤਾ ਸੀ। ਸੂਤਰਾਂ ਮੁਤਾਬਕ ਬੁੜੈਲ ਜੇਲ੍ਹ ਚੰਡੀਗੜ੍ਹ ਵਿਚੋਂ ਕੁਝ ਕੈਦੀਆਂ ਦੇ ਫਰਾਰ ਹੋਣ ਦੀ ਵਾਪਰ ਚੁੱਕੀ ਘਟਨਾ ਵਿਚ ਪਹਿਲਾਂ ਹੀ ਨਰੈਣ ਸਿੰਘ ਚੌੜਾ ਦਾ ਨਾਂ ਆ ਚੁੱਕਿਆ ਹੈ। ਉਸ ਨੂੰ ਅੰਮ੍ਰਿਤਸਰ ਪੁਲਿਸ ਨੇ ਤਰਨਤਾਰਨ ਨੇੜਿਉਂ ਪਿੰਡ ਜਲਾਲਾਬਾਦ ਕੋਲੋਂ ਪਿਛਲੇ ਵਰ੍ਹੇ ਫਰਵਰੀ ਮਹੀਨੇ ਵਿਚ ਗ੍ਰਿਫ਼ਤਾਰ ਕੀਤਾ ਸੀ। ਉਸ ਉਪਰ ਨਜਾਇਜ਼ ਹਥਿਆਰ ਤੇ ਧਮਾਕਾਖੇਜ਼ ਸਮਗਰੀ ਰੱਖਣ ਦੇ ਦੋਸ਼ ਹਨ। ਉਧਰ, ਜੇਲ੍ਹ ਡਿਪਟੀ ਸੁਪਰਡੈਂਟ ਜੀ.ਐਸ. ਭੁੱਲਰ ਨੇ ਅਜਿਹੇ ਪੱਤਰ ਸਬੰਧੀ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਹੈ।

# 3600 ਕਰੋੜ ਦਾ ਹੈਲੀਕਾਪਟਰ ਸੌਦਾ ਰੱਦ

**ਨਵੀਂ ਦਿੱਲੀ:** ਦਲਾਲੀ ਦੇ ਦੋਸ਼ਾਂ ਕਾਰਨ ਰੱਖਿਆ ਮੰਤਰਾਲੇ ਨੇ ਅਗਸਤਾ ਵੈਸਟਲੈਂਡ ਨਾਲ ਹੋਇਆ ਵੀ.ਵੀ.ਆਈ.ਪੀ ਹੈਲੀਕਾਪਟਰ ਸਮਝੌਤਾ ਰੱਦ ਕਰ ਦਿੱਤਾ ਹੈ। ਬੇਸ਼ੱਕ ਅਗਸਤਾ ਵੈਸਟਲੈਂਡ ਨੇ ਮੰਤਰਾਲੇ ਨੂੰ ਸਫਾਈ ਦਿੱਤੀ ਸੀ ਕਿ 3600 ਕਰੋੜ ਦੇ ਸੌਦੇ ਨੂੰ ਹਾਸਲ ਕਰਨ ਲਈ ਉਸ ਨੇ ਕੋਈ ਗਲਤ ਤਰੀਕਾ ਨਹੀਂ ਸੀ ਅਪਨਾਇਆ।

ਦੋਸ਼ ਲੱਗੇ ਸਨ ਕਿ ਅਗਸਤਾ ਵੈਸਟਲੈਂਡ ਨੇ ਭਾਰਤੀ ਹਵਾਈ ਫ਼ੌਜ ਨੂੰ 12 ਵੀ.ਵੀ.ਆਈ.ਪੀ ਹੈਲੀਕਾਪਟਰ ਵੇਚਣ ਲਈ 360 ਕਰੋੜ ਰੁਪਏ ਦੀ ਦਲਾਲੀ ਦਿੱਤੀ ਸੀ। ਸੌਦਾ ਰੱਦ ਕਰਨ ਲਈ ਐਂਗਲੋ-ਇਟਾਲੀਅਨ ਕੰਪਨੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਕੰਪਨੀ ਨੂੰ ਆਪਣਾ ਜਵਾਬ ਦੇਣ ਲਈ 26 ਨਵੰਬਰ ਤੱਕ ਦਾ ਸਮਾਂ ਦਿੱਤਾ ਗਿਆ ਸੀ। ਰੱਖਿਆ ਮੰਤਰਾਲੇ ਨੇ ਫਿਨਮੈਕੇਨਿਕਾ ਕੰਪਨੀ ਨਾਲ ਸਾਲ 2010 ਵਿਚ ਕਰੀਬ 3600 ਕਰੋੜ 'ਚ 12 ਅਤਿ-ਸੁਰੱਖਿਅਤ ਅਗਸਤਾ ਵੈਸਟਲੈਂਡ ਹੈਲੀਕਾਪਟਰਾਂ ਦੀ ਖਰੀਦ ਲਈ ਸਮਝੌਤਾ ਕੀਤਾ ਸੀ। ਇਨ੍ਹਾਂ ਵਿਚੋਂ ਤਿੰਨ ਹੈਲੀਕਾਪਟਰ ਭਾਰਤ ਆ ਚੁੱਕੇ ਹਨ ਅਤੇ ਬਾਕੀ ਨੌਂ ਇਸ ਸਾਲ ਜੂਨ-ਜੁਲਾਈ ਮਹੀਨੇ ਤੱਕ ਆਉਣ ਦੀ ਸੰਭਾਵਨਾ ਸੀ। ਭਾਰਤ ਨੇ ਇਸ ਮਾਮਲੇ ਵਿਚ ਬਰਤਾਨੀਆ ਤੋਂ ਵੀ ਜਾਣਕਾਰੀ ਮੰਗੀ ਸੀ ਪਰ ਉਥੇ ਵੀ ਉਸ ਨੂੰ ਕਾਮਯਾਬੀ ਨਹੀਂ ਮਿਲੀ।

ਫਿਨਮੈਕੇਨਿਕਾ ਇਟਲੀ ਦੀ ਕੰਪਨੀ ਅਗਸਤਾ ਵੈਸਟਲੈਂਡ ਦੀ ਸਹਿਯੋਗੀ ਕੰਪਨੀ ਹੈ ਅਤੇ ਇਸ 'ਚ 30% ਹਿੱਸੇਦਾਰੀ ਇਟਲੀ ਸਰਕਾਰ ਦੀ ਹੈ। ਸੌਦੇ ਦੇ ਇਕ ਸਾਲ ਪਿਛੋਂ ਇਟਲੀ ਦੇ ਮੀਡੀਆ ਵਿਚ ਅਜਿਹੀਆਂ ਰਿਪੋਰਟਾਂ ਆਈਆਂ ਸਨ ਕਿ ਯੂਰਪ ਵਿਚ ਦੋ ਵਿਚੋਲਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਨੇ ਇਹ ਸੌਦਾ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਇਸ ਮਾਮਲੇ ਵਿਚ ਭਾਰਤੀ ਹਵਾਈ ਫ਼ੌਜ ਦੇ ਸਾਬਕਾ ਮੁਖੀ ਐੱਸ.ਪੀ ਤਿਆਗੀ ਵੀ ਮੁਲਜ਼ਮਾਂ ਵਿਚ ਸ਼ਾਮਲ ਹਨ ਜਿਨ੍ਹਾਂ ਦੀ ਸੀ.ਬੀ.ਆਈ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਤੇ ਕੰਪਨੀ ਦੇ ਸਾਬਕਾ ਸੀ.ਈ.ਓ ਗਿੱਸੀਪੇ ਓਰਸੀ ਨੂੰ ਇਟਲੀ ਵਿਚ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਸੂਤਰਾਂ ਮੁਤਾਬਕ ਰੱਖਿਆ ਮੰਤਰੀ ਏ.ਕੇ ਐਂਟਨੀ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਿਚਾਲੇ ਹੋਈ ਮੀਟਿੰਗ ਦੌਰਾਨ ਇਹ ਸੌਦਾ ਰੱਦ ਕਰਨ ਬਾਰੇ ਫ਼ੈਸਲਾ ਲਿਆ ਗਿਆ ਹੈ। ਇਸੇ ਦੌਰਾਨ ਅਗਸਤਾ ਵੈਸਟਲੈਂਡ ਕੰਪਨੀ ਨੇ ਕਿਹਾ ਹੈ ਕਿ ਉਸ ਨੇ ਕੋਈ ਗਲਤ ਕੰਮ ਨਹੀਂ ਕੀਤਾ। ਉਸ ਨੂੰ ਸਮਝੌਤਾ ਰੱਦ ਹੋਣ ਬਾਰੇ ਭਾਰਤ ਦੇ ਰੱਖਿਆ ਮੰਤਰਾਲੇ ਵੱਲੋਂ ਕੋਈ ਜਾਣਕਾਰੀ ਨਹੀਂ ਮਿਲੀ।

# ਅਮਰੀਕਾ ਨੇ ਭਾਰਤ ਨਾਲ ਸਬੰਧਾਂ 'ਚ ਵਿਗਾੜ ਦੀ ਗੱਲ ਸਵੀਕਾਰੀ

**ਵਾਸ਼ਿੰਗਟਨ:** ਅਮਰੀਕਾ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਉਸ ਬਿਆਨ 'ਤੇ ਸਹਿਮਤੀ ਪ੍ਰਗਟ ਕੀਤੀ ਹੈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਭਾਰਤੀ ਡਿਪਲੋਮੈਟ ਦੀ ਗ੍ਰਿਫਤਾਰੀ ਨਾਲ ਦੋਹਾਂ ਮੁਲਕਾਂ ਦੇ ਸਬੰਧਾਂ ਵਿਚ ਅੜਚਨਾ ਆਈਆਂ ਹਨ। ਅਮਰੀਕਾ ਨੇ ਕਿਹਾ ਹੈ ਕਿ ਉਹ ਰਿਸ਼ਤਿਆਂ ਨੂੰ ਮੁੜ ਤੋਂ ਸੁਖਾਵੇਂ ਬਣਾਉਣ ਦੀ ਦਿਸ਼ਾ ਵੱਲ ਕੰਮ ਕਰ ਰਿਹਾ ਹੈ। ਵਿਦੇਸ਼ ਵਿਭਾਗ ਦੀ ਉਪ ਤਰਜਮਾਨ ਮੈਰੀ ਹਰਫ਼ ਮੁਤਾਬਕ ਜਦੋਂ ਵਿਦੇਸ਼ ਮੰਤਰੀ ਕਿਸੇ ਗੱਲ 'ਤੇ ਅਫਸੋਸ ਪ੍ਰਗਟ ਕਰਦੇ ਹਨ ਤਾਂ ਇਸ ਦਾ ਮਤਲਬ ਹੈ ਕਿ ਸਭ ਕੁਝ ਠੀਕ ਨਹੀਂ ਹੋਇਆ।ਉਨ੍ਹਾਂ ਕਿਹਾ ਕਿ ਅਸੀਂ



ਇਕੱਠਿਆਂ ਅਜੇ ਕਈ ਮਹੱਤਵਪੂਰਨ ਕੰਮ ਕਰਨੇ ਹਨ ਤੇ ਖੇਤਰ ਤੇ ਦੁਨੀਆਂ ਦੇ ਕਈ ਮਸਲਿਆਂ ਨੂੰ ਹੱਲ ਕਰਨਾ ਹੈ। ਹਰਫ਼ ਨੇ ਕਿਹਾ ਕਿ ਅਮਰੀਕੀ ਵਿਦੇਸ਼ ਵਿਭਾਗ ਨੂੰ ਦੇਵਯਾਨੀ ਖੋਬਰਗੜੇ ਦੇ ਸੰਯੁਕਤ ਰਾਸ਼ਟਰ ਵਿਚ ਤਬਾਦਲੇ ਦੇ ਕਾਗਜ਼ ਮਿਲ ਚੁੱਕੇ ਹਨ ਤੇ ਉਹ ਇਨ੍ਹਾਂ ਦੀ ਪੜਤਾਲ ਕਰ ਰਿਹਾ ਹੈ। ਇਕ ਸਵਾਲ ਦੇ ਜਵਾਬ ਵਿਚ ਹਰਫ ਨੇ ਕਿਹਾ ਕਿ ਦੇਵਯਾਨੀ ਦੇ ਮਾਮਲੇ ਵਿਚ ਕਾਨੂੰਨੀ ਪ੍ਰਕਿਰਿਆ ਚੱਲ ਰਹੀ ਹੈ ਅਤੇ ਮੈਨੂੰ ਨਹੀਂ ਪਤਾ ਕਿ ਇਸ ਨੂੰ ਕਿੰਨਾ ਸਮਾਂ ਲੱਗੇਗਾ।

ਉਨ੍ਹਾਂ ਕਿਹਾ ਕਿ ਸਾਡਾ ਵਿਦੇਸ਼ ਮੰਤਰਾਲਾ ਭਾਰਤ ਨਾਲ ਆਪਣੇ ਦੁਵੱਲੇ ਸਬੰਧ ਅੱਗੇ ਵਧਾਉਣ ਵੱਲ ਧਿਆਨ ਦੇ ਰਿਹਾ ਹੈ। ਭਾਰਤੀ ਡਿਪਲੋਮੈਟ ਦੇਵਯਾਨੀ ਖੋਬਰਗੜੇ ਦੇ ਮਾਮਲੇ ਨੂੰ ਦੁਬੱਲੇ ਸਬੰਧਾਂ ਵਿਚ ਰੋੜਾ ਨਹੀਂ ਬਣਨ ਦਿੱਤਾ ਜਾਵੇਗਾ।ਉਸ ਨੂੰ ਨਜਿੱਠਣ ਲਈ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ। ਡਿਪਲੋਮੈਟ ਨੂੰ ਭਾਰਤ ਵਿਚ ਸੰਯੁਕਤ ਰਾਸ਼ਟਰ ਸਥਾਈ ਮਿਸ਼ਨ ਵਿਚ ਭੇਜਣ ਬਾਰੇ ਦਸਤਾਵੇਜ਼ਾਂ ਦੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ 1999 ਬੈਚ ਦੀ ਆਈ.ਐਫ.ਐਸ ਅਧਿਕਾਰੀ ਸ੍ਰੀਮਤੀ ਖੋਬਰਗੜੇ ਨਿਊਯਾਰਕ ਵਿਚਲੇ ਭਾਰਤ ਕੌਂਸਲਖਾਨੇ ਵਿਚ ਡਿਪਟੀ ਅਟਾਰਨੀ ਜਨਰਲ ਸਨ। ਉਨ੍ਹਾਂ ਨੂੰ ਆਪਣੀ ਨੌਕਰਾਣੀ ਸੰਗੀਤਾ ਰਿਚਰਡ ਦੀ ਵੀਜ਼ੇ ਅਰਜ਼ੀ ਬਾਰੇ ਜਾਅਲੀ ਦਸਤਾਵੇਜ਼ ਪੇਸ਼ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਭਾਰਤ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਤੇ ਕਿਹਾ ਕਿ ਉਸ ਦੀ ਡਿਪਲੋਮੈਟ ਨੂੰ ਵਿਸ਼ੇਸ਼ ਛੋਟ ਹਾਸਲ ਹੈ। ਇਸ ਲਈ ਅਮਰੀਕੀ ਕਾਰਵਾਈ ਗਲਤ ਹੈ।

# ਸਿੱਖਸ ਫਾਰ ਜਸਟਿਸ ਵਲੋਂ ਖੋਬਰਾਗੜੇ 'ਤੇ ਕੇਸ ਚਲਾਉਣ ਦਾ ਸਮਰਥਨ

**ਨਿਊ ਯਾਰਕ (ਬਿਊਰੋ):** ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਨੇ ਭਾਰਤ ਦੀ ਡਿਪਟੀ ਕੌਂਸਲ ਜਨਰਲ ਦੇਵਯਾਨੀ ਖੋਬਰਾਗੜੇ 'ਤੇ ਕੇਸ ਚਲਾਉਣ ਦਾ ਸਮਰਥਨ ਕਰਦਿਆਂ ਯੂ ਐਨ ਵਿਸ਼ੇਸ਼ ਰਿਪੋਰਟਰ ਦੀ ਫਰਜ਼ੀ ਹੱਤਿਆਵਾਂ ਅਤੇ ਜਾਣਬੁਝ ਕੇ ਕੇਸਾਂ ਵਿਚ ਫਸਾਉਣ ਬਾਰੇ ਰਿਪੋਰਟ ਦਾ ਸਵਾਗਤ ਕੀਤਾ ਹੈ। ਇਸ ਰਿਪੋਰਟ ਵਿਚ ਉਜਾਗਰ ਕੀਤਾ ਗਿਆ ਹੈ ਕਿ ਮੁਜ਼ਰਿਮਾਂ ਦੀ ਪੁਸ਼ਤਪਨਾਹੀ ਭਾਰਤ ਵਿਚ ਪ੍ਰਮੁੱਖ ਚੁਣੌਤੀ ਹੈ। ਵਿਸ਼ੇਸ਼ ਰਿਪੋਰਟਰ ਕ੍ਰਿਸਟੌਫ ਹੈਨਸ, ਜਿਨ੍ਹਾਂ 2012 ਵਿਚ ਭਾਰਤ ਦਾ ਦੌਰਾ ਕੀਤਾ ਸੀ, ਨੇ ਯੂ ਐਨ ਮਨੁੱਖੀ ਅਧਿਕਾਰਾਂ ਬਾਰੇ ਕੌਂਸਲ ਨੂੰ ਪੇਸ਼ ਕੀਤੀ ਆਪਣੀ ਰਿਪੋਰਟ ਵਿਚ ਸਿਫਾਰਿਸ਼ ਕੀਤੀ ਹੈ ਕਿ ਭਾਰਤ ਵਿਚ ਪੁਸ਼ਤਪਨਾਹੀ ਨੂੰ ਰੋਕਣ ਅਤੇ ਗੈਰ-ਕਾਨੂੰਨੀ ਕਤਲਾਂ ਦੇ ਰੁਝਾਨ ਨੂੰ ਰੋਕਣ ਲਈ ਕਈ ਤਰ੍ਹਾਂ ਦੇ ਕਾਨੂੰਨੀ ਸੁਧਾਰ ਅਤੇ ਉਚਿਤ ਕਦਮਾਂ ਦੀ ਲੋੜ ਹੈ।

ਇਥੇ ਜਾਰੀ ਇਕ ਬਿਆਨ ਵਿਚ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਖੋਬਰਾਗੜੇ 'ਤੇ ਅਮਰੀਕੀ ਅਦਾਲਤ ਵਿਚ ਮੁਕੱਦਮਾ ਚਲਾਏ ਜਾਣ ਨੂੰ ਸਹੀ ਕਰਾਰ ਦਿੰਦਿਆਂ ਕਿਹਾ ਕਿ ਅਸੀਂ ਉਸ ਦੇਸ਼ ਵਿਚ ਰਹਿ ਰਹੇ ਹਾਂ ਜਿਥੇ ਕਾਨੂੰਨ ਸਰਬਉਚ ਹੈ ਅਤੇ ਕਿਸੇ ਨੂੰ ਛੋਟ ਦੇਣਾ ਜਾਂ ਉਸ ਦੀ ਪੁਸ਼ਤਪਨਾਹੀ ਸਵੀਕਾਰਯੋਗ ਨਹੀਂ ਹੈ। ਅਟਾਰਨੀ ਪੰਨੂ ਨੇ ਦੋਸ਼ ਲਾਇਆ ਕਿ ਭਾਰਤ ਵਿਚ ਹਕੂਮਤਾਂ ਵਲੋਂ ਕਮਲ ਨਾਥ ਵਰਗੇ ਕੈਬਨਿਟ ਮੰਤਰੀਆਂ ਤੇ ਹੋਰ ਆਗੂਆਂ ਦੀ ਲਗਾਤਾਰ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ ਜਿਨ੍ਹਾਂ ਨੇ ਨਵੰਬਰ 1984 ਵਿਚ ਸਿੱਖਾਂ ਦੇ ਕਤਲੇਆਮ ਲਈ ਕਾਤਲ ਦਸਤਿਆਂ ਦੀ ਅਗਵਾਈ ਕੀਤੀ ਸੀ ਤੇ ਹੁਣ ਖੋਬਰਾਗੜੇ ਲਈ ਅਮਰੀਕੀ ਸਰਕਾਰ ਤੋਂ ਛੋਟ ਦੀ ਮੰਗ ਅਜਿਹੀ ਪੁਸ਼ਤਪਨਾਹੀ ਦਾ ਹੀ ਇਕ ਹੋਰ ਰੂਪ ਹੈ।

ਅਟਾਰਨੀ ਪੰਨੂ ਨੇ ਕਿਹਾ ਕਿ ਖੋਬਰਾਗੜੇ ਦਾ ਮਾਮਲਾ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਰਿਪੋਰਟਰ ਦੀ 2013 ਦੀ ਰਿਪੋਰਟ ਨਾਲ ਮੇਲ ਖਾਂਦਾ ਹੈ ਜਿਥੇ ਭਾਰਤ ਸਰਕਾਰ ਨਿਊ ਯਾਰਕ ਸਥਿਤ ਆਪਣੇ ਡਿਪਟੀ ਕੌਂਸਲ ਜਨਰਲ ਦੇਵਯਾਨੀ ਖੋਬਰਾਗੜੇ ਦੀ ਪੁਸ਼ਤਪਨਾਹੀ ਕਰਕੇ ਅਮਰੀਕੀ ਸਰਕਾਰ ਤੋਂ ਛੋਟ ਮੰਗ ਰਹੀ ਹੈ।

ਜ਼ਿਕਰਯੋਗ ਹੈ ਕਿ ਖੋਬਰਾਗੜੇ 'ਤੇ ਦੋਸ਼ ਹੈ ਕਿ ਉਸ ਨੇ ਆਪਣੀ ਨੌਕਰਾਣੀ ਨੂੰ ਬਣਦੀ ਤਨਖਾਹ ਨਹੀਂ ਦਿੱਤੀ ਅਤੇ ਉਸ ਤੋਂ 17 ਘੰਟੇ ਤੋਂ ਵਧ ਕੰਮ ਲਿਆ ਜਾਂਦਾ ਸੀ ਤੇ ਉਸ ਨੂੰ ਅਮਰੀਕਾ ਤੋਂ ਭਾਰਤ ਜਾਣ ਦੀ ਇਜ਼ਾਜਤ ਵੀ ਨਹੀਂ ਦਿੱਤੀ ਜਾਂਦੀ ਸੀ। ਖੋਬਰਾਗੜੇ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਅਮਰੀਕੀ ਕਾਨੂੰਨੀ ਏਜੰਸੀਆਂ ਨੇ ਬਿਲਾ ਵਜ੍ਹਾ ਗ੍ਰਿਫਤਾਰ ਕਰਕੇ ਬੇਇਜ਼ਤ ਕੀਤਾ।

ਵਿਸ਼ੇਸ਼ ਰਿਪੋਰਟਰ ਦੀ ਰਿਪੋਰਟ ਦੇ ਹਵਾਲੇ ਨਾਲ ਅਟਾਰਨੀ ਪੰਨੂ ਨੇ ਕਿਹਾ ਕਿ ਨਿਆਂਇਕ ਪ੍ਰਕ੍ਰਿਆ ਵਿਚ ਦੇਰੀ ਭਾਰਤ ਵਿਚ ਸਭ ਤੋਂ ਗੰਭੀਰ ਚੁਣੌਤੀ ਹੈ ਅਤੇ ਅਪਰਾਧੀ ਨੂੰ ਜਵਾਬਦੇਹ ਠਹਿਰਾਉਣ ਲਈ ਸਪਸ਼ਟ ਅੜਿਕਾ ਹੈ। ਸਥਿਤੀ ਉਦੋਂ ਹੋਰ ਵੀ ਮਾੜੀ ਹੋ ਜਾਂਦੀ ਹੈ ਜਦੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਸੁਰਖਿਆ ਅਧਿਕਾਰੀਆਂ ਨੂੰ ਇਨਸਾਫ ਦੇ ਕਟਹਿਰੇ ਵਿਚ ਖੜਾ ਕਰਨ ਦੀ ਬਜਾਏ ਲਗਾਤਾਰ ਤਰੱਕੀ ਦਿੱਤੀ ਜਾਂਦੀ ਹੈ। ਵਿਸ਼ੇਸ਼ ਰਿਪੋਰਟਰ ਨੇ ਸੁਮੇਧ ਸੈਣੀ ਦੇ ਕੇਸ ਦਾ ਵੀ ਜ਼ਿਕਰ ਕੀਤਾ ਜਿਸ ਨੇ 1990 ਵਿਚ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਸੀ ਤੇ ਜਿਸ ਨੂੰ ਮਾਰਚ 2012 ਵਿਚ ਤਰੱਕੀ ਦੇ ਕੇ ਪੰਜਾਬ ਦਾ ਡੀ ਜੀ ਪੀ ਬਣਾ ਦਿੱਤਾ ਸੀ।

## ਅਮਰੀਕੀ ਦੂਤਘਰ ਦੀ ਸੁਰੱਖਿਆ ਬਹਾਲ

**ਨਵੀਂ ਦਿੱਲੀ:** ਭਾਰਤ ਨੇ ਅਮਰੀਕੀ ਦੂਤਘਰ ਤੇ ਹੋਰ ਅਮਰੀਕੀ ਸੰਸਥਾਵਾਂ ਦੀ ਸੁਰੱਖਿਆ ਬਹਾਲ ਕਰ ਦਿੱਤੀ ਹੈ ਤੇ ਇਥੇ 150 ਪੁਲਿਸ ਮੁਲਾਜ਼ਮ ਤਾਇਨਾਤ ਕਰ ਦਿੱਤੇ ਗਏ ਹਨ। ਭਾਰਤੀ ਕੂਟਨੀਤਕ ਦੇਵਯਾਨੀ ਖੋਬਰਾਖੜੇ ਦੀ ਅਮਰੀਕਾ ਵਿਚ ਹੋਈ ਗ੍ਰਿਫ਼ਤਾਰੀ ਤੋਂ ਬਾਅਦ ਭਾਰਤ ਨੇ ਅਮਰੀਕੀ ਦੂਤਘਰ ਹੋਰ ਅਮਰੀਕੀ ਸੰਸਥਾਵਾਂ ਤੋਂ ਸੁਰੱਖਿਆ ਹਟਾ ਲਈ ਸੀ ਜਿਸ ਪ੍ਰਤੀ ਅਮਰੀਕਾ ਨੇ ਚਿੰਤਾ ਪ੍ਰਗਟ ਕੀਤੀ ਸੀ।


**Auto, Home, Life, Business, Workers Comp., Fixed & Variable Annuities, 401-K, IRA**

ਆਪਣੀਆਂ ਸਾਰੀਆਂ ਇੰਸ਼ੋਰੈਂਸ ਲੋੜਾਂ ਲਈ ਸੰਪਰਕ ਕਰੋ

Nationwide Insurance

*Call Rajinder*

209-275-2094



**ਕੱਰੀ ਕੁਕ, ਹੈਲਪਰ ਤੇ ਵੇਟਰ ਦੀ ਲੋੜ ਹੈ**

ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ, ਹੈਲਪਰ ਅਤੇ ਵੇਟਰ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਮੁਫਤ

ਸੰਪਰਕ ਕਰੋ: 316-708-9896

51-52-1-2



**ਜਾਇਦਾਦ ਦੀ ਖਰੀਦ-ਵੇਚ**

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੁਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Special Price for Truck Wash Grand Opening

- 8 Drive Tires For $3300 Kelly KDA
- Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ

1950 E Miner Ave.

Stockton, CA 95205

**Ph: 209.547.9210**

FAX: 209.547.9211

www.gfbontime.com, raj@gfbontime.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**

FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**

FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 11 ਜਨਵਰੀ 2014*

## ਮਹਿੰਗਾ ਡਾ. ਮਨਮੋਹਨ ਸਿੰਘ

ਡਾ. ਮਨਮੋਹਨ ਸਿੰਘ ਨੇ ਬਤੌਰ ਪ੍ਰਧਾਨ ਮੰਤਰੀ ਆਪਣੀ ਸ਼ਾਇਦ ਆਖਰੀ ਪ੍ਰੈਸ ਕਾਨਫਰੰਸ ਵਿਚ ਪੂਰਾ ਜ਼ੋਰ ਲਾ ਕੇ ਕੁਝ ਗੱਲਾਂ ਨਿਤਾਰਨ ਦਾ ਯਤਨ ਕੀਤਾ ਹੈ। ਉਨ੍ਹਾਂ ਉਤੇ ਸਵਾਲਾਂ ਦੀ ਵਾਛੜ ਤਾਂ ਹੋਣੀ ਹੀ ਸੀ, ਸੋ ਹੋਈ। ਜਿਸ ਸਵਾਲ ਦਾ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ, ਉਸ ਬਾਰੇ ਉਨ੍ਹਾਂ ਇਹ ਕਹਿ ਕੇ ਪਿੱਛਾ ਛੁਡਾ ਲਿਆ ਕਿ 'ਹਿਸਟਰੀ ਵਿਲ ਜੱਜ', ਭਾਵ ਗਲਤ-ਠੀਕ ਬਾਰੇ ਫੈਸਲਾ ਹੁਣ ਵਕਤ ਦੇ ਹੱਥ ਹੈ। ਡਾ. ਮਨਮੋਹਨ ਸਿੰਘ ਭਾਰਤ ਦੇ ਆਧੁਨਿਕ ਇਤਿਹਾਸ ਦੇ ਕੋਈ ਆਮ ਸ਼ਖ਼ਸ ਨਹੀਂ ਹਨ। ਪੂਰੇ ਦਸ ਸਾਲ ਦੇਸ਼ ਦੀ ਵਾਗਡੋਰ ਉਨ੍ਹਾਂ ਦੇ ਹੱਥ ਰਹੀ ਹੈ। ਇਸ ਤੋਂ ਇਲਾਵਾ 1991 ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦੀਆਂ ਘੜੀਆਂ ਆਰਥਿਕ ਨੀਤੀਆਂ ਹੀ ਦੇਸ਼ ਵਿਚ ਲਾਗੂ ਰਹੀਆਂ ਹਨ। ਉਸ ਤੋਂ ਵੀ ਪਹਿਲਾਂ ਉਹ ਭਾਰਤੀ ਰਿਜ਼ਰਵ ਬੈਂਕ ਅਤੇ ਹੋਰ ਅਹਿਮ ਆਰਥਿਕ ਅਦਾਰਿਆਂ ਨਾਲ ਬਹੁਤ ਨੇੜਿਉਂ ਜੁੜੇ ਰਹੇ ਹਨ। 90ਵਿਆਂ ਦੇ ਸ਼ੁਰੂ ਵਿਚ ਜਦੋਂ ਸੰਸਾਰ ਪੱਧਰ 'ਤੇ ਵੱਡੀ ਹਲਚਲ ਹੋ ਰਹੀ ਸੀ, ਅਤੇ ਭਾਰਤ ਵੀ ਡੂੰਘੇ ਮਾਲੀ ਸੰਕਟ ਨਾਲ ਦੋ-ਚਾਰ ਹੋ ਰਿਹਾ ਸੀ, ਤਾਂ ਉਸ ਵਕਤ ਦੇ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੇ ਇਕ ਗੈਰ-ਸਿਆਸੀ ਸ਼ਖ਼ਸ ਨੂੰ ਦੇਸ਼ ਦਾ ਖਜ਼ਾਨਾ ਮੰਤਰੀ ਥਾਪ ਦਿੱਤਾ ਸੀ। ਉਹ ਸ਼ਖ਼ਸ ਡਾ. ਮਨਮੋਹਨ ਸਿੰਘ ਹੀ ਸਨ। ਉਦੋਂ ਸਭ ਦੀਆਂ ਨਜ਼ਰਾਂ ਉਨ੍ਹਾਂ ਉਤੇ ਟਿਕ ਗਈਆਂ ਸਨ। ਉਦੋਂ ਤੋਂ ਲੈ ਕੇ ਹੁਣ ਤਕ, ਸਮੇਤ ਭਾਜਪਾ ਦੀ ਅਗਵਾਈ ਵਾਲੇ ਛੇ ਸਾਲਾਂ ਦੇ, ਭਾਰਤ ਵਿਚ ਉਨ੍ਹਾਂ ਦੀਆਂ ਘੜੀਆਂ ਆਰਥਿਕ ਨੀਤੀਆਂ ਹੀ ਲਾਗੂ ਰਹੀਆਂ ਹਨ; ਸਗੋਂ ਭਾਜਪਾ ਤਾਂ ਕਾਂਗਰਸ ਤੋਂ ਵੀ ਦੋ ਕਦਮ ਅਗਾਂਹ ਵਧ ਕੇ ਇਹ ਆਰਥਿਕ ਨੀਤੀਆਂ ਲਾਗੂ ਕਰਦੀ ਰਹੀ ਹੈ। ਇਨ੍ਹਾਂ ਦੋ ਦਹਾਕਿਆਂ ਵਿਚੋਂ ਦਸ ਸਾਲ ਉਹ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬਿਰਾਜਮਾਨ ਰਹੇ ਹਨ ਪਰ ਅੱਜ ਦੀ ਤਾਰੀਖ ਤਕ ਪਹੁੰਚਦਿਆਂ-ਪਹੁੰਚਦਿਆਂ, ਆਪਣੇ ਸਮੇਂ ਦੇ ਕਾਮਯਾਬ ਮੰਨੇ ਜਾ ਰਹੇ ਅਰਥ ਸ਼ਾਸਤਰੀ, ਜਿਨ੍ਹਾਂ ਨੂੰ ਵੱਡੇ ਅਹੁਦੇ ਉਨ੍ਹਾਂ ਦੀ ਲਿਆਕਤ ਕਰ ਕੇ ਹੀ ਮਿਲਦੇ ਰਹੇ, ਨਾਕਾਮਯਾਬ ਲੀਡਰ ਦੇ ਰੂਪ ਵਿਚ ਸਭ ਦੇ ਸਾਹਮਣੇ ਹਨ। ਕੱਲ੍ਹ ਤੱਕ ਜਿਸ ਸ਼ਖ਼ਸ ਦੀ ਇਮਾਨਦਾਰੀ ਦੀ ਚਰਚਾ ਅਕਸਰ ਹੁੰਦੀ ਸੀ, ਅੱਜ ਇਹ ਇਮਾਨਦਾਰੀ ਵੀ ਸ਼ੱਕ ਤੋਂ ਮੁਕਤ ਨਹੀਂ ਰਹੀ। ਉਨ੍ਹਾਂ ਨੇ ਆਪਣੇ ਸ਼ਾਸਨ ਕਾਲ ਦੌਰਾਨ ਹੋਏ ਘਪਲਿਆਂ ਨੂੰ ਜਿਸ ਢੰਗ ਨਾਲ ਲੁਕੋਣ ਦੇ ਯਤਨ ਕੀਤੇ, ਉਸ ਨਾਲ ਉਨ੍ਹਾਂ ਦੀ ਇਮਾਨਦਾਰੀ, ਬੇਈਮਾਨੀ ਤੋਂ ਵੀ ਵੱਧ ਦਾਗ਼ਦਾਰ ਜਾਪਣ ਲੱਗ ਪਈ। ਉਨ੍ਹਾਂ ਦੀਆਂ ਨਵੀਆਂ ਉਦਾਰਵਾਦੀ ਆਰਥਿਕ ਨੀਤੀਆਂ ਨੇ ਕੌਮਾਂਤਰੀ ਪੱਧਰ 'ਤੇ ਦੇਸ਼ ਨੂੰ ਭਾਵੇਂ ਜਿੰਨੀ ਮਰਜ਼ੀ ਪ੍ਰਸ਼ੰਸਾ ਦਿਵਾਈ ਹੋਵੇ ਪਰ ਦੇਸ਼ ਦੇ ਬਹੁਤੇ ਬਾਸ਼ਿੰਦੇ ਇਨ੍ਹਾਂ ਨੀਤੀਆਂ ਦੇ ਭਾਰ ਹੇਠ ਅੱਜ ਔਖੇ ਸਾਹ ਲੈ ਰਹੇ ਹਨ। ਉਨ੍ਹਾਂ ਨੇ ਤਾਂ ਲੋਕਾਂ ਦੇ ਸਿਰ ਉਤੇ ਆਣ ਪਿਆ ਸੰਕਟ ਕਿਊਂਟਣਾ ਸੀ, ਪਰ ਹੋ ਸਭ ਕੁਝ ਉਲਟਾ-ਪੁਲਟਾ ਗਿਆ। ਅਸਲ ਵਿਚ ਉਨ੍ਹਾਂ ਨੇ ਗੋਡਿਆਂ ਪਰਨੇ ਹੋ ਕੇ ਦੇਸ਼ ਦੀ ਨਹੀਂ, ਸਗੋਂ ਕਾਂਗਰਸ ਦੀ ਜੋ ਸੇਵਾ ਕੀਤੀ, ਅੱਜ ਉਹ ਕਿਸੇ ਨੂੰ ਵੀ ਹਜ਼ਮ ਨਹੀਂ ਹੋ ਰਹੀ।

ਰਤਾ ਕੁ ਘੋਖ ਨਾਲ ਵਿਚਾਰਿਆ ਜਾਵੇ ਤਾਂ ਉਨ੍ਹਾਂ ਦੀ ਪ੍ਰੈਸ ਕਾਨਫਰੰਸ ਕਾਂਗਰਸ ਦੇ ਚੋਣ ਏਜੰਡੇ ਤੋਂ ਵੱਧ ਕੁਝ ਵੀ ਨਹੀਂ। ਇਹ ਤਕਰੀਬਨ ਪਹਿਲਾਂ ਹੀ ਤੈਅ ਸੀ। ਇਥੋਂ ਹੀ ਉਨ੍ਹਾਂ ਦੀ ਆਪਣੀ ਹਸਤੀ ਵੀ ਸਵਾਲਾਂ ਦੇ ਘੇਰੇ ਵਿਚ ਆਉਂਦੀ ਜਾਪਦੀ ਹੈ। ਐਤਕੀਂ ਕਾਂਗਰਸ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ ਕਿ ਲੋਕ ਸਭਾ ਚੋਣਾਂ ਵਿਚ ਮੁੱਖ ਮੁੱਦਾ ਫਿਰਕਾਪ੍ਰਸਤੀ ਦਾ ਬਣ ਜਾਵੇ। ਇਸੇ ਲਈ ਉਹ ਮੁੱਖ ਨਿਸ਼ਾਨਾ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਭਾਜਪਾ ਉਮੀਦਵਾਰ ਨਰੇਂਦਰ ਮੋਦੀ ਅਤੇ ਗੁਜਰਾਤ ਕਤਲੇਆਮ ਨੂੰ ਬਣਾਉਂਦੀ ਹੈ। ਇਕ ਹਿਸਾਬ ਨਾਲ ਇਹ ਪੈਂਤੜਾ ਸਹੀ ਵੀ ਹੈ। ਫਿਰਕਾਪ੍ਰਸਤੀ ਨੂੰ ਹਰ ਹੀਲੇ ਪਛਾੜਨਾ ਬਹੁਤ ਜ਼ਰੂਰੀ ਹੈ, ਕਿਉਂਕਿ ਇਸ ਨੇ ਘੱਟੋ-ਘੱਟ ਭਾਰਤ ਵਿਚ ਤਾਂ ਬਹੁਤ ਜ਼ਿਆਦਾ ਉਥਲ-ਪੁਥਲ ਕੀਤੀ ਹੈ, ਪਰ 1984 ਵਿਚ ਸਿੱਖਾਂ ਦਾ ਜਿਹੜਾ ਕਤਲੇਆਮ ਕਾਂਗਰਸ ਨੇ ਕੀਤਾ ਸੀ, ਉਸ ਬਾਰੇ ਡਾ. ਮਨਮੋਹਨ ਸਿੰਘ ਸਿਰਫ ਇੰਨਾ ਕਹਿ ਕੇ ਹੀ ਸਾਰ ਲੈਂਦੇ ਹਨ ਕਿ ਕਾਂਗਰਸ ਨੇ 'ਇਨ੍ਹਾਂ ਦੰਗਾ ਪੀੜਤਾਂ' ਲਈ ਬੜਾ ਕੁਝ ਕੀਤਾ ਹੈ। ਇਥੇ ਇਹ ਕਹਿਣ ਦੀ ਲੋੜ ਨਹੀਂ ਭਾਸਦੀ ਕਿ ਅੱਜ ਤਕ ਜਿਹੜੇ ਵੀ ਕਾਂਗਰਸੀ ਆਗੂਆਂ ਦੇ ਨਾਂ ਸਿੱਖਾਂ ਦੇ ਕਤਲੇਆਮ ਵਿਚ ਬੋਲੇ ਹਨ, ਉਨ੍ਹਾਂ ਵਿਚੋਂ ਕਿਸੇ ਨੂੰ ਵੀ ਕੋਈ ਸਜ਼ਾ ਨਹੀਂ ਹੋਈ। ਇਸੇ ਕਰ ਕੇ ਸਵਾਲਾਂ ਦਾ ਸਵਾਲ ਹੁਣ ਇਹ ਹੈ ਕਿ ਕੀ ਭਾਰਤ ਦਾ ਪਹਿਲਾ ਸਿੱਖ ਪ੍ਰਧਾਨ ਮੰਤਰੀ ਇਨ੍ਹਾਂ ਸਾਰੇ ਤੱਥਾਂ ਤੋਂ ਵਾਕਿਫ ਨਹੀਂ ਹੈ? ਜੇ ਨਰੇਂਦਰ ਮੋਦੀ ਮੁਸਲਮਾਨਾਂ ਦਾ ਕਾਤਲ ਹੈ ਤਾਂ 1984 ਵਿਚ ਸਿੱਖਾਂ ਦੇ ਕਤਲੇਆਮ ਵੇਲੇ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਉਤੇ ਇਹ ਦੋਸ਼ ਕਿਉਂ ਨਹੀਂ? ਇਨ੍ਹਾਂ ਦੋਹਾਂ ਆਗੂਆਂ ਨੇ ਉਸ ਵੇਲੇ ਇਕੋ ਜਿਹਾ ਰੋਲ ਅਦਾ ਕੀਤਾ; ਦੋਹਾਂ ਨੇ ਹੀ ਸੁਰੱਖਿਆ ਗਾਰਦਾਂ ਨੂੰ ਆਪੋ-ਆਪਣਾ ਕੰਮ ਕਰਨ ਲਈ ਆਦੇਸ਼ ਨਹੀਂ ਦਿੱਤੇ। ਸਿੱਟੇ ਵਜੋਂ ਦਿੱਲੀ ਵਿਚ ਸਿੱਖਾਂ ਦਾ ਅਤੇ ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ ਹੋਇਆ ਪਰ 'ਇਮਾਨਦਾਰ' ਅਤੇ 'ਸਾਫ ਅਕਸ ਵਾਲੇ' ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸਿਰਫ ਇਕ ਕਤਲੇਆਮ ਹੀ ਯਾਦ ਰਿਹਾ! ਖੈਰ! ਉਨ੍ਹਾਂ ਦੀ ਇਹ ਸਫਾਈ ਧਿਆਨ ਦੀ ਮੰਗ ਕਰਦੀ ਹੈ ਕਿ 'ਹਿਸਟਰੀ ਵਿਲ ਜੱਜ।' ਹਾਂ! ਅੱਜ ਦੇ ਸਮੇਂ ਨੇ ਇਹ ਦੱਸ ਦਿੱਤਾ ਹੈ ਕਿ ਡਾ. ਮਨਮੋਹਨ ਸਿੰਘ ਹਰ ਲਿਹਾਜ਼ ਨਾਲ ਮਹਿੰਗੇ ਹੀ ਸਾਬਤ ਹੋਏ ਹਨ। ਹੋਰ ਤਾਂ ਹੋਰ, ਕਾਂਗਰਸ ਨੂੰ ਵੀ ਇਹ ਜਾਪਿਆ ਹੈ ਕਿ ਆਉਂਦੀਆਂ ਚੋਣਾਂ ਵਿਚ ਉਹ ਪਾਰਟੀ ਲਈ ਮਹਿੰਗੇ ਸਾਬਤ ਹੋ ਸਕਦੇ ਹਨ। ਇਸੇ ਲਈ ਉਨ੍ਹਾਂ ਨੂੰ ਲਾਂਭੇ ਕਰਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਗਈ ਹੈ। ਉਹ ਖੁਦ ਹੀ ਇਸ ਕਵਾਇਦ ਵਿਚ ਵਧ-ਚੜ੍ਹ ਕੇ ਹਿੱਸਾ ਲੈ ਰਹੇ ਹਨ। ਇਥੋਂ ਹੀ ਤਾਂ ਕਿਸੇ ਬੰਦੇ ਅੰਦਰਲੇ ਕਣ ਦੀ ਪਛਾਣ ਹੁੰਦੀ ਹੈ! ਸਾਫ ਦਿਸਦਾ ਹੈ ਕਿ ਕੋਈ ਕਣ ਦਿਖਾਉਣ ਦੀ ਥਾਂ ਉਨ੍ਹਾਂ ਨੇ ਇਕ ਵਾਰ ਫਿਰ ਕਾਂਗਰਸ ਦੇ ਚਰਨਾਂ ਵਿਚ ਮੱਥਾ ਟੇਕ ਦਿੱਤਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

### *ਤੇਰੀ ਅਕਲ ਨਾਲ ਸਾਨੂੰ ਕੀ ਭਾਅ ਮਿੱਤਰਾ*

ਸਾਲ ਲਾ ਕੇ ਕੇਜਰੀਵਾਲ ਕੇਰਾਂ, ਸਣੇ ਤਖਤ ਦੇ ਦਿੱਲੀ ਹਿਲਾ ਦਿੱਤੀ।
ਪਹਿਲਾਂ ਦਿਲ ਜਿੱਤੇ ਫਿਰ ਚੋਣ ਜਿੱਤੀ, ਆਮ ਆਦਮੀ ਦੀ ਕੀਮਤ ਪਵਾ ਦਿੱਤੀ।
ਲੋਕ ਨਾਲ ਲਾ ਕੇ, ਦਿਲਾਂ ਚ ਸੇਕ ਭਰਿਆ, ਫੇਰ ਫੇਰਿਆ ਝਾੜੂ ਸੀ ਇੰਜ ਯਾਰੋ,
ਨਾਕਾ ਲੱਗਿਆ ਕਾਂਗਰਸ ਤੇ ਭਾਜਪਾ ਨੂੰ, ਪਿੱਠ ਦੋਹਾਂ ਦੀ 'ਕੱਲੇ ਨੇ ਲਾ ਦਿੱਤੀ।
ਆਪਣਾ ਮਨਮੋਹਨਾ ਦਸ ਸਾਲ ਮਗਰੋਂ, ਹਾਰ-ਹੁੱਟ ਕੇ ਦੇਖੋ ਤਾਂ ਬੈਠ ਚੱਲਿਆ।
ਫੜ੍ਹਾਂ ਮਾਰਦੇ ਦਾ ਸੁੱਕਿਆ ਗਲਾ ਇੱਦਾਂ, ਜਿੱਦਾਂ ਹਲਟ ਦਾ ਟੁੱਟ ਨਿਕਾਲ ਚੱਲਿਆ।
ਆਵੇ ਕੋਈ ਜਵਾਬ ਨਾ ਲੋਕ ਪੁੱਛਦੇ, ਕਿਹੜੇ ਕੰਮ ਤੂੰ ਸਿਰੇ ਚੜ੍ਹਾਏ ਅੱਜ ਤੱਕ,
ਤੇਰੀ ਅਕਲ ਨਾਲ ਸਾਨੂੰ ਕੀ ਭਾਅ ਮਿੱਤਰਾ, ਲੋਕੀਂ ਹਾਲੋਂ-ਬੇਹਾਲ ਤੂੰ ਕਰ ਚੱਲਿਆ।

# ਪੰਜਾਬ ਦੇ ਵਿਕਾਸ ਦਾ 'ਕ' ਬਣ ਗਿਆ 'ਨ'

ਗੁਰਬਚਨ ਸਿੰਘ ਭੁੱਲਰ
ਫ਼ੋਨ: 91-11-65736868
ਈਮੇਲ: bhullargs@gmail.com

ਪੰਜਾਬ ਵਿਚ ਵਿਕਾਸ ਸ਼ਬਦ ਨੂੰ ਨਵੇਂ ਅਰਥ ਦਿੱਤੇ ਜਾ ਰਹੇ ਹਨ। ਪੰਜਾਬ ਸਰਕਾਰ ਖਾਸ ਕਰਕੇ ਕਾਨੂੰਨੀ ਪੱਖੋਂ ਉਪ ਮੁੱਖ ਮੰਤਰੀ ਪਰ ਅਸਲ ਵਿਚ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਪੰਜਾਬ ਵਿਚ ਬੇਮਿਸਾਲ ਵਿਕਾਸ ਹੋ ਰਿਹਾ ਹੈ। ਪਿਛਲੀਆਂ ਚੋਣਾਂ ਵਿਚ ਕਾਂਗਰਸ ਨੂੰ ਆਪਣੀ ਜਿੱਤ ਵਿਚ ਲੋੜ ਤੋਂ ਵੱਧ ਭਰੋਸੇ ਅਤੇ ਆਗੂਆਂ ਦੀ ਖਹਿਬਾਜ਼ੀ ਕਾਰਨ ਹਾਰ ਦਾ ਮੂੰਹ ਦੇਖਣਾ ਪਿਆ। ਅਕਾਲੀਆਂ ਦੇ ਪੈਰ ਹੇਠ, ਉਨ੍ਹਾਂ ਦੇ ਆਪਣੇ ਅੰਦਾਜ਼ੇ ਦੇ ਵੀ ਉਲਟ, ਦੁਬਾਰਾ ਬਟੇਰਾ ਆ ਜਾਣ ਮਗਰੋਂ ਉਨ੍ਹਾਂ ਦੇ ਵਿਕਾਸ ਦੇ ਰਾਗ ਦੇ ਸੁਰ ਹੋਰ ਉਚੇ ਹੋ ਗਏ। ਪੰਜਾਬ ਦਾ ਬਾਦਲ ਰਾਜ-ਘਰਾਣਾ ਦਿਲੋਂ ਜਾਣਦਾ ਹੈ ਕਿ ਇਹ ਜਿੱਤ ਧਨ ਅਤੇ ਧੌਂਸ ਦੇ ਨਾਲ ਨਾਲ ਕਾਂਗਰਸ ਦੀ ਨਾਲਾਇਕੀ ਕਾਰਨ ਹਾਸਲ ਹੋਈ। ਪਰ ਅਜਿਹਾ ਸੱਚ ਕੋਈ ਵੀ ਰਾਜਨੀਤਕ ਪਾਰਟੀ ਪ੍ਰਵਾਨ ਨਹੀਂ ਕਰਦੀ ਹੁੰਦੀ, ਸਗੋਂ ਕਰ ਹੀ ਨਹੀਂ ਸਕਦੀ। ਇਸ ਕਰਕੇ ਉਨ੍ਹਾਂ ਨੂੰ ਇਹ ਜਿੱਤ ਵਿਕਾਸ ਦੇ ਮੁੱਦੇ ਦੀ ਜਿੱਤ ਵਜੋਂ ਪੇਸ਼ ਕਰਨਾ ਹੀ ਵਾਰਾ ਖਾਂਦਾ ਹੈ।



ਇਕ ਗੱਲ ਬੜੀ ਦਿਲਚਸਪ ਹੋਣ ਦੇ ਨਾਲ ਨਾਲ ਅਹਿਮ ਵੀ ਹੈ। ਹਾਕਮ ਧਿਰਾਂ ਜਵਾਬਦੇਹੀ ਤੋਂ ਬਚਣ ਲਈ ਵਿਕਾਸ ਨੂੰ ਮਦਾਰੀ ਦੇ ਘੁੱਗੂ ਵਾਂਗ ਕਿੰਨਾ ਹੀ ਗੋਲ-ਮੋਲ ਅਤੇ ਬੇਅਰਥਾ ਰੱਖਣ ਦਾ ਜਤਨ ਕਰਨ, ਪੂਰੇ ਭਾਰਤ ਦੇ ਆਮ ਲੋਕਾਂ ਨੇ ਇਹਨੂੰ ਸਪੱਸ਼ਟ ਅਰਥ ਦੇ ਕੇ ਹਾਕਮਾਂ ਵਾਸਤੇ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਲੋਕਾਂ ਨੇ ਵਿਕਾਸ ਨੂੰ ਸੜਕ, ਬਿਜਲੀ ਤੇ ਪਾਣੀ ਦੇ ਨਾਲ ਹੀ ਵਿੱਦਿਆ ਤੇ ਸਿਹਤ ਦੇ ਅਰਥ ਦੇ ਦਿੱਤੇ ਹਨ ਅਤੇ ਉਹ ਵਿਕਾਸ ਨੂੰ ਇਸੇ ਤੱਕੜੀ ਵਿਚ ਤੋਲਦੇ ਹਨ। ਆਮ ਲੋਕਾਂ ਦੇ ਰੋਜ਼ ਰੋਜ਼ ਦੇ ਵਾਹ-ਵਾਸਤੇ ਵਾਲੇ ਇਨ੍ਹਾਂ ਪੰਜਾਂ ਮੁੱਦਿਆਂ ਤੋਂ ਇਲਾਵਾ ਦੋ ਹੋਰ ਮੂਲ ਮੁੱਦੇ ਹਨ। ਉਹ ਇਨ੍ਹਾਂ ਪੰਜਾਂ ਸਮੇਤ ਜਨਤਕ ਜੀਵਨ ਨਾਲ ਨੇੜਿਉਂ ਜੁੜੇ ਹੋਰ ਸਭ ਮੁੱਦਿਆਂ ਦੇ ਹੱਲ ਦਾ ਆਧਾਰ ਬਣਦੇ ਹਨ, ਉਹ ਹਨ-ਖੇਤੀ ਅਤੇ ਸਨਅਤ। ਆਉ, ਸੁਖਬੀਰ ਸਿੰਘ ਬਾਦਲ ਦੇ ਵਿਕਾਸ ਨੂੰ ਬਹੁਤ ਸੰਖੇਪ ਵਿਚ ਇਨ੍ਹਾਂ ਸਾਰੇ ਮੁੱਦਿਆਂ ਦੇ ਚਾਨਣ ਵਿਚ ਦੇਖੀਏ।

ਪੰਜਾਬ ਵਿਚ ਲਿੰਕ ਸੜਕਾਂ ਅਤੇ ਛੋਟੀਆਂ ਸੜਕਾਂ ਦੀ ਮੰਦੀ ਹਾਲਤ ਦੇ ਨਾਲ ਨਾਲ ਵੱਡੀਆਂ ਸੜਕਾਂ ਉਤੇ ਵੀ ਡੀਵਾਈਡਰਾਂ ਦੀ ਅਣਹੋਂਦ ਹਰ ਰੋਜ਼ ਅਨੇਕ ਹਾਦਸਿਆਂ ਦਾ ਕਾਰਨ ਬਣਦੀ ਹੈ। ਗੱਡੀ ਚਲਾਉਣ ਦੇ ਮੁੱਢਲੇ ਸ਼ਊਰ ਤੋਂ ਕੋਰੇ ਪੰਜਾਬੀ ਅਜਿਹੀਆਂ ਮੰਦਹਾਲ ਸੜਕਾਂ ਉਤੇ ਹਰ ਸਾਲ ਸੈਂਕੜਿਆਂ ਦੀ ਗਿਣਤੀ ਵਿਚ ਜਾਨਾਂ ਗੁਆਉਂਦੇ ਹਨ। ਪਿਛਲੀ ਵਾਰ ਸਰਕਾਰ ਬਣਾਉਣ ਦੇ ਸਮੇਂ ਤੋਂ ਅੱਜ ਤੱਕ ਬਿਜਲੀ ਬਾਰੇ ਇਕੋ ਬਿਆਨ ਦੁਹਰਾਇਆ ਜਾ ਰਿਹਾ ਹੈ ਕਿ ਛੇਤੀ ਹੀ ਪੰਜਾਬ ਨਾ ਸਿਰਫ਼ ਸਵੈ-ਨਿਰਭਰ ਹੋ ਜਾਵੇਗਾ ਸਗੋਂ ਹੋਰ ਸੂਬਿਆਂ ਨੂੰ ਬਿਜਲੀ ਵੇਚਣ ਲੱਗੇਗਾ। ਹਕੀਕਤ ਇਹ ਹੈ ਕਿ ਬਿਜਲੀ ਨਾ ਪੇਂਡੂਆਂ ਦੀ ਖੇਤੀ ਲਈ ਪੂਰੀ ਮਿਲਦੀ ਹੈ ਅਤੇ ਨਾ ਸ਼ਹਿਰੀਆਂ ਦੀ ਸਨਅਤ ਲਈ। ਪਾਣੀ ਦੀ ਹਾਲਤ ਹੋਰ ਵੀ ਮਾੜੀ ਹੈ। ਕਿਸਾਨ ਆਖਦੇ ਹਨ, ਸਾਥੋਂ ਪੈਸੇ ਲਵੋ ਪਰ ਟਿਊਬਵੈਲਾਂ ਵਾਸਤੇ ਲੋੜੀਂਦੀ ਬਿਜਲੀ ਦਿਉ। ਸਰਕਾਰ ਛੋਟੇ ਕਿਸਾਨਾਂ ਦੀ ਮਦਦ ਦਾ ਬਹਾਨਾ ਬਣਾ ਕੇ ਵੱਡੇ ਜ਼ਿਮੀਦਾਰਾਂ ਨੂੰ ਤਾਰਨ ਵਾਸਤੇ ਖੇਤੀ ਲਈ ਬਿਜਲੀ ਮੁਫ਼ਤ ਦਿੰਦੀ ਹੈ। ਬਿਜਲੀ ਦੇਣ ਵਿਚ ਇਲਾਕਿਆਂ ਵਿਚਕਾਰ ਫ਼ਰਕ ਵੀ ਕੀਤਾ ਜਾਂਦਾ ਹੈ। ਇਸ ਦਾ ਸਿੱਟਾ ਇਹ ਹੈ ਕਿ ਬਿਜਲੀ ਦੇ ਹੁੰਦਿਆਂ ਆਮ ਕਰਕੇ ਲਗਾਤਾਰ ਚਲਦੀਆਂ ਮੋਟਰਾਂ ਨੇ ਧਰਤੀ ਹੇਠਲਾ ਪਾਣੀ ਬਹੁਤ ਡੂੰਘਾ ਕਰ ਦਿੱਤਾ ਹੈ। ਪਾਣੀ ਦੀ ਕੁਆਲਿਟੀ ਦਾ ਇਹ ਹਾਲ ਹੈ ਕਿ ਕੀਟਨਾਸ਼ਕਾਂ, ਨਦੀਨਨਾਸ਼ਕਾਂ ਅਤੇ ਖਾਦਾਂ ਦੇ ਰਸਾਇਣਾਂ ਨੇ ਧਰਤੀ ਵਿਚ ਜੀਰ ਜੀਰ ਕੇ ਇਸ ਨੂੰ ਪੀਣ ਦੇ ਜੋਗ ਤਾਂ ਛੱਡਿਆ ਹੀ ਨਹੀਂ। ਸਿਆਸੀ ਅਸਰ-ਰਸੂਖ਼ ਵਾਲੇ ਮਾਲਕਾਂ ਦੀਆਂ ਫ਼ੈਕਟਰੀਆਂ ਦੇ ਰਸਾਇਣੀ ਨਿਕਾਸ ਮਿਲ ਮਿਲ ਕੇ ਦਰਿਆਵਾਂ, ਨਾਲਿਆਂ ਤੇ ਨਹਿਰਾਂ ਵਿਚ ਵਗਦਾ ਬਦਰੰਗ ਤੇ ਬਦਬੂਦਾਰ ਪਾਣੀ ਪੀਣ ਦੀ ਗੱਲ ਤਾਂ ਦੂਰ ਰਹੀ, ਹੱਥ ਧੋਣ ਦੇ ਵੀ ਜੋਗ ਨਹੀਂ ਰਿਹਾ।

ਅਧਿਆਪਕਾਂ, ਕਮਰਿਆਂ ਅਤੇ ਹੋਰ ਲੋੜਾਂ ਦੇ ਪੱਖੋਂ ਸਰਕਾਰੀ ਸਕੂਲਾਂ ਦੇ ਹਾਲ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ ਅੰਗਰੇਜ਼ੀ ਪੱਖੋਂ ਹੀਣੇ-ਊਣੇ ਵਿਹਲੜਾਂ ਨੂੰ ਅਧਿਆਪਕ ਰੱਖ ਕੇ ਜੁਗਾੜੀ ਬੰਦਿਆਂ ਦੇ ਕਥਿਤ ਅੰਗਰੇਜ਼ੀ ਸਕੂਲ ਪਿੰਡ ਪਿੰਡ ਖੁੱਲ੍ਹ ਗਏ ਹਨ ਅਤੇ ਵਧੀਆ ਕਮਾਈ ਕਰਦੇ ਹਨ। ਸਕੂਲਾਂ ਦੇ ਨਾਂ ਹੇਠ ਚਲਦੀਆਂ ਇਹ ਦੁਕਾਨਾਂ ਸਰਕਾਰੀ ਸਕੂਲੀ ਪ੍ਰਬੰਧ ਨੂੰ ਸੱਟ ਤਾਂ ਮਾਰਦੀਆਂ ਹੀ ਹਨ, ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਾਤਭਾਸ਼ਾ ਪੰਜਾਬੀ ਤੋਂ ਦੂਰ ਲਿਜਾਣ ਦਾ ਇਕ ਵੱਡਾ ਸਾਧਨ ਹਨ। ਸਕੂਲਾਂ ਵਾਲਾ ਹਾਲ ਹੀ ਸਰਕਾਰੀ ਹਸਪਤਾਲਾਂ ਦਾ ਹੈ। ਅਮਲੇ, ਇਮਾਰਤਾਂ, ਦਵਾਈਆਂ ਤੇ ਹੋਰ ਲੋੜਾਂ ਦੀ ਦੁਰਦਸ਼ਾ ਗਰੀਬ ਮਰੀਜਾਂ ਨੂੰ ਵੀ ਨਿੱਜੀ ਡਾਕਟਰਾਂ ਦੀ ਝੋਲੀ ਵਿਚ ਲੈ ਜਾ ਸੁਟਦੀ ਹੈ। ਅੰਗਰੇਜ਼ੀ ਸਕੂਲਾਂ ਵਾਂਗ ਹੀ ਛਿੱਲ-ਲਾਹੂ ਨਿੱਜੀ ਸਿਹਤ ਸੇਵਾਵਾਂ ਪਿੰਡਾਂ ਤੱਕ ਜਾ ਪੁੱਜੀਆਂ ਹਨ।

ਖੇਤੀ ਦੀ ਮੰਦੀ ਹਾਲਤ ਦਾ ਉਜਾਗਰ ਸਬੂਤ ਤਾਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਤੋਂ ਹੀ ਮਿਲ ਜਾਂਦਾ ਹੈ। ਅੱਜ ਦੇ ਵਿਗਿਆਨਕ-ਤਕਨੀਕੀ ਜੁੱਗ ਵਿਚ ਵਿਕਾਸ ਦੇ ਇਕ ਆਧਾਰ ਵਜੋਂ ਕੁੱਲ ਕਿਰਤ-ਸ਼ਕਤੀ ਵਿਚ ਖੇਤੀ ਦੇ ਕਾਮਿਆਂ ਦੀ ਫ਼ੀਸਦੀ ਘਟਦੀ ਅਤੇ ਹਰ ਕਿਸਮ ਦੇ ਗ਼ੈਰ-ਕਿਸਾਨੀ ਕਿੱਤਿਆਂ ਦੇ ਕਾਮਿਆਂ ਦੀ ਫ਼ੀਸਦੀ ਵਧਦੀ ਜਾਣੀ ਚਾਹੀਦੀ ਹੈ। ਪੰਜਾਬ ਵਿਚ ਲੱਕੜ ਦੇ ਹਲ ਅਤੇ ਬਲਦ-ਗੱਡਿਆਂ ਦੇ ਜ਼ਮਾਨੇ ਵਾਂਗ ਕੁੱਲ ਘਰੇਲੂ ਪੈਦਾਵਾਰ ਦਾ ਚੌਥੇ ਹਿੱਸੇ ਤੋਂ ਵੀ ਘੱਟ ਦੇਣ ਵਾਲੀ

> ***ਸਰਕਾਰ ਦੀ ਨੀਤੀ ਕਿਸੇ ਪੱਕੇ ਹੱਲ ਦੀ ਥਾਂ ਡੰਗ ਟਪਾਉਣ ਦੀ ਹੈ। ਕੇਂਦਰ ਉਤੇ ਵਿਤਕਰੇ ਦਾ ਦੋਸ਼ ਦੁਹਰਾਉਂਦੇ ਰਹਿਣ ਤੋਂ ਇਲਾਵਾ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਇਹ ਕਰਜ਼ਾ ਅਤਿਵਾਦ ਵਿਰੁਧ ਲੜਾਈ ਸਮੇਂ ਕੇਂਦਰ ਤੋਂ ਲਿਆ ਸੀ। ਸੱਚ ਇਹ ਹੈ ਕਿ ਅਤਿਵਾਦ ਨਾਲ ਸਬੰਧਤ ਕਰਜ਼ਾ ਸਵਰਗੀ ਇੰਦਰ ਕੁਮਾਰ ਗੁਜਰਾਲ ਦੇ ਪ੍ਰਧਾਨ ਮੰਤਰੀ ਕਾਲ ਵਿਚ ਮੋਟੇ ਤੌਰ ਉਤੇ ਮਾਫ਼ ਕਰ ਦਿੱਤਾ ਗਿਆ ਸੀ। ਹੁਣ ਪੰਜਾਬ ਸਿਰ ਕੇਂਦਰ ਦਾ ਕਰਜ਼ਾ ਕੁੱਲ 36 ਅਰਬ 58 ਕਰੋੜ ਰੁਪਏ ਹੈ। ਬਾਕੀ ਸਾਰਾ ਹੀ ਕਰਜ਼ਾ ਇਧਰੋਂ-ਉਧਰੋਂ ਲਿਆ ਹੋਇਆ ਹੈ।***

ਖੇਤੀ ਨਾਲ ਸੱਤਰ ਫ਼ੀਸਦੀ ਲੋਕ ਕਿਸੇ ਨਾ ਕਿਸੇ ਰੂਪ ਵਿਚ ਅਤੇ ਕਿਸੇ ਨਾ ਕਿਸੇ ਹੱਦ ਤੱਕ ਜੁੜੇ ਹੋਏ ਹਨ। ਪੰਜਾਬ ਦੀ ਖੇਤੀ ਦੀ ਵਿਕਾਸ-ਦਰ ਸਮੁੱਚੇ ਦੇਸ ਦੇ ਮੁਕਾਬਲੇ ਅੱਧੀ ਹੈ। ਇਹ ਸਾਰਾ ਕੁਚੱਕਰ ਹੀ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਹੈ। ਅੱਜ ਦੇ ਮਸ਼ੀਨੀ ਜੁੱਗ ਵਿਚ ਵੀ ਪੰਜਾਬ ਦੀ ਸਨਅਤ ਵਿਕਾਸ ਕਰਨ ਦੀ ਥਾਂ ਪਿੱਛਲਖੁਰੀ ਭੱਜ ਰਹੀ ਹੈ। ਸਰਕਾਰੀ ਤੇ ਸਹਿਕਾਰੀ ਸਨਅਤਾਂ ਘਾਟੇ ਵਿਚ ਚਲਦੀਆਂ ਹਨ। ਕੁਛ ਸਨਅਤਾਂ ਸਾਹ ਘੜੀਸ ਰਹੀਆਂ ਹਨ ਅਤੇ ਕੁਛ ਬੰਦ ਹੋ ਰਹੀਆਂ ਹਨ। ਸਨਅਤੀ ਖੇਤਰ ਵਿਚ ਨਵੀਂ ਪੂੰਜੀ ਆ ਨਹੀਂ ਰਹੀ। ਸਰਕਾਰ ਦੇਸੀ ਸਨਅਤਕਾਰਾਂ ਨੂੰ ਖਿੱਚਣ ਤੋਂ ਤਾਂ ਅਸਮਰੱਥ ਰਹੀ ਹੀ ਹੈ, ਪਰਦੇਸੀ ਪੰਜਾਬੀਆਂ ਦੀ ਪੰਜਾਬ ਵਿਚ ਧਨ ਲਾਉਣ ਦੀ ਇੱਛਾ ਦਾ ਵੀ ਲਾਭ ਲੈਣ ਵਿਚ ਅਸਫ਼ਲ ਰਹੀ ਹੈ।

ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਇਸ ਹਾਲਤ ਦਾ ਹੱਲ ਕੀ ਕੱਢਿਆ ਹੈ?

ਇਕ ਤਾਂ ਸ. ਪ੍ਰਕਾਸ਼ ਸਿੰਘ ਬਾਦਲ ਤੋਂ ਲੈ ਕੇ ਛੋਟੇ-ਮੋਟੇ ਜਥੇਦਾਰ ਤੱਕ ਹਰ ਕੋਈ ਮੌਕੇ-ਬੇਮੌਕੇ ਪੰਜਾਬ ਨਾਲ ਕੇਂਦਰ ਦੇ ਵਿਤਕਰੇ ਦਾ ਰਾਗ ਅਲਾਪਦਾ ਰਹਿੰਦਾ ਹੈ। ਉਹ ਅਜਿਹੀ ਕੋਈ ਮਿਸਾਲ ਨਹੀਂ ਦਿੰਦੇ ਜੋ ਸਿੱਧ ਕਰੇ ਕਿ ਕੇਂਦਰ ਨੇ ਸੰਵਿਧਾਨ ਅਨੁਸਾਰ ਬਣਦਾ ਪੰਜਾਬ ਦਾ ਅਮਕਾ ਹੱਕ ਮਾਰਿਆ ਹੈ। ਜਾਂ ਦੂਜੇ ਰਾਜਾਂ ਦੇ ਮੁਕਾਬਲੇ ਅਮਕਾ ਵਿਤਕਰਾ ਕੀਤਾ ਗਿਆ ਹੈ। ਉਨ੍ਹਾਂ ਨੇ ਕਦੀ ਇਹ ਵੀ ਨਹੀਂ ਦੱਸਿਆ ਕਿ ਦੇਸ਼ ਦੇ ਦੋ ਦਰਜਨ ਤੋਂ ਵੱਧ ਰਾਜਾਂ ਵਿਚੋਂ ਵਿਤਕਰਾ ਕਰਨ ਲਈ ਕੇਂਦਰ ਪੰਜਾਬ ਨੂੰ ਹੀ ਕਿਉਂ ਚੁਣਦਾ ਹੈ।

ਦੂਜੇ, ਮੁੱਖ ਮੰਤਰੀ ਜੀ ਜੇਬ ਵਿਚ ਸਰਕਾਰੀ ਚੈਕਬੁੱਕ ਪਾ ਕੇ ਦੌਰੇ ਉਤੇ ਚੜ੍ਹਦੇ ਹਨ। ਉਹ ਇਹ ਦੌਰੇ ਖਾਸ ਕਰਕੇ ਆਪਣੇ ਇਲਾਕੇ ਵਿਚ ਜਾਂ ਹੋਰ ਅਜਿਹੇ ਇਲਾਕਿਆਂ ਵਿਚ ਕਰਦੇ ਹਨ ਜਿਥੇ ਮਿਹਰਬਾਨ ਹੋਣ ਦਾ ਕੋਈ ਵਿਸ਼ੇਸ਼ ਕਾਰਨ ਹੋਵੇ। ਉਥੇ ਉਹ 'ਸੰਗਤ ਦਰਸ਼ਨ' ਦੇ ਨਾਂ ਹੇਠ ਰਾਜ-ਦਰਬਾਰ ਲਾਉਂਦੇ ਹਨ ਅਤੇ ਪਹਿਲਾਂ ਤੋਂ ਐਲਾਨੀਆਂ ਹੋਈਆਂ ਛੋਟੀਆਂ ਛੋਟੀਆਂ ਸਰਕਾਰੀ ਸਕੀਮਾਂ ਦੇ ਹੱਕਦਾਰਾਂ ਨੂੰ ਚੈਕ ਵੰਡਦੇ ਹਨ ਤਾਂ ਜੋ ਲੋਕਾਂ ਨੂੰ ਸਰਕਾਰ ਬਾਰੇ ਉਨ੍ਹਾਂ ਦੇ ਭਲੇ ਲਈ ਕੰਮ ਕਰਦੀ ਹੋਣ ਦਾ ਭੁਲੇਖਾ ਬਣਿਆ ਰਹਿ ਸਕੇ।

ਤੀਜੇ, ਪੰਜਾਬ ਦੀ ਨਿੱਘਰੀ ਹੋਈ ਮਾਲੀ ਹਾਲਤ ਦੇ ਅਸਲ ਦਰਪਣ ਸਰਕਾਰ ਸਿਰ ਚੜ੍ਹੇ ਕਰਜ਼ੇ ਦੇ ਸੱਚ ਨੂੰ ਸਿਰ-ਪਰਨੇ ਕਰ ਕੇ ਪੇਸ਼ ਕੀਤਾ ਜਾਂਦਾ ਹੈ। ਪੰਜਾਬ ਸਿਰ ਇਸ ਵੇਲੇ 8 ਖਰਬ 90 ਅਰਬ ਰੁਪਏ ਦਾ ਕਰਜ਼ਾ ਹੈ। ਪਿਛਲੇ ਸਾਲ ਇਸ ਵਿਚ 85 ਅਰਬ ਰੁਪਏ ਵਾਧਾ ਹੋਇਆ ਸੀ, ਇਸ ਸਾਲ ਇਸ ਨਾਲੋਂ ਡੇਢਾ ਵਾਧਾ ਹੋ ਕੇ ਕੁੱਲ ਕਰਜ਼ਾ 10 ਖਰਬ 22 ਅਰਬ 88 ਕਰੋੜ ਰੁਪਏ ਹੋ ਜਾਵੇਗਾ। ਦਿਲਚਸਪ ਗੱਲ ਇਹ ਹੈ ਕਿ ਨਵਾਂ ਕਰਜ਼ਾ ਚੁੱਕ ਕੇ ਵੀ ਪੁਰਾਣੇ ਕਰਜ਼ੇ ਦਾ ਵਿਆਜ ਅਤੇ ਕਿਸ਼ਤ ਮੋੜਨ ਮਗਰੋਂ ਵਿਕਾਸ ਦਾ ਕੋਈ ਕੰਮ ਹੱਥ ਲੈਣ ਵਾਸਤੇ ਮਾਮੂਲੀ ਰਕਮ ਹੀ ਪੱਲੇ ਪੈਂਦੀ ਹੈ। ਸਰਕਾਰ ਵੱਲੋਂ ਦੱਸਿਆ ਜਾਂਦਾ ਇਹ ਕਰਜ਼ਾ ਅਰਧ-ਸੱਚ ਹੈ। ਲਗਭਗ ਏਨਾਂ ਹੀ ਕਰਜ਼ਾ ਕਈ ਸਰਕਾਰੀ ਸੰਸਥਾਵਾਂ ਦੇ ਸਿਰ ਹੈ ਜਿਸ ਦੀ ਜਾਮਨ ਪੰਜਾਬ ਸਰਕਾਰ ਹੈ। ਮਿਸਾਲ ਵਜੋਂ, ਇਕੱਲੇ ਪੰਜਾਬ ਪਾਵਰ ਕਾਰਪੋਰੇਸ਼ਨ ਸਿਰ 7 ਖਰਬ 10 ਅਰਬ ਰੁਪਏ ਦਾ ਕਰਜ਼ਾ ਹੈ। ਯਾਦ ਰਹੇ, ਵੱਡੇ ਬਾਦਲ ਸਾਹਿਬ ਦਾ ਭਤੀਜਾ, ਤਦਕਾਲੀ ਵਿਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਇਸੇ ਕਰਜ਼ੇ ਵਿਚੋਂ ਪੰਜਾਬ ਨੂੰ ਕੱਢਣ ਦੀ ਦੁਹਾਈ ਦੇਣ ਕਾਰਨ ਅਕਾਲੀ ਦਲ ਵਿਚੋਂ ਕੱਢ ਦਿੱਤਾ ਗਿਆ ਸੀ।

ਸਰਕਾਰ ਦੀ ਨੀਤੀ ਕਿਸੇ ਪੱਕੇ ਹੱਲ ਦੀ ਥਾਂ ਡੰਗ ਟਪਾਉਣ ਦੀ ਹੈ। ਕੇਂਦਰ ਉਤੇ ਵਿਤਕਰੇ ਦਾ ਦੋਸ਼ ਦੁਹਰਾਉਂਦੇ ਰਹਿਣ ਤੋਂ ਇਲਾਵਾ ਇਹ ਪ੍ਰਚਾਰ ਲਗਾਤਾਰ ਕੀਤਾ ਜਾਂਦਾ ਹੈ ਕਿ ਇਹ ਕਰਜ਼ਾ ਅਤਿਵਾਦ ਵਿਰੁਧ ਲੜਾਈ ਸਮੇਂ ਕੇਂਦਰ ਤੋਂ ਲਿਆ ਗਿਆ ਸੀ ਜਿਸ ਨੂੰ ਉਹ ਮਾਫ਼ ਨਹੀਂ ਕਰ ਰਿਹਾ। ਸੱਚ ਇਹ ਹੈ ਕਿ ਅਤਿਵਾਦ ਨਾਲ ਸਬੰਧਤ ਕਰਜ਼ਾ ਸਵਰਗੀ ਇੰਦਰ ਕੁਮਾਰ ਗੁਜਰਾਲ ਦੇ ਪ੍ਰਧਾਨ ਮੰਤਰੀ ਕਾਲ ਵਿਚ ਮੋਟੇ ਤੌਰ ਉਤੇ ਮਾਫ਼ ਕਰ ਦਿੱਤਾ ਗਿਆ ਸੀ। ਹੁਣ ਪੰਜਾਬ ਸਿਰ ਕੇਂਦਰ ਦਾ ਕਰਜ਼ਾ ਕੁੱਲ 36 ਅਰਬ 58 ਕਰੋੜ ਰੁਪਏ ਹੈ। ਬਾਕੀ ਸਾਰਾ ਹੀ ਕਰਜ਼ਾ ਇਧਰੋਂ-ਉਧਰੋਂ ਲਿਆ ਹੋਇਆ ਹੈ। ਪੁਰਾਣੇ ਜ਼ਮਾਨੇ ਦੇ ਘਰੇਲੂ ਭਾਂਡੇ ਵੇਚਣ ਵਾਲੇ ਅਮਲੀਆਂ ਵਾਂਗ ਸਰਕਾਰੀ ਜਾਇਦਾਦਾਂ ਵੇਚੀਆਂ ਜਾ ਰਹੀਆਂ ਹਨ। ਲੋਕ-ਭਲਾਈ ਦੀਆਂ ਕਈ ਕੇਂਦਰੀ ਸਕੀਮਾਂ ਵਿਚ ਦੋਵਾਂ ਸਰਕਾਰਾਂ ਦੀ ਬੱਝਵੀਂ ਫ਼ੀਸਦੀ ਦੀ ਹਿੱਸੇਦਾਰੀ ਹੁੰਦੀ ਹੈ। ਆਪਣਾ ਹਿੱਸਾ ਮਿਲਾ ਕੇ ਉਹ ਸਕੀਮ ਲਾਗੂ ਕਰਨ ਦੀ ਥਾਂ ਕੇਂਦਰ ਤੋਂ ਆਏ ਪੈਸੇ ਨੂੰ ਹੋਰ ਕੰਮਾਂ ਉਤੇ ਖਰਚਿਆ ਜਾ ਰਿਹਾ ਹੈ। ਲੇਖਾ-ਪੜਤਾਲੀਏ ਇਨ੍ਹਾਂ ਗੱਲਾਂ ਬਦਲੇ ਸਰਕਾਰ ਨੂੰ ਵਾਰ ਵਾਰ ਕਟਹਿਰੇ ਵਿਚ ਖੜ੍ਹਾ ਕਰਦੇ ਰਹਿੰਦੇ ਹਨ। ਪੰਜਾਬ ਸਰਕਾਰ ਮੰਨੇ ਜਾਂ ਨਾ ਮੰਨੇ ਕਿ ਉਸ ਦੇ ਵਿਕਾਸ ਦਾ 'ਕ' ਅਸਲ ਵਿਚ 'ਨ' ਵਿਚ ਬਦਲ ਕੇ ਵਿਨਾਸ ਬਣ ਗਿਆ ਹੈ, ਉਸ ਦੀ ਹਾਲਤ ਇਸ ਲੋਕਗੀਤ ਵਾਲੀ ਹੋ ਚੁੱਕੀ ਹੈ, "ਝੱਗੇ ਟਾਕੀਆਂ, ਪਾਟ ਗਿਆ ਸਾਫ਼ਾ, ਯਾਰ ਨੰਗ ਹੋ ਗਿਆ ਕੁੜੀਓ!"

# ਤਬਦੀਲੀ ਦੀ ਤਾਂਘ ਉਪਰ ਭਗਵੇਂ ਖਤਰੇ ਦੇ ਬੱਦਲ

ਬੂਟਾ ਸਿੰਘ
ਫੋਨ: 91-94634-74342

ਲੰਘੀ 27 ਦਸੰਬਰ ਨੂੰ ਅਹਿਮਦਾਬਾਦ ਦੀ ਅਦਾਲਤ ਵਲੋਂ ਮੁਸਲਮਾਨਾਂ ਦੀ ਕਤਲੋਗ਼ਾਰਤ ਲਈ ਜ਼ਿੰਮੇਵਾਰ ਨਰੇਂਦਰ ਮੋਦੀ ਨੂੰ ਬੇਗੁਨਾਹੀ ਦਾ ਪ੍ਰਮਾਣ ਪੱਤਰ ਦੇਣ ਦੇ ਹਿੰਦੋਸਤਾਨ ਦੀ ਮੁੱਖਧਾਰਾ ਸਿਆਸਤ ਅਤੇ ਅਵਾਮ ਦੋਵਾਂ ਲਈ ਡੂੰਘੇ ਮਾਇਨੇ ਹਨ। ਮੈਜਿਸਟਰੇਟ ਨੇ ਆਪਣੇ ਸਾਢੇ ਤਿੰਨ ਸੌ ਸਫ਼ਿਆਂ ਦੇ ਫ਼ੈਸਲੇ ਵਿਚ ਦਲੀਲ ਦਿੱਤੀ ਕਿ 28 ਫਰਵਰੀ 2002 ਦੇ ਦਿਨ ਗੁਜਰਾਤ ਵਿਚ ਮੁਸਲਮਾਨਾਂ ਦੀ ਵੱਡੇ ਪੈਮਾਨੇ ਦੀ ਕਤਲੋਗ਼ਾਰਤ ਦੌਰਾਨ ਅਹਿਮਦਾਬਾਦ ਦੇ ਗੁਲਬਰਗ ਸੁਸਾਇਟੀ ਇਲਾਕੇ ਵਿਚ 69 ਮੁਸਲਮਾਨਾਂ ਦਾ ਕਤਲੇਆਮ ਕਰਾਉਣ ਦਾ ਜੋ ਇਲਜ਼ਾਮ ਮੋਦੀ ਉੱਪਰ ਹੈ, ਉਸ ਦਾ ਕੋਈ ਸਬੂਤ ਨਹੀਂ ਹੈ। ਕਾਂਗਰਸ ਦੇ ਸਾਬਕਾ ਪਾਰਲੀਮੈਂਟ ਮੈਂਬਰ ਅਹਿਸਾਨ ਜਾਫ਼ਰੀ ਜਿਸ ਨੂੰ ਉਦੋਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ, ਦੀ ਪਤਨੀ ਜ਼ਾਕੀਆ ਜਾਫ਼ਰੀ ਦੀ ਪਟੀਸ਼ਨ ਖਾਰਜ ਕਰ ਦੇਣ ਦੇ ਅਦਾਲਤੀ ਫ਼ੈਸਲੇ ਨੇ ਇਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਇਸ ਮੁਲਕ ਦੇ ਨਿਆਂ ਪ੍ਰਬੰਧ ਵਿਚ ਜ਼ਾਲਮਾਂ ਦੇ ਹੱਕ ਵਿਚ ਕਿੰਨੀ ਲਚਕ ਹੈ। ਧਨਕੁਬੇਰ ਤੇ ਬਾਰਸੂਖ਼ ਕੁਲੀਨ ਹਿੱਸੇ ਇਨਸਾਨੀਅਤ ਦੇ ਖ਼ਿਲਾਫ਼ ਘਿਨਾਉਣੇ ਤੋਂ ਘਿਨਾਉਣੇ ਜੁਰਮ ਕਰ ਕੇ ਵੀ ਇਨਸਾਫ਼ ਦੀ ਕੁਰਸੀ ਤੋਂ ਬੇਗੁਨਾਹੀ ਦਾ ਪ੍ਰਮਾਣ ਪੱਤਰ ਮੌਜ ਨਾਲ ਹੀ ਹਾਸਲ ਕਰ ਲੈਂਦੇ ਹਨ। ਇਸ ਕੇਸ ਨੂੰ ਹਾਈ ਕੋਰਟ ਵਿਚ ਲਿਜਾਣ ਤੋਂ ਰੋਕਣ ਲਈ ਮੋਦੀ ਦੇ ਇਸ਼ਾਰੇ 'ਤੇ ਗੁਜਰਾਤ ਪੁਲਿਸ ਨੇ ਇਸ ਮਾਮਲੇ ਦੇ ਪੈਰਵਾਈਕਰਤਾ ਸਮਾਜਕ ਕਾਰਕੁਨਾਂ ਤੀਸਤਾ ਸੀਤਲਵਾੜ ਅਤੇ ਜਾਵੇਦ ਆਨੰਦ ਦੇ ਖ਼ਿਲਾਫ਼ ਕਤਲੋਗ਼ਾਰਤ ਪੀੜਤਾਂ ਲਈ ਫੰਡਾਂ ਵਿਚ ਧੋਖਾਧੜੀ ਦਾ ਕੇਸ ਵੀ ਦਰਜ ਕਰ ਲਿਆ ਹੈ।

ਚੇਤੇ ਰੱਖਣਾ ਪਵੇਗਾ ਕਿ ਅਦਾਲਤ ਵਲੋਂ ਮੋਦੀ ਨੂੰ ਬੇਗੁਨਾਹੀ ਦਾ ਪ੍ਰਮਾਣ ਪੱਤਰ ਦੇਣਾ, ਹਿੰਦੂਤਵੀ ਬ੍ਰਿਗੇਡ ਵਲੋਂ ਇਸ ਨੂੰ 'ਸਚਾਈ ਦੀ ਜਿੱਤ' ਐਲਾਨ ਕੇ ਇਸ ਦੇ ਜਸ਼ਨ ਮਨਾਉਣਾ, ਆਲਮੀ ਤੇ ਮੁਲਕ ਦੀ ਕਾਰਪੋਰੇਟ ਸਰਮਾਏਦਾਰੀ ਵਲੋਂ ਮੋਦੀ ਦੀਆਂ ਘੋੜੀਆਂ ਗਾਉਣਾ ਅਤੇ ਮੋਦੀ ਵਲੋਂ ਬਾਰਾਂ ਵਰ੍ਹੇ ਬਾਅਦ ਮੁਸਲਮਾਨਾਂ ਦੀ ਕਤਲੋਗ਼ਾਰਤ ਨੂੰ 'ਧੁਰ ਅੰਦਰ ਤਕ ਹਿਲਾ ਦੇਣ ਵਾਲਾ' ਵਾਕਿਆ ਬਿਆਨ ਕਰਦਿਆਂ ਗਿਰਗਿਟੀ ਰੰਗ ਦਿਖਾਉਣਾ, ਸੰਘ ਪਰਿਵਾਰ ਦੀ ਦੂਰ-ਅੰਦੇਸ਼ ਚੋਣ ਰਣਨੀਤੀ ਦੀ ਦੱਸ ਪਾਉਣ ਵਾਲੇ ਐਸੇ ਟੁਕੜੇ ਹਨ ਜਿਨ੍ਹਾਂ ਦੀਆਂ ਕੜੀਆਂ ਨੂੰ ਜੇ ਸਹੀ ਚੌਖਟੇ ਵਿਚ ਰੱਖ ਕੇ ਅਤੇ ਆਪਸ ਵਿਚ ਜੋੜ ਕੇ ਦੇਖਿਆ-ਪਰਖਿਆ ਜਾਵੇ ਤਾਂ ਭਗਵੀਂ ਚੋਣ ਯੁੱਧਨੀਤੀ ਦੀ ਸਾਲਮ ਤਸਵੀਰ ਉਘੜ ਆਉਂਦੀ ਹੈ। ਇਨ੍ਹਾਂ ਦਾ ਸਿੱਧਾ ਸਬੰਧ ਇਸ ਸਾਲ ਹੋ ਰਹੀਆਂ ਆਮ ਚੋਣਾਂ ਨਾਲ ਹੈ ਅਤੇ ਇਨ੍ਹਾਂ ਵਿਚੋਂ ਇਸ ਮੁਲਕ ਦੇ ਸਿਰ ਉੱਪਰ ਮੰਡਲਾ ਰਹੇ ਹਿੰਦੂਤਵੀ ਖ਼ਤਰੇ ਦੇ ਆਸਾਰ ਸਪਸ਼ਟ ਨਜ਼ਰ ਆਉਂਦੇ ਹਨ।

ਭਗਵੀਂ ਯੁੱਧਨੀਤੀ ਦਾ ਧੁਰਾ ਹੈ ਮੁਲਕ ਦੀ ਸਥਾਪਤੀ ਦਾ ਇਹ ਡੂੰਘਾ ਸਰੋਕਾਰ ਕਿ ਇਸ ਕਾਰਪੋਰੇਟਤੰਤਰ ਨੂੰ ਭਵਿੱਖ ਵਿਚ ਸੁਚਾਰੂ ਢੰਗ ਨਾਲ ਚਲਾਉਣ ਲਈ ਮੁੱਖਧਾਰਾ ਸਿਆਸਤ ਦਾ ਕਿਹੜਾ ਸਿਆਸੀ ਧੜਾ ਪ੍ਰਭਾਵਸ਼ਾਲੀ ਹੋ ਸਕਦਾ ਹੈ। ਨਹਿਰੂ ਖ਼ਾਨਦਾਨ ਦੇ ਲੰਗੋਟ ਨਾਲ ਬੱਝੀ ਕਾਂਗਰਸ ਦੀ ਵਜ਼ਾਰਤ ਦੋ ਪਾਰੀਆਂ ਵਿਚ ਪੂਰਾ ਇਕ ਦਹਾਕਾ ਕਾਰਪੋਰੇਟ ਸਰਮਾਏਦਾਰੀ ਦੀ ਰੱਜਵੀਂ ਖ਼ਿਦਮਤ ਕਰ ਕੇ ਆਪਣਾ ਫਰਜ਼ ਵੀ ਨਿਭਾਅ ਚੁੱਕੀ ਹੈ ਅਤੇ ਮੁਲਕ ਦੀ ਬੇਰਹਿਮੀ ਨਾਲ ਲੁੱਟਮਾਰ ਕਰ/ਕਰਵਾ ਕੇ ਤਸੱਲੀ ਨਾਲ ਆਪਣਾ ਰੱਜ ਵੀ ਕਰ ਚੁੱਕੀ ਹੈ। ਮਨਮੋਹਨ ਸਿੰਘ ਵਰਗਿਆਂ ਦੀ 'ਸ਼ਰਾਫ਼ਤ' ਦੇ ਮੁਖੌਟਿਆਂ ਦੀ ਓਟ ਅਤੇ ਭਾਜਪਾ ਤੋਂ ਬਦਜ਼ਨੀ ਦਾ ਲਾਹਾ ਲੈ ਕੇ ਸੱਤਾਧਾਰੀ ਹੋਏ, ਕਾਰਪੋਰੇਟ ਸਰਮਾਏਦਾਰੀ ਨਾਲ ਮਿਲ ਕੇ ਭ੍ਰਿਸ਼ਟਾਚਾਰ ਅਤੇ ਘੁਟਾਲਿਆਂ ਨਾਲ ਬੁਰੀ ਤਰ੍ਹਾਂ ਕਲੰਕਤ ਹੋਏ ਇਹ ਦਲਾਲ ਕਿਰਦਾਰ ਜੱਗ ਜ਼ਾਹਰ ਹੋ ਚੁੱਕੇ ਹਨ। ਕਾਂਗਰਸ ਲਈ ਸਮੱਸਿਆ ਹੁਣ ਇਹ ਹੈ ਕਿ ਇਸ ਵਕਤ ਇਸ ਕੋਲ ਕੋਈ ਐਸਾ ਪ੍ਰਭਾਵਸ਼ਾਲੀ ਆਗੂ ਨਹੀਂ ਹੈ ਜੋ ਸੋਨੀਆ ਗਾਂਧੀ ਦੀ ਛੱਤਰੀ ਹੇਠ ਜੁੜੇ ਕਾਂਗਰਸੀ ਗੁੱਟਾਂ ਨੂੰ ਆਪਣੇ ਮਗਰ ਲਾਮਬੰਦ ਕਰ ਕੇ ਅਗਲੀਆਂ ਆਮ ਚੋਣਾਂ ਦੇ ਭਵ-ਸਾਗਰ ਵਿਚ ਇਸ ਦਾ ਬੇੜਾ ਬੰਨੇ ਲਾ ਸਕੇ। ਹਾਲ ਹੀ ਵਿਚ ਮਨਮੋਹਨ ਸਿੰਘ ਵਲੋਂ ਅਗਲੀ ਵਾਰ ਪ੍ਰਧਾਨ ਮੰਤਰੀ ਦੀ ਉਮੀਦਵਾਰੀ ਦਾ ਖ਼ਾਹਿਸ਼ਮੰਦ ਨਾ ਹੋਣ ਅਤੇ ਰਾਹੁਲ ਗਾਂਧੀ ਨੂੰ ਇਸ ਅਹੁਦੇ ਦੇ ਕਾਬਲ ਦੱਸਣ ਦੇ ਬਿਆਨਾਂ ਤੋਂ ਜ਼ਾਹਿਰ ਹੈ ਕਿ ਕਾਂਗਰਸ ਵਲੋਂ ਹਰ ਹਾਲਤ 'ਚ ਰਾਹੁਲ ਗਾਂਧੀ ਨੂੰ ਹੀ ਅਗਲੇ ਪ੍ਰਧਾਨ ਮੰਤਰੀ ਵਜੋਂ ਪੇਸ਼ ਕੀਤਾ ਜਾਣਾ ਤੈਅ ਹੈ। ਵੱਖਰਾ ਸਵਾਲ ਹੈ ਕਿ ਇਹ ਖ਼ਾਨਦਾਨੀ ਸਟਾਰ ਕੋਈ ਸਿਆਸੀ ਕ੍ਰਿਸ਼ਮਾ ਕਰ ਕੇ ਕਾਂਗਰਸ ਦੀ ਦੁਰਦਸ਼ਾ ਦੀ ਕਾਇਆਕਲਪ ਕਰ ਦੇਣ ਦੇ ਸਮਰੱਥ ਨਹੀਂ ਹੈ। ਇਹ ਹਾਲੀਆ ਵਿਧਾਨ ਸਭਾ ਚੋਣਾਂ ਨੇ ਵੀ ਦਿਖਾ ਦਿੱਤਾ ਹੈ।

ਇਨ੍ਹਾਂ ਹਾਲਾਤ ਦੇ ਮੱਦੇਨਜ਼ਰ, ਕਾਰਪੋਰੇਟ ਸਰਮਾਏਦਾਰੀ ਦੇ ਵੱਡੇ ਹਿੱਸੇ ਨੂੰ ਹੁਣ ਅਗਲੀਆਂ ਚੋਣਾਂ ਵਿਚ ਕਾਂਗਰਸ ਤੋਂ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਦੀ ਉਮੀਦ ਨਹੀਂ ਹੈ। ਕਾਂਗਰਸ ਨੂੰ ਫਿਲਹਾਲ ਪਾਸੇ ਕਰਨ 'ਚ ਉਨ੍ਹਾਂ ਨੂੰ ਕੋਈ ਉਜ਼ਰ ਵੀ ਨਹੀਂ ਹੈ, ਪਰ ਸਮੱਸਿਆ ਇਹ ਹੈ ਕਿ ਮੁੱਖਧਾਰਾ ਦੀ ਹੋਰ ਕੋਈ ਸਿਆਸੀ ਪਾਰਟੀ ਕਾਂਗਰਸ ਦਾ ਬਦਲ ਬਣਨ ਜੋਗੀ ਨਹੀਂ ਹੈ ਜੋ ਇਸ ਨਿਜ਼ਾਮ ਤੋਂ ਅਵਾਮ ਦੀ ਬਦਜ਼ਨੀ ਦਾ ਲਾਹਾ ਲੈ ਕੇ ਸਥਾਪਤੀ ਨੂੰ ਅਗਲੇ ਪੰਜ ਸਾਲ ਲਈ ਸਿਆਸੀ ਸਥਿਰਤਾ ਦੇ ਸਕੇ। ਲਿਹਾਜ਼ਾ ਉਨ੍ਹਾਂ ਦੀ ਜ਼ਿਆਦਾਤਰ ਟੇਕ ਭਗਵੇਂ ਬ੍ਰਿਗੇਡ ਉਪਰ ਹੀ ਹੈ।

ਸੰਘ ਪਰਿਵਾਰ ਇਹ ਭਲੀਭਾਂਤ ਜਾਣਦਾ ਹੈ ਕਿ ਅਵਾਮ ਤਬਦੀਲੀ ਚਾਹੁੰਦਾ ਹੈ। ਇਹ ਵੀ ਕਿ ਇਸ ਵਕਤ ਅਵਾਮ ਕੋਲ ਇਹ ਬੁੱਝ ਸਕਣ ਦੀ ਸਿਆਸੀ ਸੂਝ ਨਾਦਾਰਦ ਹੈ ਕਿ ਕਾਂਗਰਸ ਦੀ ਥਾਂ ਆਉਣ ਵਾਲੇ ਭਗਵੇਂ ਬ੍ਰਿਗੇਡ ਦੇ ਆਰਥਿਕ ਏਜੰਡੇ ਵਿਚ ਕਾਂਗਰਸ ਤੋਂ ਵੱਖਰਾ ਕੁਝ ਨਹੀਂ ਹੈ। ਸੰਘ ਪਰਿਵਾਰ ਲਈ ਆਮ ਚੋਣਾਂ ਲੰਮੇ ਸਮੇਂ ਲਈ ਮੁਲਕ ਪੱਧਰ 'ਤੇ ਸੱਤਾ ਹਥਿਆਉਣ ਦਾ ਸੁਨਹਿਰੀ ਮੌਕਾ ਹੈ ਕਿਉਂਕਿ ਕਾਰਪੋਰੇਟ ਸਰਮਾਏਦਾਰੀ ਦੇ ਅਹਿਮ ਹਿੱਸੇ ਮੋਦੀ ਦੇ 'ਵਿਕਾਸ ਮਾਡਲ' ਤੋਂ ਪੂਰੇ ਖੁਸ਼ ਹਨ ਅਤੇ ਖੁੱਲ੍ਹ ਕੇ ਉਸ ਦੀ ਹਮਾਇਤ ਕਰ ਰਹੇ ਹਨ। ਦਰਅਸਲ, ਸੰਘ ਪਰਿਵਾਰ ਦੀ ਟੇਕ ਮਹਿਜ਼ ਕਾਂਗਰਸ ਤੋਂ ਬਦਜ਼ਨੀ ਅਤੇ ਕਾਰਪੋਰੇਟ ਹਮਾਇਤ ਉਪਰ ਹੀ ਨਹੀਂ ਹੈ। ਇਕ ਹੋਰ ਤੱਥ ਵੀ ਉਨ੍ਹਾਂ ਲਈ ਕਾਫ਼ੀ ਸਾਜ਼ਗਾਰ ਹੈ। 'ਸੈਂਟਰ ਫਾਰ ਦਿ ਸਟੱਡੀ ਆਫ ਡਿਵੈਲਪਿੰਗ ਸੁਸਾਇਟੀਜ਼' ਵਲੋਂ ਆਈ.ਬੀ.ਐੱਨ-ਸੀ.ਐੱਨ.ਐੱਨ.-ਹਿੰਦੁਸਤਾਨ ਟਾਈਮਜ਼ ਲਈ ਕੀਤੇ ਕੌਮੀ ਹਾਲਤ ਦੇ ਸਰਵੇਖਣ (2007) ਮੁਤਾਬਕ "ਲੰਘੇ ਪੰਜ ਸਾਲਾਂ ਦੌਰਾਨ ਹਿੰਦੁਸਤਾਨੀਆਂ ਵਿਚ ਧਾਰਮਿਕਤਾ ਦੇ ਪੱਧਰ ਵਿਚ ਚੋਖਾ ਵਾਧਾ ਹੋਇਆ ਹੈ। 30 ਫ਼ੀ ਸਦੀ ਲੋਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਪੰਜ ਸਾਲਾਂ ਵਿਚ ਉਹ ਵਧੇਰੇ ਧਾਰਮਿਕ ਹੋਏ ਹਨ। ਸਿਰਫ਼ 5 ਫ਼ੀ ਸਦੀ ਜਨਤਾ ਹੀ ਐਸੀ ਸੀ ਜਿਸ ਨੇ ਇਸ ਦਾ ਜਵਾਬ ਨਾਂਹ 'ਚ ਦਿੱਤਾ ਸੀ।" ਇਸੇ ਰਾਇ-ਸ਼ੁਮਾਰੀ ਵਿਚ ਇਹ ਵੀ ਸਾਹਮਣੇ ਆਇਆ ਕਿ ਪੜ੍ਹਾਈ-ਲਿਖਾਈ ਅਤੇ ਆਧੁਨਿਕ ਜ਼ਿੰਦਗੀ ਨਾਲ ਬਾਵਸਤਾ ਹੋ ਕੇ ਉਨ੍ਹਾਂ ਦੀ ਧਾਰਮਿਕਤਾ ਘਟੀ ਨਹੀਂ, ਸਗੋਂ ਵਧੀ ਹੈ। ਰਾਇ-ਸ਼ੁਮਾਰੀ ਦਾ ਨਿਚੋੜ ਇਹ ਹੈ ਕਿ "ਸ਼ਹਿਰਾਂ ਦੇ ਪੜ੍ਹੇ-ਲਿਖੇ ਹਿੰਦੁਸਤਾਨੀ ਆਪਣੇ ਪੇਂਡੂ ਤੇ ਅਨਪੜ੍ਹ ਹਮਵਤਨੀਆਂ ਨਾਲੋਂ ਵਧੇਰੇ ਧਾਰਮਿਕ ਹਨ... ਪਿੰਡਾਂ ਦੀ ਬਜਾਏ ਸ਼ਹਿਰਾਂ ਅਤੇ ਕਸਬਿਆਂ ਵਿਚ ਧਾਰਮਿਕਤਾ ਵਿਚ ਜ਼ਿਆਦਾ ਵਧੀ ਹੈ।"

ਮਸ਼ਹੂਰ ਚਿੰਤਕ ਮੀਰਾ ਨੰਦਾ ਵੀ ਆਪਣੀ ਅਹਿਮ ਕਿਤਾਬ 'ਦਿ ਗੌਡ ਮਾਰਕੀਟ' ਵਿਚ ਹਾਲਾਤ ਦਾ ਇਸੇ ਤਰ੍ਹਾਂ ਦਾ ਜਾਇਜ਼ਾ ਪੇਸ਼ ਕਰਦੀ ਹੈ: "ਹਰਮਨਪਿਆਰੇ ਹਿੰਦੂਵਾਦ ਦਾ ਮਹਾਂ ਉਭਾਰ ਸਾਹਮਣੇ ਆ ਰਿਹਾ ਹੈ... ਅਮੀਰ ਅਤੇ ਗ਼ਰੀਬ, ਦੋਹਾਂ ਦਾ ਰੁਝਾਨ ਈਸ਼ਵਰਾਂ ਅਤੇ ਧਰਮ ਗੁਰੂਆਂ ਵੱਲ ਹੈ; ਪੁਜਾਰੀਆਂ, ਜੋਤਸ਼ੀਆਂ, ਵਾਸਤੂ ਮਾਹਰਾਂ, ਰੂਹਾਨੀ ਸਲਾਹਕਾਰਾਂ ਦਾ ਕਾਰੋਬਾਰ ਖ਼ੂਬ ਫੈਲ ਰਿਹਾ ਹੈ। ... ਧਰਮਨਿਰਪੱਖਤਾ ਦਾ ਹਿੰਦੁਸਤਾਨੀ ਬਰੈਂਡ ਸਟੇਟ ਨੂੰ ਬਹੁਗਿਣਤੀ ਮਜ਼੍ਹਬ ਨਾਲ ਗੂੜ੍ਹਾ ਰਿਸ਼ਤਾ ਬਣਾਈ ਰੱਖਣ ਦੀ ਖੁੱਲ੍ਹ ਦਿੰਦਾ ਹੈ। ਜਦੋਂ ਦੀ ਨਵ-ਉਦਾਰਵਾਦੀ ਸਟੇਟ ਦੀ ਨਿੱਜੀ ਸਰਮਾਏਦਾਰੀ ਨਾਲ ਸਾਂਝ-ਭਿਆਲੀ ਪਈ ਹੈ, ਉਦੋਂ ਦਾ ਸਟੇਟ, ਕਾਰਪੋਰੇਟ ਸਰਮਾਏਦਾਰੀ ਅਤੇ ਹਿੰਦੂ ਸਥਾਪਤੀ ਦਾ ਤਿਕੋਣਾ ਰਿਸ਼ਤਾ ਉਭਰ ਕੇ ਸਾਹਮਣੇ ਆਇਆ ਹੈ। ਇਹ ਤਿਕੋਣਾ ਗੱਠਜੋੜ ਐਸੀਆਂ ਸੰਸਥਾਗਤ ਗੁੰਜਾਇਸ਼ਾਂ ਪੈਦਾ ਕਰ ਰਿਹਾ ਹੈ ਜਿਨ੍ਹਾਂ ਅੰਦਰ ਹਿੰਦੂਵਾਦ ਆਲਮੀ ਰਾਜਨੀਤਕ ਆਰਥਿਕਤਾ ਵਲੋਂ ਸਿਰਜੇ ਨਵੇਂ ਸਮਾਜੀ ਹਾਲਾਤ ਅੰਦਰ ਆਪਣੀ ਪ੍ਰਸੰਗਿਕਤਾ ਬਣਾਈ ਰੱਖਣ ਲਈ ਖ਼ੁਦ ਨੂੰ ਨਵਾਂ ਰੂਪ ਦੇ ਰਿਹਾ ਹੈ।" ਸੰਘ ਪਰਿਵਾਰ ਇਸ 'ਧਾਰਮਿਕਤਾ' ਦਾ ਲਾਹਾ ਲੈਣ ਲਈ ਸਰਗਰਮ ਹੈ ਪਰ ਉਸ ਨੂੰ ਇਹ ਵੀ ਪਤਾ ਹੈ ਕਿ ਆਪਣੀ ਪਹਿਲਾਂ ਵਾਲੀ ਫਿਰਕੂ ਜ਼ਹਿਰ ਉਗਲਦੀ ਸੁਰ ਅਤੇ ਰੰਗ-ਢੰਗ ਜਾਰੀ ਰੱਖ ਕੇ ਕਾਮਯਾਬੀ ਹਾਸਲ ਨਹੀਂ ਕੀਤੀ ਜਾ ਸਕਦੀ। ਲਿਹਾਜ਼ਾ, ਉਹ ਸਹੂਲਤ ਅਨੁਸਾਰ ਸੁਰ-ਬਦਲੀ ਦੀ ਸਿਆਸਤ ਖੇਡਣ ਅਤੇ ਲਚਕਦਾਰ ਗੱਠਜੋੜ ਸਿਆਸਤ ਦੇ ਫੌਰੀ ਸਿਆਸੀ ਟੀਚੇ ਨਾਲ ਕੰਮ ਕਰਨ ਲਈ ਮਜਬੂਰ ਹਨ।



ਸੰਘ ਪਰਿਵਾਰ ਦੀ ਅਗਵਾਈ ਵਿਚ ਸਮੂਹ ਭਗਵੇਂ ਲਸ਼ਕਰਾਂ ਦੀ 8 ਸਤੰਬਰ ਦੀ ਵਿਸ਼ੇਸ਼ ਮੀਟਿੰਗ ਨੇ ਇਸ ਹਾਲਾਤ ਦਾ ਲਾਹਾ ਲੈਣ ਲਈ ਖ਼ਾਸ ਦਿਸ਼ਾ-ਨਿਰਦੇਸ਼ ਤੈਅ ਕੀਤੇ ਸਨ। ਉਨ੍ਹਾਂ ਦੀ ਰੋਸ਼ਨੀ ਵਿਚ ਆਪਣਾ ਹਿੰਦੂਤਵੀ ਅਜੰਡਾ ਬਦਲਵੇਂ ਰੂਪ 'ਚ ਲਾਗੂ ਕਰਨ ਅਤੇ ਸਥਾਪਤੀ ਦੀ ਅਜੋਕੀ ਅਣਸਰਦੀ ਜ਼ਰੂਰਤ ਦੋਵਾਂ ਨੂੰ ਮੁੱਖ ਰੱਖ ਕੇ ਸੰਘ ਆਪਣਾ ਤੇ ਆਪਣੇ ਸਟਾਰ ਉਮੀਦਵਾਰ ਮੋਦੀ ਦਾ ਅਕਸ ਸੁਧਾਰਨ ਦੀ ਕਵਾਇਦ 'ਚ ਜ਼ੋਰ-ਸ਼ੋਰ ਨਾਲ ਜੁਟਿਆ ਹੋਇਆ ਹੈ। ਪਿਛਲੇ ਇਕ ਸਾਲ ਦੇ ਸਿਆਸੀ ਘਟਨਾ-ਵਿਕਾਸਾਂ ਵਿਚੋਂ ਇਸ ਦੇ ਸੰਕੇਤ ਵਾਰ-ਵਾਰ ਨਜ਼ਰ ਆਉਂਦੇ ਹੇ ਹਨ। ਵੋਟ ਬੈਂਕ ਵਧਾਉਣ ਦੀ ਸਿਆਸੀ ਜ਼ਰੂਰਤ ਅਨੁਸਾਰ ਭਗਵਾਂ ਬ੍ਰਿਗੇਡ ਆਪਣੇ ਮੁੱਖ ਸਖ਼ਤ ਪੈਂਤੜਿਆਂ ਵਿਚ ਨਰਮੀ ਵੀ ਦਿਖਾ ਰਿਹਾ ਹੈ (ਜਿਵੇਂ ਅਯੁੱਧਿਆ ਵਿਚ ਰਾਮ ਮੰਦਰ, ਕਸ਼ਮੀਰ ਬਾਰੇ ਧਾਰਾ 370 ਖ਼ਤਮ ਕਰਨ ਦੀ ਮੰਗ ਅਤੇ ਇਕਸਾਰ ਸਿਵਲ ਕੋਡ ਦੇ ਮੁੱਦੇ ਬਾਰੇ ਰਵਾਇਤੀ ਪੈਂਤੜੇ ਤੋਂ ਥੋੜ੍ਹਾ ਹਟਵੇਂ ਬਿਆਨ ਸਾਹਮਣੇ ਆ ਰਹੇ ਹਨ); ਜ਼ਰੂਰਤ ਅਨੁਸਾਰ ਮਹਿੰਗਾਈ ਵਰਗੇ ਆਰਥਿਕ ਮੁੱਦੇ ਵੀ ਉਠਾ ਰਿਹਾ ਹੈ (ਜਿਵੇਂ ਕਾਂਗਰਸ ਨੂੰ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਲਈ ਵਾਰ-ਵਾਰ ਨਿਸ਼ਾਨਾ ਬਣਾਉਣਾ ਅਤੇ ਮੁੰਬਈ ਵਿਚ ਚਾਹ ਵੇਚਣ ਵਾਲਿਆਂ, ਟੈਕਸੀ ਚਾਲਕਾਂ ਵਗੈਰਾ ਦੀ ਉਚੇਚੀ ਲਾਮਬੰਦੀ) ਅਤੇ ਕਿਤੇ ਫਿਰਕੂ ਦੰਗੇ ਕਰਵਾ ਕੇ ਫਿਰਕੂ ਪਾਲਾਬੰਦੀ ਵੀ ਵਧਾ ਰਿਹਾ ਹੈ (ਮੁਜ਼ੱਫਰਨਗਰ ਵਿਚ ਫਿਰਕੂ ਦੰਗੇ ਕਰਵਾਉਣ ਵਾਲਿਆਂ ਨੂੰ ਜੇਲ੍ਹ ਤੋਂ ਬਾਹਰ ਆਉਣ 'ਤੇ ਮੋਦੀ ਦੀ ਮੌਜੂਦਗੀ 'ਚ ਮੰਚ ਤੋਂ ਸਨਮਾਨਿਤ ਕੀਤੇ ਜਾਣਾ ਇਸ ਦੀ ਹਾਲੀਆ ਮਿਸਾਲ ਹੈ)।

ਕਾਰਪੋਰੇਟ ਸਰਮਾਏਦਾਰੀ ਦੀ ਪਸੰਦ ਨੂੰ ਮੁੱਖ ਰੱਖਦਿਆਂ ਸੰਘ ਪਰਿਵਾਰ ਨੇ ਮੋਦੀ ਨੂੰ ਸਰਵ-ਪ੍ਰਵਾਨਤ ਸਾਬਤ ਕਰਨ ਲਈ ਪੂਰੀ ਤਾਕਤ ਝੋਕੀ ਹੋਈ ਹੈ। ਮੋਦੀ ਨੂੰ ਅੱਗੇ ਲਿਆਉਣ ਵਕਤ ਅਡਵਾਨੀ ਨੇ ਅਸਹਿਮਤੀ ਜ਼ਾਹਰ ਕੀਤੀ ਸੀ ਪਰ ਜਦੋਂ ਅਡਵਾਨੀ ਨੂੰ ਮਨਾਉਣ ਲਈ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਉਸ ਨਾਲ ਆਹਲਾ ਮਿਆਰੀ ਮੀਟਿੰਗ ਜ਼ਰੀਏ ਭਾਜਪਾ ਦੇ ਸਾਰੇ ਨਾਰਾਜ਼ ਆਗੂਆਂ ਨੂੰ ਲੀਹ 'ਤੇ ਆਉਣ ਦਾ ਗੁੱਝਾ ਸੰਦੇਸ਼ ਦਿੱਤਾ ਤਾਂ 'ਲੋਹਪੁਰਸ਼' ਨੇ ਮੋਮ ਵਾਂਗ ਨਰਮ ਪੈਂਦਿਆਂ ਪਲ ਨਹੀਂ ਸੀ ਲਾਇਆ।

8 ਸਤੰਬਰ ਦੀ ਮੀਟਿੰਗ ਵਿਚ ਆਰ.ਐੱਸ.ਐੱਸ., ਭਾਜਪਾ, ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਸੰਘ ਦੇ ਹੋਰ ਹਿੱਸਿਆਂ ਨੇ ਸਿਰ ਜੋੜ ਕੇ ਆ ਰਹੀਆਂ ਚੋਣਾਂ ਦੀ ਤਿਆਰੀ ਲਈ ਆਪਸ ਵਿਚ ਸੁਚਾਰੂ ਤਾਲਮੇਲ ਬੈਠਾ ਕੇ ਚੱਲਣ ਦੀ ਯੁੱਧਨੀਤੀ ਬਾਰੇ ਗੰਭੀਰਤਾ ਨਾਲ ਚਰਚਾ ਕੀਤੀ ਸੀ ਅਤੇ ਉਹ ਅਹਿਮ ਮੁੱਦੇ ਤੈਅ ਕੀਤੇ ਸਨ ਜਿਨ੍ਹਾਂ ਨੂੰ ਬਲਾਕ ਪੱਧਰ ਤੋਂ ਲੈ ਕੇ ਉਪਰਲੇ ਪੱਧਰਾਂ ਤਕ ਮੁਹਿੰਮਾਂ ਦੀ ਸ਼ਕਲ 'ਚ ਉਠਾਇਆ ਜਾਵੇਗਾ। ਇਸੇ ਯੁੱਧਨੀਤੀ ਦਾ ਅਹਿਮ ਹਿੱਸਾ ਸੀ ਆਪਣਾ ਵੋਟ ਬੈਂਕ ਵਧਾਉਣ ਦੇ ਮਕਸਦ ਨਾਲ ਸਮਾਜ ਦੇ ਖ਼ਾਸ ਹਿੱਸਿਆਂ ਅੰਦਰ ਆਪਣੇ ਬਦਨਾਮ ਤੇ ਦਾਗ਼ੀ ਅਕਸ ਨੂੰ ਸੁਧਾਰਨ ਲਈ ਲਿੱਪਾਪੋਚੀ ਕਰਨਾ; ਮਸਲਨ ਘੱਟਗਿਣਤੀਆਂ, ਸੂਚੀਦਰਜ ਜਾਤਾਂ, ਹੋਰ ਪਛੜੀਆਂ ਸ਼੍ਰੇਣੀਆਂ, ਕਬਾਇਲੀ, ਔਰਤਾਂ, ਨੌਜਵਾਨ 'ਤੇ ਕੇਂਦਰਤ ਉਚੇਚੀਆਂ ਮੁਹਿੰਮਾਂ। ਭਾਜਪਾ ਦੀ ਦਾਗ਼ੀ ਦਿੱਖ ਸੁਧਾਰ ਕੇ ਹੋਰ ਸਿਆਸੀ ਤਾਕਤਾਂ ਨੂੰ ਭਰੋਸੇ ਵਿਚ ਲੈਂਦੇ ਹੋਏ ਚੋਣਾਂ ਮੌਕੇ ਮੋਕਲਾ ਗੱਠਜੋੜ ਬਣਾਉਣ ਲਈ ਹੋਮ ਵਰਕ ਕਰਨਾ। ਇਸੇ ਯੁੱਧਨੀਤੀ ਨੂੰ ਅਮਲ ਵਿਚ ਲਿਆਉਣ ਲਈ ਸੰਘ ਪਰਿਵਾਰ ਦੀ ਪੂਰੀ ਤਾਕਤ ਸਰਗਰਮ ਹੈ। ਬੇਗੁਨਾਹੀ ਦਾ ਪ੍ਰਮਾਣ ਪੱਤਰ ਵੀ ਇਸੇ ਮੈਨੇਜਮੈਂਟ ਦਾ ਹਿੱਸਾ ਹੈ ਤੇ ਇਸੇ ਦੇ ਤਹਿਤ ਪੂਰੇ ਮੁਲਕ ਅੰਦਰ ਗਿਣਨਯੋਗ ਮੁਸਲਮਾਨ ਵਸੋਂ ਵਾਲੇ ਖੇਤਰਾਂ ਵਿਚ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।

ਇਨ੍ਹਾਂ ਦੱਬੇ-ਕੁਚਲੇ ਹਿੱਸਿਆਂ ਨੂੰ ਆਪਣੇ ਪੱਖ ਵਿਚ ਭੁਗਤਾਉਣ ਲਈ ਮੋਦੀ ਖ਼ਾਸ ਮੁਹਿੰਮਾਂ 'ਤੇ ਨਿਕਲਿਆ ਹੋਇਆ ਹੈ। ਇਸੇ ਸਿਆਸੀ ਗਰਜ ਵਿਚੋਂ ਮੋਦੀ ਨੇ ਆਪਣੀ ਤਿੱਖੀ ਫਾਸ਼ੀਵਾਦੀ ਸੁਰ ਵਿਚ ਨਰਮਾਈ ਲਿਆਂਦੀ ਹੈ। ਲੰਘੇ ਛੇ ਮਹੀਨਿਆਂ ਵਿਚ ਮੁਸਲਮਾਨ ਅਵਾਮ ਵਿਚ ਮਕਬੂਲ ਹਸਤੀਆਂ ਨੂੰ ਆਪਣੇ ਨਾਲ ਗੰਢਣ ਦੇ ਉਚੇਚੇ ਯਤਨ ਕੀਤੇ ਗਏ ਹਨ। ਇਸ ਦੀ ਮਿਸਾਲ ਹੈ ਬਾਰਸੂਖ਼ ਮੁਸਲਿਮ ਵਿਦਵਾਨ ਮੁਫ਼ਤੀ ਏਜਾਜ਼ ਅਰਸ਼ਦ ਕਾਸਮੀ ਦੀ ਅਗਵਾਈ ਵਿਚ ਬਣਾਇਆ ਯੂਨਾਈਟਿਡ ਮੁਸਲਿਮ ਫਰੰਟ ਜਿਸ ਨੇ ਦਿੱਲੀ ਅਤੇ ਰਾਜਸਥਾਨ ਵਿਚ ਹਾਲੀਆ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੇ ਖ਼ਿਲਾਫ਼ ਸਰਗਰਮ ਮੁਹਿੰਮ ਚਲਾਈ, ਤੇ ਦਿੱਲੀ ਵਿਚ ਮੁਸਲਿਮ ਵਸੋਂ ਨੂੰ 15 ਲੱਖ ਐੱਸ.ਐੱਮ.ਐੱਸ. ਭੇਜ ਕੇ ਕਾਂਗਰਸ ਨੂੰ ਵੋਟ ਨਾ ਪਾਉਣ ਲਈ ਪ੍ਰੇਰਿਆ। ਮੁਸਲਮਾਨ ਭਾਈਚਾਰੇ ਖ਼ਿਲਾਫ਼ ਜ਼ਹਿਰ ਉਗਲਣ ਵਾਲਾ ਮੋਦੀ ਜੋ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨੂੰ 'ਮੀਆਂ ਮੁਸ਼ੱਰਫ਼' ਕਹਿ ਕੇ ਅਕਸਰ ਹੀ ਮਜ਼ਾਕ ਉਡਾਉਂਦਾ ਹੁੰਦਾ ਸੀ ਅਤੇ ਜਿਸ ਨੇ ਇਕ ਸਮੇਂ ਮੌਲਵੀ ਵਲੋਂ ਭੇਟ ਕੀਤੀ ਕਲੰਦਰੀ ਟੋਪੀ ਕਬੂਲ ਕਰਨ ਤੋਂ ਨਾਂਹ ਕਰ ਦਿੱਤੀ ਸੀ, ਹੁਣ ਕਦੇ ਕਲੰਦਰੀ ਟੋਪੀਆਂ ਵਾਲੇ ਇਕੱਠ ਕਰ ਕੇ ਮੁਸਲਮਾਨਾਂ ਵਿਚ ਆਪਣੀ ਮਕਬੂਲੀਅਤ ਦਾ ਤਾਕਤ ਪ੍ਰਦਰਸ਼ਨ ਕਰਦਾ ਹੈ, ਕਦੇ ਕਸ਼ਮੀਰੀ ਮੁਸਲਮਾਨਾਂ ਨੂੰ ਖਿੱਚਣ ਲਈ ਜੰਮੂ ਵਿਚ ਰੈਲੀ ਕਰ ਕੇ ਦਸ ਹਜ਼ਾਰ ਮੁਸਲਮਾਨਾਂ ਦੀ ਨੁਮਾਇਸ਼ ਲਾਉਂਦਾ ਹੈ। ਕਦੇ ਪਟਨੇ ਵਿਚ ਮੁਸਲਮਾਨਾਂ ਨੂੰ 'ਮੇਰੇ ਮੁਸਲਮਾਨ ਭਾਈਓ' ਨਾਲ ਮੁਖ਼ਾਤਬ ਹੋਣ ਦਾ ਖੇਖਣ ਕਰ ਕੇ ਉਨ੍ਹਾਂ ਨੂੰ ਹਿੰਦੂਆਂ ਦੀ ਬਜਾਏ ਗ਼ਰੀਬੀ ਨੂੰ ਦੁਸ਼ਮਣ ਸਮਝਣ ਦੀਆਂ ਨਸੀਹਤਾਂ ਦਿੰਦਾ ਹੈ, ਤੇ ਕਦੇ ਕਹਿ ਰਿਹਾ ਹੈ- 'ਅਗਰ ਵਾਜਪਾਈ ਜੀ ਛੇ ਸਾਲਾ ਰਾਜ-ਕਾਲ ਵਿਚ (ਮੰਦਰ) ਨਹੀਂ ਬਣਾ ਸਕੇ, ਭਲਾ ਮੋਦੀ ਕਿਵੇਂ ਬਣਾ ਲਵੇਗਾ?' ਮੋਦੀ ਦੇ ਦਫ਼ਤਰ ਵਲੋਂ ਬਿਹਾਰ ਅਤੇ ਯੂ.ਪੀ. ਦੇ ਮੌਲਵੀਆਂ ਅਤੇ ਮਦਰੱਸਿਆਂ ਦੇ ਸੰਚਾਲਕਾਂ ਨੂੰ ਆਪਣੇ ਹੱਕ ਵਿਚ ਕਰਨ ਲਈ ਵਿਸ਼ੇਸ਼ ਸੰਪਰਕ ਮੁਹਿੰਮ ਚਲਾਈ ਗਈ ਹੈ। ਕਾਂਗਰਸ ਦੀ ਅੰਦਰੂਨੀ ਰਿਪੋਰਟ ਕਹਿੰਦੀ ਹੈ ਕਿ ਦਿੱਲੀ ਵਿਚ ਕਾਂਗਰਸ ਆਪਣਾ 70 ਫ਼ੀ ਸਦੀ ਮੁਸਲਿਮ ਹਮਾਇਤੀ ਆਧਾਰ ਗੁਆ ਚੁੱਕੀ ਹੈ ਜਿਸ ਨੂੰ ਆਪਣੇ ਨਾਲ ਜੋੜਨ ਲਈ ਸੰਘ ਪਰਿਵਾਰ ਹਰ ਹਰਬਾ ਵਰਤ ਰਿਹਾ ਹੈ।

ਮੋਦੀ ਵਰਗੇ ਮਹਿਜ਼ ਸਿਆਸੀ ਚਿਹਰੇ ਹਨ। ਇਨ੍ਹਾਂ ਤੋਂ ਪਾਰ ਸੰਘ ਦਾ ਬਹੁਤ ਵਿਆਪਕ ਤਾਣਾ-ਬਾਣਾ ਸਰਗਰਮ ਹੈ। ਆਦਿਵਾਸੀ ਖੇਤਰਾਂ ਵਿਚ ਸੰਘ ਦੀਆਂ ਬੇਸ਼ੁਮਾਰ ਸ਼ਾਖਾਵਾਂ ਸਾਲਾਂ ਤੋਂ ਘੁਸਪੈਠ ਦੇ ਯਤਨਾਂ 'ਚ ਲੱਗੀਆਂ ਹੋਈਆਂ ਹਨ। ਸੰਘ ਪਰਿਵਾਰ ਦੀ ਕਾਰਜ-ਸ਼ੈਲੀ ਸਮਝਣ ਲਈ ਇਸ ਦੇ ਕੇਂਦਰੀ ਪ੍ਰਕਾਸ਼ਨ (ਸੁਰੂਚੀ ਪ੍ਰਕਾਸ਼ਨ, ਨਵੀਂ ਦਿੱਲੀ) ਦੀ 1997 ਦੀ ਪ੍ਰਕਾਸ਼ਨਾ 'ਪਰਮ ਬੈਭਵ ਕੇ ਪਥ ਪਰ' ਵਿਚ ਦਰਜ ਇਸ ਦੇ 'ਮੰਚਾਂ' ਦਾ ਜ਼ਿਕਰ ਇਥੇ ਕੁਥਾਂ ਨਹੀਂ ਹੋਵੇਗਾ ਜਿਸ ਵਿਚ ਹਿੰਦੂ ਜਾਗਰਨ ਮੰਚ ਦੇ ਹਵਾਲੇ ਨਾਲ ਸੰਘ ਦੇ ਤਾਣੇਬਾਣੇ ਦੀ ਦੀ ਤਫ਼ਸੀਲ ਦਾ ਨਿਚੋੜ ਇੰਵ ਦਿੱਤਾ ਗਿਆ ਹੈ: "ਹਿੰਦੂ ਜਾਗਰਿਤੀ ਦੇ ਨਜ਼ਰੀਏ ਤੋਂ ਅੱਜ ਕੱਲ੍ਹ ਇਸ ਤਰ੍ਹਾਂ ਦੇ ਮੰਚ 17 ਸੂਬਿਆਂ ਵਿਚ ਵੱਖੋ-ਵੱਖਰੇ ਨਾਵਾਂ ਨਾਲ ਸਰਗਰਮ ਹਨ"। ਇਸੇ ਕੜੀ ਵਿਚ ਸੰਘ ਦਾ ਲੁਕਵਾਂ ਫਰੰਟ ਬਾਬਾ ਰਾਮਦੇਵ ਵੀ ਸ਼ਰਤਾਂ ਮਨਵਾਉਣ ਦਾ ਨਾਟਕ ਰਚ ਕੇ ਹੁਣ ਖੁੱਲ੍ਹ ਕੇ ਮੋਦੀ ਦੀ ਹਮਾਇਤ ਵਿਚ ਆ ਨਿੱਤਰਿਆ ਹੈ।

ਪਰ ਮੁਲਕ ਦੀ ਤ੍ਰਾਸਦੀ ਇਹ ਹੈ ਕਿ ਸਿਰ ਖੜ੍ਹੇ ਇਸ ਖ਼ਤਰੇ ਦਾ ਮੁਕਾਬਲਾ ਕਰਨ ਅਤੇ ਸਥਾਪਤੀ ਤੋਂ ਅਵਾਮ ਦੀ ਬਦਜ਼ਨੀ ਨੂੰ ਲੋਕਪੱਖੀ ਬਦਲਾਅ ਦੀ ਦਿਸ਼ਾ ਵਿਚ ਮੋੜਾ ਦੇਣ ਲਈ ਤਰੱਕੀਪਸੰਦ ਤਾਕਤਾਂ ਦਾ ਕੋਈ ਪਾਏਦਾਰ ਬਦਲ ਮੌਜੂਦ ਨਹੀਂ ਹੈ।

## ਕਾਨੂੰਨ, ਅਦਾਲਤਾਂ ਅਤੇ ਮੋਦੀ ਲਈ ਚਾਰਾਜੋਈ

**-ਸ੍ਰੀਮਤੀ ਜਾਫ਼ਰੀ ਨੇ ਇਲਜ਼ਾਮ ਲਗਾਇਆ ਸੀ ਕਿ ਮੋਦੀ ਨੇ ਆਪਣੇ ਸੀਨੀਅਰ ਵਜ਼ੀਰਾਂ, ਅਹਿਲਕਾਰਾਂ ਅਤੇ ਪੁਲਿਸ ਨਾਲ ਮਿਲ ਕੇ ਸੂਬੇ ਵਿਚ ਫਿਰਕੂ ਹਿੰਸਾ ਭੜਕਾਈ ਸੀ। ਉਸ ਨੇ ਦੋ ਅਹਿਮ ਵਜ਼ੀਰਾਂ ਨੂੰ ਪੁਲਿਸ ਦੇ ਕੰਟਰੋਲ ਰੂਮ ਵਿਚ ਇਸ ਕੰਮ ਲਈ ਉਚੇਚਾ ਲਗਾਇਆ ਹੋਇਆ ਸੀ ਅਤੇ ਉਸ ਦੇ ਪਤੀ ਅਹਿਸਾਨ ਜਾਫ਼ਰੀ ਵਲੋਂ ਵਾਰ-ਵਾਰ ਫ਼ੋਨ ਕਰ ਕੇ ਜਾਨ ਬਚਾਉਣ ਲਈ ਕੀਤੇ ਤਰਲੇ ਪੁਲਿਸ ਅਤੇ ਸਿਆਸਤਦਾਨਾਂ ਨੇ ਅੱਖੋਂ ਓਹਲੇ ਕਰ ਦਿੱਤੇ।**

**-ਮਾਰਚ 2008 'ਚ ਸੁਪਰੀਮ ਕੋਰਟ ਵਲੋਂ ਨਿਯੁਕਤ ਕੀਤੀ ਵਿਸ਼ੇਸ਼ ਜਾਂਚ ਟੀਮ ਨੇ ਇਸ ਦੀ ਜਾਂਚ ਸ਼ੁਰੂ ਕੀਤੀ।**

**-2010 'ਚ ਜਾਂਚ ਟੀਮ ਵਲੋਂ ਨੌਂ ਘੰਟੇ ਮੋਦੀ ਤੋਂ ਪੁੱਛਗਿੱਛ ਕੀਤੀ ਗਈ। 2011 ਵਿਚ ਸੁਪਰੀਮ ਕੋਰਟ ਨੇ ਇਹ ਕਹਿ ਕੇ ਮੁਕੱਦਮੇ ਦੀ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ ਕਿ ਇਹ ਅਹਿਮਦਾਬਾਦ ਦੀ ਅਦਾਲਤ ਦੇ ਅਧਿਕਾਰ ਖੇਤਰ ਦਾ ਮਾਮਲਾ ਹੈ।**

**-ਅਪਰੈਲ 2011 ਵਿਚ ਸੰਜੇ ਭੱਟ ਅਤੇ ਆਰ.ਬੀ. ਸ੍ਰੀਕੁਮਾਰ ਜੋ 2002 ਵਿਚ ਸੀਨੀਅਰ ਪੁਲਿਸ ਅਫ਼ਸਰ ਸਨ, ਨੇ ਜਾਂਚ ਟੀਮ ਨੂੰ ਹਲਫ਼ੀਆ ਬਿਆਨ ਦੇ ਕੇ ਕਿਹਾ ਕਿ ਮੋਦੀ ਨੇ ਖ਼ਾਸ ਮੀਟਿੰਗ ਵਿਚ ਉਸ ਨੂੰ ਅਤੇ ਹੋਰ ਪੁਲਿਸ ਅਫ਼ਸਰਾਂ ਨੂੰ ਕਿਹਾ ਸੀ ਕਿ ਸੂਬੇ ਵਿਚ ਹਿੰਦੂਆਂ ਨੂੰ ਗੋਧਰਾ ਨੇੜੇ ਸਾਬਰਮਤੀ ਐਕਸਪ੍ਰੈੱਸ ਟਰੇਨ ਵਿਚ 59 ਕਾਰ ਸੇਵਕਾਂ ਨੂੰ ਮਾਰਨ ਦੇ ਵਾਕਿਆ ਦਾ ਬਦਲਾ ਲੈਣ ਲੈ ਲੈਣ ਦਿਓ। (ਬਾਅਦ 'ਚ ਮੋਦੀ ਦੇ ਚਹੇਤੇ ਪੁਲਿਸ ਅਧਿਕਾਰੀ ਡੀ.ਜੀ. ਵਣਜਾਰਾ ਨੇ ਵੀ ਮੋਦੀ ਦੇ ਇਸ਼ਾਰੇ 'ਤੇ ਮੁਸਲਿਮ ਨੌਜਵਾਨਾਂ ਦੇ ਫਰਜ਼ੀ ਮੁਕਾਬਲਿਆਂ ਦਾ ਪਰਦਾਫਾਸ਼ ਕਰ ਕੇ ਸਨਸਨੀ ਫੈਲਾ ਦਿੱਤੀ।)**

**-ਜਾਂਚ ਟੀਮ ਨੇ ਸਿੱਟਾ ਕੱਢਿਆ ਕਿ ਸੰਜੇ ਭੱਟ ਦੀ ਗਵਾਹੀ ਭਰੋਸੇਯੋਗ ਨਹੀਂ, ਕਿਉਂਕਿ ਉਹ ਹਕੂਮਤ ਨਾਲ ਖ਼ਾਰ ਖਾਂਦਾ ਸੀ ਕਿਉਂਕਿ ਉਸ ਨੂੰ ਮੋਦੀ ਸਰਕਾਰ ਨੇ ਪਾਸੇ ਕਰ ਦਿੱਤਾ ਸੀ।**

**-ਜਾਂਚ ਟੀਮ ਨੇ ਇਹ ਇਲਜ਼ਾਮ ਵੀ ਲਾਇਆ ਕਿ ਇਹ ਦਰਖ਼ਾਸਤ ਕਿਸੇ ਖ਼ਾਸ ਉਦੇਸ਼ ਤੋਂ ਪ੍ਰੇਰਤ ਸੀ ਅਤੇ ਇਹ ਕਾਰਕੁਨ ਤੀਸਤਾ ਸੀਤਲਵਾੜ ਦੀ ਚੁੱਕ 'ਚ ਆ ਕੇ ਦਿੱਤੀ ਗਈ ਸੀ।**

**-ਚਾਰ ਸਾਲ ਬਾਅਦ ਫਰਵਰੀ 2012 ਵਿਚ ਜਾਂਚ ਟੀਮ ਨੇ ਕਹਿ ਦਿੱਤਾ ਕਿ ਮੋਦੀ ਅਤੇ 59 ਹੋਰ ਦੋਸ਼ੀਆਂ ਦੇ ਕੋਈ ਮੁਕੱਦਮਾ ਚਲਾਉਣ ਵਾਲਾ ਸਬੂਤ ਨਹੀਂ ਹੈ, ਤੇ ਇਸ ਨੇ ਮਾਮਲਾ ਖ਼ਤਮ ਕਰ ਦੇਣ ਲਈ ਅਦਾਲਤ ਨੂੰ ਕਹਿ ਦਿੱਤਾ।**

**-ਅਦਾਲਤ ਵਲੋਂ ਬੇਗੁਨਾਹੀ ਦਾ ਪ੍ਰਮਾਣ ਪੱਤਰ ਮਿਲਣ 'ਤੇ ਆਪਣੇ ਬਲਾਗ ਉੱਪਰ ਮੋਦੀ ਨੇ ਟਿੱਪਣੀ ਕੀਤੀ ਕਿ ਉਹ ਹੁਣ 'ਸੁਰਖ਼ਰੂ ਅਤੇ ਸ਼ਾਂਤ' ਮਹਿਸੂਸ ਕਰਦਾ ਹੈ।**

**-ਭਾਜਪਾ ਅਨੁਸਾਰ ਇਹ 'ਸੱਚ ਦੀ ਜਿੱਤ' ਹੈ। ਸੀਨੀਅਰ ਆਗੂ ਅਰੁਣ ਜੇਤਲੀ ਨੇ ਕਿਹਾ ਕਿ "ਮੋਦੀ ਹੁਣ ਪ੍ਰਚਾਰ ਤੋਂ ਬੇਦਾਗ਼ 2014 ਮੁਹਿੰਮ 'ਚ ਉਤਰੇਗਾ। ਅਦਾਲਤੀ ਹੁਕਮ ਨੇ ਸਾਬਤ ਕਰ ਦਿੱਤਾ ਹੈ ਕਿ ਪ੍ਰਚਾਰ ਕਦੇ ਵੀ ਸੱਚ ਦਾ ਬਦਲ ਨਹੀਂ ਹੋ ਸਕਦਾ।"**

# ਮਰਦਾਂ ਵਰਗੀ ਤੀਵੀਂ ਤੇ ਤੀਵੀਆਂ ਵਰਗਾ ਮਰਦ

**ਚਲਦੇ-ਚਲਦੇ**

ਪਿਛਲੇ ਦਿਨੀਂ, ਭਾਰਤ ਦੇ ਪ੍ਰਧਾਨ ਮੰਤਰੀ ਬਣਨ ਦਾ ਸੁਫਨਾ ਪਾਲ ਰਹੇ, ਮੋਦੀ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਬ ਸ਼ਰੀਫ 'ਤੇ ਸ਼ਬਦੀ ਗੋਲਾਬਾਰੀ ਕੀਤੀ। ਰੱਟਾ ਸਰਹਦੀ ਘੁਸਪੈਠ ਦਾ ਨਹੀਂ ਸੀ। ਗੱਲ ਸਿਰਫ ਇੰਨੀ ਸੀ ਕਿ ਉਸ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ 'ਪੇਂਡੂ ਔਰਤਾਂ ਵਰਗਾ' ਕਹਿ ਦਿਤਾ। ਡਾ ਮਨਮੋਹਨ ਸਿੰਘ ਦਾ ਕੀ ਪ੍ਰਤੀਕਰਮ ਹੈ, ਇਹ ਨਹੀਂ ਪਤਾ ਲੱਗਿਆ। ਇਸ ਬਾਰੇ ਕਿੰਨੇ ਹੀ ਸੁਆਲ-ਜੁਆਬ ਮਨ ਵਿਚ ਕਵਾਇਦ ਕਰਨ ਲਗੇ। ਔਰਤ ਹੋਣਾ ਜਾਂ ਔਰਤ ਵਰਗਾ ਹੋਣਾ ਕੀ ਐਬ ਹੈ, ਮਿਹਣੇ ਵਲ ਗੱਲ

ਅਵਤਾਰ ਗੋਂਦਾਰਾ
ਫੋਨ: 559-375-2589

ਹੈ? ਕੀ ਔਰਤ ਵੀ ਆਪਣੇ ਤ੍ਰੀਮਤਪੁਣੇ ਬਾਰੇ ਇਹੀ ਸੋਚਦੀ ਹੈ? ਪੰਜਾਬੀ ਸਭਿਆਚਾਰ ਵੀ ਤਾਂ ਔਰਤ ਵਿਰੋਧੀ ਮੁੱਲਾਂ, ਗਾਲਾਂ, ਟੋਟਕਿਆਂ ਨਾਲ ਭਰਿਆ ਪਿਆ ਹੈ। ਗੁਰੂ ਸਾਹਿਬਾਨ ਜਾਂ ਕਈ ਭਗਤ 'ਰੱਬ' ਪ੍ਰਤੀ ਆਪਣੀ ਆਸਥਾ ਜਾਂ ਭਗਤੀ ਭਾਵਨਾ ਪ੍ਰਗਟ ਕਰਨ ਲਈ, ਆਪਣੇ ਆਪ ਨੂੰ ਔਰਤ ਤੇ ਈਸ਼ਵਰ ਨੂੰ ਇਕ ਪੁਰਖ ਕਲਪਦਿਆਂ, ਇਸਤਰੀਤਵ ਦੇ ਸਿਖਰੀ ਬਲ ਨੂੰ ਮਾਨਤਾ ਦਿੰਦੇ ਹਨ। ਪਰ ਇਸ ਨੇ ਔਰਤਾਂ ਦੀ ਆਪਣੇ ਬਾਰੇ ਤੇ ਮਰਦ ਦੀ ਔਰਤ ਬਾਰੇ ਸੋਚ 'ਚ ਫਰਕ ਨਹੀਂ ਪਾਇਆ। ਝਾਂਸੀ ਵਾਲੀ ਰਾਣੀ ਲਕਸ਼ਮੀ ਬਾਈ ਬਾਰੇ ਕਵਿਤਾ 'ਖੂਬ ਲੜੀ ਮਰਦਾਨੀ ਵੋਹ ਤੋ ਝਾਂਸੀ ਵਾਲੀ ਰਾਨੀ ਥੀ', ਅਸਲ ਵਿਚ ਉਸ ਦੇ ਇਸਤਰੀਤਵ ਦਾ ਅਪਮਾਨ ਹੈ। ਕੀ ਉਹ 'ਔਰਤ' ਹੋ ਕੇ ਬਹਾਦਰੀ ਨਾਲ ਨਹੀਂ ਸੀ ਲੜ ਰਹੀ?

ਕਮਾਲ ਦੀ ਗੱਲ ਇਹ ਹੈ ਕਿ ਅੰਦਰਖਾਤੇ, ਮਰਦ ਦੀ ਉਚਤਾ ਨੂੰ ਦੇਸੀ ਔਰਤ ਸਵੀਕਾਰ ਵੀ ਕਰਦੀ ਹੈ। ਉਹ ਵਧੀਆ ਮੁਕੰਮਲ ਔਰਤ ਬਣਨ ਦੀ ਥਾਂ ਮਰਦ ਵਾਂਗ ਵਿਚਰਨਾ, ਸੋਚਣਾ ਤੇ ਮਹਿਸੂਸ ਕਰਨਾ ਲੋਚਦੀ ਹੈ। ਬੇਸ਼ਕ ਔਰਤ ਬਣਨਾ ਮਰਦ ਦਾ ਆਦਰਸ਼ ਕਦੇ ਨਹੀਂ ਰਿਹਾ। ਅੱਜ ਕੱਲ ਦੀਆਂ ਆਜ਼ਾਦ ਪੜ੍ਹੀਆਂ ਲਿਖੀਆਂ ਕੁੜੀਆਂ ਨੂੰ ਗੱਲਾਂ ਕਰਦੇ ਦੇਖੋ। ਉਨ੍ਹਾਂ ਦੇ ਆਪਸੀ ਸੰਬੋਧਨ ਮਰਦਾਵੇਂ ਹੁੰਦੇ ਹਨ। ਜਿਵੇਂ ਯਾਰ ਗੱਲ ਸੁਣ, ਯਾਰ ਚੱਲ ਕੌਫੀ ਪੀਈਏ। ਮਰਦਾਵਾਂ ਪਹਿਰਾਵਾ ਤੇ ਦਿੱਖ ਵੱਲ ਝੁਕਾ ਵੀ ਅੰਦਰਖਾਤੇ ਆਪਣੇ ਇਸਤਰੀਤਵ ਦੇ ਨਿਖੇਧ ਤੇ ਮਰਦ ਦੀ ਉਚਤਾ ਵੱਲ ਇਸ਼ਾਰਾ ਕਰਦਾ ਹੈ। ਦੋਨੋਂ ਲਿੰਗ ਹੀ ਕੁਦਰਤ ਦਾ ਸ਼ਾਹਕਾਰ ਹਨ। ਮਰਦ ਵਿਚ ਔਰਤ ਤਾਂ ਦੋਨਾਂ 'ਚੋਂ ਹੀ ਸਿਰਮੌਰ ਹੈ। ਗੁਲਾਬ ਦਾ ਆਪਣਾ ਮਹੱਤਵ ਹੈ ਤੇ ਗੁਲਦਾਉਦੀ ਦੀ ਆਪਣੀ ਸ਼ੋਭਾ। ਦੇਸੀ ਔਰਤ ਨੇ ਆਪਣੀ ਕਸੌਟੀ ਆਪ ਬਣਨ ਵੱਲ ਅਜੇ ਰਜੂ ਨਹੀਂ ਕੀਤਾ। ਉਸ ਦੇ ਪੈਮਾਨੇ ਵੀ ਮਰਦ ਨੇ ਹੀ ਤੈਅ ਕੀਤੇ ਹਨ। ਪਸ਼ੂ ਨੂੰ ਕਾਬੂ ਕਰਨ ਲਈ ਪਾਈ ਜਾਂਦੀ ਨਥ, ਜੋ ਦਮਨ ਤੇ ਹਿੰਸਾ ਦਾ ਪ੍ਰਤੀਕ ਹੈ, ਨੂੰ ਵੀ ਔਰਤ ਨੇ ਆਪਣੇ ਸ਼ਿੰਗਾਰ ਦਾ ਹਿੱਸਾ ਬਣਾ ਲਿਆ ਹੈ। ਇਹ ਬਾਹਰੀ ਦਮਨ ਨੂੰ ਅੰਦਰਲੇ ਮਨ ਦੀ ਪ੍ਰਵਾਨਗੀ ਹੈ। ਜਦੋਂ ਗੁਲਾਮ ਬੇੜੀਆਂ ਨੂੰ 'ਫੁੱਲਾਂ ਦਾ ਹਾਰ' ਅਤੇ ਜੰਜੀਰਾਂ ਨੂੰ 'ਪੰਜੇਬਾਂ' ਸਮਝਣ ਲਗ ਜਾਵੇ ਤਾਂ ਸੱਤਾ ਦਾ ਕੰਮ ਕਾਫੀ ਸੁਖਾਲਾ ਹੋ ਜਾਂਦਾ ਹੈ।

ਮਰਦਾਵੀਂ ਧੌਂਸ, ਜਗੀਰੂ ਸਭਿਆਚਾਰ ਅਤੇ ਕਦਰਾਂ-ਕੀਮਤਾਂ ਖਿਲਾਫ ਹੋ ਰਹੀ ਇਕ ਰੈਲੀ ਵਿਚ ਜਾਣ ਦਾ ਮੌਕਾ ਮਿਲਿਆ। ਪਤੀ ਨੇ ਕੁਟਮਾਰ ਕੇ ਆਪਣੀ ਪਤਨੀ ਨੂੰ ਰਾਤ ਦੇ ਪਿਛਲੇ ਪਹਿਰ ਘਰੋਂ ਕਢ ਦਿਤਾ ਸੀ। ਔਰਤ ਹਸਪਤਾਲ ਵਿਚ ਦਾਖਲ ਸੀ। ਪੁਲਿਸ ਪਰਚਾ ਦਰਜ ਨਹੀਂ ਕਰ ਰਹੀ ਸੀ। ਰੈਲੀ ਤੋਂ ਬਾਅਦ ਐਸ ਐਸ ਪੀ ਨੂੰ ਯਾਦ-ਪਤਰ ਦੇਣਾ ਸੀ। ਮੇਰੀ ਡਿਊਟੀ ਲੱਗੀ ਕਿ ਮੈਂ ਹਸਪਤਾਲ ਜਾਵਾਂ, ਪੀੜਤ ਨੂੰ ਮਿਲਾਂ ਤੇ ਗੱਲਬਾਤ ਕਰਕੇ ਸ਼ਿਕਾਇਤ 'ਤੇ ਉਸ ਦੇ ਦਸਤਖਤ ਕਰਵਾ ਲਿਆਵਾਂ। ਗੱਲਬਾਤ ਦੌਰਾਨ ਪਤਾ ਲੱਗਾ ਕਿ ਔਰਤ ਦੇ ਪੇਕੇ ਵੀ ਉਸੇ ਸ਼ਹਿਰ ਵਿਚ ਸਨ। ਉਸ ਦੇ ਦੋ ਭਰਾ ਸਨ। ਮੈਂ ਉਸ ਨੂੰ ਕਿਹਾ, ਭਰਾਵਾਂ ਨੂੰ ਸੱਦੋ, ਉਨ੍ਹਾਂ ਨੂੰ ਸਾਡੇ ਨਾਲ ਪੁਲਿਸ ਕੋਲ ਜਾਣਾ ਚਾਹੀਦਾ ਹੈ। ਉਸ ਦੇ ਘਰ ਵਾਲੇ ਬਾਰੇ ਵੀ ਪੁਛਿਆ।

ਉਹ ਮਰੀ ਜਿਹੀ ਅਵਾਜ ਵਿਚ ਬੋਲੀ, "ਬਾਈ ਜੀ, ਘਰ ਵਾਲਾ ਕੋਈ ਕੰਮ ਨੀ ਕਰਦਾ, ਨਿਰਾ ਢੱਟਾ ਹੈ। ਇਕੋ ਕੰਮ ਐ ਮੈਨੂੰ ਮਾਰਨ ਕੁੱਟਣ ਦਾ। ਜਿਥੋਂ ਤਕ ਭਰਾਵਾਂ ਦੀ ਗੱਲ ਹੈ, ਜੇ ਉਨ੍ਹਾਂ ਵਿਚ ਦਮ ਹੁੰਦਾ ਤਾਂ ਘਾਟਾ ਕਾਹਦਾ ਸੀ, ਉਹ ਦੋਨੋਂ ਤਾਂ ਨਿਰੀਆਂ ਗਊਆਂ ਹਨ।" ਬੜਾ ਟੇਡਾ ਮਸਲਾ ਸੀ। ਇਕ ਦਾ ਨਰ ਹੋਣਾ ਸਮੱਸਿਆ ਸੀ, ਦੂਜਿਆਂ ਦੇ ਨਰ ਨਾ ਹੋਣ ਦਾ ਰੋਣਾ ਸੀ।

ਮੈਨੂੰ ਇਕ ਹਾਸੇ ਵਾਲੀ ਘਟਨਾ ਯਾਦ ਆ ਗਈ। ਅਸੀਂ ਕੁਝ ਦੋਸਤ ਕੋਟਕਪੂਰੇ ਕਵੀ ਹਰੀ ਸਿੰਘ ਮੋਹੀ ਦੇ ਘਰ ਬੈਠੇ ਸਾਂ। ਕਵਿਤਾ ਪਾਠ ਚਲ ਰਿਹਾ ਸੀ। ਹਲਕੀਆਂ ਫੁਲਕੀਆਂ ਗੱਲਾਂ ਬਹਿਸ ਵਿਚ ਤੇ ਬਹਿਸ ਤੂੰ ਤੂੰ ਮੈਂ ਮੈਂ ਵਿਚ ਬਦਲ ਗਈ। ਮੋਹੀ ਨੇ ਤੂੰ ਤੂੰ ਕਰਨ ਵਾਲੇ ਨੂੰ ਲਲਕਾਰਿਆ। ਉਹ ਅੱਗੋਂ ਬਿਫਰ ਕੇ ਬੋਲਿਆ, "ਤੂੰ ਐਵੇਂ ਨਾ ਸਮਝੀਂ ਮੈਨੂੰ, ਮੇਰੇ ਵਿਚ ਵੀ ਮਾਦਾ ਐ।" ਮੋਹੀ ਨੇ ਸ਼ਰਾਰਤੀ ਹਾਸਾ ਹਸਦਿਆਂ, ਪੋਲਾ ਜਿਹਾ ਕੁਮੈਂਟ ਕੀਤਾ, "ਹਾਂ ਮੈਨੂੰ ਪਤਾ ਐ ਤੇਰੇ ਵਿਚ ਮਾਦਾ ਹੀ ਮਾਦਾ ਹੈ, ਨਰ ਨ੍ਹੀਂ।" ਮਾਹੌਲ ਇਕ ਦਮ ਹਾਸੇ ਵਿਚ ਬਦਲ ਗਿਆ। 'ਮਾਦੇ' ਦੀ ਸ਼ਕਤੀ 'ਨਰ' ਅੱਗੇ ਖੀਣ ਹੋ ਗਈ ਸੀ।

ਦੇਸੀ ਔਰਤ ਤਾਂ ਛੱਡੋ, ਪ੍ਰਦੇਸੀ ਵੀ ਕਦੇ ਆਪਣੇ ਤ੍ਰੀਮਤਪੁਣੇ ਦੀ ਆਭਾ ਬਾਰੇ ਮਾਨਮਤੀ ਹੁੰਦੀ ਨਹੀਂ ਦੇਖੀ। ਉਹ ਮਰਦ ਦੁਆਰਾ ਸਵੀਕਾਰੇ ਜਾਣ ਲਈ ਤਰਲੋਮੱਛੀ ਹੋਈ ਰਹਿੰਦੀ ਹੈ। ਦਿਮਾਗ ਨਾਲੋਂ, ਦਿਖ ਦਾ ਮਸਲਾ ਉਸ ਨੂੰ ਪੱਬਾਂ ਭਾਰ ਕਰੀ ਰਖਦਾ ਹੈ। ਉਚੀ ਅੱਡੀ ਦੀ ਪੀੜਾ ਵੀ ਉਹ ਬੜੇ ਮਾਣ ਨਾਲ ਝਲਦੀ ਹੈ। ਹਾਰ-ਸ਼ਿੰਗਾਰ ਦੀ ਸਾਰੀ ਸਨਅਤ ਔਰਤ ਦੀ ਇਸੇ 'ਮਾਨਸਿਕ ਗੰਢ' 'ਤੇ ਹੀ ਨਹੀਂ ਡੋਲੀ ਗਈ, ਉਹ ਵੀ ਮਰਦ ਦੀ ਸ਼ਨਾਖਤ ਦੇ ਸਹਾਰੇ ਹੀ ਮਾਣ-ਤਾਣ ਪਾਉਣਾ ਲੋਚਦੀ ਹੈ। ਉਹ ਉਸ ਦੇ ਮੋਢਿਆਂ 'ਤੇ ਚੜ੍ਹ ਕੇ ਉਚੀ ਹੁੰਦੀ ਹੈ।

ਹਲੀਮੀ, ਨਿਮਰਤਾ, ਮਿਠਤ, ਅਧੀਨਗੀ, ਸ਼ਰਾਫਤ ਸਾਰੇ ਹੀ ਗੁਣ, ਇਸਤਰੀ ਲਿੰਗ ਹਨ। ਇਨ੍ਹਾਂ ਦੀ ਗੱਲ ਤਾਂ ਕੀਤੀ ਜਾਂਦੀ ਹੈ ਪਰ ਇਨ੍ਹਾਂ ਗੁਣਾਂ ਦਾ ਅਮਲੀ ਮੁੱਲ ਕੋਈ ਨਹੀਂ। ਕਿਸੇ ਮਰਦ



ਵਿਚ ਇਨ੍ਹਾਂ ਦਾ ਹੋਣਾ ਤਾਂ ਉਸ ਦੀ ਮਰਦਾਨਗੀ ਖੜੀ ਹੈ। ਮਰਦ ਆਪਣੀ ਸ਼ਨਾਖਤ ਆਪ ਬਣਦਾ ਹੈ ਪਰ ਔਰਤ ਦੀ ਸ਼ਨਾਖਤ ਉਸ ਦਾ ਮਰਦ ਜਾਂ ਘਰ ਵਾਲਾ ਹੈ। ਇਸੇ ਲਈ ਪਿਛਲੇ ਸਮੇਂ 'ਚ ਕਿਸੇ ਮਰਦ ਲਈ ਅਨਪੜ੍ਹ ਜਾਂ ਅਧਪੜ੍ਹ ਔਰਤ ਨਾਲ ਸ਼ਾਦੀ ਕਰਵਾ ਲੈਣੀ ਆਮ ਗੱਲ ਸੀ/ਹੈ ਪਰ ਔਰਤ ਨੂੰ ਆਪਣੇ ਤੋਂ ਘਟ ਪੜ੍ਹੇ-ਲਿਖੇ ਮਰਦ ਨੂੰ ਜੀਵਨ ਸਾਥੀ ਚੁਣਦਿਆਂ ਘਟ ਹੀ ਵੇਖਿਆ ਹੈ। ਸਿਵਾਏ ਪਰਵਾਸੀ ਬਣਨ ਦੀਆਂ ਚਾਹਵਾਨ ਮੁਟਿਆਰਾਂ ਦੇ, ਜੋ ਐਨ ਆਰ ਆਈ ਬਣਨ ਲਈ ਤਾਂ ਡਾਕਟਰ ਵੀ ਟਰਕ ਡਰਾਈਵਰ ਨਾਲ ਵਿਆਹ ਲਈ ਤਿਆਰ ਹੋ ਜਾਂਦੀ ਹੈ। ਪਰ ਇਹ ਇਕ ਅਪਵਾਦ ਹੈ। ਰੌਲਾ ਤਨਖਾਹ ਦਾ ਨਹੀਂ, ਉਧਾਰੇ ਸਟੇਟਸ ਦਾ ਵੀ ਹੈ। ਉਸ ਦੀ ਆਪਣੀ ਸ਼ਨਾਖਤ 'ਤੇ ਦਾਗ ਹੈ। ਭਾਰਤ ਦਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੀ ਇਸ ਬਿੰਬ ਦਾ ਸ਼ਿਕਾਰ ਹੈ। ਤਾਂਹੀਏ ਸ਼ਰੀਫ ਦੀ ਟਿਪਣੀ ਮੋਦੀ ਨੂੰ ਇਸੇ ਕਰਕੇ ਨਹੀਂ ਪਚੀ। ਉਂਜ ਮੋਦੀ ਦੇ ਵਿਚਾਰ ਵੀ ਸ਼ਰੀਫ ਤੋਂ ਵਖਰੇ ਨਹੀਂ। ਡਾ. ਮਨਮੋਹਨ ਸਿੰਘ ਨੇ ਭਾਰਤੀ ਆਰਥਿਕਤਾ 'ਚ ਉਹ ਕੂਹਣੀ ਮੋੜ ਦਿਤਾ ਹੈ ਕਿ ਉਸ ਨੂੰ 'ਮਰਦ' ਕਹਾਉਂਦੇ ਜਾਂ ਬਾਹਲਾ ਬੋਲਣ ਵਾਲੇ ਕਈ ਸਿਆਸਤਦਾਨ ਵੀ ਬਦਲ ਨਹੀਂ ਸਕਦੇ। ਵਿਸ਼ਵੀਕਰਨ ਅਤੇ ਨਿਜੀਕਰਨ ਬੋਤਲ 'ਚੋਂ ਨਿਕਲੇ ਭੂਤ ਵਾਂਗ ਹਨ। ਕੱਲ੍ਹ ਨੂੰ ਜੇ ਮੋਦੀ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਤਾਂ ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਦਹਾਕੇ ਪਹਿਲਾਂ 'ਪੇਂਡੂ ਔਰਤਾਂ ਵਰਗੇ' ਬੰਦੇ ਦੀ ਘੜੀ 'ਨਵੀਂ ਆਰਥਿਕ ਨੀਤੀ' ਨੂੰ ਬਦਲਣ ਦੀ ਮਰਦਾਨਗੀ ਉਹ ਕਿਵੇਂ ਦਿਖਾਉਂਦਾ ਹੈ?

ਪੰਜਾਬੀਆਂ 'ਚ 'ਮੌਤ ਨੂੰ ਮਖੌਲਾਂ ਕਰਨ' ਜਾਂ 'ਕਿਸੇ ਦੀ ਟੈਂ ਨਾ ਮੰਨਣ ਵਾਲੇ' ਹੀ ਸਤਿਕਾਰ ਤੇ ਪਿਆਰ ਦੇ ਪਾਤਰ ਬਣਦੇ ਹਨ। ਇਨ੍ਹਾਂ ਮਰਦਾਨਾ ਗੁਣਾਂ ਨੂੰ ਔਰਤ ਨੇ ਵੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਮਾਨਤਾ ਦਿੱਤੀ ਹੋਈ ਹੈ। ਉਸ ਦੇ ਸੁਫਨਿਆਂ ਵਿਚ ਕਦਾਵਰ, ਬਹਾਦਰ, ਜ਼ਬੇਵਾਲਾ, ਰੌਣਕੀ ਜਿਆਦਾ ਆਉਂਦਾ ਹੈ, ਸਹਿਜ, ਗੰਭੀਰ, ਵਾਕ-ਸੰਜਮੀ ਉਸ ਨੂੰ ਉਨਾ ਨਹੀਂ ਪੋਂਹਦਾ। ਅਜਿਹੇ ਬੰਦੇ ਬਾਰੇ ਇਕ ਔਰਤ ਦਾ ਕਥਨ ਸੀ, "ਉਸ ਦੇ ਕੋਲ ਹੁੰਦਿਆਂ ਲਗਦਾ ਹੀ ਨਹੀਂ ਕਿ ਕੋਲ ਮਰਦ ਬੈਠਾ ਹੈ।" ਦੇਸੀ ਔਰਤ ਨੂੰ ਵੀ ਮੋਦੀ ਵਾਲਾ 'ਮਰਦ' ਹੀ ਮਰਦ ਲਗਦਾ ਹੈ। ਇਕ ਵਾਰ ਸਾਡੇ ਘਰ ਕੰਮ ਕਰਨ ਵਾਲੀ ਔਰਤ ਕੁਝ ਦਿਨਾਂ ਦੀ ਗੈਰਹਾਜਰੀ ਬਾਅਦ ਆਈ। ਉਸ ਦੇ ਮੂੰਹ 'ਤੇ ਨੀਲ ਪਏ ਹੋਏ ਸਨ। ਉਸ ਨੇ ਦਸਿਆ ਕਿ ਉਸ ਦੇ ਘਰ ਵਾਲੇ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਸੀ। ਮੈਨੂੰ ਉਸ 'ਤੇ ਤਰਸ ਵੀ ਆਇਆ ਤੇ ਉਸ ਦੇ ਘਰ ਵਾਲੇ 'ਤੇ ਗੁੱਸਾ ਵੀ। ਮੈਂ ਉਸ ਨੂੰ ਥਾਣੇ ਜਾਣ ਦੀ ਸਲਾਹ ਦਿੱਤੀ। ਉਹ ਕਹਿੰਦੀ, "ਕੋਈ ਨ੍ਹੀਂ ਜੀ, ਉਹ ਤਾਂ ਕੁੱਟਦਾ ਹੀ ਰਹਿੰਦਾ ਹੈ। ਮਰਦ ਤਾਂ ਇਉਂ ਹੀ ਕਰਦੇ ਆ।" ਉਸ ਨੇ ਮਰਦਊਪੁਣੇ ਦੇ ਹੱਕ 'ਚ ਦਲੀਲ ਦੇ ਕੇ ਗੱਲ ਮੁਕਾ ਦਿੱਤੀ, "ਜਿੱਦੇਂ ਉਹ ਕੁੱਟੇ, ਉਦੋਂ ਉਹ 'ਪਿਆਰ' ਵੀ ਬਹੁਤ ਕਰਦਾ ਹੈ ਜੀ, ਤੇ ਨਾਲੇ ਫਿਲਮ ਵੀ ਵਿਖਾ ਕੇ ਲਿਆਉਂਦਾ ਹੈ।"

ਇਕ ਸਿਆਣੇ ਬੰਦੇ ਨਾਲ ਇਸ ਵਰਤਾਰੇ ਬਾਰੇ ਗੱਲਬਾਤ ਹੋਈ ਕਿ ਮਰਦਾਵੀਂ ਧੌਂਸ ਅਤੇ ਦੇਸੀ ਔਰਤ ਦੀ ਅਧੀਨਗੀ ਦਾ ਕੀ ਤੱਤ ਹੈ? ਉਸ ਦਾ ਪ੍ਰਵਚਨ ਸੀ ਕਿ ਇਸ ਦਾ ਕੋਈ ਹੱਲ ਨਹੀਂ। ਹਜਾਰਾਂ ਵਰ੍ਹਿਆਂ ਦਾ ਇਤਿਹਾਸ ਹੈ, ਔਰਤ ਤੇ ਮਰਦ ਨੂੰ ਸਿਰਫ ਦਾਬੇ ਅਤੇ ਸਮਰਪਣ ਦਾ ਹੀ ਅਨੁਭਵ ਹੈ। ਉਹ ਸਮਾਨ ਪੱਧਰ 'ਤੇ ਵਿਚਰ ਹੀ ਨਹੀਂ ਸਕਦੀ। ਜਦੋਂ ਮੌਕਾ ਲਗੇ, ਇਕ ਦੂਜੇ 'ਤੇ ਗਾਲਬ ਹੋਣ ਦੀ ਤਾਕ ਵਿਚ ਰਹਿੰਦਾ ਹੈ। ਰੌਲਾ ਮਰਦਾਵੀਂ ਧੌਂਸ ਦਾ ਨਹੀਂ, 'ਧੌਂਸ' ਦਾ ਹੈ। ਮਰਦ ਨੇ ਵਰ੍ਹਿਆਂ ਤੋਂ ਧੌਂਸ ਜਮਾਈ ਰੱਖੀ ਹੈ। ਜਿਥੇ ਮਰਦ 'ਚ ਹਲੀਮੀ ਜਾਂ ਕਮਜੋਰੀ ਦਿਸੇ, ਉਥੇ ਔਰਤ ਮਰਦ ਵਾਂਗ ਵਿਹਾਰ ਕਰਨ ਲੱਗ ਜਾਂਦੀ ਹੈ। ਬਲ ਅਤੇ ਸ਼ਕਤੀ ਦੇ ਹੋਣ ਤੇ ਵਰਤੋਂ ਦਾ ਆਪਣਾ ਹੀ ਰੁਮਾਂਸ ਹੈ। ਮੋਦੀ ਵਰਗਾ ਬੰਦਾ ਮਨਮੋਹਨ ਵਰਗੇ ਵਿਰੋਧੀ ਨੂੰ ਵੀ 'ਪੇਂਡੂ ਔਰਤਾਂ ਵਰਗਾ' ਨਹੀਂ ਸਗੋਂ ਸ਼ਹਿਰੀਆਂ ਵਾਂਗੂੰ ਚਲਾਕ ਤੇ ਧਕੜ ਦੇਖਣਾ ਚਾਹੁੰਦਾ ਹੈ, ਭਲਾ ਮਾੜੇ ਨਾਲ ਕੀ ਮਤਿਕਣਾ ਹੋਇਆ!

## ਸੰਪਾਦਕ ਦੀ ਡਾਕ

## ਬਲਜੀਤ ਬਾਸੀ ਦਾ ਲੇਖ 'ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਓ'

ਬਲਜੀਤ ਬਾਸੀ ਦਾ 'ਪੰਜਾਬ ਟਾਈਮਜ਼' ਦੇ 28 ਦਸੰਬਰ ਦੇ ਅੰਕ ਵਿਚ ਲੇਖ 'ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਓ' ਛਪਿਆ ਹੈ। ਕਿਸੇ ਭਾਸ਼ਾ ਨੂੰ ਸੌੜੀਆਂ ਮਜ਼ਬੀ ਹੱਦਾਂ ਵਿਚ ਬੰਨਣ ਦੀ ਕੋਸ਼ਿਸ਼ ਕਰਨਾ ਉਸ ਭਾਸ਼ਾ ਦੀ ਤਰੱਕੀ ਦਾ ਰਸਤਾ ਰੋਕਣਾ ਹੈ। ਇਸ ਧਾਰਨਾ ਨੇ ਪੰਜਾਬੀ ਭਾਸ਼ਾ ਦਾ ਪਹਿਲਾਂ ਹੀ ਬਹੁਤ ਨੁਕਸਾਨ ਕੀਤਾ ਹੈ ਕਿਉਂਕਿ ਇਸ ਨੂੰ ਮਹਿਜ਼ ਸਿੱਖਾਂ ਦੀ ਬੋਲੀ ਹੋਣ ਤੱਕ ਮਹਿਦੂਦ ਕਰ ਦਿੱਤਾ ਗਿਆ ਹੈ। ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਅੱਜ ਦੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਵੀ ਹਿੰਦੀ ਦੇ ਨਾਲ ਨਾਲ ਪੰਜਾਬੀ ਵੀ ਪੜ੍ਹਾਈ ਜਾਂਦੀ ਸੀ। ਹੁਣ ਇਨ੍ਹਾਂ ਦੋਵਾਂ ਸੂਬਿਆਂ ਵਿਚ ਪੰਜਾਬੀ ਦੀ ਪੜ੍ਹਾਈ ਦਾ ਨਾਮੋ-ਨਿਸ਼ਾਨ ਵੀ ਨਹੀਂ ਹੈ। ਕਿਥੇ ਪੰਜਾਬੀ ਗੁੜਗਾਉਂ ਤੱਕ ਪੜ੍ਹੀ ਜਾਂਦੀ ਸੀ ਅਤੇ ਕਿੱਥੇ ਹੁਣ ਅੰਬਾਲਾ ਨਹੀਂ ਟੱਪਦੀ। ਸਾਰਾ ਸ਼ਹਿਰੀ ਤਬਕਾ ਹਿੰਦੀ ਬੋਲਣ ਨੂੰ ਆਪਣੀ ਸ਼ਾਨ ਸਮਝਦਾ ਹੈ। ਇਸ 'ਚ ਕਸੂਰ ਜਿੱਥੇ ਕੱਟੜ ਹਿੰਦੂ ਭਾਈਚਾਰੇ ਦਾ ਹੈ, ਉਥੇ ਹੀ ਕਥਿਤ ਸਿੱਖ ਵਿਦਵਾਨਾਂ ਦਾ ਵੀ ਹੈ ਜੋ ਬੋਲੀ ਨੂੰ ਮਜ਼ਬ ਨਾਲ ਜੋੜ ਕੇ ਦੇਖਦੇ ਹਨ।

ਅੱਜ ਪਾਕਿਸਤਾਨੀ ਪੰਜਾਬ ਵਿਚ ਪਿੰਡਾਂ ਦੇ ਬਹੁਤੇ ਬੱਚੇ ਪੜ੍ਹਾਈ ਪੱਖੋਂ ਪ੍ਰਾਇਮਰੀ ਤੋਂ ਅਗਾਂਹ ਨਹੀਂ ਟੱਪਦੇ ਕਿਉਂਕਿ ਉਨ੍ਹਾਂ ਨੂੰ ਮੁੱਢਲੀ ਸਿੱਖਿਆ ਪੰਜਾਬੀ ਵਿਚ ਦੇਣ ਦੀ ਥਾਂ ਉਰਦੂ ਵਿਚ ਦਿੱਤੀ ਜਾਂਦੀ ਹੈ ਜੋ ਕਿ ਉਨ੍ਹਾਂ ਦੀ ਅਸਲੀ ਬੋਲੀ ਨਾ ਹੋਣ ਕਰਕੇ ਉਨ੍ਹਾਂ ਦੇ ਪੱਲੇ ਨਹੀਂ ਪੈਂਦੀ। ਇਹ ਸਭ ਮਜ਼ਬੀ ਕੱਟੜਪੁਣੇ ਦੇ ਕਾਰਨ ਹੈ। ਮੈਂ ਪਾਕਿਸਤਾਨੀ ਬੀਬੀਆਂ ਨੂੰ ਇਥੇ ਦੇਖਿਆ ਹੈ ਕਿ ਆਪਸ ਵਿਚ ਗੱਲ ਕਰਨ ਵੇਲੇ ਉਰਦੂ ਬੋਲਦੀਆਂ ਹਨ ਪਰ ਕਿਸੇ ਮੇਰੇ ਵਰਗੀ ਨਾਲ ਗੱਲ ਕਰਨ ਵੇਲੇ ਚੰਗੀ ਭਲੀ ਠੇਠ ਪੰਜਾਬੀ ਬੋਲਦੀਆਂ ਹਨ।

ਬੋਲੀ ਹਿੰਦੂ, ਸਿੱਖ ਜਾਂ ਮੁਸਲਮਾਨ ਨਹੀਂ ਹੁੰਦੀ। ਬੋਲੀ ਦਾ ਸਬੰਧ ਇਲਾਕੇ ਨਾਲ ਹੁੰਦਾ ਹੈ। ਇਤਿਹਾਸ ਅਨੁਸਾਰ ਵੇਦਾਂ ਦੀ ਰਚਨਾ ਪੰਜਾਬ ਵਿਚ ਹੋਈ (ਜੋ ਅਸਲੀ ਪੰਜਾਬ ਹੁੰਦਾ ਸੀ) ਅਤੇ ਵੇਦਾਂ ਦੀ ਬੋਲੀ ਉਸ ਵੇਲੇ ਇਥੇ ਬੋਲੀ ਜਾਂਦੀ ਸੀ। ਗੁਰੂ ਸਾਹਿਬਾਨ ਨੇ ਬਾਣੀ ਦਾ ਉਚਾਰਨ ਆਮ ਲੋਕਾਂ ਦੀ ਬੋਲੀ ਵਿਚ ਕੀਤਾ ਤਾਂ ਕਿ ਇਹ ਆਮ ਮਨੁੱਖ ਨੂੰ ਸਮਝ ਆ ਸਕੇ। ਬਾਣੀ ਇੱਕ ਜੀਵਨ ਜਾਚ ਹੈ, ਨਾ ਕਿ ਮਹਿਜ ਪੂਜਾ ਲਈ ਹੈ। ਬਾਸੀ ਸਾਹਿਬ ਨੇ ਜਿਸ ਗੱਲ ਦਾ ਜ਼ਿਕਰ ਕੀਤਾ ਹੈ, ਉਹ ਮੇਰੇ ਨਾਲ ਵੀ ਵਾਪਰੀ ਸੀ। 1990 ਵਿਚ ਮੈਂ ਟੋਰਾਂਟੋ ਸਿੱਖ ਭਾਈਚਾਰੇ ਵੱਲੋਂ ਕੀਤੇ ਇੱਕ ਸੈਮੀਨਾਰ ਵਿਚ ਟੋਰਾਂਟੋ ਯੂਨੀਵਰਸਿਟੀ ਵਿਚ ਪਰਚਾ ਪੜ੍ਹ ਰਹੀ ਸੀ ਜੋ ਕਿ ਅੰਗਰੇਜ਼ੀ ਵਿਚ ਸੀ। ਮੈਂ ਗੁਰੂ ਨਾਨਕ ਸਾਹਿਬ ਦੇ ਨਾਮ ਨਾਲ ਸ੍ਰੀ ਪੜ੍ਹਿਆ ਤਾਂ ਸੈਸ਼ਨ ਦਾ ਪ੍ਰਧਾਨ ਕਹਿੰਦਾ ਗੁਰੂ ਨਾਨਕ ਦੇ ਨਾਮ ਨਾਲ ਸ੍ਰੀ ਨਹੀਂ ਲਾਉਣਾ, ਇਹ ਹਿੰਦੂਆਂ ਦਾ ਲਫ਼ਜ਼ ਹੈ। ਉਹ ਵਿਦਵਾਨ ਹੁਣ ਆਪਣੇ ਆਪ ਨੂੰ ਸਿੱਖਾਂ ਦਾ ਸਭ ਤੋਂ ਵੱਡਾ ਹਿਸਟੋਰੀਅਨ ਮੰਨਦਾ ਹੈ। ਇਹ ਸਭ ਅਨਪੜ੍ਹਤਾ ਅਤੇ ਮੂਰਖਤਾ ਹੈ। ਲਫ਼ਜ਼ ਸਾਂਝੇ ਹੁੰਦੇ ਹਨ। ਆਤਮਾ, ਬ੍ਰਹਮ, ਜੀਵ, ਰਾਮ, ਗੋਬਿੰਦ ਆਦਿ ਅਨੇਕਾਂ ਸ਼ਬਦ ਹਨ ਜੋ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਨ ਪਰ ਜਦੋਂ ਉਨ੍ਹਾਂ ਦੀ ਵਰਤੋਂ ਬਾਣੀ ਵਿਚ ਹੋਈ ਤਾਂ ਸੰਕਲਪ ਦੇ ਰੂਪ ਵਿਚ ਉਨ੍ਹਾਂ ਦਾ ਬਿਲਕੁਲ ਕਾਇਆਕਲਪ ਹੋ ਗਿਆ।

ਬਾਸੀ ਸਾਹਿਬ ਭਾਸ਼ਾ ਵਿਗਿਆਨੀ ਹਨ। ਚੰਗਾ ਹੋਵੇਗਾ ਜੇ ਮੇਰੇ ਵਰਗੇ ਅਖੌਤੀ ਸਿੱਖ ਵਿਦਵਾਨਾਂ ਲਈ ਉਹ ਪੰਜਾਬੀ ਬੋਲੀ ਦੇ ਨਿਕਾਸ ਅਤੇ ਵਿਕਾਸ, ਗੁਰਮੁਖੀ ਲਿਪੀ 'ਤੇ ਚਾਨਣਾ ਪਾਉਂਦੇ ਦੋ-ਚਾਰ ਲੇਖ ਲਿਖਣ। ਇਹ ਵੀ ਪੰਜਾਬੀ ਬੋਲੀ ਦੀ, ਮਾਂ ਬੋਲੀ ਦੀ ਸੇਵਾ ਹੋਵੇਗੀ।

-ਗੁਰਨਾਮ ਕੌਰ, ਕੈਨੇਡਾ

## ਸ਼ਬਦਾਂ ਦਾ ਝਰੋਖਾ

ਪੰਜਾਬ ਟਾਈਮਜ਼ ਦੇ 4 ਜਨਵਰੀ ਦੇ ਅੰਕ ਵਿਚ ਕਰਮਜੋਤ ਸਿੰਘ ਕਲਸੀ (ਸ਼ਿਕਾਗੋ) ਦੀ ਚਿੱਠੀ ਪੜ੍ਹੀ। ਸ਼ਬਦਾਂ ਦੇ ਅਰਥਾਂ ਦੀ ਚੀਰ-ਫਾੜ ਬਲਜੀਤ ਬਾਸੀ ਸੱਚਮੁੱਚ ਗੱਡ ਕੇ ਕਰਦੇ ਹਨ। ਸ਼ਬਦ ਦੀ ਵਿਆਖਿਆ ਵਿਚ ਹੋਰ ਜਾਣਕਾਰੀ ਵੀ ਲੁਕੀ ਹੁੰਦੀ ਹੈ ਪਰ ਜਿਹੜੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ, ਉਹ ਇਹ ਹੈ ਕਿ ਸਮਾਂ ਪਾ ਕੇ ਕੁਝ ਸ਼ਬਦਾਂ ਦੇ ਅਰਥ ਸੀਮਤ ਵੀ ਹੋ ਜਾਂਦੇ ਹਨ ਅਤੇ ਕਈ ਵਾਰ ਤਾਂ ਬਦਲ ਵੀ ਜਾਂਦੇ ਹਨ। ਸ੍ਰੀ ਅਤੇ ਸਰਦਾਰ ਸ਼ਬਦ ਹੀ ਲੈ ਲਓ। ਹੁਣ ਸਿੱਖੀ ਨਾਲ ਜੁੜੇ ਲੋਕਾਂ ਲਈ ਸਰਦਾਰ ਦੇ ਵੱਖਰੇ ਅਰਥ ਹਨ। ਇਸ ਬਾਰੇ ਕਿਸੇ ਨੂੰ ਇਤਰਾਜ਼ ਕਿਉਂ ਹੋਵੇ। ਸਾਨੂੰ ਇਸ ਮਾਮਲੇ ਵਿਚ ਥੋੜ੍ਹਾ ਉਦਾਰ ਹੋਣਾ ਚਾਹੀਦਾ ਹੈ। ਕੋਈ ਗੁੱਸੇ-ਗਿਲੇ ਵਾਲੀ ਗੱਲ ਤਾਂ ਨਹੀਂ ਹੈ ਪਰ ਕਦੀ-ਕਦਾਈਂ ਮੈਨੂੰ ਤਾਂ ਇਹ ਵੀ ਲੱਗਣ ਲੱਗ ਪੈਂਦਾ ਹੈ ਕਿ ਬਲਜੀਤ ਬਾਸੀ ਸਿੱਖਾਂ ਲਈ ਚੁੱਭਵੀਂ ਜਿਹੀ ਗੱਲ ਕਰ ਜਾਂਦੇ ਹਨ, ਸ਼ਾਇਦ ਇਸ ਪਿਛੇ ਉਨ੍ਹਾਂ ਦਾ ਪਹਿਲਿਆਂ ਵਿਚ ਕਾਮਰੇਡ ਹੋਣਾ ਕੰਮ ਕਰ ਜਾਂਦਾ ਹੈ। ਫਿਰ ਨਾਲ ਹੀ ਮੈਂ ਦੂਜੇ ਪਾਸਿਉਂ ਵੀ ਸੋਚਦਾ ਹਾਂ ਕਿ ਉਨ੍ਹਾਂ ਦੀ ਗੱਲ ਭਾਵੇਂ ਚੁੱਭਵੀਂ ਹੁੰਦੀ ਹੈ ਪਰ ਸੂਟ ਪਾਉਣ ਵਾਲੀ ਨਹੀਂ ਹੁੰਦੀ। ਇਹ ਸਤਰਾਂ ਮੈਂ ਉਨ੍ਹਾਂ ਦਾ ਨਵਾਂ ਲੇਖ 'ਪਤਿਤ ਦਾ ਪਤਨ' ਪੜ੍ਹ ਕੇ ਲਿਖ ਰਿਹਾ ਹਾਂ। ਸਿਆਣੇ ਕਹਿੰਦੇ ਨੇ ਕਿ ਪਤੇ ਦੀਆਂ ਗੱਲਾਂ ਤਾਂ ਔਖੇ ਹੋ ਕੇ ਸੁਣ ਲੈਣੀਆਂ ਚਾਹੀਦੀਆਂ ਹਨ। ਇਹ ਗੱਲਾਂ ਗੌਰ ਕਰਨ ਵਾਲੀਆਂ ਹਨ।

-ਗੁਰਜੰਟ ਸਿੰਘ, ਡਿਟਰਾਇਟ

## ਸੱਚਾ ਸ਼ਾਇਰ ਅੱਲ੍ਹਾ ਯਾਰ ਖ਼ਾਂ ਜੋਗੀ

ਪੰਜਾਬ ਟਾਈਮਜ਼ ਦੇ 4 ਜਨਵਰੀ ਵਾਲੇ ਪਰਚੇ ਵਿਚ ਅੱਲ੍ਹਾ ਯਾਰ ਖਾਂ ਜੋਗੀ ਬਾਰੇ ਡਾ. ਹਰਚੰਦ ਸਿੰਘ ਸਰਹਿੰਦੀ ਦਾ ਲਿਖਿਆ ਲੇਖ 'ਸ਼ਹੀਦਾਨਿ-ਵਫ਼ਾ ਦੀ ਪਹਿਲੀ ਸ਼ਤਾਬਦੀ' ਪੜ੍ਹਿਆ ਜਿਸ ਵਿਚ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਜ਼ਿਕਰ ਕੀਤਾ ਗਿਆ ਹੈ। ਲੇਖਕ ਨੇ ਸਿੱਖਾਂ ਨੂੰ ਖਬਰਦਾਰ ਕੀਤਾ ਹੈ ਕਿ ਉਹ ਕਿਤੇ ਇਸ ਸੱਚੇ ਸ਼ਾਇਰ ਨੂੰ ਭੁੱਲ ਨਾ ਜਾਣ। ਤੁਸੀਂ ਆਪਣੇ ਪਰਚੇ ਵਿਚ 'ਸ਼ਹੀਦਾਨਿ-ਵਫ਼ਾ' ਦੇ ਤਿੰਨ ਮਿਸਰੇ ਵੀ ਛਾਪੇ ਹਨ। ਕੀ ਤੁਸੀਂ ਆਪਣੇ ਪਰਚੇ ਵਿਚ ਇਹ ਸਾਰੀ ਰਚਨਾ ਨਹੀਂ ਛਾਪ ਸਕਦੇ? ਜੇ ਸੰਭਵ ਹੋਵੇ ਤਾਂ ਜ਼ਰੂਰ ਛਾਪੋ, ਪੁੰਨ ਦਾ ਕੰਮ ਹੋਵੇਗਾ। ਮੈਂ ਆਪ ਵੀ ਇਹ ਰਚਨਾ ਨਹੀਂ ਪੜ੍ਹੀ ਹੈ, ਇਸ ਬਾਰੇ ਪਹਿਲਾਂ ਸੁਣਿਆ ਜ਼ਰੂਰ ਸੀ। ਹੁਣ ਲੇਖ ਪੜ੍ਹ ਕੇ ਲੱਗਿਆ ਕਿ ਇਹ ਰਚਨਾ ਜ਼ਰੂਰ ਪੜ੍ਹਨੀ ਚਾਹੀਦੀ ਹੈ। ਪਰਚੇ ਵਿਚ ਰਚਨਾ ਛਪਣ ਨਾਲ ਡਾਕਟਰ ਸਾਹਿਬ ਦਾ ਉਲਾਂਭਾ ਵੀ ਥੋੜ੍ਹਾ ਦੂਰ ਹੋ ਜਾਵੇਗਾ ਅਤੇ ਪਾਠਕ ਇਸ ਸ਼ਾਇਰ ਦੀ ਰਚਨਾ ਦੇ ਰੂ-ਬਰੂ ਵੀ ਹੋ ਸਕਣਗੇ।

-ਅਨੰਦ ਸਿੰਘ ਮਠਾੜੂ,
ਨਿਊ ਯਾਰਕ।

ਪਾਠਕਾਂ ਦੀ ਮੰਗ 'ਤੇ ਅਸੀਂ ਇਸੇ ਅੰਕ ਤੋਂ ਅੱਲ੍ਹਾ ਯਾਰ ਖ਼ਾਂ ਜੋਗੀ ਦੀ ਲਾਸਾਨੀ ਰਚਨਾ 'ਸ਼ਹੀਦਾਨਿ-ਵਫ਼ਾ' ਲੜੀਵਾਰ ਛਾਪਣੀ ਅਰੰਭ ਕਰ ਰਹੇ ਹਾਂ। ਉਨ੍ਹਾਂ ਬਾਰੇ ਬਹੁਤ ਘੱਟ ਛਪਿਆ ਮਿਲਦਾ ਹੈ ਪਰ ਅਸੀਂ ਗਾਹੇ-ਬਗਾਹੇ ਉਨ੍ਹਾਂ ਦੇ ਜੀਵਨ ਬਾਰੇ ਕੁਝ ਨਾ ਕੁਝ ਛਾਪਦੇ ਰਹਾਂਗੇ। -ਸੰਪਾਦਕ

# ਲੋਕ ਲੁਭਾਊ ਸਕੀਮਾਂ ਵਿਚ ਉਲਝੀ ਪੰਜਾਬ ਸਰਕਾਰ

**ਚੰਡੀਗੜ੍ਹ:** ਆਰਥਿਕ ਤੰਗੀ ਦੇ ਬਾਵਜੂਦ ਪੰਜਾਬ ਸਰਕਾਰ ਲੋਕ ਲੁਭਾਊ ਸਕੀਮਾਂ ਜਾਰੀ ਰੱਖਣ ਲਈ ਪੂਰੀ ਵਾਹ ਲਾ ਰਹੀ ਹੈ। ਸੂਬਾ ਸਰਕਾਰ ਇਸ ਕੰਮ ਵਿਚ ਇੰਨੀ ਮਸਤ ਹੈ ਕਿ ਉਸ ਨੇ ਹੋਰ ਅਹਿਮ ਮੁੱਦਿਆਂ ਨੂੰ ਨੁੱਕਰੇ ਲਾ ਦਿੱਤਾ ਹੈ। ਸੂਬਾਈ ਯੋਜਨਾ ਵਿਭਾਗ ਵੱਲੋਂ 30 ਨਵੰਬਰ ਤੱਕ ਦੀ ਤਿਆਰ ਕੀਤੀ ਗਈ ਰਿਪੋਰਟ ਮੁਤਾਬਕ ਖੇਤੀਬਾੜੀ, ਸਿਹਤ, ਸਿੱਖਿਆ, ਸਿੰਜਾਈ, ਘੱਟ ਗਿਣਤੀ ਵਿਦਿਆਰਥੀਆਂ ਦੀ ਵਜ਼ੀਫ਼ਾ ਸਕੀਮ ਤੇ ਦਿਹਾਤੀ ਸੜਕਾਂ ਦੀ ਉਸਾਰੀ ਏਜੰਡੇ 'ਤੇ ਨਹੀਂ ਹਨ।

ਯੋਜਨਾ ਵਿਭਾਗ ਦੇ ਇਸ ਦਸਤਾਵੇਜ਼ ਮੁਤਾਬਕ ਸਰਕਾਰ ਨੇ ਪਿਛਲੇ ਮਾਲੀ ਵਰ੍ਹੇ ਦੇ ਅੰਤ ਤੱਕ 1076.09 ਕਰੋੜ ਰੁਪਏ ਦੀ ਕੇਂਦਰ ਤੋਂ ਆਈ ਗ੍ਰਾਂਟ ਨਹੀਂ ਵਰਤੀ। ਇਸ ਸਾਲ ਵੀ ਸੂਬਾ ਸਰਕਾਰ ਨੂੰ ਕੇਂਦਰ ਤੋਂ 1982.31 ਕਰੋੜ ਰੁਪਏ ਹਾਸਲ ਹੋਏ ਹਨ। ਕੁੱਲ 3058.40 ਕਰੋੜ ਰੁਪਏ ਵਿਚੋਂ 1480.69 ਕਰੋੜ ਹੀ ਜਾਰੀ ਕੀਤੇ ਜਾ ਸਕੇ। ਸੂਬਾ ਸਰਕਾਰ ਵੱਲੋਂ ਗ੍ਰਾਂਟਾਂ ਬਾਰੇ ਸਰਟੀਫਿਕੇਟ ਨਾ ਦਿੱਤੇ ਜਾਣ ਕਾਰਨ 3277 ਕਰੋੜ ਰੁਪਏ ਦੀ ਰਕਮ ਕੇਂਦਰ ਤੋਂ ਅਜੇ ਆਉਣੀ ਬਾਕੀ ਹੈ।

ਸਰਕਾਰ ਵੱਲੋਂ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਆਟਾ ਦਾਲ, ਸਕੂਲੀ ਲੜਕੀਆਂ ਨੂੰ ਸਾਈਕਲ ਵੰਡਣੇ, ਭਾਂਡੇ ਵੰਡਣ ਤੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਹੋਰ ਸਕੀਮਾਂ 'ਤੇ ਪੈਸਾ ਖਰਚ ਕੀਤਾ ਜਾ ਰਿਹਾ ਹੈ। ਸਮਾਜਿਕ ਸੁਰੱਖਿਆ, ਇਸਤਰੀਆਂ ਤੇ ਬਾਲਾਂ ਦੀ ਭਲਾਈ ਵਿਭਾਗ ਦੀਆਂ ਸਕੀਮਾਂ ਲਈ ਕੇਂਦਰ ਨੇ 97.26 ਕਰੋੜ ਰੁਪਏ ਦਿੱਤੇ ਤੇ ਖ਼ਜ਼ਾਨੇ ਵਿਚੋਂ 24.64 ਕਰੋੜ ਜਾਰੀ ਹੋਏ। ਸਾਰੀ ਗ੍ਰਾਂਟ ਦੀ ਵਰਤੋਂ ਨਾ ਹੋਣ ਕਾਰਨ 133.03 ਕਰੋੜ ਰੁਪਏ ਜਾਰੀ ਨਹੀਂ ਹੋ ਸਕੇ। ਘੱਟ ਗਿਣਤੀ ਵਿਦਿਆਰਥੀਆਂ ਨੂੰ ਦਸਵੀਂ ਤੋਂ ਬਾਅਦ ਵਜ਼ੀਫ਼ਾ ਦੇਣ ਲਈ ਸਰਕਾਰ ਨੇ 21.77 ਕਰੋੜ ਰੁਪਏ ਜਾਰੀ ਨਾ ਕੀਤੇ, ਜਿਸ ਕਾਰਨ ਕੇਂਦਰ ਨੇ 48.23 ਕਰੋੜ ਅਜੇ ਤੱਕ ਰੋਕੇ ਹੋਏ ਹਨ।

ਦਸਵੀਂ ਤੋਂ ਛੋਟੀਆਂ ਜਮਾਤਾਂ ਲਈ ਦਲਿਤ ਬੱਚਿਆਂ ਲਈ ਕੇਂਦਰ ਨੇ 60.10 ਕਰੋੜ ਰੁਪਏ ਭੇਜੇ ਤੇ ਹੁਣ ਤੱਕ ਵੰਡੇ 21.54 ਕਰੋੜ ਵੰਡੇ ਗਏ, ਮਲਟੀ ਸੈਕਟਰਲ ਵਿਕਾਸ ਸਿਲੈਕਟਡ ਘੱਟ ਗਿਣਤੀ ਜ਼ਿਲ੍ਹਿਆਂ ਦੇ ਬੱਚਿਆਂ ਲਈ 10.54 ਕਰੋੜ ਰੁਪਏ ਆਏ ਪਰ ਜਾਰੀ ਨਹੀਂ ਹੋਏ। ਸ਼ਹਿਰੀ ਵਿਕਾਸ ਦੇ ਮਾਮਲੇ ਵਿਚ ਤਾਂ ਸਰਕਾਰ ਬਿਲਕੁਲ ਹੀ ਫਾਡੀ ਹੈ। ਸਰਕਾਰ ਨੇ ਲੰਘੇ ਮਾਲੀ ਸਾਲ 84.98 ਕਰੋੜ ਰੁਪਏ ਬਿਨਾਂ ਵਰਤੇ ਛੱਡ ਦਿੱਤੇ। ਇਨ੍ਹਾਂ ਵਿਚ ਗਰੀਬਾਂ ਨੂੰ ਮਕਾਨ ਬਣਾ ਕੇ ਦੇਣ ਲਈ 49.88 ਕਰੋੜ ਰੁਪਏ ਆਏ ਸਨ ਜੋ ਵਰਤੇ ਨਹੀਂ ਗਏ। ਇਸੇ ਸਕੀਮ ਤਹਿਤ ਇਸ ਸਾਲ ਵੀ ਕੇਂਦਰ ਨੇ 12.77 ਕਰੋੜ ਰੁਪਏ ਭੇਜੇ ਪਰ ਧੇਲਾ ਵੀ ਨਹੀਂ ਵਰਤਿਆ ਗਿਆ।

ਸ਼ਹਿਰੀ ਰੁਜ਼ਗਾਰ ਯੋਜਨਾ ਤਹਿਤ ਲੋੜਵੰਦਾਂ ਨੂੰ ਕਰਜ਼ਾ ਦੇਣ ਲਈ 22.75 ਕਰੋੜ ਰੁਪਏ ਪਿਛਲੇ ਮਾਲੀ ਸਾਲ ਦੌਰਾਨ ਆਏ ਪਰ ਅਣਵਰਤੇ ਹੀ ਪਏ ਰਹੇ। ਸਿਹਤ ਖੇਤਰ ਵਿਚ ਬੇਹੱਦ ਮਾੜਾ ਹਾਲ ਰਿਹਾ। ਕੇਂਦਰ ਸਰਕਾਰ ਨੇ ਖ਼ਜ਼ਾਨੇ ਰਾਹੀਂ ਹੁਣ ਤੱਕ 251.54 ਕਰੋੜ ਰੁਪਏ ਦੀ ਗ੍ਰਾਂਟ ਸਿਹਤ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਲਈ ਦਿੱਤੀ, ਜਿਸ ਵਿਚੋਂ 156.27 ਕਰੋੜ ਰੁਪਏ ਖਰਚ ਹੋਏ। ਨਤੀਜੇ ਵਜੋਂ ਕੇਂਦਰ ਸਰਕਾਰ ਨੇ 200 ਕਰੋੜ ਰੁਪਏ ਤੋਂ ਵਧੇਰੇ ਦੀ ਗ੍ਰਾਂਟ ਅਜੇ ਤੱਕ ਜਾਰੀ ਨਹੀਂ ਕੀਤੀ। ਸਿੱਖਿਆ ਖੇਤਰ ਵਿਚ ਪਹਿਲਾਂ ਤਾਂ 31 ਮਾਰਚ ਤੱਕ ਹੀ 68.50 ਕਰੋੜ ਰੁਪਏ ਵਰਤੇ ਨਹੀਂ ਗਏ ਸਨ। ਇਸ ਸਾਲ ਤਕਰੀਬਨ 600 ਕਰੋੜ ਵਿਚੋਂ 465.47 ਕਰੋੜ ਰੁਪਏ ਜਾਰੀ ਕੀਤੇ ਜਾ ਸਕੇ ਹਨ। ਉਦਯੋਗਿਕ ਸਿਖਲਾਈ ਵਿਭਾਗ ਲਈ ਕੇਂਦਰ ਵੱਲੋਂ ਪਿਛਲੇ ਸਾਲ ਤੇ ਇਸ ਸਾਲ ਭੇਜੇ ਗਏ ਕੁੱਲ 15 ਕਰੋੜ ਰੁਪਏ ਵਿਚੋਂ 47 ਲੱਖ ਹੀ ਜਾਰੀ ਕੀਤੇ ਗਏ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਖੇਤੀ ਵਿਭਿੰਨਤਾ 'ਤੇ ਤਾਂ ਜ਼ੋਰ ਦਿੱਤਾ ਪਰ ਖੇਤੀ ਖੇਤਰ ਲਈ ਆਈਆਂ ਕੇਂਦਰੀ ਗ੍ਰਾਂਟਾਂ ਜਾਰੀ ਨਹੀਂ ਕੀਤੀਆਂ ਜਾਂਦੀਆਂ। ਕੌਮੀ ਖੇਤੀ ਵਿਕਾਸ ਯੋਜਨਾ ਤਹਿਤ ਪਿਛਲੇ ਮਾਲੀ ਸਾਲ ਦੀ 65 ਕਰੋੜ ਰੁਪਏ ਦੀ ਗ੍ਰਾਂਟ ਤਾਂ ਵਰਤੀ ਹੀ ਨਹੀਂ ਗਈ।ਇਸ ਸਾਲ ਵੀ ਕੇਂਦਰ ਨੇ 233 ਕਰੋੜ ਰੁਪਏ ਦਿੱਤੇ, ਜਿਸ ਵਿਚੋਂ 143 ਕਰੋੜ ਹੀ ਵਰਤੇ ਗਏ। ਪਸ਼ੂ ਪਾਲਣ ਵਿਭਾਗ ਦੀਆਂ ਕਈ ਯੋਜਨਾਵਾਂ ਲਈ ਕੇਂਦਰ ਵੱਲੋਂ ਭੇਜੇ 27 ਕਰੋੜ ਰੁਪਏ ਵਿਚੋਂ 46 ਲੱਖ ਰੁਪਏ ਹੀ ਖਰਚ ਕੀਤੇ ਗਏ ਹਨ। ਵਿੱਤ ਵਿਭਾਗ ਨੇ ਸੂਬੇ ਦੀਆਂ ਯੂਨੀਵਰਸਿਟੀਆਂ ਤੇ ਏਡਿਡ ਕਾਲਜਾਂ ਨੂੰ ਵੀ ਗ੍ਰਾਂਟਾਂ ਜਾਰੀ ਨਹੀਂ ਕੀਤੀਆਂ।

ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਮਾਲੀ ਘਾਟੇ ਵਿਚ ਸੁਧਾਰ ਲਿਆਉਣ ਤੇ ਖਰਚੇ ਘਟਾਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ। ਮਾਲੀ ਤੰਗੀ ਤਨਖਾਹਾਂ ਤੇ ਪੈਨਸ਼ਨਾਂ ਦੇ ਜ਼ਿਆਦਾ ਮਾਲੀ ਖਰਚੇ ਕਾਰਨ ਰਹਿੰਦੀ ਹੈ ਫਿਰ ਵੀ ਭਲਾਈ ਸਕੀਮਾਂ ਦੀ ਅਣਦੇਖੀ ਨਹੀਂ ਕੀਤੀ ਜਾ ਰਹੀ।




## ਬੱਝਵੇਂ ਖਰਚਿਆਂ ਹੇਠ ਦੱਬੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਕੁੱਲ ਕਮਾਈ ਦਾ 80 ਫੀਸਦੀ ਤੋਂ ਵਧੇਰੇ ਹਿੱਸਾ ਤਾਂ ਬੱਝਵੇਂ ਖਰਚਿਆਂ, ਜਿਨ੍ਹਾਂ ਵਿਚ ਤਨਖਾਹਾਂ, ਪੈਨਸ਼ਨਾਂ, ਸਬਸਿਡੀਆਂ ਆਦਿ ਸ਼ਾਮਲ ਹੈ, 'ਤੇ ਹੀ ਖ਼ਰਚ ਹੋ ਜਾਵੇਗਾ। ਬੱਝਵੇਂ ਖਰਚਿਆਂ ਵਿਚ 24 ਹਜ਼ਾਰ ਕਰੋੜ ਰੁਪਏ ਤਨਖਾਹਾਂ ਤੇ ਪੈਨਸ਼ਨਾਂ, ਬਿਜਲੀ ਸਬਸਿਡੀ ਦੇ 5700 ਕਰੋੜ ਰੁਪਏ, ਕਰਜ਼ੇ ਦੀ ਕਿਸ਼ਤ 11 ਹਜ਼ਾਰ ਕਰੋੜ ਰੁਪਏ, ਬੁਢਾਪਾ ਪੈਨਸ਼ਨਾਂ, ਸ਼ਗਨ ਸਕੀਮ ਤੇ ਹੋਰਨਾਂ ਭਲਾਈ ਸਕੀਮਾਂ ਦੇ 1700 ਕਰੋੜ ਰੁਪਏ, ਆਟਾ ਦਾਲ ਸਕੀਮ ਦੇ 360 ਕਰੋੜ ਰੁਪਏ ਸ਼ਾਮਲ ਹਨ। ਇਸ ਤਰ੍ਹਾਂ ਇਹ ਕੁੱਲ 43000 ਕਰੋੜ ਰੁਪਏ ਬਣਦੇ ਹਨ। ਕਰਜ਼ਾ ਲੈਣ ਤੋਂ ਬਾਅਦ ਸਰਕਾਰ ਦੇ ਪੱਲੇ ਵਿਕਾਸ ਕਾਰਜਾਂ ਲਈ ਮਹਿਜ਼ 7512 ਕਰੋੜ ਰੁਪਏ ਬਚਣਗੇ। ਸਰਕਾਰ ਨੇ ਇਸ ਸਾਲ ਦੌਰਾਨ ਆਮਦਨ 42000 ਕਰੋੜ ਰੁਪਏ ਮਿਥੀ ਹੈ। ਸਰਕਾਰ ਨੂੰ ਚਲੰਤ ਮਾਲੀ ਸਾਲ ਦੇ ਪਹਿਲੇ ਅੱਠਾਂ ਮਹੀਨਿਆਂ ਦੌਰਾਨ ਆਸ ਤੋਂ ਘੱਟ ਆਮਦਨ ਹੋਣ ਕਾਰਨ ਮਾਲੀ ਤੌਰ 'ਤੇ ਵੱਡੀ ਸੱਟ ਵੱਜੀ ਹੈ। ਵੈਟ ਦੀ ਆਮਦਨ ਵਿਚ ਤਾਂ 12.6 ਫੀਸਦੀ ਦਾ ਵਾਧਾ ਹੋਇਆ ਪਰ ਬਾਕੀ ਖੇਤਰਾਂ ਵਿਚ ਭਾਰੀ ਮਾਰ ਪਈ। ਸਾਲ 2012-13 ਦੌਰਾਨ ਵੈਟ ਤੋਂ 9835 ਕਰੋੜ ਰੁਪਏ ਦੀ ਆਮਦਨ ਹੋਈ ਸੀ ਤਾਂ ਇਸ ਸਾਲ 11070 ਕਰੋੜ ਆਮਦਨੀ ਹੋਈ। ਨਵੇਂ ਵਾਹਨਾਂ ਦੀ ਵਿਕਰੀ ਤੋਂ ਸਰਕਾਰ ਨੇ 2012-13 ਦੌਰਾਨ 1081 ਕਰੋੜ ਕਮਾਏ ਜੋ ਇਸ ਵਾਰੀ ਘਟ ਕੇ 962 ਕਰੋੜ ਰਹਿ ਗਏ ਹਨ।

## ਅਮਰੀਕੀਆਂ ਦੀਆਂ ਸਰਕਾਰ ਤੋਂ ਉਮੀਦਾਂ ਟੁੱਟੀਆਂ

**ਵਾਸ਼ਿੰਗਟਨ:** ਅਮਰੀਕੀਆਂ ਦਾ ਆਪਣੀ ਸਰਕਾਰ ਪ੍ਰਤੀ ਰਵੱਈਆ ਲਗਾਤਾਰ ਨਿਵਾਣਾਂ ਵੱਲ ਜਾ ਰਿਹਾ ਹੈ। ਏ.ਪੀ ਐਨ.ਓ.ਆਰ.ਸੀ ਦੇ ਜਨਤਕ ਮਾਮਲਿਆਂ ਬਾਰੇ ਖੋਜ ਕੇਂਦਰ ਦੇ ਚੋਣ ਸਰਵੇਖਣ ਅਨੁਸਾਰ ਲੋਕਾਂ ਨੂੰ ਆਪਣੀ ਸਰਕਾਰ ਤੋਂ ਉਮੀਦਾਂ ਪੂਰੀਆਂ ਨਹੀਂ ਹੋਈਆਂ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਦੇਸ਼ ਦੀਆਂ ਮੁੱਖ ਸਮੱਸਿਆਵਾਂ ਨੂੰ ਚੁਣੇ ਗਏ ਨੁਮਾਇੰਦੇ ਸੁਲਝਾ ਨਹੀਂ ਸਕਦੇ।

ਅੱਧੀ ਆਬਾਦੀ ਦਾ ਕਹਿਣਾ ਹੈ ਕਿ ਲੋਕਰਾਜੀ ਢਾਂਚੇ ਵਿਚ ਵੱਡੇ ਬਦਲਾਅ ਦੀ ਲੋੜ ਹੈ ਜਾਂ ਫਿਰ ਇਸ ਨੂੰ ਮੁਕੰਮਲ ਤੌਰ 'ਤੇ ਬਦਲ ਦੇਣਾ ਚਾਹੀਦਾ ਹੈ। ਸਰਵੇਖਣ ਵਿਚ ਸ਼ਾਮਲ 20 ਲੋਕਾਂ ਵਿਚੋਂ ਸਿਰਫ ਇਕ ਨੇ ਕਿਹਾ ਕਿ ਸਰਕਾਰ ਚੰਗਾ ਕੰਮ ਕਰ ਰਹੀ ਹੈ ਤੇ ਕਿਸੇ ਤਬਦੀਲੀ ਦੀ ਲੋੜ ਨਹੀਂ ਹੈ। 70% ਲੋਕਾਂ ਨੇ ਸਰਕਾਰ ਦੀ ਯੋਗਤਾ 'ਤੇ ਸਵਾਲ ਖੜ੍ਹੇ ਕੀਤੇ ਹਨ। ਅਮਰੀਕਾ ਵਿਚ ਸਰਕਾਰ ਦਾ ਕਾਰੋਬਾਰ ਠੱਪ ਹੋਣ ਦੇ ਦੋ ਮਹੀਨਿਆਂ ਬਾਅਦ ਇਹ ਸਰਵੇਖਣ ਆਇਆ ਹੈ। ਜ਼ਿਆਦਾਤਰ ਲੋਕਾਂ ਨੇ ਆਪਣੇ 'ਤੇ ਭਰੋਸਾ ਜ਼ਾਹਰ ਕਰਦਿਆਂ ਕਿਹਾ ਹੈ ਕਿ ਉਹ ਨਵੇਂ ਵਰ੍ਹੇ ਵਿਚ ਆਪਣੀਆਂ ਮੁਸ਼ਕਲਾਂ ਨੂੰ ਚੰਗੀ ਤਰ੍ਹਾਂ ਨਜਿੱਠ ਲੈਣਗੇ।

# ਤੇਜ਼ਾਬੀ ਹਮਲਿਆਂ 'ਚ ਵਿਚ ਵੀ ਘੱਟ ਨਹੀਂ ਹੈ ਪੰਜਾਬ

**ਚੰਡੀਗੜ੍ਹ:** ਪੰਜਾਬ ਔਰਤਾਂ 'ਤੇ ਤੇਜ਼ਾਬੀ ਹਮਲਿਆਂ ਦੇ ਮਾਮਲੇ ਵਿਚ ਦੇਸ਼ ਦਾ ਦੂਜੇ ਨੰਬਰ ਦਾ ਸੂਬਾ ਬਣ ਗਿਆ ਹੈ। ਉਤਰੀ ਭਾਰਤ ਵਿਚੋਂ ਤਾਂ ਪੰਜਾਬ ਇਸ ਮਾਮਲੇ ਵਿਚ ਪਹਿਲੇ ਨੰਬਰ 'ਤੇ ਹੈ। ਦੇਸ਼ ਦੇ ਸਿਰਫ਼ ਪੰਜ ਸੂਬੇ ਹੀ ਹਨ ਜਿਥੇ 3 ਸਾਲਾਂ ਤੋਂ ਔਰਤਾਂ 'ਤੇ ਕੋਈ ਤੇਜ਼ਾਬੀ ਹਮਲਾ ਨਹੀਂ ਹੋਇਆ। ਪੰਜਾਬ ਵਿਚ 2010, 2011 ਤੇ 2012 ਵਿਚ ਦੋ ਦਰਜਨ ਔਰਤਾਂ 'ਤੇ ਤੇਜ਼ਾਬੀ ਹਮਲੇ ਹੋਏ ਹਨ ਜਿਸ ਬਾਰੇ 21 ਪੁਲਿਸ ਕੇਸ ਦਰਜ ਹੋਏ।

ਕੇਂਦਰੀ ਗ੍ਰਹਿ ਮੰਤਰਾਲੇ ਦੀ ਰਿਪੋਰਟ ਮੁਤਾਬਕ ਮੁਲਕ ਵਿਚੋਂ ਉੱਤਰ ਪ੍ਰਦੇਸ਼ ਲੰਘੇ ਤਿੰਨ ਵਰ੍ਹਿਆਂ ਵਿਚ ਤੇਜ਼ਾਬੀ ਹਮਲਿਆਂ ਦੇ ਮਾਮਲੇ ਵਿਚ ਸਿਖਰ 'ਤੇ ਆ ਗਿਆ ਹੈ। ਇਨ੍ਹਾਂ ਵਰ੍ਹਿਆਂ ਵਿਚ ਉਤਰ ਪ੍ਰਦੇਸ਼ ਵਿਚ ਤੇਜ਼ਾਬੀ ਹਮਲਿਆਂ ਦਾ 39 ਔਰਤਾਂ ਨੂੰ ਸ਼ਿਕਾਰ ਹੋਣਾ ਪਿਆ ਹੈ ਜਦੋਂ ਕਿ ਪੁਲਿਸ ਨੇ ਇਸ ਬਾਰੇ 30 ਕੇਸ ਦਰਜ ਕੀਤੇ ਹਨ। ਪੁਲਿਸ ਨੇ ਇਨ੍ਹਾਂ ਤਿੰਨ ਵਰ੍ਹਿਆਂ ਵਿਚ 43 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੰਜਾਬ ਵਿਚ ਤਾਜ਼ਾ ਤੇਜ਼ਾਬੀ ਹਮਲੇ ਦਾ ਸ਼ਿਕਾਰ ਬਰਨਾਲਾ ਦੀ ਲੜਕੀ ਹਰਪ੍ਰੀਤ ਕੌਰ ਦੀ ਮੌਤ ਹੋ ਗਈ ਹੈ ਜਿਸ 'ਤੇ ਲੁਧਿਆਣਾ ਵਿਚ ਤੇਜ਼ਾਬੀ ਹਮਲਾ ਹੋਇਆ ਸੀ। ਇਸ ਤੋਂ ਪਹਿਲਾਂ ਵੀ ਪੰਜਾਬ ਵਿਚ ਤੇਜ਼ਾਬੀ ਹਮਲੇ ਲਗਾਤਾਰ ਹੁੰਦੇ ਰਹੇ ਹਨ। ਪੰਜਾਬ ਅੰਦਰ ਤਿੰਨ ਸਾਲਾਂ ਵਿਚ



24 ਔਰਤਾਂ ਤੇਜ਼ਾਬੀ ਹਮਲਿਆਂ ਦਾ ਸ਼ਿਕਾਰ ਹੋਈਆਂ ਹਨ। ਹਮਲਾ ਕਰਨ ਵਾਲੇ 32 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੰਜਾਬ ਪੁਲਿਸ ਨੇ ਇਸ ਬਾਰੇ ਦਰਜ ਕੀਤੇ 21 ਕੇਸਾਂ ਵਿਚੋਂ 15 ਕੇਸਾਂ ਵਿਚ ਹੀ ਚਾਰਜਸ਼ੀਟ ਫਾਈਲ ਕੀਤੀ ਹੈ। ਸਾਲ 2010 ਵਿਚ ਪੰਜਾਬ ਵਿਚ 10 ਔਰਤਾਂ 'ਤੇ ਤੇਜ਼ਾਬੀ ਹਮਲੇ ਹੋਏ ਤੇ ਸਾਲ 2011 ਵਿਚ ਤੇਜ਼ਾਬੀ ਹਮਲਿਆਂ ਦਾ ਹੋਰ 10 ਔਰਤਾਂ ਨੂੰ ਸ਼ਿਕਾਰ ਹੋਣਾ ਪਿਆ ਹੈ। ਸਾਲ 2012 ਵਿਚ ਚਾਰ ਔਰਤਾਂ 'ਤੇ ਤੇਜ਼ਾਬੀ ਹਮਲੇ ਹੋਏ। ਚਾਲੂ ਸਾਲ ਦਾ ਅੰਕੜਾ ਹਾਸਲ ਨਹੀਂ ਹੋ ਸਕਿਆ ਹੈ ਪਰ ਲੁਧਿਆਣਾ ਵਿਚ ਹੋਏ ਤੇਜ਼ਾਬੀ ਹਮਲੇ ਦੀ ਸ਼ਿਕਾਰ ਲੜਕੀ ਦੀ ਮੌਤ ਮਗਰੋਂ ਹਰ ਕੋਈ ਝੰਜੋੜਿਆ ਗਿਆ ਹੈ।

ਸੁਪਰੀਮ ਕੋਰਟ ਵੱਲੋਂ ਲਕਸ਼ਮੀ ਬਨਾਮ ਭਾਰਤ ਸਰਕਾਰ ਦੇ ਕੇਸ ਵਿਚ ਸੂਬਿਆਂ ਨੂੰ ਵੀ ਤੇਜ਼ਾਬ ਦੀ ਵਿਕਰੀ ਨੂੰ ਨਿਯਮਤ ਕਰਨ ਤੇ ਸੌਖੀ ਪਹੁੰਚ ਨੂੰ ਘਟਾਉਣ ਦੇ ਹੁਕਮ ਕੀਤੇ ਸਨ। ਕੇਂਦਰ ਸਰਕਾਰ ਨੇ 30 ਅਗਸਤ, 2013 ਨੂੰ ਸੂਬਾ ਸਰਕਾਰਾਂ ਨੂੰ ਇਸ ਬਾਰੇ ਹਦਾਇਤਾਂ ਜਾਰੀ ਕੀਤੀਆਂ ਸਨ। ਵੇਰਵਿਆਂ ਮੁਤਾਬਕ ਚੰਡੀਗੜ੍ਹ ਵਿਚ ਲੰਘੇ ਤਿੰਨ ਵਰ੍ਹਿਆਂ ਵਿਚ ਤਿੰਨ ਔਰਤਾਂ 'ਤੇ ਤੇਜ਼ਾਬੀ ਹਮਲੇ ਹੋਏ ਹਨ ਤੇ ਪੁਲਿਸ ਨੇ ਦੋ ਕੇਸ ਦਰਜ ਕੀਤੇ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਵਿਚ 31 ਔਰਤਾਂ ਨੂੰ ਤੇਜ਼ਾਬੀ ਹਮਲਿਆਂ ਦਾ ਸ਼ਿਕਾਰ ਹੋਣਾ ਪਿਆ ਹੈ ਤੇ ਇਸ ਬਾਰੇ ਪੁਲਿਸ ਨੇ 31 ਕੇਸ ਦਰਜ ਕੀਤੇ ਹਨ ਤੇ 26 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੀਆਂ ਔਰਤਾਂ 3 ਸਾਲਾਂ ਦੌਰਾਨ ਸੁਰੱਖਿਅਤ ਰਹੀਆਂ ਹਨ ਜਦੋਂ ਕਿ ਰਾਜਸਥਾਨ ਵਿਚ ਨੌਂ ਔਰਤਾਂ ਨੂੰ ਤੇਜ਼ਾਬੀ ਹਮਲੇ ਝੱਲਣੇ ਪਏ ਹਨ। ਇਸ ਤੋਂ ਬਿਨਾ ਜੰਮੂ ਕਸ਼ਮੀਰ 'ਚ 5 ਔਰਤਾਂ ਨੂੰ ਤੇਜ਼ਾਬੀ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਹੈ। ਦੇਸ਼ ਭਰ ਵਿਚੋਂ ਤੀਜੇ ਨੰਬਰ 'ਤੇ ਆਂਧਰਾ ਪ੍ਰਦੇਸ਼ ਹੈ ਜਿਥੋਂ ਦੀਆਂ 20 ਔਰਤਾਂ ਨੂੰ ਤੇਜ਼ਾਬੀ ਹਮਲਿਆਂ ਦਾ ਸ਼ਿਕਾਰ ਹੋਣਾ ਪਿਆ ਹੈ।

## ਹਰਦੀਪ ਸਿੰਘ ਪੁਰੀ ਭਾਜਪਾ ਵਿਚ ਸ਼ਾਮਲ

**ਨਵੀਂ ਦਿੱਲੀ:** ਭਾਰਤ ਦੇ ਸਾਬਕਾ ਆਈ.ਐਫ.ਐਸ. ਅਧਿਕਾਰੀ ਹਰਦੀਪ ਸਿੰਘ ਪੁਰੀ ਜਿਹੜੇ ਸੰਯੁਕਤ ਰਾਸ਼ਟਰ ਵਿਚ ਨਿਊਯਾਰਕ ਵਿਖੇ ਭਾਰਤ ਦੇ ਸਥਾਈ ਪ੍ਰਤੀਨਿਧੀ ਸਨ, ਭਾਜਪਾ ਵਿਚ ਸ਼ਾਮਲ ਹੋ ਗਏ। ਸ. ਪੁਰੀ ਦਾ ਭਾਜਪਾ ਵਿਚ ਆਉਣ 'ਤੇ ਸਵਾਗਤ ਕਰਦਿਆਂ ਭਾਜਪਾ ਦੇ ਕੌਮੀ ਪ੍ਰਧਾਨ ਰਾਜਨਾਥ ਸਿੰਘ ਨੇ ਕਿਹਾ ਕਿ ਪਾਰਟੀ ਨੂੰ ਸ. ਪੁਰੀ ਦੇ ਤਜ਼ਰਬੇ ਦਾ ਵਿਦੇਸ਼, ਸੁਰੱਖਿਆ ਤੇ ਵਪਾਰਕ ਨੀਤੀਆਂ ਵਿਚ ਲਾਭ ਹੋਵੇਗਾ।




ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
24/7 Customer Service Available
Same rate for lanline and mobile.
ਟੋਲ ਫਰੀ ਨੰਬਰ 1-888-652-6268
732-983-4332/4333

# 'ਛਣਕਾਟਾ ਵੰਗਾਂ ਦਾ' ਨਾਲ ਖੂਬ ਪਈ ਸੰਗੀਤਕ ਛਣਕਾਰ








**ਸਨੀਵੇਲ (ਬਿਊਰੋ):** ਇਕੀ ਇੰਟਰਨੈਸ਼ਨਲ ਐਂਟਰਟੇਨਰਜ਼, ਐਸ. ਅਸ਼ੋਕ ਭੌਰਾ ਅਤੇ ਗਲੋਬਲ ਪੰਜਾਬ ਟੀ.ਵੀ. ਵੱਲੋਂ ਸਾਂਝੇ ਰੂਪ ਵਿਚ ਇਥੇ ਸਨੀਵੇਲ ਕਮਿਊਨਿਟੀ ਸੈਂਟਰ ਵਿਚ ਪੰਜਾਬੀ ਭਾਈਚਾਰੇ ਦੀ ਉਘੀ ਸ਼ਖ਼ਸੀਅਤ ਰਾਜ ਭਨੋਟ ਦੇ ਸਹਿਯੋਗ ਨਾਲ ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿੰਦਾ ਪ੍ਰੋਗਰਾਮ 'ਛਣਕਾਟਾ ਵੰਗਾਂ ਦਾ' ਕਰਵਾਇਆ ਗਿਆ। ਦੇਰ ਰਾਤ ਤੱਕ ਚੱਲੇ ਇਸ ਪ੍ਰੋਗਰਾਮ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਹਾਜ਼ਰ ਸਨ। ਪ੍ਰੋਗਰਾਮ ਦਾ ਪ੍ਰਸਾਰਣ ਨਾਲੋ-ਨਾਲ ਗਲੋਬਲ ਟੀ.ਵੀ. ਉਤੇ ਕੀਤਾ ਜਾ ਰਿਹਾ ਸੀ।

ਪ੍ਰੋਗਰਾਮ ਦਾ ਉਦਘਾਟਨ ਉਘੇ ਬਿਜਨਸਮੈਨ ਵੋਹਰਾ ਬ੍ਰਦਰਜ਼ ਫਰਿਜ਼ਨੋ ਨੇ ਕੀਤਾ। ਸ਼੍ਰੋਮਣੀ ਅਕਾਲੀ ਦਲ (ਅਮਰੀਕਾ) ਦੇ ਉਪ ਪ੍ਰਧਾਨ ਵਿਨੈ ਵੋਹਰਾ ਨੇ ਕਿਹਾ ਕਿ ਅਜਿਹੇ ਸਭਿਆਚਾਰਕ ਪ੍ਰੋਗਰਾਮ ਪੰਜਾਬੀ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਅਤੇ ਨਵੀਂ ਪੀੜ੍ਹੀ ਨੂੰ ਨਾਲ ਜੋੜਨ ਦਾ ਵਧੀਆ ਉਪਰਾਲਾ ਹਨ। ਡਾ. ਜਸਪ੍ਰੀਤ ਦਿਹੜ ਨੇ ਸ਼ਮ੍ਹਾਂ ਰੋਸ਼ਨ ਕੀਤੀ ਜਦੋਂਕਿ ਸ੍ਰੀ ਗੁਰੂ ਰਵਿਦਾਸ ਸਭਾ ਬੇਅ ਏਰੀਆ ਦੇ ਚੇਅਰਮੈਨ ਸੁੱਚਾ ਰਾਮ ਭਾਰਟਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਪ੍ਰੋਗਰਾਮ ਦੀ ਪ੍ਰਸ਼ੰਸਾ ਕਰਦਿਆਂ ਭਵਿੱਖ ਵਿਚ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ।




ਸੱਤੀ ਪਾਬਲਾ ਨੇ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਆਪਣਾ ਗੀਤ 'ਸਭ ਮਸਲੇ ਹੱਲ ਹੋ ਜਾਣਗੇ' ਸਰੋਤਿਆਂ ਦੀ ਨਜ਼ਰ ਕੀਤਾ। ਉਪਰੰਤ ਮਾਸਟਰ ਰੈਂਕੋ, ਬਲਵਿੰਦਰ ਮਹੇ, ਸ਼ਾਨ ਸੇਖੋਂ ਦੀ ਸਕਿੱਟ ਅਤੇ 'ਜੋਗਣ ਬਣਾ ਕੇ ਲੈ ਜਾ ਨਾਲ ਵੇ ਜੋਗੀਆ' (ਮੰਗਜੀਤ ਮੰਗਾ), 'ਫੇਸਬੁੱਕ ਉਤੇ ਕੱਲ੍ਹ ਹੋਈ ਮੁਲਾਕਾਤ' (ਅਨੂਪ ਚੀਮਾ-ਤਰਲੋਕ ਸਿੰਘ), 'ਸੱਚਾ ਮਹਾਰਾਜਾ ਨੀਲੀ ਛੱਤ ਵਾਲਾ' (ਮਨਰਾਜ ਭੌਰਾ), 'ਦਿਲ ਦੀਆਂ ਬੁਝ ਲੈਨੀ ਏਂ", 'ਰੈਡ ਲਾਈਟ ਮਿਤਰੋ ਕਰਾਸ ਕਰ ਗਈ' (ਜਤਿੰਦਰ ਮੰਡੇਰ), ਜੁਗਨੀ (ਰਾਜਿੰਦਰ ਸਿੰਘ ਰਾਜਾ), 'ਕੁੜਤਾ ਚਾਦਰਾ' (ਨਿੰਮਾ ਡੱਲੇਵਾਲ), 'ਰੰਗ ਵਿਚ ਭੰਗ' (ਮਨਰਾਜ) ਆਦਿ ਗੀਤਾਂ ਤੋਂ ਸਿਵਾ ਗੋਰਾ ਚੱਕਵਾਲਾ ਦਾ 'ਛਣਕਾਟਾ ਵੰਗਾਂ ਦਾ ਪੈਂਦਾ ਸਿਖ਼ਰ ਦੁਪਹਿਰੇ', 'ਵੁਆਇਸ ਆਫ ਪੰਜਾਬ' ਨਮਰਤਾ ਖਹਿਰਾ ਦੇ 'ਇਹ ਪੰਜਾਬੀ ਜਾਣਦੇ', ਰਵਿੰਦਰ ਗਰੇਵਾਲ ਦੇ 'ਚਾਂਦੀ ਦੀਆਂ ਝਾਂਜਰਾਂ' (ਸ਼ਹੀਦ ਭਗਤ ਸਿੰਘ), 'ਚੰਨ ਤੇ ਪਲਾਟ' (ਨਜ਼ੀਰ ਮੁਹੰਮਦ) ਨੇ ਆਪੋ ਆਪਣੇ ਗੀਤੇ ਪੇਸ਼ ਕੀਤੇ। ਮਾਹੀਆ ਗੀਤ 'ਤੇ ਕੋਰੀਓਗ੍ਰਾਫੀ ਵੀ ਪੇਸ਼ ਕੀਤੀ ਗਈ। ਮੰਚ ਸੰਚਾਲਨ ਆਸ਼ਾ ਸ਼ਰਮਾ, ਪ੍ਰੋ. ਜਸਪਾਲ ਸੈਣੀ ਤੇ ਸ਼ਕਤੀ ਮਾਣਕ ਨੇ ਕੀਤਾ। ਬਲਵਿੰਦਰ ਸੁੰਮਨ ਤੇ ਅਕਾਲਦੀਪ ਦੀ ਅਗਵਾਈ ਵਿਚ ਪੇਸ਼ ਗਿੱਧਾ ਪ੍ਰੋਗਰਾਮ ਦੀ ਸਿਖ਼ਰ ਸੀ।

ਪ੍ਰੋਗਰਾਮ ਦੀਆਂ ਸਹਿਯੋਗੀ ਧਿਰਾਂ ਵੋਹਰਾ ਬ੍ਰਦਰਜ਼, ਜਗਦੇਵ ਭੰਡਾਲ, ਕਸ਼ਮੀਰ ਸਿੰਘ ਧੁੱਗਾ, ਰਾਜਾ ਸਵੀਟਸ ਦੇ ਮੱਖਣ ਬੈਂਸ, ਗਿਆਨੀ ਰਵਿੰਦਰ ਸਿੰਘ, ਡਾ. ਚਰਨਜੀਤ ਸਿੰਘ ਉਪਲ, ਬਿੱਲਾ ਸੰਘੇੜਾ, ਗੁਲਿੰਦਰ ਗਿੱਲ, ਰੇਡੀਓ ਚੜ੍ਹਦੀ ਕਲਾ ਤੋਂ ਗੁਰਚਰਨ ਮਾਨ, ਓਹਾਇਓ ਤੋਂ ਅਵਤਾਰ ਸਿੰਘ, ਧਰਮ ਪਾਲ ਝੰਮਟ, ਕੁਮਾਰ ਇਨਵੈਸਟਮੈਂਟ ਤੋਂ ਵਿਨੋਦ ਕੁਮਾਰ ਚੁੰਬਰ, ਬਿਕਰਮਜੀਤ ਸਿੰਘ ਬਿੱਟੂ, ਸਤਿੰਦਰ ਕੌਰ ਬੇਅ ਏਰੀਆ ਕਲਚਰਲ ਤੇ ਸਪੋਰਟਸ ਐਸੋਸੀਏਸ਼ਨ, ਕ੍ਰਿਆ ਡਾਂਸ ਅਕੈਡਮੀ ਤੋਂ ਓਮਾ, ਪੰਜ ਦਰਿਆ ਸੰਗਤ ਅਕੈਡਮੀ ਤੋਂ ਪਾਲੀ ਧਨੌਲਾ, ਬੀਰਬਲ, ਨਿਊ ਯਾਰਕ ਲਾਈਫ ਤੋਂ ਖੁਸ਼ਪਿੰਦਰ ਸਿੰਘ ਤੋਂ ਇਲਾਵਾ ਭਾਰਤੀ ਕੌਂਸਲੇਟ ਤੋਂ ਡਾ. ਸ੍ਰੀਨਿਵਾਸਨ ਚੱਟੋਪਾਧਿਆਏ ਅਤੇ ਅਨੰਦ ਝਾਅ ਦਾ ਸਨਮਾਨ ਕੀਤਾ ਗਿਆ। ਮੀਡੀਆ ਤੋਂ ਹੁਸਨ ਲੜੋਆ ਬੰਗਾ, ਜਸਵੰਤ ਸਿੰਘ ਸੈਦੋਕੇ, ਜਗਤਾਰ ਗਿੱਲ, ਨੀਟਾ ਮਾਛੀਕੇ ਅਤੇ ਗੁਰਜਤਿੰਦਰ ਰੰਧਾਵਾ ਹਾਜ਼ਰ ਸਨ।



ਪ੍ਰੋਗਰਾਮ ਵਿਚ ਪੇਸ਼ ਕੀਤੇ ਗਏ ਗੀਤ ਮੱਖਣ ਲੁਹਾਰ, ਤਾਰਾ ਸਾਗਰ, ਰਣਜੀਤ ਸਿੰਘ ਸੰਧੂ, ਕਾਕਾ ਧਾਲੀਵਾਲ ਤੇ ਦਿਲ ਨਿੱਝਰ ਦੇ ਲਿਖੇ ਹੋਏ ਸਨ। ਪ੍ਰੋਗਰਾਮ ਦੀ ਸਫ਼ਲਤਾ ਲਈ ਹਰਜੀਤ ਸੁਮਨ, ਤਾਰਾ ਸਾਗਰ ਤੇ ਮੱਖਣ ਲੁਹਾਰ ਦਾ ਵਿਸ਼ੇਸ਼ ਸਹਿਯੋਗ ਰਿਹਾ। 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐਸ. ਅਸ਼ੋਕ ਭੌਰਾ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਪ੍ਰੋਗਰਾਮ ਦੀਆਂ ਕਮੀਆਂ-ਪੇਸ਼ੀਆਂ ਨੂੰ ਸਿਰ-ਮੱਥੇ ਸਵੀਕਾਰ ਕੀਤਾ।










# ਚਿਰਾਂ ਤਕ ਯਾਦ ਰਹੇਗੀ ਸ਼ਿਕਾਗੋ 'ਚ ਸੂਫੀ ਬਲਬੀਰ ਦੀ ਮਹਿਫਿਲ

**ਸ਼ਿਕਾਗੋ (ਅਮੋਲਕ ਸਿੰਘ ਜੰਮੂ):** ਜਦੋਂ ਤਨ ਨੂੰ ਸਾੜਦੀ ਤੱਤੀ ਲੋਅ ਵਗਦੀ ਹੋਵੇ ਤਾਂ ਠੰਡੀ ਹਵਾ ਦਾ ਇਕ ਛੋਟਾ ਜਿਹਾ ਬੁੱਲਾ ਹੀ ਤਨ ਨੂੰ ਸਰਸ਼ਾਰ ਕਰ ਜਾਂਦਾ ਹੈ। ਇਵੇਂ ਹੀ ਰੂਹ ਨੂੰ ਲੂਹੰਦੀ ਫੌਹਸ਼ ਅਤੇ ਬੇਅਰਥੀ ਪੰਜਾਬੀ ਗਾਇਕੀ ਦੇ ਅਜੋਕੇ ਦੌਰ ਵਿਚ ਜਦੋਂ ਕਦੀ ਮਿਆਰੀ ਤੇ ਸਭਿਆਚਾਰਕ ਗਾਇਕੀ ਦਾ ਠੰਡਾ ਬੁੱਲਾ ਆਉਂਦਾ ਹੈ ਤਾਂ ਰੂਹ ਨੂੰ ਇਕ ਅਜਬ ਤਸਕੀਨ ਮਿਲਦੀ ਹੈ। ਅਜਿਹੀ ਹੀ ਤਸਕੀਨ ਇਥੇ ਇਕ ਛੋਟੀ ਜਿਹੀ ਪਰਿਵਾਰਕ ਮਹਿਫਿਲ ਵਿਚ ਲੋਕ ਗਾਇਕ ਸੂਫੀ ਬਲਬੀਰ ਨੂੰ ਸੁਣਦਿਆਂ ਸਰੋਤਿਆਂ ਨੇ ਮਹਿਸੂਸ ਕੀਤੀ। ਸੂਫੀ ਇਨ੍ਹੀਂ ਦਿਨੀਂ ਅਮਰੀਕਾ ਦੇ ਦੌਰੇ 'ਤੇ ਹੈ ਅਤੇ ਵਖ ਵਖ ਸ਼ਹਿਰਾਂ ਵਿਚ ਪ੍ਰੋਗਰਾਮ ਦੇ ਰਿਹਾ ਹੈ।

ਮਹਿਫਿਲ ਦਾ ਆਗਾਜ਼ ਸੂਫੀ ਨੇ ਰਵਾਇਤੀ ਤੌਰ 'ਤੇ ਰੱਬ ਦਾ ਨਾਂ ਲੈਂਦਿਆਂ 'ਬਾਣੀ ਪੜ੍ਹਦੈਂ, ਬਾਣੀ ਸੁਣਦੈਂ, ਬਾਣੀ ਵਰਗਾ ਹੋ ਜਾ' ਨਾਲ ਕੀਤਾ। ਉਸ ਪਿਛੋਂ ਫਿਰ ਚੱਲ ਸੋ ਚੱਲ। ਪਰਦੇਸੀਆਂ ਦੇ ਮਨ ਦਾ ਦਰਦ ਮਹਿਸੂਸ ਕਰਦਿਆਂ ਉਸ ਗੀਤ ਛੋਹਿਆ, 'ਥੋੜੇ ਲਈ ਪੰਜਾਬ ਤੋਂ ਪਿਆਰ ਲੈ ਕੇ ਆਇਆ ਹਾਂ...।' ਮਹਿਫਿਲ ਨੂੰ ਇਸ਼ਕ ਮਿਜਾਜ਼ੀ ਦਾ ਰੰਗ ਦਿੰਦਿਆਂ ਉਸ ਗੀਤ ਅਰਜ਼ ਕੀਤੇ, 'ਬੇਦਰਦੀ ਸੱਜਣਾਂ ਨੂੰ ਹਾਲ ਸੁਣਾ ਕੇ ਕੀ ਲੈਣਾ, ਜਿਥੇ ਕਦਰ ਹੀ ਨਹੀਂ ਹੁੰਦੀ ਉਥੇ ਜਾ ਕੇ ਕੀ ਲੈਣਾ...', 'ਧੂਣੀ ਇਸ਼ਕੇ ਦੀ ਸੇਕ ਲੈਣ ਦੇ, ਫੇਰ ਭਾਵੇਂ ਅੱਖਾਂ ਕੱਢ ਲਈਂ, ਪਹਿਲਾਂ ਸੱਜਣਾਂ ਨੂੰ ਵੇਖ ਲੈਣ ਦੇ' ਅਤੇ 'ਸੱਚੀਂ ਕੀਤਾ ਹੋਵੇ ਤਾਂ ਪਿਆਰ ਨਹੀਂ ਭੁੱਲਦਾ, ਦਿੱਤਾ ਹੋਇਆ ਯਾਰਾਂ ਨੂੰ ਉਧਾਰ ਨਹੀਂ ਭੁੱਲਦਾ...।'

ਦਾਨਿਸ਼ਮੰਦੀ ਦਾ ਹੋਕਾ ਉਸ ਕੁਝ ਇੰਜ ਦਿੱਤਾ, 'ਗੱਲ ਜਦੋਂ ਕਰੀਏ ਤਾਂ ਕਰੀਏ ਵਿਚਾਰ ਨਾਲ...', 'ਗੁਰੂ ਜਦ ਝਿੜਕੇ ਤਾਂ ਧੰਨ ਭਾਗ ਜਾਣੀਏ...।' ਘਰ ਆਏ ਸੱਜਣ ਨੂੰ ਤੱਕ ਰੂਹ ਨੂੰ ਆਇਆ ਖੇੜਾ ਕੁਝ ਇੰਜ ਸੀ, 'ਮੇਰਾ ਸੋਹਣਾ ਸੱਜਣ ਘਰ ਆਇਆ ਨੀ, ਮੈਨੂੰ ਦਿਓ ਵਧਾਈਆਂ ਨੀ ਸਖੀਓ।'

ਭਾਈ ਵੀਰ ਸਿੰਘ ਦੇ ਬੋਲ 'ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ ਅਸਾਂ ਧਾ ਗਲਵੱਕੜੀ ਪਾਈ, ਨਿਰਾ ਨੂਰ ਤੁਸੀਂ ਹੱਥ ਨਾ ਆਏ ਸਾਡੀ ਕੰਬਦੀ ਰਹੀ ਕਲਾਈ' ਸੂਫੀ ਬਲਬੀਰ ਦੇ ਇਸ ਗੀਤ ਵਿਚ ਸੱਚ ਹੁੰਦੇ ਨਜ਼ਰ ਆਏ, 'ਰਾਤੀਂ ਸੁਪਨੇ 'ਚ ਸੱਜਣਾਂ ਦੀ ਦੀਦ ਹੋ ਗਈ, ਤੁਸਾਂ ਗਲ ਨਾਲ ਲਾਇਆ, ਸਾਡੀ ਈਦ ਹੋ ਗਈ।' ਉਸ ਆਪਣਾ ਲੋਕਪ੍ਰਿਅ ਗੀਤ 'ਵਣਜਾਰਾ' ਵੀ ਪੇਸ਼ ਕੀਤਾ ਅਤੇ ਇਕ ਨਵਾਂ ਨਿਵੇਕਲਾ ਗੀਤ 'ਚੌਕੀਦਾਰ' ਵੀ। ਬਿਨਾ ਬਹੁਤੇ ਲਗ-ਲਬੇੜ ਤੋਂ (ਸਿਰਫ ਦੋ ਹੀ ਸਾਜ਼ਿੰਦਿਆਂ ਨਾਲ) ਉਹ ਜਿੰਨੇ ਸੁਰ ਤੇ ਸਰੂਰ ਵਿਚ ਆਪਣੇ ਗੀਤਾਂ ਨਾਲ ਸਰੋਤਿਆਂ ਦੀ ਰੂਹ ਨੂੰ ਛੂਹ ਰਿਹਾ ਸੀ, ਉਸ ਤੋਂ ਸੱਚੀਂ ਹੀ ਇਹ 'ਸੌਦਾ ਸਸਤਾ' ਜਾਪਦਾ ਸੀ ਤੇ ਇਹ ਵੀ ਜਾਹਰ ਸੀ ਕਿ ਉਹ ਆਪਣੇ ਸੌਦੇ ਦੀ 'ਚੌਕੀਦਾਰੀ' ਵੀ ਪੂਰੀ ਮੁਸਤੈਦੀ ਨਾਲ ਕਰਨ ਜਾਣਦਾ ਹੈ। ਬਲਬੀਰ ਨੇ ਕੁਝ ਹਲਕੇ ਫੁਲਕੇ ਗੀਤ ਜਿਵੇਂ ਕੀ ਮੈਂ ਝੂਠ ਬੋਲਿਆ, ਕੋਈ ਨਾ ਜੀ ਕੋਈ ਨਾ ਅਤੇ ਆਮ ਜਿਹੀ ਗੱਲ ਹੈ ਜੀ ਆਮ ਜਿਹੀ ਗੱਲ ਹੈ... ਵੀ ਸੁਣਾਏ। ਭਾਰਤ ਦੀ ਆਜ਼ਾਦੀ ਦੇ ਪਰਵਾਨਿਆਂ ਨੂੰ ਸਜ਼ਦਾ ਕਰਦਿਆਂ ਉਸ ਝੋਰਾ ਕੀਤਾ, 'ਭਗਤ ਸਿਆਂ ਹਾਲੇ ਵੀ ਤੇਰਾ ਦੇਸ਼ ਆਜ਼ਾਦ ਨਹੀਂ...।'



ਸਾਡੇ ਸਮਾਜ ਵਿਚ ਧੀਆਂ ਨੂੰ ਕੁੱਖਾਂ 'ਚ ਕਤਲ ਕਰਨ ਦੀ ਮਾੜੀ ਕੁਰੀਤੀ ਉਤੇ ਚੋਟ ਕਰਦਿਆਂ ਉਸ ਨਸੀਹਤ ਕੀਤੀ, 'ਜਦ ਧੀਆਂ ਹੀ ਮਾਰ ਦਿਆਂਗੇ, ਮਾਂਵਾਂ ਕਿਥੋਂ ਆਉਣਗੀਆਂ।' ਪਰ ਜਦੋਂ ਉਸ 'ਕਿਉਂ ਚੀਜ਼ ਫਾਲਤੂ ਲਗਣ ਲਗ ਪਏ ਬੁਢੜੇ ਮਾਪੇ ਵੇ...' ਗੀਤ ਰਾਹੀਂ ਬੁਢੜੇ ਮਾਪਿਆਂ ਦੇ ਦਿਲ ਦੀ ਵੇਦਨਾ ਕਹੀ ਤਾਂ ਵਡੇਰੀ ਉਮਰ ਦੇ ਕਈ ਸਰੋਤਿਆਂ ਦੀਆਂ ਅੱਖਾਂ ਤਰ ਹੋ ਗਈਆਂ।

ਵਜਦ ਵਿਚ ਆਇਆ ਉਹ ਇਕ ਪਿਛੋਂ ਇਕ ਗੀਤ ਇਸ ਤਰ੍ਹਾਂ ਪੇਸ਼ ਕਰ ਰਿਹਾ ਸੀ ਜਿਵੇਂ ਉਹ ਕਿਸੇ ਪੀਰ ਦੇ ਤਕੀਏ 'ਤੇ ਬੈਠਾ ਹੋਵੇ ਅਤੇ ਸਰੋਤੇ ਵੀ ਉਸ ਨੂੰ ਉਸੇ ਹੀ ਇਕਾਗਰਤਾ ਨਾਲ ਸੁਣ ਰਹੇ ਸਨ। ਕਰੀਬ ਸਾਢੇ ਤਿੰਨ ਘੰਟੇ ਸੂਫੀ ਬਲਬੀਰ ਬਿਨਾ ਸਾਹ ਲਿਆਂ ਗਾਉਂਦਾ ਰਿਹਾ। ਕਿਸੇ ਆਮ ਪੰਜਾਬੀ ਅਖਾੜੇ ਦੇ ਉਲਟ ਸਰੋਤੇ ਬਹੁਤ ਟਿਕ ਕੇ ਬੈਠੇ ਰਹੇ ਅਤੇ ਦਾਰੂ ਪੀਣ ਦੇ ਸ਼ੁਕੀਨਾਂ ਨੂੰ ਦਾਰੂ-ਪਾਣੀ ਦਾ ਖਿਆਲ ਵੀ ਭੁੱਲਿਆ ਹੀ ਰਿਹਾ। ਇਕ ਬਜ਼ੁਰਗ ਜਦੋਂ ਸਰੀਰਕ ਥਕਾਵਟ ਕਰਕੇ ਮਹਿਫਿਲ 'ਚੋਂ ਜਾਣ ਲੱਗਾ ਤਾਂ ਬਲਬੀਰ ਨੇ ਮਹਿਫਿਲ ਛੱਡ ਕੇ ਨਾ ਜਾਣ ਦਾ ਵਾਸਤਾ ਪਾਇਆ, ਫਿਰ ਉਹ ਬਜ਼ੁਰਗ ਕਪੂਰ ਸਾਹਿਬ ਮਹਿਫਿਲ ਦੇ ਅਖੀਰ ਤੱਕ ਆਪਣੀਆਂ ਸਭ ਸਰੀਰਕ ਮੁਸ਼ਕਲਾਂ ਭੁੱਲ ਕੇ ਬੈਠੇ ਰਹੇ। ਮਹਿਫਿਲ ਦੇ ਅਖੀਰ 'ਚ ਕਪੂਰ ਸਾਹਿਬ ਸੂਫੀ ਨੂੰ ਥਾਪੀਆਂ ਦਿੰਦਿਆਂ ਹਿੱਕ ਨਾਲ ਲਾਉਂਦੇ ਨਜ਼ਰ ਆਏ।

ਬੇਸ਼ਕ ਇਸ ਮਹਿਫਿਲ ਵਿਚ, ਸ਼ਾਇਦ ਖਰਾਬ ਮੌਸਮ ਕਾਰਨ, ਸਰੋਤਿਆਂ ਦੀ ਗਿਣਤੀ ਬਹੁਤੀ ਨਹੀਂ ਸੀ ਪਰ ਗਾਇਕ ਤੇ ਸਰੋਤਿਆਂ ਵਿਚਾਲੇ ਸੁਰ-ਸੰਚਾਰ ਦਾ ਇਕ ਅਜਿਹਾ ਰਿਸ਼ਤਾ ਬਣ ਗਿਆ ਸੀ ਕਿ ਗਾਇਕ ਤੇ ਸਰੋਤੇ ਵਿਚਲਾ ਫਰਕ ਹੀ ਮੁੱਕ ਗਿਆ ਲੱਗਦਾ ਸੀ। ਕੁਝ ਇਉਂ ਜਾਪਦਾ ਸੀ, ਜਿਵੇਂ ਸੂਫੀ ਕਹਿ ਰਿਹਾ ਹੋਵੇ, ਤੂੰ ਹੀ ਤੂੰ ਅਤੇ ਸਰੋਤੇ ਵੀ ਅੱਗੋਂ ਇਸੇ ਜ਼ੁਬਾਨ ਵਿਚ ਕਹਿ ਰਹੇ ਹੋਣ, ਤੂੰ ਹੀ ਤੂੰ। ਬਿਨਾ ਸ਼ੱਕ ਸਰੋਤੇ ਇਸ ਮਹਿਫਿਲ ਨੂੰ ਚਿਰਾਂ ਤੱਕ ਯਾਦ ਰੱਖਣਗੇ। ਬਲਬੀਰ ਦੀ ਤਬਲੇ 'ਤੇ ਸੰਗਤ ਕੀਤੀ ਰਿਚਰਡ ਕ੍ਰਿਸਚਿਨ ਨੇ ਅਤੇ ਕੀ-ਬੋਰਡ 'ਤੇ ਸਾਥ ਦਿੱਤਾ ਹਿਤੇਸ਼ ਨੇ ਜਦੋਂਕਿ ਸਾਊਂਡ ਤਾਰਿਕ ਦਾ ਸੀ।

ਇਸ ਮਹਿਫਿਲ ਦਾ ਪ੍ਰਬੰਧ ਠਾਕਰ ਸਿੰਘ ਬਸਾਤੀ ਅਤੇ ਕੇ ਕੇ ਪੰਮਾ ਵਲੋਂ ਕੀਤਾ ਗਿਆ ਸੀ। ਇਸ ਮੌਕੇ ਏਸ਼ੀਅਨ ਅਮੈਰੀਕਨ ਸਿੱਖ ਐਸੋਸੀਏਸ਼ਨ (ਆਸਾ), ਮਿਲਾਪ, ਰੇਡੀਓ ਚੰਨ ਪਰਦੇਸੀ ਅਤੇ ਪੰਜਾਬ ਟਾਈਮਜ਼ ਵਲੋਂ ਸੂਫੀ ਦਾ ਮਾਣ-ਸਨਮਾਨ ਵੀ ਕੀਤਾ ਗਿਆ ਅਤੇ ਇਸ ਵਿਚ ਹੱਥ ਵਟਾਇਆ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਅਮੋਲਕ ਸਿੰਘ ਗਿੱਧਾ, ਸਜਿਦ ਚੌਧਰੀ, ਸਰਵਣ ਸਿੰਘ ਟਿਵਾਣਾ ਅਤੇ ਠਾਕਰ ਸਿੰਘ ਬਸਾਤੀ ਨੇ।

ਜਿਲਾ ਗੁਰਦਾਸਪੁਰ ਦੇ ਰਾਵੀ ਕੰਢੇ ਦੇ ਪਿੰਡ ਸੂਫੀਆਂ ਦਾ ਜੰਮਪਲ ਬਲਬੀਰ ਅਜਕਲ੍ਹ ਮੁਹਾਲੀ ਵਸਦਾ ਹੈ। ਉਸ ਦੀ ਖੂਬਸੂਰਤੀ ਇਹ ਹੈ ਕਿ ਉਹ ਆਪਣੇ ਗੀਤ ਵੀ ਆਪ ਲਿਖਦਾ ਹੈ। ਉਹ ਸੂਫੀ ਹੋਣ ਦਾ ਕੋਈ ਦਾਅਵਾ ਨਹੀਂ ਕਰਦਾ ਪਰ ਉਸ ਦੇ ਗੀਤਾਂ ਵਿਚੋਂ ਸੂਫੀਆਨਾ ਭਾਅ ਸਪਸ਼ਟ ਮਹਿਸੂਸ ਕੀਤੀ ਜਾ ਸਕਦੀ ਹੈ। ਇਹ ਵੀ ਸ਼ੁਕਰ ਹੈ ਕਿ ਉਹ ਸਸਤੀ ਸ਼ੋਹਰਤ ਜਾਂ ਲੋਕਪ੍ਰਿਯਤਾ ਹਾਸਲ ਕਰਨ ਲਈ ਦੋਹਰਾ ਕਿਰਦਾਰ ਨਹੀਂ ਅਪਨਾਉਂਦਾ ਕਿ ਗੱਲ ਸੂਫੀ ਕਲਾਮ ਦੀ ਕਰੇ ਤੇ ਸਹਾਰਾ ਲਵੇ ਅਜੋਕੇ ਕੰਨਪਾੜਵੇਂ ਸੰਗੀਤ ਦਾ। ਸ਼ਾਲਾ! ਉਹ ਟੀ ਵੀ ਚੈਨਲਾਂ ਦੇ ਵੀਡੀਓ ਜਾਲ ਵਿਚ ਨਾ ਫਸੇ।










# ਗੁਰਦੁਆਰਾ ਸੈਨ ਹੋਜ਼ੇ ਵਿਚ ਛੋਟੇ ਸਾਹਿਬਜ਼ਾਦਿਆਂ ਦੀ ਯਾਦ 'ਚ ਸ਼ਹੀਦੀ ਜੋੜ ਮੇਲਾ

**ਸੈਨ ਹੋਜ਼ੇ (ਬਿਊਰੋ):** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ-ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਦਾ ਸ਼ਹੀਦੀ ਜੋੜ ਮੇਲਾ ਇਥੇ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਕੀਰਤਨੀ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਢਾਡੀ ਜਥੇ ਨੇ ਬੀਰ ਰਸੀ ਵਾਰਾਂ ਰਾਹੀਂ ਸੰਗਤਾਂ ਨੂੰ ਸਾਕਾ ਸਰਹਿੰਦ ਦੀ ਵਾਰਤਾ ਸਰਵਣ ਕਰਵਾਈ ਅਤੇ ਕਥਾਵਾਚਕਾਂ ਨੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਬਾਰੇ ਚਾਨਣਾ ਪਾਇਆ। ਹਰ ਸਾਲ ਦੀ ਤਰ੍ਹਾਂ ਇਲਾਕਾ ਫਤਿਹਗੜ੍ਹ ਸਾਹਿਬ ਦੀ ਸੰਗਤ ਦੇ ਉਦਮ ਨਾਲ ਗੁਰਦੁਆਰਾ ਸਾਹਿਬ ਦੀ ਪਰਿਕਰਮਾ ਵਿਚ ਨਗਰ ਕੀਰਤਨ ਸਜਾਇਆ ਗਿਆ ਜਿਸ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਇਸ ਸਮੇਂ ਪ੍ਰਸਿੱਧ ਨਾਟਕਕਾਰ ਚਰਨ ਸਿੰਘ ਸਿੰਧਰਾ ਦਾ ਲਿਖਿਆ ਰੋਸ਼ਨੀ ਅਤੇ ਆਵਾਜ਼ ਨਾਟਕ 'ਨਿੱਕੀਆਂ ਜਿੰਦਾਂ-ਵੱਡਾ ਸਾਕਾ' ਖੇਡਿਆ ਗਿਆ ਜਿਸ ਨੇ ਸੰਗਤਾਂ ਨੂੰ ਬੇਹਦ ਭਾਵੁਕ ਕਰ ਦਿਤਾ। ਇਸ ਸ਼ਹੀਦੀ ਸਮਾਗਮ ਦੇ ਮੁੱਖ ਪ੍ਰਬੰਧਕਾਂ-ਜਸਪਾਲ ਸਿੰਘ ਖਾਲਸਾ ਅਤੇ ਸੁਖਵਿੰਦਰ ਸਿੰਘ ਗੋਗੀ ਨੇ ਕਿਹਾ ਕਿ ਸਾਡਾ ਮੁੱਖ ਮੰਤਵ ਇਥੋਂ ਦੀ ਜੰਮਪਲ ਪੀੜ੍ਹੀ ਨੂੰ ਸਿੱਖ ਇਤਿਹਾਸ ਅਤੇ ਸਿੱਖ ਸਭਿਆਚਾਰ ਪ੍ਰਤੀ ਜਾਣੂ ਕਰਵਾਉਣਾ ਹੈ। ਉਨ੍ਹਾਂ ਸਮੂਹ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ। ਗੁਰੂ ਕੇ ਲੰਗਰ ਦੀ ਸੇਵਾ ਰੀਨੋ ਦੀ ਸੰਗਤ ਵੱਲੋਂ ਕੀਤੀ ਗਈ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੇਵਾਦਾਰਾਂ ਦਾ ਸਨਮਾਨ ਕੀਤਾ ਗਿਆ।








ਰੋਸ਼ਨੀ ਅਤੇ ਆਵਾਜ਼ ਨਾਟਕ 'ਨਿੱਕੀਆਂ ਜਿੰਦਾਂ-ਵੱਡਾ ਸਾਕਾ' ਦਾ ਇਕ ਦ੍ਰਿਸ਼








'ਮਹਾਂਪੁਰਸ਼ਾਂ ਦੇ ਲੜ ਜੋ ਲੱਗ ਜਾਂਦੇ, ਮੂੰਹੋਂ ਮੰਗੀਆਂ ਮੁਰਾਦਾਂ ਪਾ ਜਾਂਦੇ। ਖੇਡ-ਮੈਦਾਨਾਂ 'ਚ ਬਣ ਸ਼ੇਰ ਉਹ, ਨਾਂ ਸਦਾ ਸਦਾ ਲਈ ਚਮਕਾ ਜਾਂਦੇ।'

## ਰਾਜਾ ਸਾਹਿਬ ਸਪੋਰਟਸ ਕਲੱਬ ਦੋਆਬਾ-ਨਿਊ ਯਾਰਕ

Happy New Year

## ਨਵਾਂ ਸਾਲ ਬਹੁਤ ਬਹੁਤ ਮੁਬਾਰਕ!

Happy New Year

ਸਮੂਹ ਖਿਡਾਰੀਆਂ, ਖੇਡ ਪ੍ਰੇਮੀਆਂ, ਇਲਾਕਾ ਨਿਵਾਸੀਆਂ, ਸਨੇਹੀਆਂ ਲਈ ਨਵਾਂ ਸਾਲ ਖੁਸ਼ੀਆਂ ਖੇੜਿਆਂ ਭਰਿਆ ਆਵੇ। ਰੱਬ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕਰੇ।





ਰੇਸ਼ਮ ਸਿੰਘ ਰੇਸ਼ਮ
ਗਾਇਕ



ਸੰਗਾਰਾ ਸਿੰਘ ਰਾਣੂ
ਕੈਸ਼ੀਅਰ



ਇਕਬਾਲ ਸਿੰਘ ਜੱਬੋਵਾਲ
ਸਕੱਤਰ

ਹੋਰ ਜਾਣਕਾਰੀ ਲਈ ਕਾਲ ਕਰੋ: 516-603-2523 ਅਤੇ 917-375-6395

# ਸਿੱਖ ਕਾਕਸ ਸਿੱਖ ਮਸਲਿਆਂ ਦੇ ਹੱਲ ਲਈ ਭਰਪੂਰ ਯਤਨ ਕਰੇਗਾ-ਡੇਵਿਡ ਵਾਲਾਡਾਓ

**ਮਿਲਪੀਟਸ (ਬਿਊਰੋ):** ਸਿੱਖ ਮਸਲਿਆਂ ਦੇ ਹੱਲ ਲਈ ਸਿੱਖ ਕਾਕਸ ਪੂਰਾ ਜ਼ੋਰ ਲਾਏਗਾ ਤੇ ਸਾਰੇ ਮਸਲੇ ਹੌਲੀ ਹੌਲੀ ਹੱਲ ਹੁੰਦੇ ਜਾਣਗੇ। ਅਮਰੀਕਾ ਦੀ ਅਗਲੀ ਮਰਦਮਸ਼ੁਮਾਰੀ ਵਿਚ ਸਿੱਖ ਕੌਮ ਦੀ ਅਡਰੀ ਪਛਾਣ ਵਾਸਤੇ ਹੁਣ ਤੋਂ ਹੀ ਕੋਸ਼ਿਸ਼ਾਂ ਅਰੰਭੀਆਂ ਜਾਣਗੀਆਂ। ਇਥੇ ਗੁਰਦੁਆਰਾ ਮਿਲਪੀਟਸ ਅਤੇ ਗੁਰਦੁਆਰਾ ਫਰੀਮਾਂਟ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਅਮਰੀਕੀ ਪਾਰਲੀਮੈਂਟ ਵਿਚ ਬਣੇ ਅਮਰੀਕੀ ਸਿੱਖ ਕਾਕਸ ਦੇ ਕੋ ਚੇਅਰ ਕਾਂਗਰਸਮੈਨ ਡੇਵਿਡ ਵਾਲਾਡਾਓ ਨੇ ਲੰਘੇ ਐਤਵਾਰ ਕਿਹਾ ਕਿ ਨਸਲੀ ਹਿੰਸਾ ਨੂੰ ਰੋਕਣ ਲਈ ਉਪਰਾਲੇ ਕਰਨ ਬਾਰੇ ਵੀ ਸਿੱਖ ਕਾਕਸ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹੈ। ਸਿੱਖਾਂ ਦੇ ਅਮਰੀਕੀ ਫੌਜਾਂ ਵਿਚ ਦਾਖਲੇ ਲਈ ਪਹਿਲਾਂ ਹੀ ਗੱਲਬਾਤ ਚੱਲ ਰਹੀ ਹੈ।

ਡੇਵਿਡ ਵਾਲਾਡਾਓ ਨੇ ਸੰਗਤਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਉਹ ਗੁਰਦੁਆਰਾ ਸਾਹਿਬ ਅਤੇ ਸੰਗਤਾਂ ਦੇ ਦਰਸ਼ਨ ਕਰਕੇ ਆਪਣੇ ਆਪ ਨੂੰ ਵਡਭਾਗਾ ਸਮਝ ਰਹੇ ਹਨ। ਗੁਰਦੁਆਰਾ ਫਰੀਮਾਂਟ ਵਿਚ ਦੀਵਾਨ ਵਿਚ ਉਨ੍ਹਾਂ ਦੀ ਜਾਣ ਪਛਾਣ ਸ. ਹਰਪ੍ਰੀਤ ਸਿੰਘ ਸੰਧੂ ਨੇ ਕਰਵਾਈ।

ਗੁਰਦੁਆਰਾ ਫਰੀਮਾਂਟ ਤੇ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਚ ਪ੍ਰਬੰਧਕ ਕਮੇਟੀਆਂ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਥਕ ਜਥੇਬੰਦੀਆਂ ਵੱਲੋਂ ਡੇਵਿਡ ਵਾਲਾਡਾਓ ਨੂੰ ਸਿਰੋਪਾਉ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ ਗਿਆ ਤੇ ਸਨਮਾਨ ਚਿੰਨ ਨਾਲ ਭੇਟ ਕੀਤੇ ਗਏ।

ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਚ ਕਾਂਗਰਸਮੈਨ ਤੇ ਉਸ ਦੇ ਚੀਫ ਆਫ ਸਟਾਫ ਨੇ ਸੰਗਤਾਂ ਨਾਲ ਬਹਿ ਕੇ ਲੰਗਰ ਛਕਿਆ ਤੇ ਬਾਬਾ ਬੰਦਾ ਬਹਾਦਰ ਸੈਮੀਨਾਰ ਹਾਲ ਵੀ ਵੇਖਿਆ ਤੇ ਕਿਹਾ ਕਿ ਉਸ ਨੇ ਪਹਿਲੀ ਵਾਰ ਕਿਸੇ ਗੁਰਦਆਰਾ ਸਾਹਿਬ ਵਿਚ ਸੈਮੀਨਾਰ ਹਾਲ ਵੇਖਿਆ ਹੈ ਜੋ ਕਿ ਬਹੁਤ ਚੰਗੀ ਗੱਲ ਹੈ।

ਜ਼ਿਕਰਯੋਗ ਹੈ ਕਿ ਅਮਰੀਕੀ ਸਿੱਖ ਕਾਕਸ ਦੀ ਸਹਾਇਤਾ ਲਈ ਇਕ ਉਪ ਕਮੇਟੀ ਫਰੈਂਡਜ਼ ਆਫ ਦਾ ਸਿੱਖ ਕਾਕਸ ਕਮੇਟੀ ਬਣਾ ਦਿਤੀ ਗਈ ਹੈ ਜੋ ਸਥਾਨਕ ਮਸਲਿਆਂ ਦੇ ਹੱਲ ਲਈ ਸਹਿਯੋਗ ਕਰੇਗੀ ਜਿਸ ਲਈ ਡਾ. ਪ੍ਰਿਤਪਾਲ ਸਿੰਘ ਤੇ ਹਰਪ੍ਰੀਤ ਸਿੰਘ ਸੰਧੂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।





# ਫਰਿਜ਼ਨੋ 'ਚ 'ਲੋਹੜੀ ਮੇਲਾ' 18 ਨੂੰ

**ਫਰਿਜ਼ਨੋ (ਬਿਊਰੋ):** ਰੇਡੀਓ 'ਵਤਨੋਂ ਦੂਰ' ਅਤੇ ਯੂਥ ਅਕਾਲੀ ਦਲ ਅਮੈਰਿਕਾ ਵਲੋਂ ਧੀਆਂ ਅਤੇ ਪੁੱਤਰਾਂ ਦਾ ਦੂਸਰਾ 'ਲੋਹੜੀ ਮੇਲਾ' 18 ਜਨਵਰੀ, ਸਨਿਚਰਵਾਰ ਨੂੰ ਦੁਪਹਿਰ ਇਕ ਵਜੇ ਤੋਂ ਸ਼ਾਮ 5 ਵਜੇ ਤੱਕ ਕਰਵਾਇਆ ਜਾਵੇਗਾ। ਪ੍ਰਬੰਧਕਾਂ ਅਨੁਸਾਰ ਇਸ ਮੇਲੇ ਵਿਚ ਵੱਖ ਵੱਖ ਖੇਤਰਾਂ ਵਿਚ ਮੱਲਾਂ ਮਾਰਨ ਵਾਲੀਆਂ ਧੀਆਂ ਦਾ ਸਨਮਾਨ ਕੀਤਾ ਜਾਵੇਗਾ ਜਿਨ੍ਹਾਂ ਵਿਚ ਮਿਸ ਪੰਜਾਬਣ ਯੂ ਐਸ ਏ-2013 ਦਾ ਖਿਤਾਬ ਜਿੱਤਣ ਵਾਲੀ ਮਿਸ ਮਨਪ੍ਰੀਤ ਗਿੱਲ ਵੀ ਸ਼ਾਮਿਲ ਹੈ।

ਇਸ ਮੌਕੇ ਬੱਚਿਆਂ ਦੇ ਕਵਿਤਾ ਅਤੇ ਦਸਤਾਰ ਮੁਕਾਬਲੇ ਕਰਵਾਏ ਜਾਣਗੇ। ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਨਕਦ ਇਨਾਮ ਅਤੇ ਸਨਮਾਨ ਚਿੰਨ੍ਹ ਦਿਤੇ ਜਾਣਗੇ। ਲਵਲੀਨ ਕੌਰ ਅਤੇ ਸਿਮਰਨ ਹੇਅਰ ਵਲੋਂ ਤਿਆਰ 'ਰੇਡੀਓ ਵਤਨੋਂ" ਦੂਰ ਦੀਆਂ ਟੀਮਾਂ ਗਿੱਧਾ, ਭੰਗੜਾ, ਸੰਮੀ, ਮਲਵਈ ਗਿੱਧਾ, ਕੋਰੀਓਗ੍ਰਾਫੀ ਅਤੇ ਹੋਰ ਆਈਟਮਾਂ ਪੇਸ਼ ਕਰਨਗੀਆਂ। ਮੰਚ ਸੰਚਾਲਨ ਆਸ਼ਾ ਸ਼ਰਮਾ ਵਲੋਂ ਕੀਤਾ ਜਾਵੇਗਾ। ਇਸ ਮੇਲੇ ਦੌਰਾਨ ਧਾਰਮਿਕ, ਸੱਭਿਆਚਾਰਕ, ਸਮਾਜਿਕ ਅਤੇ ਵਿਦਿਅਕ ਖੇਤਰ ਵਿਚ ਨਾਮਣਾ ਖੱਟਣ ਵਾਲੇ ਦੋ ਬੱਚਿਆਂ ਨੂੰ ਵਜ਼ੀਫੇ ਦਿੱਤੇ ਜਾਣਗੇ। ਮੇਲੇ ਦੀ ਕੋਈ ਦਾਖਲਾ ਫੀਸ ਨਹੀਂ ਹੈ ਅਤੇ ਸਕਿਉਰਿਟੀ ਦਾ ਖਾਸ ਪ੍ਰਬੰਧ ਹੋਵੇਗਾ।









# ਸ਼ਹੀਦਾਨਿ-ਵਫ਼ਾ

## ਅੱਲ੍ਹਾ ਯਾਰ ਖ਼ਾਂ ਜੋਗੀ

*ਅੱਲ੍ਹਾ ਯਾਰ ਖ਼ਾਂ ਜੋਗੀ ਦੀ 'ਸ਼ਹੀਦਾਨਿ-ਵਫ਼ਾ' ਦੀ ਲਾਸਾਨੀ ਰਚਨਾ ਇਸੇ ਅੰਕ ਤੋਂ ਲੜੀਵਾਰ ਸ਼ੁਰੂ ਕੀਤੀ ਜਾ ਰਹੀ ਹੈ। ਇਹ ਰਚਨਾ 1913 ਵਿਚ ਛਪੀ ਸੀ। ਇਸ ਹਿਸਾਬ ਇਸ ਰਚਨਾ ਨਾਲ ਅਸੀਂ ਉਸ ਦੌਰ ਨੂੰ ਯਾਦ ਕਰਾਂਗੇ ਜਦੋਂ ਸਿੱਖ ਮੋਢੇ ਨਾਲ ਮੋਢਾ ਜੋੜ ਕੇ ਜ਼ੁਲਮਾਂ ਖਿਲਾਫ ਜੂਝ ਰਹੇ ਸਨ। ਅੱਲ੍ਹਾ ਯਾਰ ਖ਼ਾਂ ਜੋਗੀ ਨੇ ਆਪਣੀ ਇਸ ਰਚਨਾ ਵਿਚ ਉਸੇ ਦੌਰ ਨੂੰ ਸਾਕਾਰ ਕੀਤਾ ਹੈ। ਇਹ ਉਰਦੂ ਨਜ਼ਮ ਸਾਕਾ ਸਰਹਿੰਦ ਦੀ ਦਿਲ ਕੰਬਾਊ ਝਾਕੀ ਪੇਸ਼ ਕਰਦੀ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਸ਼ਹਾਦਤ ਅਤੇ ਸ਼ਾਇਰੀ ਦਾ ਫ਼ਲਸਫ਼ਾ ਖ਼ੂਬ ਸਮਝਦਾ ਹੈ। ਤਾਂ ਹੀ ਤਾਂ ਉਹਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। -ਸੰਪਾਦਕ*

## ਜਿਸ ਦਮ ਅਨੰਦਪੁਰ ਮੇਂ ਸਤਿਗੁਰ ਮੁਕੀਮ ਥੇ।

1

ਜਿਸ ਦਮ ਅਨੰਦਪੁਰ ਮੇਂ ਸਤਿਗੁਰ ਮੁਕੀਮ ਥੇ।
ਹਮਗਾਹ ਘਰ ਕੇ ਲੋਗ ਥੇ ਔਰ ਕੁਛ ਨਦੀਮ ਥੇ।
ਚਾਰੋਂ ਤਰਫ਼ ਸੇ ਕਿਲੇ ਕੋ ਘੇਰੇ ਗ਼ਨੀਮ ਥੇ।
ਟੋਟੇ ਸੇ ਰਿਜ਼ਕ ਕੇ ਦਿਲ-ਏ-ਸਿੰਘਾਂ ਦੋ-ਨੀਮ ਥੇ।
ਪਯਾਸੇ ਥੇ ਔਰ ਭੂਖ ਕੀ ਸ਼ਿੱਦਤ ਕਮਾਲ ਥੀ।
ਥੀ ਮੁਖ਼ਤਸਰ ਸੀ ਫ਼ੌਜ ਸੋ ਵੁਹ ਭੀ ਨਿਢਾਲ ਥੀ।
*(ਨਦੀਮ=ਸਾਥੀ, ਗ਼ਨੀਮ=ਦੁਸ਼ਮਣ, ਦੋ-ਨੀਮ=ਦੋ ਟੋਟੇ)*

2

ਆਦਾ ਕੀ ਫ਼ੌਜ ਕੇ ਨ ਸ਼ੁਮਾਰ-ਓ-ਹਿਸਾਬ ਥੇ।
ਸਰਦਾਰ-ਏ-ਫ਼ੌਜ ਏਕ ਨਹੀਂ ਦੋ ਨਵਾਬ ਥੇ।
ਰਾਜੇ ਕਈ ਪਹਾੜ ਕੇ ਭੀ ਹਮਰਕਾਬ ਥੇ।
ਸਿੰਘੋਂ ਸੇ ਬਿਸਤ-ਚੰਦ ਯਿਹ ਸਬ ਸ਼ੈਖ਼-ਓ-ਸ਼ਾਬ ਥੇ।
ਸਿੱਖੋਂ ਕੀ ਆਰਜ਼ੂ ਥੀ ਕਿ ਲੜ ਕਰ ਸ਼ਹੀਦ ਹੋਂ।
ਸਤਗੁਰ ਯਿਹ ਸੋਚਤੇ ਥੇ ਨ ਜ਼ਾਇਆ ਮੁਰੀਦ ਹੋਂ।
*(ਬਿਸਤ-ਚੰਦ=ਵੀਹ ਗੁਣਾ, ਸ਼ੈਖ਼-ਓ-ਸ਼ਾਬ=ਬੁੱਢੇ ਤੇ ਜਵਾਨ)*

3

ਬੋਲੇ ਕਿ ਅਪਨੀ ਫ਼ੌਜ ਨਿਹਾਯਤ ਹੈ ਮੁਖ਼ਤਸਰ।
ਘੇਰੇ ਹੂਏ ਹੈਂ ਹਮ ਕੋ ਹਜ਼ਾਰੋਂ ਹੀ ਅਹਲ-ਏ-ਸ਼ਰ।
ਛੋੜੇਂਗੇ ਅਪਨੇ ਆਪ ਕੋ ਦੁਸ਼ਮਨ ਕੇ ਰਹਮ ਪਰ।
ਉਸ ਮੇਂ ਭੀ ਅਪਨੀ ਇੱਜ਼ਤ-ਓ-ਅਜ਼ਮਤ ਕਾ ਹੈ ਖ਼ਤਰ।
ਚਿੜੀਯੋਂ ਕੋ ਆਜ ਭੀ ਮੈਂ ਲੜਾ ਦੂੰਗਾ ਬਾਜ਼ ਸੇ।
ਕੁਛ ਫ਼ਾਯਦਾ ਨਹੀਂ ਹੈ ਮਗਰ ਤਰਕ-ਓ-ਤਾਜ਼ ਸੇ।
*(ਸ਼ਰ=ਸ਼ਰਾਰਤੀ, ਅਜ਼ਮਤ=ਵਡਿਆਈ)*

4

ਦੁਨੀਯਾ ਕੇ ਲੋਗ ਹੋਤੇ ਹੈਂ ਪਾਗਲ ਜੁਨੂਨ ਸੇ।
ਹਮ ਮੁਸਲਿਹੇ-ਜਹਾਂ ਹੈਂ, ਗ਼ਰਜ਼ ਹਮ ਕੋ ਦੂਨ ਸੇ।
ਕਯਾ ਫ਼ਾਯਦਾ ਹੈ ਹਿੰਦੂ-ਓ-ਮੁਸਲਿਮ ਕੇ ਖ਼ੂਨ ਸੇ।
ਬਿਹਤਰ ਹੈ ਇਜਤਿਨਾਬ ਹੀ ਕਾਰ-ਏ-ਜ਼ਬੂਨ ਸੇ।
ਇਤਨੇ ਮੇਂ ਇਤਲਾਅ ਹੁਈ, ਕਾਸਿਦ ਇਕ ਆਯਾ ਹੈ।
ਸਰਹਿੰਦ ਕੇ ਨਵਾਬ ਕਾ ਪੈਗ਼ਾਮ ਲਾਯਾ ਹੈ।
*(ਮੁਸਲਿਹੇ-ਜਹਾਂ=ਸੰਸਾਰ-ਸੁਧਾਰਕ, ਦੂਨ=ਨੀਚ,
ਇਜਤਿਨਾਬ=ਬਚਣਾ, ਕਾਰ-ਏ-ਜ਼ਬੂਨ=ਨੀਚ ਕੰਮ)*

5

ਫ਼ਰਮਾਏ ਸਤਗੁਰੂ, ਇਸੇ ਲਾਓ ਹਮਾਰੇ ਪਾਸ।
ਯਿਹ ਪਾ ਕੇ ਹੁਕਮ ਤੁਰਤ ਗਯਾ ਉਠ ਕੇ ਏਕ ਦਾਸ।
ਲਾਯਾ ਸਫ਼ੀਰ ਜਿਸ ਪਿ ਥਾ ਛਾਯਾ ਹੁਆ ਹਿਰਾਸ।
ਦੀਵਾਨ ਖਾਲਸੋਂ ਕਾ ਜੋ ਦੇਖਾ ਗਯਾ ਹਵਾਸ।
ਸਤਗੁਰ ਨੇ ਦੇ ਕੇ ਹੌਸਲਾ ਪੂਛਾ ਯਿਹ ਪਯਾਰ ਸੇ।
ਪੈਗ਼ਾਮ ਕਯਾ ਤੂ ਲਾਯਾ ਹੈ ਫ਼ੌਜ-ਏ-ਸ਼ਰਾਰ ਸੇ।
*(ਸਫ਼ੀਰ=ਏਲਚੀ, ਰਾਜਦੂਤ, ਹਿਰਾਸ=ਡਰ)*

6

ਕਹਨੇ ਲਗਾ ਹੁਜ਼ੂਰ ਕਾ ਰੁਤਬਾ ਬੁਲੰਦ ਹੋ।
ਨਾਨਕ ਕੀ ਸ਼ਾਨ ਦਸਵੇਂ ਗੁਰੂ ਮੇਂ ਦੁਚੰਦ ਹੋ।
ਹਾਦੀ ਹੋ ਇਕ ਜ਼ਮਾਨੇ ਕੇ ਤੁਮ ਦਰਦਮੰਦ ਹੋ।
ਕੀਜੇ ਮੁਆਫ਼ ਬਾਤ ਅਗਰ ਨ ਪਸੰਦ ਹੋ।
ਭੇਜਾ ਹੈ ਮੁਝ ਕੋ ਨਾਜ਼ਿਮ-ਏ-ਸਰਹਿੰਦ ਨੇ ਯਹਾਂ।
ਫਰਮਾਨ-ਏ-ਸ਼ਾਹ-ਏ-ਦਿੱਲੀ ਕੇ ਪਾਬੰਦ ਨੇ ਯਹਾਂ।
*(ਦੁਚੰਦ=ਦੁੱਗਣੀ, ਹਾਦੀ=ਮੱਤ ਦੇਣ ਵਾਲਾ)*

7

ਇਸ ਨੇ ਕਹਾ ਕਿ ਹਮ ਕੋ ਨਹੀਂ ਬੈਰ ਆਪ ਸੇ।
ਰਖਤੇ ਨਹੀਂ ਹੈਂ ਕਦ ਹਰਮ-ਓ-ਦੈਰ ਆਪ ਸੇ।
ਪਾਤੇ ਹੈਂ ਸਬ ਬਸ਼ਰ ਸਬਕ ਖ਼ੈਰ ਆਪ ਸੇ।
ਅਪਨੇ ਬਵਜਹਿ ਤਮਅ ਹੂਏ ਗ਼ੈਰ ਆਪ ਸੇ।
ਦੀਨ-ਓ-ਧਰਮ ਛੋੜ ਕੇ ਅੰਧੇ ਹੂਏ ਹੈਂ ਕੁਛ।
ਨਾਜ਼ਿਲ ਪਹਾੜ ਪਰ ਸੇ ਦਰਿੰਦੇ ਹੂਏ ਹੈਂ ਕੁਛ।
*(ਕਦ=ਦੁਸ਼ਮਣੀ, ਹਰਮ-ਓ-ਦੈਰ=ਮੰਦਿਰ
ਮਸਜਿਦ, ਬਸ਼ਰ=ਮਨੁੱਖ, ਤਮਅ=ਲੋਭ,
ਨਾਜ਼ਿਲ=ਉਭਰਨਾ, ਦਰਿੰਦੇ=ਖ਼ੂੰਖ਼ਾਰ ਜਾਨਵਰ)*

8

ਛੋੜੋ ਅਨੰਦਪੁਰ ਯਿਹ ਸ਼ਾਹੀ ਮਕਾਮ ਹੈ।
ਮਖ਼ਦੂਸ ਇਸ ਜਗਹ ਪਿ ਤੁਮ੍ਹਾਰਾ ਕਯਾਮ ਹੈ।
ਫ਼ੌਜੋਂ ਸੇ ਔਰ ਕਲਓਂ ਸੇ ਕਯਾ ਤੁਮ ਕੋ ਕਾਮ ਹੈ।
ਲੜਨਾ ਹੀ ਜਬ ਨਹੀਂ ਤੋ ਯਿਹ ਕਯੋਂ ਧੂਮ ਧਾਮ ਹੈ।
ਹੈ ਖ਼ੈਰ ਇਸੀ ਮੇਂ ਅਪਨੇ ਕਹੇ ਪਰ ਅਮਲ ਕਰੋ।
ਬੇਸੂਦ ਹਮਦਮੋਂ ਕੋ ਨ ਨਜ਼ਰ-ਏ-ਅਜਲ ਕਰੋ।
*(ਮਖ਼ਦੂਸ=ਖ਼ਤਰੇ ਵਾਲਾ, ਨਜ਼ਰ-ਏ-ਅਜਲ=ਮੌਤ ਦੀ ਭੇਟਾ)*

9

ਦੁਨੀਯਾ ਕੇ ਹਮ ਤੋ, ਦੀਨ ਕੇ ਤੁਮ ਪਾਤਸ਼ਾਹ ਹੋ।
ਆਤਾ ਨਹੀਂ ਯਕੀਂ ਤੁਮ੍ਹੇਂ ਦੁਨੀਯਾ ਕੀ ਚਾਹ ਹੋ।
ਸਤਿਗੁਰ ਕੇ ਪਾਸ ਕਿਸ ਲੀਯੇ ਫ਼ੌਜ-ਓ-ਸਿਪਾਹ ਹੋ।
ਨਾਨਕ ਕੇ ਜਾਨਸ਼ੀਨ ਕੋ ਕਯੋਂ ਹੁੱਬ-ਏ-ਜਾਹ ਹੋ।
ਸਿੰਘੋਂ ਕੋ ਸਾਥ ਲੇ ਕੇ ਯਹਾਂ ਸੇ ਸਿਧਾਰੀਏ।
ਵਾਹਿਗੁਰੂ ਕੀ ਫ਼ਤਹ ਕਾ ਨਾਅਰਾ ਪੁਕਾਰੀਏ।
*(ਹੁੱਬ-ਏ-ਜਾਹ=ਰੁਤਬੇ ਦਾ ਪਿਆਰ)*

10

ਪੈਗ਼ਾਮ ਸੁਨ ਕੇ ਸਤਿਗੁਰੂ ਖ਼ਾਮੋਸ਼ ਹੋ ਗਏ।
ਪੈਦਾ ਤਬੀਅਤੋਂ ਮੇਂ ਮਗਰ ਜੋਸ਼ ਹੋ ਗਏ।
ਦਰ-ਪਏ ਨਿਕਾਲਨੇ ਕੇ ਸਿਤਮ-ਕੋਸ਼ ਹੋ ਗਏ।
ਜਾਤੇ ਹੈਂ ਹਮ ਤੋ ਬੋਲੇਂਗੇ ਰੂਪੋਸ਼ ਹੋ ਗਏ।
ਲਲਕਾਰੇ ਫ਼ੌਜ ਸੇ ਕਿ ਕਿਲੇ ਸੇ ਨਿਕਲ ਚਲੋ।
ਦੁਸ਼ਮਨ ਸੇ ਹੋਸ਼ਯਾਰ ਰਹੋ ਔਰ ਸੰਭਲ ਚਲੋ। **(ਚਲਦਾ)**



### ਸੱਚੇ ਸ਼ਾਇਰ ਨੇ ਮਜ਼ਹਬ ਦੇ ਠੇਕੇਦਾਰਾਂ ਦੀ ਈਨ ਨਾ ਮੰਨੀ

*ਅੱਲ੍ਹਾ ਯਾਰ ਖ਼ਾਂ ਜੋਗੀ ਦੀਆਂ ਦੋਹਾਂ ਰਚਨਾਵਾਂ- 'ਸ਼ਹੀਦਾਨਿ ਵਫ਼ਾ' ਤੇ 'ਗੰਜਿ-ਸ਼ਹੀਦਾਂ', ਕਾਰਨ ਕੱਟੜ ਮੁਸਲਮਾਨਾਂ ਨੇ ਉਸ ਨੂੰ ਕਾਫਰ ਗਰਦਾਨ ਦਿੱਤਾ ਸੀ ਪਰ ਉਨ੍ਹਾਂ ਨੇ ਸੱਚ ਉਤੇ ਪਹਿਰਾ ਦਿੱਤਾ ਅਤੇ ਮਜ਼ਹਬ ਦੇ ਠੇਕੇਦਾਰਾਂ ਦੀ ਪ੍ਰਵਾਹ ਨਾ ਕੀਤੀ। ਉਸ ਨੂੰ ਮਸੀਤ ਵਿਚ ਵੜਨ ਤੋਂ ਵੀ ਡੱਕ ਦਿੱਤਾ ਗਿਆ ਪਰ ਉਸ ਨੇ ਸੱਚ ਦਾ ਪੱਲਾ ਨਹੀਂ ਛੱਡਿਆ।*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਜਨਵਰੀ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-99



*ਤਸਵੀਰ: ਹੀਰ ਵਾਰਿਸ ਵੈਬ ਸਾਈਟ ਤੋਂ ਧੰਨਵਾਦ ਸਹਿਤ*

***ਕਰਿਆ ਵੀਰਾਂ ਨੇ ਯਾਰੋ ਜੁਗਾੜ ਐਸਾ,
ਸਭੇ ਉਂਗਲਾਂ ਦੰਦਾਂ ਹੇਠ ਆ ਗਈਆਂ।
ਖੂਹ ਕੱਲ੍ਹ ਦਾ ਇੰਜ ਸ਼ਿੰਗਾਰਿਆ ਏ,
ਪਾਣੀ ਵਾਲੀਆਂ ਤੋਟਾਂ ਮੁਕਾ ਲਈਆਂ।***

## ਕੈਪਸ਼ਨ ਮੁਕਾਬਲਾ-97



ਛਾਂ ਬੋਹੜ ਦੀ ਸੁੰਨੀ ਹੋ ਗਈ,
ਨਾ ਮਜਲਸ ਨਾ ਢਾਣੀ।
ਲੱਗੀ ਰਹਿੰਦੀ ਰੌਣਕ ਜਿੱਥੇ,
ਉਥੇ ਸੁੰਨ ਮਸਾਣੀ।
ਇਹਦੀ ਲੱਜ਼ਤ ਓਹੀ ਜਾਣਣ,
ਜਿਨ੍ਹਾਂ ਨੇ ਇਹ ਮਾਣੀ।
***-ਜਗਮੀਤ ਸਿੰਘ ਪੰਧੇਰ
ਫੋਨ: 91-98783-37222***

---

ਦੁਨੀਆਂ ਬਦਲੀ ਬੰਦੇ ਬਦਲੇ,
ਬਦਲ ਗਿਆ ਏ ਪਿੰਡ ਮੇਰਾ।
ਖੇਤਾਂ ਦੇ ਵਿਚ ਕੰਧਾਂ ਉਗੀਆਂ,
ਨੀਂਹੀਂ ਦੱਬਿਆ ਚਾਅ ਮੇਰਾ।
ਦਿਲ ਕਰਦਾ ਸੀ ਪਿੰਡ ਉਡ ਜਾਵਾਂ,
ਵਿਚ ਪਰਦੇਸੀਂ ਕੀ ਰੱਖਿਆ ਮੇਰਾ?
ਦਿਲ ਦੀ ਪਰ ਦਿਲ ਅੰਦਰ ਰਹਿ ਗਈ,
ਹੋ ਨਾ ਸਕਿਆ ਮੁੜਨ ਦਾ ਜੇਰਾ।
***-ਪਲਵਿੰਦਰ ਸਿੰਘ
ਮਿਲਪੀਟਸ, ਕੈਲੀਫੋਰਨੀਆ।***

---

ਕਿੰਨੀਆਂ ਚੀਜ਼ਾਂ ਛੁੱਟ ਗਈਆਂ ਨੇ,
ਹੁਣ ਰੁੱਖਾਂ ਦੀ ਲੱਗ ਗਈ ਵਾਰੀ।
ਸੁਪਨੇ ਵਿਚ ਨਾ ਕਦੀ ਜੋ ਡਿੱਠਾ,
ਉਸ 'ਤੇ ਡਿੱਠੀ ਚੱਲਦੀ ਆਰੀ।
***-ਗੁਰਮੁਖ ਸਿੰਘ ਭੁੱਲਰ, ਸ਼ਿਕਾਗੋ***

---

ਪਿੰਡਾਂ ਦੀਆਂ ਸੱਥਾਂ ਹੋ ਗਈਆਂ ਸੁੰਨੀਆਂ,
ਜਿਸ ਪਾਸੇ ਨਿਗ੍ਹਾ ਮਾਰ ਵੇਖਾਂ।
ਕੁਝ ਹੋ ਗਏ ਸੁਰਗਵਾਸ ਜੀਅ ਪਿੰਡ ਵਾਲੇ,
ਤੇ ਕੁਝ ਤੁਰ ਗਏ ਵਿਚ ਪਰਦੇਸਾਂ।
ਸੱਥ ਵਿਚ ਜੁੜਦੀ ਸੀ ਪਰੇ-ਪੰਚਾਇਤ,
ਤੇ ਨਜਿੱਠਦੀ ਸੀ ਮਸਲੇ ਉਹ ਸਾਰੇ।
ਲਾਉਂਦੇ ਸੀ ਸੱਥਾਂ ਦੇ ਵਿਚ ਰੌਣਕਾਂ,
ਕੀ ਬਜ਼ੁਰਗ, ਕੀ ਵਿਆਹੇ ਤੇ ਕੁਆਰੇ।
ਤਾਸ਼ ਉਥੇ ਖੇਡਣੀ ਤੇ ਨਾਲੇ ਬਾਰਾਂ ਟਹਿਣੀ,
ਸਾਫ਼ ਤੇ ਸਫ਼ਾਫ਼ ਸੀ ਲੋਕਾਂ ਦੀ ਕਹਿਣੀ।
ਜ਼ਿੰਦਗੀ ਦਾ ਸਾਰ-ਤੱਤ ਕੱਢ ਕੇ ਸਿਆਣੇ,
ਸੋਲਾਂ ਆਨੇ ਸੱਚੋ-ਸੱਚ ਕਹਿ ਗਏ।
ਪਾਣੀ ਉਹ ਕਦੀ ਵੀ ਮੁੜਦੇ ਨਾ ਪਿਛੇ,
ਇਕ ਵਾਰ ਜੋ ਪੁਲਾਂ ਦੇ ਹੇਠੋਂ ਵਹਿ ਗਏ!
***-ਗੋਰਾ ਪ੍ਰਜਾਪਤ
ਫੋਨ: 718-690-8403***

---

ਦੇਖ ਬਰੋਟੇ, ਹੋਇਆ ਦਿਲ ਟੋਟੇ;
ਚੈਨ ਵੀ ਆਇਆ ਸੀ।
ਡੁੱਲ੍ਹਦੇ ਨੈਣ, ਸਦਾ ਕੁਝ ਕਹਿਣ;
ਉਦਰੇਵਾਂ ਛਾਇਆ ਸੀ।
ਸੁਣੀਂ ਇਕ ਗੱਲ, ਮਾਰੀਂ ਨਾ ਸੱਲ;
ਭਰੋਸਾ ਤੋੜੀਂ ਨਾ,
ਕਰੀਂ ਕੁਝ ਸਬਰ, ਸੁਣਾ ਕੋਈ ਖਬਰ;
ਯਕੀਨ ਇਕ ਆਇਆ ਸੀ।
***-ਫਕੀਰ ਚੰਦ ਸੈਂਪਲਾ
ਲਾਸ ਏਂਜਲਸ, ਕੈਲੀਫੋਰਨੀਆ।***

## ਕੈਪਸ਼ਨ ਮੁਕਾਬਲਾ 96

ਦਾਦੀ ਪੋਤਿਆਂ ਨੂੰ ਸੈਰ ਕਰਾਵੇ,
ਨਾਲੇ ਆਪਣਾ ਦਿਲ ਪਰਚਾਵੇ।
ਪੋਲੇ ਪੋਲੇ ਜਾਵੇ ਤੁਰਦੀ,
ਨਾਲੇ ਮਿੱਠੀਆਂ ਬਾਤਾਂ ਸੁਣਾਵੇ।
ਭਾਗ ਲਾਏ ਪੁੱਤਰ ਦੇ ਵਿਹੜੇ,
ਰੱਬ ਦਾ ਸ਼ੁਕਰ ਮਨਾਵੇ।
***-ਗੁਰਦੇਵ ਸਿੰਘ ਵਿਰਦੀ, ਕੈਨੇਡਾ
ਫੋਨ: 226-345-7126***




## ਫਿਲਮ ਹੇਠ ਲਿਖੇ ਸਿਨਮਿਆਂ ਵਿਚ ਦਿਖਾਈ ਜਾ ਰਹੀ ਹੈ

**Big Cinema, Fremont, CA**
**Sierra Vista Cinema 16, Clovis, CA**
**Regal UA Emery Bay 10, Emeryville, CA**
**Regal Burlington Cinema, Burlington, CA**
**Edward West Park 8, Irvine, CA**
**UA Cerritos Galaxy Cinema, Cerritos, CA**
**Regal Horton Plaza, San Diego, CA**
**Cinemark Movies 14 - Tracy, CA**
**Century Laguna 16 - Elk Grove, CA**
**Century Roseville 14 - Roseville, CA**
**Cinemark Yuba City - Yuba City, CA**
**Century 20 Great mall - Milpitas, CA**
**Regal Commerce Centre, North Brunswick, NJ**
**Fun Asia Richardson, TX**
**AND, MORE**

**For Detailed List, go to www.FB.com/PatialaDreamzMovie**

# ਪੰਜਾਬ ਸਰਕਾਰ ਨੇ ਪਨਸਪ ਨੂੰ ਕੀਤਾ ਕਰਜ਼ਾਈ

## 1700 ਕਰੋੜ ਦੇਣ ਤੋਂ ਮੁੱਕਰੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੁਰਾਣੀ ਆਟਾ-ਦਾਲ ਸਕੀਮ ਦੇ ਬਣਦੇ 1702.83 ਕਰੋੜ ਰੁਪਏ ਪੰਜਾਬ ਰਾਜ ਸਿਵਲ ਸਪਲਾਈ ਕਾਰਪੋਰੇਸ਼ਨ (ਪਨਸਪ) ਨੂੰ ਅਦਾ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਵਿੱਤ ਵਿਭਾਗ ਨੇ ਖੁਰਾਕ ਤੇ ਸਪਲਾਈ ਵਿਭਾਗ ਨੂੰ ਪੱਤਰ ਲਿਖਦਿਆਂ ਸਾਫ਼ ਸ਼ਬਦਾਂ ਵਿਚ ਆਖਿਆ ਹੈ ਕਿ ਵਿੱਤ ਵਿਭਾਗ, ਪਨਸਪ ਦੀ ਉਪਰੋਕਤ ਦਾਅਵਾ ਰਕਮ ਦੀ ਤਜਵੀਜ਼ ਮੰਨਣ ਤੋਂ ਅਸਮਰਥਤਾ ਪ੍ਰਗਟ ਕਰਦਾ ਹੈ।



ਪਨਸਪ ਵੱਲੋਂ ਕੀਤੇ ਦਾਅਵੇ ਮੁਤਾਬਕ ਉਸ ਨੇ ਤੇ ਤਿੰਨ ਹੋਰ ਏਜੰਸੀਆਂ ਨੇ ਸੂਬਾ ਸਰਕਾਰ ਦੀ ਆਟਾ-ਦਾਲ ਸਕੀਮ ਨੂੰ ਸਿਰੇ ਚੜ੍ਹਾਉਣ ਲਈ ਆਪਣੇ ਖਜ਼ਾਨੇ ਵਿਚੋਂ ਪੈਸਾ ਖਰਚਣ ਤੋਂ ਇਲਾਵਾ ਰਿਜ਼ਰਵ ਬੈਂਕ ਅਤੇ ਯੂਕੋ ਬੈਂਕ ਤੋਂ ਤਕਰੀਬਨ 1702.83 ਕਰੋੜ ਰੁਪਏ ਰਕਮ ਜੁਟਾ ਕੇ ਖਰਚ ਕਰ ਦਿੱਤੀ ਸੀ। ਪਨਸਪ ਨੇ ਸਰਕਾਰ ਨੂੰ ਪੱਤਰ ਲਿਖ ਕੇ ਉਪਰੋਕਤ ਰਕਮ ਦੀ ਅਦਾਇਗੀ ਕਰਨ ਲਈ ਬੇਨਤੀ ਕੀਤੀ ਸੀ, ਪਰ ਵਿੱਤ ਵਿਭਾਗ ਨੇ ਇਸ ਰਕਮ ਦੀ ਅਦਾਇਗੀ ਤੋਂ ਅਸਮਰੱਥਾ ਪ੍ਰਗਟ ਕੀਤੀ ਹੈ। ਜਾਣਕਾਰਾਂ ਮੁਤਾਬਕ ਵਿੱਤ ਵਿਭਾਗ ਦੇ ਇਨਕਾਰ ਨੇ ਭਵਿੱਖ ਵਿਚ ਆਟਾ-ਦਾਲ ਸਕੀਮ ਵਿਚ ਪਨਸਪ ਦੀ ਵਿੱਤੀ ਸ਼ਮੂਲੀਅਤ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ।

ਦੱਸਣਯੋਗ ਹੈ ਕਿ ਪਿਛਲੇ ਦਿਨੀਂ ਪਨਸਪ ਨੇ ਸਰਕਾਰ ਨੂੰ ਪੱਤਰ ਲਿਖਦਿਆਂ ਕਿਹਾ ਸੀ ਕਿ ਅਗਸਤ 2007 ਤੋਂ ਲੈ ਕੇ ਅਕਤੂਬਰ 2013 ਤੱਕ ਸੂਬਾ ਸਰਕਾਰ ਦੀ ਆਟਾ-ਦਾਲ ਸਕੀਮ ਨੂੰ ਸਿਰੇ ਚੜ੍ਹਾਉਂਦਿਆਂ-ਚੜ੍ਹਾਉਂਦਿਆਂ ਪਨਸਪ, ਮਾਰਕਫੈੱਡ, ਪੰਜਾਬ ਐਗਰੋ ਤੇ ਪੰਜਾਬ ਰਾਜ ਗੋਦਾਮ ਕਾਰਪੋਰੇਸ਼ਨ ਨੇ ਰਿਜ਼ਰਵ ਬੈਂਕ ਦੀ ਕੇਂਦਰੀ ਪੂਲ ਤਹਿਤ ਅਨਾਜ ਖਰੀਦਣ ਲਈ ਮਿਲੀ ਰਕਮ ਤੇ ਯੂਕੋ ਬੈਂਕ ਤੋਂ 290 ਕਰੋੜ ਰੁਪਏ ਉਧਾਰ ਲੈ ਕੇ ਆਪਣੇ ਪੱਲਿਓਂ ਹੀ ਤਕਰੀਬਨ 2000 ਕਰੋੜ ਰੁਪਏ ਖਰਚ ਦਿੱਤੇ। ਇਸ ਰਕਮ ਵਿਚੋਂ ਪੰਜਾਬ ਸਰਕਾਰ ਨੇ ਸਿਰਫ 230 ਕਰੋੜ ਰੁਪਏ ਹੀ ਦਿੱਤੇ ਸਨ। ਪੱਤਰ ਵਿਚ ਪਨਸਪ ਨੇ ਸਰਕਾਰ ਨੂੰ ਲਿਖਿਆ ਸੀ ਕਿ ਇਸ ਹਿਸਾਬ ਨਾਲ ਉਪਰੋਕਤ ਚਾਰਾਂ ਏਜੰਸੀਆਂ ਨੂੰ ਇਹ ਸਕੀਮ ਸਿਰੇ ਚੜ੍ਹਾਉਣ ਲਈ 1728.76 ਕਰੋੜ ਰੁਪਏ ਰਿਜ਼ਰਵ ਬੈਂਕ ਜਾਂ ਯੂਕੋ ਬੈਂਕਾਂ ਦੀ ਰਕਮ ਵਿਚੋਂ ਹੀ ਖਰਚਣੇ ਪਏ। ਪਨਸਪ ਨੇ ਸਰਕਾਰ ਨੂੰ ਇਹ ਵੀ ਦੱਸਿਆ ਸੀ ਕਿ ਉਪਰੋਕਤ ਏਜੰਸੀਆਂ ਵਿਚੋਂ ਪੰਜਾਬ ਸਰਕਾਰ ਨੇ ਸਭ ਤੋਂ ਵੱਧ 1057.86 ਕਰੋੜ ਰੁਪਏ ਰਕਮ ਪਨਸਪ ਦੀ ਹੀ ਦੇਣੀ ਹੈ ਤੇ ਪਨਸਪ ਕੋਲ ਇਸ ਯੋਜਨਾ ਲਈ ਕੋਈ ਫੰਡ ਨਾ ਹੋਣ ਕਾਰਨ ਉਸ ਨੇ ਰਿਜ਼ਰਵ ਬੈਂਕ ਦੇ 767.86 ਕਰੋੜ ਰੁਪਏ ਵਰਤ ਦਿੱਤੇ ਸਨ, ਜੋ ਕਿ ਭਾਰਤੀ ਖੁਰਾਕ ਨਿਗਮ (ਐੱਫ.ਸੀ.ਆਈ) ਦੀ 'ਫੂਡ ਕ੍ਰੈਡਿਟ ਸਕੀਮ' ਤਹਿਤ ਕੇਂਦਰੀ ਪੂਲ ਵਿਚ ਅਨਾਜ ਪਹੁੰਚਾਉਣ ਲਈ ਰਿਜ਼ਰਵ ਬੈਂਕ ਰਾਹੀਂ ਪੰਜਾਬ ਨੂੰ ਦਿੱਤੇ ਗਏ ਸਨ। ਪਨਸਪ ਨੇ ਰਿਜ਼ਰਵ ਬੈਂਕ ਵੱਲੋਂ ਉਪਰੋਕਤ 767.86 ਕਰੋੜ ਰੁਪਏ ਰਕਮ ਦਾ ਲੇਖਾ ਜੋਖਾ ਪਨਸਪ ਤੋਂ ਮੰਗੇ ਜਾਣ ਦੀ ਜਾਣਕਾਰੀ ਸਰਕਾਰ ਨੂੰ ਦਿੰਦਿਆਂ ਬੇਨਤੀ ਕੀਤੀ ਸੀ ਕਿ ਉਸ ਨੂੰ 1702.83 ਕਰੋੜ ਰੁਪਏ ਅਦਾ ਕਰ ਦਿੱਤੇ ਜਾਣ ਪਰ ਵਿੱਤ ਵਿਭਾਗ ਨੇ ਇਸ ਪ੍ਰਤੀ ਅਸਮਰੱਥਾ ਪ੍ਰਗਟ ਕਰ ਦਿੱਤੀ ਹੈ।

# ਦਿੱਲੀ ਦੇ ਅਕਾਲੀ ਵਿਧਾਇਕਾਂ ਨੇ ਮਾਂ-ਬੋਲੀ ਪੰਜਾਬੀ ਨੂੰ ਵਿਸਾਰਿਆ

**ਚੰਡੀਗੜ੍ਹ:** ਦਿੱਲੀ ਵਿਧਾਨ ਸਭਾ ਚੋਣਾਂ ਜਿੱਤਣ ਵਾਲੇ ਤਿੰਨ ਅਕਾਲੀ ਵਿਧਾਇਕਾਂ ਵੱਲੋਂ ਵਿਧਾਨ ਸਭਾ ਮੈਂਬਰ ਵਜੋਂ ਸਹੁੰ ਚੁੱਕਣ ਸਮੇਂ ਪੰਜਾਬੀ ਨੂੰ ਤਵੱਜੋ ਨਾ ਦੇਣ ਕਾਰਨ ਪੰਜਾਬੀ ਪ੍ਰੇਮੀ ਨਾਰਾਜ਼ ਹਨ। ਦੂਜੇ ਪਾਸੇ ਪੰਜਾਬੀ 'ਚ ਸਹੁੰ ਚੁੱਕਣ ਵਾਲੇ ਭਾਜਪਾ ਵਿਧਾਇਕ ਆਰ.ਪੀ ਸਿੰਘ ਦੀ ਸ਼ਲਾਘਾ ਹੋ ਰਹੀ ਹੈ। ਸਿੱਖ ਹਲਕਿਆਂ ਮੁਤਾਬਕ ਅਕਾਲੀ ਦਲ ਨੇ ਦਿੱਲੀ ਗੁਰਦੁਆਰਾ ਚੋਣਾਂ ਦੌਰਾਨ ਚੋਣ ਮਨੋਰਥ ਪੱਤਰ 'ਚ ਵੀ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕਈ ਕਦਮ ਚੁੱਕਣ ਦਾ ਭਰੋਸਾ ਦਿਵਾਇਆ ਸੀ ਪਰ ਜੇ ਅਕਾਲੀ ਆਗੂ ਮਾਂ-ਬੋਲੀ ਪੰਜਾਬੀ ਪ੍ਰਤੀ ਤੰਗਦਿਲੀ ਵਾਲਾ ਰਵੱਈਆ ਰੱਖਣਗੇ ਤਾਂ ਉਨ੍ਹਾਂ ਪਾਸੋਂ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ? ਪੰਜਾਬੀ ਪ੍ਰੇਮੀਆਂ ਮੁਤਾਬਕ ਸਮੂਹ ਪੰਜਾਬੀ ਪ੍ਰੇਮੀਆਂ ਦੇ ਦਿਲਾਂ ਨੂੰ ਭਾਰੀ ਸੱਟ ਮਾਰੀ ਗਈ ਹੈ ਜਿਨ੍ਹਾਂ ਨੂੰ ਇਹ ਉਮੀਦ ਸੀ ਕਿ ਸਹੁੰ ਚੁੱਕ ਸਮਾਗਮ ਦੌਰਾਨ ਅਕਾਲੀ ਵਿਧਾਇਕ ਪੰਜਾਬੀ ਵਿਚ ਸਹੁੰ ਚੁੱਕਣਗੇ। ਪੰਜਾਬੀ ਭਾਸ਼ਾ ਦੇ ਪ੍ਰਸਾਰ ਤੇ ਪ੍ਰਚਾਰ ਵਿਚ ਯੋਗਦਾਨ ਪਾਉਣ ਵਾਲੀਆਂ ਕਈ ਜਥੇਬੰਦੀਆਂ ਨੇ ਪੰਜਾਬੀ ਭਾਸ਼ਾ ਵਿਚ ਸਹੁੰ ਚੁੱਕਣ ਵਾਲੇ ਭਾਜਪਾ ਦੇ ਇਕੋ ਇਕ ਸਿੱਖ ਵਿਧਾਇਕ ਆਰ.ਪੀ ਸਿੰਘ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਸਨਮਾਨਤ ਕਰਨ ਦਾ ਐਲਾਨ ਕੀਤਾ ਹੈ।

# ਪਾਵਰਕਾਮ ਨੇ ਲੋਕਾਂ 'ਤੇ ਪਾਇਆ 600 ਕਰੋੜ ਦਾ ਬੋਝ

**ਚੰਡੀਗੜ੍ਹ:** ਪੰਜਾਬ ਵਿਚ ਪਾਵਰਕਾਮ ਨੇ ਸੂਬੇ ਦੇ ਲੋਕਾਂ ਨੂੰ ਨਵੇਂ ਸਾਲ ਦਾ ਤੋਹਫ਼ਾ ਦਿੰਦੇ ਹੋਏ 12 ਪੈਸੇ ਪ੍ਰਤੀ ਯੂਨਿਟ ਫਿਊਲ ਚਾਰਜ ਦੇ ਨਾਂ ਹੇਠ (ਕੋਲੇ ਦਾ ਖਰਚਾ) ਸਾਲਾਨਾ 600 ਕਰੋੜ ਰੁਪਏ ਦਾ ਭਾਰ ਪਾ ਦਿੱਤਾ ਹੈ। ਹਾਲ ਦੀ ਘੜੀ ਪਾਵਰਕਾਮ ਨੇ 12 ਪੈਸੇ ਪ੍ਰਤੀ ਯੂਨਿਟ ਫਿਊਲ ਚਾਰਜ ਤਿੰਨ ਮਹੀਨੇ ਤੱਕ ਵਸੂਲਣ ਦੀ ਗੱਲ ਕਹੀ ਹੈ ਪਰ ਬਾਅਦ ਵਿਚ ਫਿਊਲ ਚਾਰਜ ਦੇ ਲਗਾਤਾਰ ਲਾਗੂ ਰਹਿਣ ਦੀ ਸੰਭਾਵਨਾ ਹੈ।




ਪਾਵਰਕਾਮ ਨੇ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰਦਿਆਂ ਤਿੰਨ ਮਹੀਨਿਆਂ ਲਈ ਮੀਟਰ ਸਪਲਾਈ 'ਤੇ 96 ਕਰੋੜ ਤੇ ਖੇਤੀ ਟਿਊਬਵੈੱਲਾਂ ਲਈ 60 ਕਰੋੜ ਰੁਪਏ ਦਾ ਬੋਝ ਪਾਇਆ ਹੈ ਪਰ ਖੇਤੀ ਖੇਤਰ ਦਾ ਸਾਲਾਨਾ ਬੋਝ 200 ਕਰੋੜ ਦਾ ਪਵੇਗਾ ਜਿਸ ਦੀ ਸਬਸਿਡੀ ਸਰਕਾਰ ਨੇ ਦੇਣੀ ਹੈ ਜਦਕਿ ਸਰਕਾਰ 5000 ਕਰੋੜ ਰੁਪਏ ਦੀ ਪਹਿਲਾਂ ਹੀ ਖੇਤੀ ਤੇ ਹੋਰ ਵਰਗਾਂ ਲਈ ਸਬਸਿਡੀ ਦੇ ਰਹੀ ਹੈ। ਬਿਜਲੀ ਮਹਿੰਗੀ ਕਰਨ ਲਈ ਆਪਣਾ ਤਰਕ ਪੇਸ਼ ਕਰਦਿਆਂ ਪਾਵਰਕਾਮ ਨੇ ਦੱਸਿਆ ਕਿ ਕੋਲੇ ਦੀ ਲਾਗਤ ਲਗਾਤਾਰ ਵਧ ਰਹੀ ਹੈ ਤੇ ਰੇਲ ਕਿਰਾਏ ਵੀ ਕਾਫੀ ਵਧ ਗਏ ਹਨ।

12 ਪੈਸੇ ਪ੍ਰਤੀ ਯੂਨਿਟ ਦਾ ਖਰਚਾ ਲੋਕਾਂ ਦੇ ਬਿੱਲਾਂ ਵਿਚ ਇਕ ਜਨਵਰੀ ਤੋਂ ਵਸੂਲ ਕਰਨਾ ਸ਼ੁਰੂ ਹੋ ਜਾਏਗਾ। ਪਾਵਰਕਾਮ ਨੇ ਬਿਜਲੀ ਦੀ ਦਰ 65 ਪੈਸੇ ਪ੍ਰਤੀ ਯੂਨਿਟ ਵਧਾਉਣ ਲਈ ਪੰਜਾਬ ਬਿਜਲੀ ਰੈਗੂਲੇਟਰੀ ਕਮਿਸ਼ਨ ਕੋਲ ਪਟੀਸ਼ਨ ਵੀ ਪਾਈ ਹੋਈ ਹੈ। ਉਸ ਨੇ ਕਮਿਸ਼ਨ ਕੋਲ ਇਹ ਦਲੀਲ ਪੇਸ਼ ਕਰਦਿਆਂ 65 ਪੈਸੇ ਪ੍ਰਤੀ ਯੂਨਿਟ ਦਾ ਵਾਧਾ ਕਰਨ ਦੀ ਮਨਜ਼ੂਰੀ ਮੰਗੀ ਹੈ ਕਿ ਉਸ ਨੂੰ ਇਸ ਸਾਲ ਤਕਰੀਬਨ 2500 ਕਰੋੜ ਰੁਪਏ ਘਾਟਾ ਪੈ ਰਿਹਾ। ਇਹ ਘਾਟਾ ਪੂਰਾ ਕਰਨ ਲਈ 65 ਪੈਸੇ ਪ੍ਰਤੀ ਯੂਨਿਟ ਵਾਧਾ ਕਰਨਾ ਜ਼ਰੂਰੀ ਹੈ।

# ਬਾਦਲ ਨੇ ਆਪਣੇ ਹਲਕੇ 'ਚ ਖੋਲ੍ਹੇ ਸਰਕਾਰੀ ਪੈਲੇਸ

**ਚੰਡੀਗੜ੍ਹ:** ਪੰਜਾਬ ਵਿਚ ਮੈਰਿਜ ਪੈਲੇਸਾਂ 'ਤੇ ਲੱਗੇ ਭਾਰੀ ਟੈਕਸ ਕਾਰਨ ਭਾਵੇਂ ਇਨ੍ਹਾਂ ਦਾ ਖਰਚ ਝੱਲਣਾ ਆਮ ਲੋਕਾਂ ਦੇ ਵੱਸ ਤੋਂ ਬਾਹਰ ਹੋ ਗਿਆ ਹੈ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਹਲਕੇ ਦੇ ਲੋਕ ਇਸ ਪਾਸੋਂ ਬਿਲਕੁੱਲ ਬੇਫਿਕਰ ਹਨ ਕਿਉਂਕਿ ਮੁੱਖ ਮੰਤਰੀ ਨੇ ਆਪਣੇ ਹਲਕੇ ਦੇ ਪੇਂਡੂ ਲੋਕਾਂ ਨੂੰ ਸਰਕਾਰੀ ਖਰਚੇ 'ਤੇ ਮੈਰਿਜ ਪੈਲੇਸ ਬਣਾ ਕੇ ਦਿੱਤੇ ਹਨ। ਸੂਬੇ ਦਾ ਇਹ ਪਹਿਲਾ ਲੋਕ ਸਭਾ ਹਲਕਾ ਹੈ ਜਿਥੇ ਸਰਕਾਰੀ ਖਰਚੇ 'ਤੇ ਪਿੰਡਾਂ ਵਿਚ ਮੈਰਿਜ ਪੈਲੇਸ ਬਣਾਏ ਗਏ ਹਨ।

### *ਇਹ ਸਾਰੇ ਮੈਰਿਜ ਪੈਲੇਸ ਹਰ ਤਰ੍ਹਾਂ ਦੇ ਟੈਕਸਾਂ ਤੋਂ ਵੀ ਕੀਤੇ ਮੁਕਤ*



ਪੰਜਾਬ ਸਰਕਾਰ ਵੱਲੋਂ ਮੁਢਲੇ ਪੜਾਅ 'ਤੇ ਹਲਕਾ ਲੰਬੀ ਦੇ ਅੱਠ ਪਿੰਡਾਂ ਵਿਚ ਮੈਰਿਜ ਪੈਲੇਸ ਬਣਾਏ ਗਏ ਹਨ ਜਦੋਂਕਿ ਇਕ-ਇਕ ਮੈਰਿਜ ਪੈਲੇਸ ਹਲਕਾ ਮਲੋਟ ਤੇ ਗਿੱਦੜਬਾਹਾ ਵਿਚ ਬਣਾਇਆ ਗਿਆ ਹੈ। ਮੁੱਖ ਮੰਤਰੀ ਵੱਲੋਂ ਸੰਗਤ ਦਰਸ਼ਨ ਪ੍ਰੋਗਰਾਮਾਂ ਵਿਚ ਆਪਣੇ ਅਖ਼ਤਿਆਰੀ ਫੰਡਾਂ, ਬੰਧਨ ਮੁਕਤ ਫੰਡਾਂ ਤੇ ਦਿਹਾਤੀ ਵਿਕਾਸ ਫੰਡਾਂ ਵਿਚੋਂ ਦਿੱਤੇ 3.53 ਕਰੋੜ ਨਾਲ 10 ਪਿੰਡਾਂ ਵਿਚ ਮੈਰਿਜ ਪੈਲੇਸਾਂ ਦੀ ਉਸਾਰੀ ਕੀਤੀ ਗਈ ਹੈ। ਇਨ੍ਹਾਂ ਮੈਰਿਜ ਪੈਲੇਸਾਂ ਨੂੰ ਹਰ ਤਰ੍ਹਾਂ ਦੇ ਟੈਕਸਾਂ ਤੋਂ ਮੁਕਤ ਰੱਖਿਆ ਗਿਆ ਹੈ।

ਆਰ.ਟੀ.ਆਈ ਦੇ ਵੇਰਵਿਆਂ ਵਿਚ ਦੱਸਿਆ ਗਿਆ ਹੈ ਕਿ ਹਲਕਾ ਲੰਬੀ ਦੇ ਪਿੰਡ ਆਲਮਵਾਲਾ ਵਿਚ 55 ਲੱਖ ਰੁਪਏ ਦੀ ਲਾਗਤ ਨਾਲ ਮੈਰਿਜ ਪੈਲੇਸ ਬਣਿਆ ਹੈ ਜਦੋਂਕਿ ਪਿੰਡ ਗੱਗੜ ਵਿਚ 50 ਲੱਖ ਖਰਚ ਆਏ ਹਨ। ਪਿੰਡ ਬੀਦੋਵਾਲੀ ਵਿਚ ਮੈਰਿਜ ਪੈਲੇਸ ਦੀ ਉਸਾਰੀ 'ਤੇ 42 ਲੱਖ ਰੁਪਏ, ਮੋਹਲਾਂ ਵਿਚ 38.40 ਲੱਖ, ਮਿੱਡਾ ਵਿਚ 34.72 ਲੱਖ, ਦਾਨੇਵਾਲਾ ਵਿਚ 25 ਲੱਖ ਤੇ ਮਾਹਣੀ ਖੇੜਾ ਵਿਚ 20 ਲੱਖ ਰੁਪਏ ਖਰਚ ਆਏ ਹਨ। ਗਿੱਦੜਬਾਹਾ ਹਲਕੇ ਦੇ ਪਿੰਡ ਭਲਾਈਆਣਾ ਵਿਚ 42.38 ਲੱਖ ਨਾਲ ਉਸਾਰੀ ਹੋਈ ਹੈ ਜਦੋਂਕਿ ਮਲੋਟ ਹਲਕੇ ਦੇ ਪਿੰਡ ਮਲੋਟ ਵਿਚ 26 ਲੱਖ ਰੁਪਏ ਦੀ ਲਾਗਤ ਨਾਲ ਮੈਰਿਜ ਪੈਲੇਸ ਬਣਿਆ ਹੈ। ਇਨ੍ਹਾਂ ਪੈਲੇਸਾਂ ਦਾ ਪ੍ਰਬੰਧ ਪੰਚਾਇਤਾਂ ਹਵਾਲੇ ਹੈ।

ਪੰਚਾਇਤ ਵੱਲੋਂ ਪ੍ਰਤੀ ਵਿਆਹ 2100 ਰੁਪਏ ਫੀਸ ਰੱਖੀ ਗਈ ਹੈ। ਪਿੰਡ ਮੋਹਲਾਂ ਦੇ ਸਰਪੰਚ ਦਵਿੰਦਰਪਾਲ ਸਿੰਘ ਦਾ ਤਰਕ ਹੈ ਕਿ ਇਹ ਪੈਲੇਸ ਤਾਂ ਗਰੀਬ ਲੋਕਾਂ ਲਈ ਬਣਾਏ ਗਏ ਹਨ ਜਿਸ ਕਰਕੇ ਪੰਚਾਇਤ ਮੁਫ਼ਤ ਵਿਚ ਹੀ ਪੈਲੇਸ ਲੋਕਾਂ ਨੂੰ ਦਿੰਦੀ ਹੈ। ਲੰਘੇ ਛੇ ਮਹੀਨੇ ਵਿਚ 10 ਵਿਆਹ ਹੋਏ ਹਨ ਅਤੇ ਨੇੜੇ-ਤੇੜੇ ਦੇ ਪਿੰਡਾਂ ਦੇ ਲੋਕ ਵੀ ਇਥੇ ਆਉਣ ਲੱਗੇ ਹਨ। ਪੰਚਾਇਤ ਵੱਲੋਂ ਜੈਨਰੇਟਰ ਦੀ ਸਹੂਲਤ ਵੀ ਦਿੱਤੀ ਜਾਂਦੀ ਹੈ।

ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਮੁਕਤਸਰ ਪੀ.ਕੇ ਮਲਹੋਤਰਾ ਦਾ ਕਹਿਣਾ ਹੈ ਕਿ ਪੰਚਾਇਤਾਂ ਵੱਲੋਂ ਬਿਨਾਂ ਕਿਸੇ ਮੁਨਾਫ਼ੇ ਤੋਂ ਇਹ ਪੈਲੇਸ ਚਲਾਏ ਜਾ ਰਹੇ ਹਨ ਜਿਸ ਕਰਕੇ ਇਨ੍ਹਾਂ 'ਤੇ ਕੋਈ ਟੈਕਸ ਨਹੀਂ ਲੱਗਦਾ ਹੈ। ਪੰਜਾਬ ਵਿਚ ਮੈਰਿਜ ਪੈਲੇਸਾਂ ਨੂੰ ਵੈਟ, ਲਗਜ਼ਰੀ ਟੈਕਸ, ਸ਼ਰਾਬ ਪਰਮਿਟ ਫੀਸ ਤੇ ਕੇਟਰਿੰਗ ਟੈਕਸ ਆਦਿ ਤਾਰਨਾ ਪੈਂਦਾ ਹੈ। ਪਿੰਡ ਭਲਾਈਆਣਾ ਦੇ ਮੈਰਿਜ ਪੈਲੇਸ ਵਿਚ ਇਕ ਸਾਲ ਵਿਚ ਤਕਰੀਬਨ 30 ਵਿਆਹ ਹੋ ਚੁੱਕੇ ਹਨ।

# ਪ੍ਰਾਈਵੇਟ ਬੱਸਾਂ ਅੱਗੇ ਬੇਵੱਸ ਹੋਈਆਂ ਰੋਡਵੇਜ਼ ਦੀਆਂ ਲਾਰੀਆਂ

**ਚੰਡੀਗੜ੍ਹ:** ਪੰਜਾਬ ਵਿਚ ਸਿਆਸੀ ਸਰਪ੍ਰਸਤੀ ਪ੍ਰਾਪਤ ਪ੍ਰਾਈਵੇਟ ਬੱਸ ਮਾਲਕਾਂ ਦੇ ਘਰ ਭਰਨ ਲਈ ਸਰਕਾਰੀ ਏ.ਸੀ ਬੱਸਾਂ ਸੜਕਾਂ 'ਤੇ ਚੱਲਣ ਦੀ ਥਾਂ ਜ਼ਿਆਦਾ ਸਮਾਂ ਵਰਕਸ਼ਾਪਾਂ ਵਿਚ ਖੜ੍ਹੀਆਂ ਰਹਿੰਦੀਆਂ ਹਨ। ਇਨ੍ਹਾਂ ਬੱਸਾਂ ਵਿਚ ਹੁਣ ਪ੍ਰਾਈਵੇਟ ਏ.ਸੀ ਬੱਸਾਂ ਦਾ ਮੁਕਾਬਲਾ ਕਰਨ ਦੀ ਹਿੰਮਤ ਨਹੀਂ ਰਹੀ ਹੈ। ਭਾਵੇਂ ਕੁਝ ਡਿਪੂਆਂ ਦੀਆਂ ਬੱਸਾਂ ਚੰਗੀ ਕਮਾਈ ਕਰ ਰਹੀਆਂ ਹਨ ਪਰ ਬਠਿੰਡਾ ਡਿਪੂ ਦੀਆਂ ਏ.ਸੀ ਬੱਸਾਂ ਨੂੰ ਵੱਲ-ਵਲਾਵੇਂ ਪਾ ਕੇ ਚੰਡੀਗੜ੍ਹ ਭੇਜਿਆ ਜਾਂਦਾ ਹੈ।




ਸਰਕਾਰੀ ਵੇਰਵਿਆਂ ਮੁਤਾਬਕ ਇਸ ਵੇਲੇ ਤਕਰੀਬਨ 79 ਏ.ਸੀ ਬੱਸਾਂ ਹਨ। ਇਨ੍ਹਾਂ ਵਿਚੋਂ ਕਈਆਂ ਦੀ ਉਮਰ ਪੰਜ ਸਾਲ ਤੋਂ ਉਪਰ ਹੋ ਗਈ ਹੈ। ਬਠਿੰਡਾ ਡਿਪੂ ਦੀਆਂ ਏ.ਸੀ ਬੱਸਾਂ ਦਾ ਤਾਂ ਹੁਣ ਬੁਰਾ ਹਾਲ ਹੈ। ਏ.ਸੀ ਬੱਸ ਨੰਬਰ 9050 ਜੂਨ 2012 ਵਿਚ 20 ਦਿਨ ਇੰਜਣ ਦੀ ਖ਼ਰਾਬੀ ਕਰਕੇ ਵਰਕਸ਼ਾਪ ਵਿਚ ਹੀ ਖੜ੍ਹੀ ਰਹੀ। ਜਨਵਰੀ 2012 ਵਿਚ ਇਹ ਬੱਸ 12 ਦਿਨ, ਅਪਰੈਲ 2012 ਵਿਚ 21 ਦਿਨ ਵਰਕਸ਼ਾਪ ਵਿਚ ਖੜ੍ਹੀ ਰਹੀ। ਇਹੋ ਬੱਸ ਜਨਵਰੀ 2011 ਵਿਚ 20 ਦਿਨ, ਅਪਰੈਲ ਵਿਚ ਸੱਤ ਦਿਨ ਤੇ ਸਤੰਬਰ ਵਿਚ ਨੌਂ ਦਿਨ ਵਰਕਸ਼ਾਪ ਵਿਚ ਖੜ੍ਹੀ ਰਹੀ।

ਏ.ਸੀ. ਬੱਸ ਨੰਬਰ 2150 ਅਪਰੈਲ 2013 ਵਿਚ ਨੌਂ ਦਿਨ ਤੇ ਜੂਨ 2013 ਵਿਚ ਸੱਤ ਦਿਨ ਸੜਕਾਂ ਤੋਂ ਗਾਇਬ ਰਹੀ। ਇਹ ਬੱਸ ਸਾਲ 2012 ਮਈ ਵਿਚ 20 ਦਿਨ, ਜੁਲਾਈ ਤੇ ਨਵੰਬਰ ਵਿਚ ਚਾਰ-ਚਾਰ ਦਿਨ ਵਰਕਸ਼ਾਪ ਵਿਚ ਹੀ ਖੜ੍ਹੀ ਰਹੀ। 2011 ਦੀ ਨਵੰਬਰ ਵਿਚ ਇਹ ਬੱਸ ਇੰਜਣ ਦੀ ਖ਼ਰਾਬੀ ਕਰਕੇ ਪੂਰਾ ਮਹੀਨਾ ਖੜ੍ਹੀ ਰਹੀ ਤੇ ਦਸੰਬਰ ਦੇ 15 ਦਿਨ ਵੀ ਇੰਜਣ ਦੀ ਖਰਾਬੀ ਖਾ ਗਈ। ਅਕਤੂਬਰ 2010 ਦੇ ਪੂਰੇ 30 ਦਿਨ ਇਹ ਬੱਸ ਸੜਕਾਂ ਤੋਂ ਗਾਇਬ ਰਹੀ।

ਲੁਧਿਆਣਾ ਡਿਪੂ ਕੋਲ ਛੇ ਏ.ਸੀ ਬੱਸਾਂ ਹਨ ਜਿਨ੍ਹਾਂ ਦਾ ਇਹੋ ਹਾਲ ਹੀ ਹੈ। ਲੁਧਿਆਣਾ ਡਿਪੂ ਦੀ ਬੱਸ ਨੰਬਰ 5946 ਸਾਲ 2012 ਦੇ 365 ਦਿਨਾਂ ਵਿਚੋਂ ਸਿਰਫ 102 ਦਿਨ ਹੀ ਸੜਕਾਂ 'ਤੇ ਚੱਲੀ ਤੇ 2013 ਦੇ ਪਹਿਲੇ ਅੱਠ ਮਹੀਨਿਆਂ ਵਿਚੋਂ ਸਿਰਫ਼ 155 ਦਿਨ ਰੂਟ 'ਤੇ ਚੱਲੀ। ਏ.ਸੀ ਬੱਸ ਨੰਬਰ 6650 ਸਾਲ 2012 ਵਿਚ 180 ਦਿਨ ਤੇ 2013 ਵਿਚ 67 ਦਿਨ ਵਰਕਸ਼ਾਪ ਵਿਚ ਹੀ ਖੜ੍ਹੀ ਰਹੀ। ਬੱਸ ਨੰਬਰ 8905 ਸਾਲ 2012 ਵਿਚ 132 ਦਿਨ ਸੜਕਾਂ ਤੋਂ ਗਾਇਬ ਰਹੀ।

ਸੂਤਰ ਦੱਸਦੇ ਹਨ ਕਿ ਪ੍ਰਾਈਵੇਟ ਬੱਸ ਮਾਲਕਾਂ ਦੇ ਸਿਆਸੀ ਦਬਾਅ ਕਰਕੇ ਸਰਕਾਰੀ ਬੱਸਾਂ ਨੂੰ ਜ਼ਿਆਦਾ ਸਮਾਂ ਸੜਕਾਂ ਤੋਂ ਗਾਇਬ ਹੀ ਰੱਖਿਆ ਜਾਂਦਾ ਹੈ। ਆਨੇ-ਬਹਾਨੇ ਇਨ੍ਹਾਂ ਬੱਸਾਂ ਨੂੰ ਵਰਕਸ਼ਾਪਾਂ ਵਿਚ ਖੜ੍ਹਾ ਕਰ ਦਿੱਤਾ ਜਾਂਦਾ ਹੈ। ਸਰਕਾਰੀ ਬੱਸਾਂ ਦੀ ਗੈਰਹਾਜ਼ਰੀ ਵਿਚ ਪ੍ਰਾਈਵੇਟ ਏ.ਸੀ ਬੱਸਾਂ ਦੀ ਆਮਦਨ ਵਿਚ ਚੋਖਾ ਵਾਧਾ ਹੋ ਜਾਂਦਾ ਹੈ।

ਪੀ.ਆਰ.ਟੀ.ਸੀ ਦੇ ਸੰਗਰੂਰ ਡਿਪੂ ਕੋਲ ਵੀ ਅੱਧੀ ਦਰਜਨ ਏ.ਸੀ ਬੱਸਾਂ ਹਨ। ਬੱਸ ਨੰਬਰ 8523 ਤਾਂ 2012-13 ਦੌਰਾਨ 189 ਦਿਨ ਸੜਕਾਂ ਤੋਂ ਗਾਇਬ ਰਹੀ ਤੇ ਚਾਲੂ ਮਾਲੀ ਸਾਲ ਦੇ ਪੰਜ ਮਹੀਨਿਆਂ ਵਿਚੋਂ ਸਿਰਫ਼ 21 ਦਿਨ ਰੂਟ 'ਤੇ ਚੱਲੀ ਹੈ। ਏ.ਸੀ ਬੱਸ ਨੰਬਰ 8522 ਵੀ ਚਾਲੂ ਮਾਲੀ ਸਾਲ ਦੇ 150 ਦਿਨਾਂ ਵਿਚੋਂ ਸਿਰਫ਼ 18 ਦਿਨ ਰੂਟ 'ਤੇ ਚੱਲੀ ਹੈ। ਇਹੀ ਹਾਲ ਬਾਕੀ ਡਿਪੂਆਂ ਦਾ ਹੈ। ਬਠਿੰਡਾ ਡਿਪੂ ਦੀਆਂ ਏ.ਸੀ ਬੱਸਾਂ ਨੂੰ ਬਠਿੰਡਾ-ਡੱਬਵਾਲੀ ਚਲਾਇਆ ਜਾ ਰਿਹਾ ਹੈ ਤੇ ਕੁਝ ਬੱਸਾਂ ਨੂੰ ਬਠਿੰਡਾ-ਚੰਡੀਗੜ੍ਹ ਵਾਇਆ ਮਾਨਸਾ ਭੇਜਿਆ ਜਾ ਰਿਹਾ ਹੈ। ਜੋ ਕਮਾਈ ਵਾਲੇ ਰੂਟ ਤੇ ਟਾਈਮ ਹਨ, ਉਨ੍ਹਾਂ 'ਤੇ ਪ੍ਰਾਈਵੇਟ ਅਪਰੇਟਰਾਂ ਦੀਆਂ ਬੱਸਾਂ ਦੀ ਮੌਜ ਬਣੀ ਰਹਿੰਦੀ ਹੈ।

# ਅਪਰੈਲ ਦੇ ਅੱਧ ਵਿਚ ਹੋਣਗੀਆਂ ਭਾਰਤ ਵਿਚ ਲੋਕ ਸਭਾ ਚੋਣਾਂ

**ਚੰਡੀਗੜ੍ਹ:** ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਦੇ ਘੱਟੋ-ਘੱਟ ਪੰਜ ਗੇੜ ਰੱਖੇ ਜਾਣਗੇ ਤੇ ਸੰਕੇਤ ਮਿਲੇ ਹਨ ਕਿ ਅੱਧ ਅਪਰੈਲ ਤੋਂ ਇਸ ਦੀ ਸ਼ੁਰੂਆਤ ਕਰਕੇ ਮਈ ਦੇ ਪਹਿਲੇ ਹਫਤੇ ਕੰਮ ਨਬੇੜ ਲਿਆ ਜਾਵੇਗਾ। ਕਮਿਸ਼ਨ ਦੇ ਆਹਲਾ-ਮਿਆਰੀ ਸੂਤਰਾਂ ਨੇ ਦੱਸਿਆ ਕਿ ਫਰਵਰੀ ਦੇ ਅਖ਼ੀਰ ਜਾਂ ਮਾਰਚ ਦੇ ਸ਼ੁਰੂ ਵਿਚ ਚੋਣਾਂ ਦਾ ਐਲਾਨ ਹੋਣ ਦੀ ਸੰਭਾਵਨਾ ਹੈ ਤੇ ਇਸ ਦਿਸ਼ਾ ਵਿਚ ਕੰਮ ਪਹਿਲਾਂ ਹੀ ਸ਼ੁਰੂ ਹੋ ਗਿਆ ਹੈ।

ਲੋਕ ਸਭਾ ਚੋਣਾਂ ਦੇ ਨਾਲ-ਨਾਲ ਆਂਧਰਾ ਪ੍ਰਦੇਸ਼, ਉੜੀਸਾ ਤੇ ਸਿੱਕਮ ਵਿਚ ਵਿਧਾਨ ਸਭਾਈ ਚੋਣਾਂ ਵੀ ਕਰਾਈਆਂ ਜਾਣਗੀਆਂ। ਸੂਤਰਾਂ ਅਨੁਸਾਰ ਚੋਣ ਪ੍ਰੋਗਰਾਮ ਦਾ ਐਲਾਨ ਫਰਵਰੀ ਦੇ ਅੰਤਲੇ ਜਾਂ ਮਾਰਚ ਦੇ ਪਹਿਲੇ ਦੋ-ਤਿੰਨ ਦਿਨਾਂ ਵਿਚ ਕਰ ਦਿੱਤਾ ਜਾਵੇਗਾ। ਚੋਣਾਂ ਦੇ ਐਲਾਨ ਤੋਂ ਪਹਿਲਾਂ ਲੋਕ ਸਭਾ ਦਾ ਘੱਟੋ-ਘੱਟ ਇਕ ਸੈਸ਼ਨ ਹੋ ਸਕਦਾ ਹੈ ਤਾਂ ਕਿ ਮਾਲੀ ਸਾਲ 2014-15 ਦੇ ਛੇ ਮਹੀਨਿਆਂ ਦੇ ਖਰਚ ਲਈ ਬਜਟ ਪਾਸ ਕੀਤਾ ਜਾ ਸਕੇ ਤੇ ਚੋਣਾਂ ਤੋਂ ਬਾਅਦ ਨਵੀਂ ਸਰਕਾਰ ਨੂੰ ਮੁਕੰਮਲ ਬਜਟ ਪੇਸ਼ ਕਰਨ ਦਾ ਮੌਕਾ ਮਿਲ ਸਕੇ।

ਚੋਣ ਕਮਿਸ਼ਨ ਵੱਲੋਂ ਚੋਣਾਂ ਲਈ ਮਤਦਾਨ ਕੇਂਦਰਾਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਦੇਸ਼ ਭਰ ਵਿਚ ਤਕਰੀਬਨ ਅੱਠ ਲੱਖ ਮਤਦਾਨ ਕੇਂਦਰ



ਕਾਇਮ ਕੀਤੇ ਜਾਣਗੇ। ਇਨ੍ਹਾਂ ਤੋਂ ਇਲਾਵਾ ਤਕਰੀਬਨ 12 ਲੱਖ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਵਰਤੀਆਂ ਜਾਣਗੀਆਂ ਤੇ ਅੱਧ ਫਰਵਰੀ ਤੱਕ ਤਕਰੀਬਨ 2.5 ਲੱਖ ਨਵੀਆਂ ਈ.ਵੀ.ਐਮਜ਼ ਆਉਣਗੀਆਂ ਜਿਨ੍ਹਾਂ ਲਈ ਵੱਖ-ਵੱਖ ਸਰਕਾਰੀ ਮਾਲਕੀ ਦੀਆਂ ਕੰਪਨੀਆਂ ਨੂੰ ਆਰਡਰ ਦਿੱਤੇ ਜਾ ਚੁੱਕੇ ਹਨ।

ਪਿਛਲੀ ਵਾਰ ਲੋਕ ਸਭਾ ਚੋਣਾਂ 16 ਅਪਰੈਲ ਤੋਂ 13 ਮਈ ਤੱਕ ਪੰਜ ਗੇੜਾਂ ਵਿਚ ਕਰਵਾਈਆਂ ਗਈਆਂ ਸਨ ਤੇ ਵੋਟਾਂ ਦੀ ਗਿਣਤੀ 16 ਮਈ 2009 ਨੂੰ ਹੋਈ ਸੀ। ਪਿਛਲੀਆਂ ਲੋਕ ਸਭਾ ਚੋਣਾਂ ਦਾ ਐਲਾਨ 2 ਮਾਰਚ, 2009 ਨੂੰ ਕੀਤਾ ਗਿਆ ਸੀ।

ਇਹ ਵੀ ਕਿਆਸ ਲਾਏ ਜਾ ਰਹੇ ਹਨ ਕਿ ਭ੍ਰਿਸ਼ਟਾਚਾਰ ਖਿਲਾਫ ਪੇਸ਼ਬੰਦੀਆਂ ਨੂੰ ਕਾਨੂੰਨੀ ਜਾਮਾ ਪਹਿਨਾਉਣ ਲਈ ਸੰਸਦ ਦਾ ਇਕ ਸੰਖੇਪ ਸੈਸ਼ਨ ਵੀ ਬੁਲਾਇਆ ਜਾ ਸਕਦਾ ਹੈ। ਚਲੰਤ ਲੋਕ ਸਭਾ ਦੀ ਮਿਆਦ 1 ਜੂਨ ਨੂੰ ਖ਼ਤਮ ਹੋ ਜਾਵੇਗੀ ਤੇ ਨਵੇਂ ਸਦਨ ਦਾ 31 ਮਈ ਤਕ ਗਠਨ ਕਰਨਾ ਪਵੇਗਾ। ਚੋਣ ਕਮਿਸ਼ਨ ਵੱਲੋਂ ਇਸ ਮੁੱਦੇ 'ਤੇ ਗੌਰ ਕੀਤੀ ਜਾ ਰਹੀ ਹੈ ਕਿ ਕੀ ਚੋਣਾਂ ਪੰਜ ਗੇੜਾਂ ਵਿਚ ਹੀ ਕਰਾਈਆਂ ਜਾਣ ਜਾਂ ਫਿਰ ਇਕ ਗੇੜ ਦਾ ਵਾਧਾ ਕਰ ਲਿਆ ਜਾਵੇ।

ਨਵੀਆਂ ਵੋਟਾਂ ਦਾ ਅਮਲ ਪੂਰਾ ਹੋਣ ਤੋਂ ਬਾਅਦ ਚੋਣਾਂ ਲਈ ਤਕਰੀਬਨ 80 ਕਰੋੜ ਵੋਟਰ ਹੋਣ ਦਾ ਅਨੁਮਾਨ ਹੈ। ਸੂਤਰਾਂ ਮੁਤਾਬਕ ਇਸ ਮਹੀਨੇ ਦੇ ਅੰਤ ਤਕ ਵੋਟਰ ਸੂਚੀਆਂ ਜਾਰੀ ਕਰ ਦਿੱਤੀਆਂ ਜਾਣਗੀਆਂ ਤੇ ਇਨ੍ਹਾਂ ਦੀ ਅੰਤਿਮ ਪੁਣਛਾਣ ਦਾ ਕੰਮ ਚੱਲ ਰਿਹਾ ਹੈ। ਇਸ ਵਾਰ ਲੋਕ ਸਭਾ ਚੋਣਾਂ ਨੂੰ ਸਿਆਸੀ ਪਾਰਟੀਆਂ ਤੋਂ ਇਲਾਵਾ ਆਮ ਲੋਕ ਵੀ ਬੜੀ ਦਿਲਚਸਪੀ ਨਾਲ ਲੈ ਰਹੇ ਹਨ। ਸਿਆਸੀ ਵਿਸ਼ਲੇਸ਼ਕਾਂ ਦੀਆਂ ਕਿਆਸਅਰਾਈਆਂ ਹਨ ਕਿ ਐਤਕੀਂ ਕਿਸੇ ਵੀ ਧਿਰ ਨੂੰ ਬਹੁਮਤ ਨਹੀਂ ਮਿਲ ਸਕੇਗੀ ਤੇ ਸਰਕਾਰ ਬਣਾਉਣ ਵਿਚ ਸਾਰੀਆਂ ਧਿਰਾਂ ਨੂੰ ਮੁਸ਼ਕਲ ਕਰਨੀ ਪੈ ਸਕਦੀ ਹੈ।

ਇਸ ਤੋਂ ਇਲਾਵਾ ਦਿੱਲੀ ਵਿਧਾਨ ਸਭਾ ਦੇ ਚੋਣ ਨਤੀਜਿਆਂ ਨੇ ਵੀ ਕੌਮੀ ਸਿਆਸਤ ਵਿਚ ਹਲਚਲ ਮਚਾਈ ਹੈ। ਮੰਨਿਆ ਜਾ ਰਿਹਾ ਹੈ ਕਿ ਜੇ ਆਮ ਆਦਮੀ ਪਾਰਟੀ ਦੀ ਜਿੱਤ ਵਾਲਾ ਵਰਤਾਰਾ ਕੌਮੀ ਪੱਧਰ ਉਤੇ ਵੀ ਕਾਮਯਾਬ ਰਿਹਾ ਤਾਂ ਦੇਸ਼ ਦੀ ਸਿਆਸਤ ਵਿਚ ਤਿੱਖਾ ਮੋੜ ਵੀ ਆ ਸਕਦਾ ਹੈ। ਇਨ੍ਹਾਂ ਤੋਂ ਇਲਾਵਾ ਐਤਕੀਂ ਖੇਤਰੀ ਪਾਰਟੀਆਂ ਦਾ ਵੀ ਇਨ੍ਹਾਂ ਚੋਣਾਂ ਵਿਚ ਅਹਿਮ ਰੋਲ ਹੋਵੇਗਾ। ਇਸ ਵੇਲੇ ਦੇਸ਼ ਦੇ ਕਈ ਸੂਬਿਆਂ ਵਿਚ ਖੇਤਰੀ ਪਾਰਟੀਆਂ ਸਰਕਾਰਾਂ ਚਲਾ ਰਹੀਆਂ ਹਨ।

## ਮਲੇਸ਼ੀਆ ਵਿਚ ਨਕੋਦਰ ਦੀ ਲੜਕੀ ਦੀ ਹੱਤਿਆ

**ਜਲੰਧਰ (ਬਿਊਰੋ):** ਨਕੋਦਰ ਦੇ ਮੁਹੱਲਾ ਜੈਨ ਤਿਵਾੜੀਆਂ ਦੀ ਮਲੇਸ਼ੀਆ ਵਿਚ ਰਹਿੰਦੀ ਲੜਕੀ ਜੌਲੀ ਤਿਵਾੜੀ ਪੁੱਤਰੀ ਨਿਰੇਸ਼ ਕਾਂਤ ਤਿਵਾੜੀ ਦੀ ਬੀਤੇ ਦਿਨੀਂ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ।

ਮਲੇਸ਼ੀਆ ਪੁਲਿਸ ਨੇ ਲੜਕੀ ਦੇ ਪਤੀ ਸ਼ਸ਼ੀ ਕੁਮਾਰ ਨੂੰ ਹਿਰਾਸਤ ਵਿਚ ਲੈ ਜਾਂਚ ਸ਼ੁਰੂ ਕਰ ਦਿੱਤੀ ਹੈ। ਦੀਪਕ ਤਿਵਾੜੀ ਅਨੁਸਾਰ ਉਸ ਦੀ ਭਤੀਜੀ ਜੌਲੀ ਤਿਵਾੜੀ ਦਾ ਵਿਆਹ ਤਕਰੀਬਨ ਤਿੰਨ ਸਾਲ ਪਹਿਲਾਂ ਸ਼ਸ਼ੀ ਕੁਮਾਰ ਵਾਸੀ ਆਧੀ ਨਕੋਦਰ ਨਾਲ ਹੋਇਆ ਸੀ ਤੇ ਉਹ ਦੋ ਸਾਲਾਂ ਪਹਿਲਾਂ ਪਤੀ ਪਤਨੀ ਮਲੇਸ਼ੀਆ ਚਲੇ ਗਏ।

ਮਲੇਸ਼ੀਆ ਜਾ ਕੇ ਜੌਲੀ ਤਿਵਾੜੀ ਇਕ ਬਿਊਟੀ ਸੈਲੂਨ 'ਤੇ ਕੰਮ ਕਰਨ ਲੱਗ ਪਈ। ਉਨ੍ਹਾਂ ਦੀ ਭਤੀਜੀ ਦਾ 30 ਦਸੰਬਰ ਨੂੰ ਆਖ਼ਰੀ ਫ਼ੋਨ ਆਇਆ। ਇਸ ਤੋਂ ਬਾਅਦ ਜੌਲੀ ਦੇ ਪਤੀ ਸ਼ਸ਼ੀ ਕੁਮਾਰ ਦਾ ਫ਼ੋਨ ਆਇਆ ਕਿ ਜੌਲੀ ਗੁੰਮ ਹੋ ਗਈ ਹੈ। ਇਸ ਤੋਂ ਬਾਅਦ ਜੌਲੀ ਦੇ ਸਹੁਰਿਆਂ ਤੋਂ ਫ਼ੋਨ ਆਇਆ ਕੇ ਜੌਲੀ ਤਿਵਾੜੀ ਦੀ ਹੱਤਿਆ ਕਰ ਦਿੱਤੀ ਗਈ ਹੈ ਤੇ ਸ਼ਸ਼ੀ ਕੁਮਾਰ ਨੂੰ ਮਲੇਸ਼ੀਆ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ।

ਪਰਿਵਾਰਕ ਮੈਂਬਰਾਂ ਦਾ ਕਹਿਣਾ ਸੀ ਕਿ ਜੌਲੀ ਦੇ ਸਰੀਰ ਤੇ ਤੇਜ਼ ਹਥਿਆਰ ਨਾਲ ਵਾਰ ਕਈ ਵਾਰ ਕੀਤੇ ਗਏ ਹਨ।

## ਓਮਾਨ ਵਿਚ ਪੰਜ ਭਾਰਤੀਆਂ ਦੀ ਮੌਤ

**ਦੁਬਈ:** ਓਮਾਨ ਵਿਚ ਹੋਏ ਸੜਕ ਹਾਦਸਿਆਂ ਵਿਚ ਤਿੰਨ ਬੱਚਿਆਂ ਸਮੇਤ ਪੰਜ ਭਾਰਤੀਆਂ ਦੀ ਮੌਤ ਹੋ ਗਈ। 'ਦਿ ਓਮਾਨ ਟਾਈਮਜ਼' ਅਨੁਸਾਰ ਮਸਕਟ ਤੋਂ ਕਰੀਬ 140 ਕਿਲੋਮੀਟਰ ਦੂਰ ਡਬਰਾ ਵਿਚ ਅਲ ਸ਼ਮਸ ਦੇ ਕੋਲ ਵਾਹਨ ਦੁਰਘਟਨਾਗ੍ਰਸਤ ਹੋ ਗਿਆ ਜਿਸ ਵਿਚ ਸਵਾਰ ਨੌਂ ਲੋਕਾਂ ਵਿਚੋਂ ਛੇ ਲੋਕ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ।

ਸੁਨੀਲ ਕੁਮਾਰ ਥਰੋਲ ਆਪਣੇ ਪਰਿਵਾਰ ਤੇ ਮਿੱਤਰ ਦੀਪ ਨਾਇਰ ਤੇ ਗੋਪੂ ਨਾਇਰ ਦੇ ਨਾਲ ਜਾ ਰਹੇ ਸਨ, ਇਸੇ ਦੌਰਾਨ ਡਬਰਾ ਵਿਚ ਹਾਦਸਾ ਹੋ ਗਿਆ। ਲੰਡਨ ਨਿਵਾਸੀ ਗੋਪੂ ਓਮਾਨ ਵਿਚ ਰਹਿਣ ਵਾਲੇ ਆਪਣੇ ਭਰਾ ਦੀਪ ਨੂੰ ਮਿਲਣ ਆਏ ਸੀ। ਮ੍ਰਿਤਕਾਂ ਦੀ ਪਛਾਣ, ਕੇਰਲ ਨਿਵਾਸੀ ਥਰੋਲ ਤੇ ਸ੍ਰੀਜਾ ਥਰੋਲ ਦੇ ਬੱਚਿਆਂ ਵੇਦ (11) ਤੇ ਵੈਭਵ (3) ਤੇ ਗੋਪੂ ਨਾਇਰ ਦੇ ਪੁੱਤਰ ਵਜੋਂ ਹੋਈ ਹੈ। ਥਰੋਲ ਤੇ ਗੋਪੂ ਦੋਵਾਂ ਦੀਆਂ ਪਤਨੀਆਂ ਸ੍ਰੀਜਾ ਤੇ ਅਧੂ ਹਸਪਤਾਲ ਵਿਚ ਹਨ।

ਦੂਜੇ ਹਾਦਸੇ ਵਿਚ ਘੁੰਮਣ ਲਈ ਓਮਾਨ ਆਏ ਅਨਿਲ ਕੁਮਾਰ (39) ਨੂੰ ਤੇਜ਼ ਗਤੀ ਵਾਹਨ ਨੇ ਟੱਕਰ ਮਾਰ ਦਿੱਤੀ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਕ ਹੋਰ ਹਾਦਸੇ ਵਿਚ ਭਾਰਤੀ ਮਹਿਲਾ ਵਿਮਲਾ ਕੁਮਾਰੀ ਦੀ ਮੌਤ ਹੋ ਗਈ।

# ਅਜੇ ਵੀ ਨਹੀਂ ਲੱਭਿਆ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਦਾ ਹੱਲ

**ਜਲੰਧਰ:** ਪੰਜਾਬ ਸਰਕਾਰ ਹਰ ਸਾਲ ਪਰਵਾਸੀ ਪੰਜਾਬੀ ਸੰਮੇਲਨ ਕਰਵਾਉਂਦੀ ਹੈ ਪਰ ਅਜੇ ਵੀ ਪਰਵਾਸੀ ਦੀਆਂ ਮੁਸ਼ਕਲਾਂ ਦਾ ਹੱਲ ਨਹੀਂ ਲੱਭਿਆ ਗਿਆ ਤੇ ਉਹ ਖੱਜਲ ਖੁਆਰ ਹੋ ਰਹੇ ਹਨ। ਇਸ ਖਿੱਤੇ ਨਾਲ ਸਬੰਧਤ ਪਰਵਾਸੀ ਪੰਜਾਬੀਆਂ ਨੂੰ ਉਨ੍ਹਾਂ ਦੀ ਜਾਇਦਾਦ ਨਾਲ ਜੁੜੇ ਮਸਲਿਆਂ ਦੇ ਮੱਦੇਨਜ਼ਰ ਪੰਜਾਬ ਐਨ.ਆਰ.ਆਈ. ਸਭਾ ਨੇ ਮੌਜੂਦਾ ਕਾਨੂੰਨਾਂ ਵਿਚ ਸੋਧਾਂ ਦੀ ਮੰਗ ਕੀਤੀ ਹੈ ਤਾਂ ਕਿ ਪਰਵਾਸੀ ਭਾਰਤੀਆਂ ਨੂੰ ਇਥੇ ਆ ਕੇ ਆਪਣੇ ਘਰਾਂ ਤੇ ਜ਼ਮੀਨਾਂ ਤੋਂ ਗੈਰ-ਕਾਨੂੰਨੀ ਕਬਜ਼ੇ ਖਾਲੀ ਕਰਾਉਣ ਵਿਚ ਕੋਈ ਦਿੱਕਤ ਨਾ ਆਵੇ।

ਪੰਜਾਬ ਸਰਕਾਰ ਵੱਲੋਂ 10 ਤੇ 11 ਜਨਵਰੀ ਨੂੰ ਕਰਵਾਏ ਜਾਣ ਵਾਲੇ ਪਰਵਾਸੀ ਸੰਮੇਲਨ ਤੋਂ ਪਹਿਲਾਂ ਐਨ.ਆਰ.ਆਈ. ਸਭਾ ਦੇ ਪ੍ਰਧਾਨ ਜਸਵੀਰ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਵਿਚ ਪਰਵਾਸੀ ਆਮ ਤੌਰ 'ਤੇ ਦੂਰ ਦੇ ਰਿਸ਼ਤੇਦਾਰਾਂ ਜਾਂ ਪਰਿਵਾਰਕ ਮੈਂਬਰਾਂ ਨੂੰ ਜ਼ਮੀਨ-ਜਾਇਦਾਦਾਂ ਦੀ ਸਾਂਭ-ਸੰਭਾਲ ਦਾ ਜ਼ਿੰਮਾ ਸੌਂਪ ਕੇ ਚਲੇ ਜਾਂਦੇ ਹਨ। ਉਹ ਜਦੋਂ ਦੇਸ਼ ਪਰਤ ਕੇ ਆਪਣੀ ਜਾਇਦਾਦ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕਰਦੇ ਹਨ ਤਾਂ ਕਈ ਵਾਰ ਵਿਵਾਦ ਹੋ ਜਾਂਦੇ ਹਨ। ਪਰਵਾਸੀ ਭਾਰਤੀਆਂ ਤੇ ਸੰਪਤੀ ਦੀ ਦੇਖਭਾਲ ਕਰਨ ਵਾਲਿਆਂ ਵਿਚਕਾਰ ਮਿਥੇ ਸਮੇਂ ਲਈ ਕਰਾਰ ਹੋਣਾ ਚਾਹੀਦਾ ਹੈ ਜਿਸ ਦੀ ਪੂਰਬੀ ਪੰਜਾਬ ਸ਼ਹਿਰੀ ਕਿਰਾਇਆ ਨੇਮਬੰਦੀ ਕਾਨੂੰਨ 1949 ਵਿਚ ਵਿਵਸਥਾ ਹੋਣੀ ਚਾਹੀਦੀ ਹੈ ਜਾਂ ਨਵਾਂ ਜ਼ਮੀਨ ਕਾਨੂੰਨ ਬਣਾ ਕੇ ਅਜਿਹਾ ਕੀਤਾ ਜਾ ਸਕਦਾ ਹੈ।

ਸ. ਗਿੱਲ ਨੇ ਕਿਹਾ ਕਿ ਪਰਵਾਸੀ ਭਾਰਤੀਆਂ 'ਤੇ ਭਾਰਤ ਵਿਚ ਖੇਤੀਬਾੜੀ ਲਈ ਜ਼ਮੀਨ ਖਰੀਦਣ 'ਤੇ ਲੱਗੀ ਰੋਕ ਹਟਾਈ ਜਾਣੀ ਚਾਹੀਦੀ ਹੈ। ਪਰਵਾਸੀ ਭਾਰਤੀ ਇਥੇ ਰਿਹਾਇਸ਼ੀ ਤੇ ਕਮਰਸ਼ੀਅਲ ਸੰਪਤੀ ਤਾਂ ਖਰੀਦ ਸਕਦੇ ਹਨ ਪਰ ਖੇਤੀਬਾੜੀ ਮੰਤਵ ਲਈ ਜ਼ਮੀਨ ਨਹੀਂ ਖਰੀਦ ਸਕਦੇ। ਉਨ੍ਹਾਂ ਨੂੰ ਖੇਤੀਬਾੜੀ ਲਈ ਜ਼ਮੀਨ ਖਰੀਦਣ ਦੀ ਖੁੱਲ੍ਹ ਦੇਣ ਨਾਲ ਦੇਸ਼ ਦੇ ਖੇਤੀ ਸੈਕਟਰ ਵਿਚ ਨਿਵੇਸ਼ ਵਧੇਗਾ। ਪੰਜਾਬ ਵਿਚ ਸਨਅਤੀ ਪ੍ਰਾਜੈਕਟ ਲਾਉਣ ਵਿਚ ਪਰਵਾਸੀ ਭਾਰਤੀਆਂ ਵੱਲੋਂ ਬਹੁਤੀ ਰੁਚੀ ਨਾ ਦਿਖਾਏ ਜਾਣ ਮੁਤੱਲਕ ਉਨ੍ਹਾਂ ਕਿਹਾ ਕਿ ਸੂਬਾਈ ਤੇ ਕੇਂਦਰ ਸਰਕਾਰ ਵੱਲੋਂ ਨਿਵੇਸ਼ਕਾਰਾਂ ਲਈ ਸਾਜ਼ਗਾਰ ਮਾਹੌਲ ਪੈਦਾ ਨਹੀਂ ਕੀਤਾ ਜਾ ਰਿਹਾ।

ਸਰਕਾਰੀ ਵਿਭਾਗਾਂ ਵਿਚ ਲਾਲਫੀਤਾ ਸ਼ਾਹੀ ਤੇ ਗੁੰਝਲਾਂ ਕਾਰਨ ਨਵੇਂ ਪ੍ਰਾਜੈਕਟਾਂ ਲਈ ਪ੍ਰਵਾਨਗੀਆਂ ਲੈਣੀਆਂ ਜੀਅ ਦਾ ਜੰਜਾਲ ਬਣ ਜਾਂਦਾ ਹੈ। ਉਨ੍ਹਾਂ ਕਿਹਾ ਕਿ ਨਿਵੇਸ਼ ਪ੍ਰਤੀ ਪਰਵਾਸੀ ਭਾਰਤੀਆਂ ਦੇ ਮੱਠੇ ਹੁੰਗਾਰਾ ਲਈ ਪੰਜਾਬ ਸਰਕਾਰ ਤੋਂ ਇਲਾਵਾ ਕੇਂਦਰ ਸਰਕਾਰ ਵੀ ਜ਼ਿੰਮੇਵਾਰ ਹੈ ਜਿਸ ਨੇ ਪੰਜਾਬ ਨੂੰ ਨਜ਼ਰਅੰਦਾਜ਼ ਕਰਕੇ ਪਹਾੜੀ ਰਾਜਾਂ ਨੂੰ ਵਿਸ਼ੇਸ਼ ਛੋਟਾਂ ਦਿੱਤੀਆਂ ਸਨ। ਪਰਵਾਸੀ ਭਾਰਤੀਆਂ ਦੇ ਵਧ ਰਹੇ ਵਿਆਹਾਂ ਦੇ ਝਗੜਿਆਂ ਬਾਰੇ ਸ. ਗਿੱਲ ਨੇ ਕਿਹਾ ਕਿ ਡਾਲਰਾਂ ਦੀ ਲਲਕ ਵਿਚ ਕਈ ਪੰਜਾਬੀ ਪਰਵਾਸੀਆਂ ਦੇ ਝਾਂਸੇ ਵਿਚ ਆ ਕੇ ਰਿਸ਼ਤਾ ਜੋੜ ਲੈਂਦੇ ਹਨ।

ਇਸ ਤਰ੍ਹਾਂ ਦੇ ਮਾਮਲਿਆਂ ਵਿਚ ਬਾਅਦ ਵਿਚ ਝਗੜੇ ਪੈਦਾ ਹੋ ਜਾਂਦੇ ਹਨ। ਇਸ ਸਬੰਧ ਵਿਚ ਲੋਕਾਂ ਅੰਦਰ ਚੇਤਨਾ ਵਧਾਉਣ ਦੀ ਲੋੜ ਹੈ ਤੇ ਰਾਜ ਸਰਕਾਰ ਨੂੰ ਪਿੰਡ ਪੱਧਰ 'ਤੇ ਚੇਤਨਾ ਫੈਲਾਉਣ ਲਈ ਗੈਰ-ਸਰਕਾਰੀ ਜਥੇਬੰਦੀਆਂ ਤੇ ਐਨ.ਆਰ.ਆਈ. ਸਭਾ ਨੂੰ ਨਾਲ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਇਸ ਸਬੰਧ ਵਿਚ ਇਕ ਕਾਨੂੰਨ ਲਿਆ ਰਹੀ ਹੈ।

## ਕਾਂਗਰਸ (ਆਈ) ਖਿਲਾਫ 1984 ਸਿੱਖ ਨਸਲਕੁਸ਼ੀ ਕੇਸ ਦੀ ਸੁਣਵਾਈ 22 ਨੂੰ

**ਨਿਊ ਯਾਰਕ (ਬਿਊਰੋ):** ਨਿਊ ਯਾਰਕ ਦੀ ਦੱਖਣੀ ਜ਼ਿਲਾ ਅਦਾਲਤ ਦੇ ਜੱਜ ਰੋਬਰਟ ਡਬਲਯੂ. ਸਵੀਟ ਨੇ 1984 ਵਿਚ ਸਿੱਖਾਂ ਖਿਲਾਫ ਕਥਿਤ ਤੌਰ 'ਤੇ ਨਸਲਕੁਸ਼ੀ ਹਮਲੇ ਕਰਵਾਉਣ ਲਈ ਭਾਰਤ ਦੀ ਸੱਤਾਧਾਰੀ ਪਾਰਟੀ ਕਾਂਗਰਸ (ਆਈ) ਖਿਲਾਫ ਚਲ ਰਹੇ ਮਨੁੱਖੀ ਅਧਿਕਾਰਾਂ ਦੇ ਕੇਸ ਦੀ ਸੁਣਵਾਈ ਦੌਰਾਨ ਪ੍ਰੀ ਟਰਾਇਲ ਕਾਨਫਰੰਸ ਦੇ ਹੁਕਮ ਦਿੱਤੇ ਹਨ। ਇਹ ਪ੍ਰੀ ਟਰਾਇਲ ਕਾਨਫਰੰਸ 22 ਜਨਵਰੀ ਨੂੰ ਸ਼ਾਮ ਨੂੰ 4 ਵਜੇ ਨਿਊ ਯਾਰਕ ਦੀ ਸੰਘੀ ਜ਼ਿਲਾ ਅਦਾਲਤ ਵਿਚ ਹੋਵੇਗੀ।

ਅਦਾਲਤ ਨੇ ਆਪਣੇ ਹੁਕਮ ਵਿਚ ਮੁੱਦਈ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਅਤੇ ਬਚਾਓ ਧਿਰ ਕਾਂਗਰਸ-ਆਈ ਦੇ ਵਕੀਲਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਇਸ ਪ੍ਰੀ ਟਰਾਇਲ ਵਿਚ ਪੇਸ਼ ਹੋਣ ਤਾਂ ਜੋ ਕਿਸੇ ਤਰ੍ਹਾਂ ਦੇ ਨਵੇਂ ਖੁਲਾਸੇ ਜਾਂ ਹੋਰ ਮੁੱਦਿਆਂ ਦਾ ਨਿਪਟਾਰਾ ਕਰਕੇ ਸੁਣਵਾਈ ਲਈ ਸਮਾਂ ਸੀਮਾ ਨਿਸ਼ਚਿਤ ਕੀਤੀ ਜਾ ਸਕੇ।

ਸਿੱਖਸ ਫਾਰ ਜਸਟਿਸ ਨੇ 1984 ਵਿਚ ਸਿੱਖਾਂ 'ਤੇ ਨਸਲਕੁਸ਼ੀ ਹਮਲੇ ਕਰਵਾਉਣ ਦੇ ਦੋਸ਼ ਤਹਿਤ ਕਾਂਗਰਸ ਖਿਲਾਫ ਨਵੰਬਰ 2013 ਵਿਚ ਅਮਰੀਕੀ ਸੁਪਰੀਮ ਕੋਰਟ ਦੇ ਇਕ ਫੈਸਲੇ ਦੇ ਆਧਾਰ 'ਤੇ ਸੋਧੀ ਹੋਈ ਸ਼ਿਕਾਇਤ ਦਾਇਰ ਕੀਤੀ ਸੀ। ਦਸਣਯੋਗ ਹੈ ਕਿ ਕਿਓਬਲ ਕੇਸ ਵਿਚ ਸੁਪਰੀਮ ਕੋਰਟ ਦਾ ਫੈਸਲਾ ਸੀ ਕਿ ਵਿਦੇਸ਼ਾਂ ਵਿਚ ਕੀਤੀਆਂ ਜ਼ਿਆਦਤੀਆਂ ਲਈ ਕਿਸੇ ਵੀ ਵਿਦੇਸ਼ੀ ਸੰਗਠਨ ਨੂੰ ਖਾਸ ਹਾਲਾਤ ਵਿਚ ਅਮਰੀਕੀ ਅਦਾਲਤ ਵਿਚ ਜਵਾਬਦੇਹ ਬਣਾਇਆ ਜਾ ਸਕਦਾ ਹੈ। ਕਾਂਗਰਸ ਪਾਰਟੀ ਨੇ ਅਮਰੀਕੀ ਅਦਾਲਤ ਵਿਚ ਜਵਾਬ ਦੇਣ ਲਈ 17 ਜਨਵਰੀ ਤੱਕ ਦਾ ਸਮਾਂ ਮੰਗਿਆ ਹੈ।

ਸਿੱਖ ਜਥੇਬੰਦੀ ਨੇ ਆਪਣੀ ਸੋਧੀ ਹੋਈ ਸ਼ਿਕਾਇਤ ਵਿਚ ਕੁਝ ਉਹ ਦਸਤਾਵੇਜ਼ ਸ਼ਾਮਿਲ ਕੀਤੇ ਹਨ ਜੋ ਕਾਂਗਰਸ ਪਾਰਟੀ ਅਤੇ ਇਸ ਦੇ ਅਮਰੀਕਾ ਵਿਚਲੇ ਸੰਗਠਨਾਂ ਦਾ ਆਪਸੀ ਸਬੰਧ ਦਰਸਾਉਂਦੇ ਹਨ ਜਿਸ ਦੇ ਆਧਾਰ 'ਤੇ ਇਸ ਨੇ ਦਲੀਲ ਦਿੱਤੀ ਹੈ ਕਿ ਮਨੁੱਖੀ ਅਧਿਕਾਰਾਂ ਦਾ ਇਹ ਕੇਸ ਅਮਰੀਕੀ ਅਦਾਲਤ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ, ਜਿਵੇਂ ਕਿ ਕਿਓਬਲ ਕੇਸ ਵਿਚ ਫੈਸਲਾ ਦਿੱਤਾ ਗਿਆ ਹੈ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਇਸ ਮੁਕੱਦਮੇ ਰਾਹੀਂ ਇਕ ਧਾਰਮਿਕ ਘੱਟਗਿਣਤੀ ਖਿਲਾਫ ਨਸਲਕੁਸ਼ੀ ਹਮਲੇ ਕਰਵਾਉਣ ਅਤੇ ਇਸ 'ਤੇ 'ਸਿੱਖ ਵਿਰੋਧੀ ਦੰਗੇ' ਦਸ ਕੇ ਪਰਦਾ ਪਾਉਣ ਵਿਚ ਕਾਂਗਰਸ ਦੀ ਭੂਮਿਕਾ ਕੌਮਾਂਤਰੀ ਭਾਈਚਾਰੇ ਵਿਚ ਉਜਾਗਰ ਹੋਵੇਗੀ।

# ਪੰਜਾਬ ਵਿਚ ਬਿਜਲੀ ਦਰਾਂ ਦਿੱਲੀ ਨਾਲੋਂ ਤਿੰਨ ਗੁਣਾ ਵੱਧ

## ਸੁਖਬੀਰ ਬਾਦਲ ਦੇ ਦਾਅਵੇ ਖੋਖਲੇ ਸਾਬਤ

**ਚੰਡੀਗੜ੍ਹ:** ਦਿੱਲੀ ਵਿਚ ਨਵੀਂ ਸਰਕਾਰ ਦਾ ਗਠਨ ਹੁੰਦਿਆਂ ਹੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਬਿਜਲੀ ਕੰਪਨੀਆਂ ਦਾ ਆਡਿਟ ਕਰਵਾਏ ਜਾਣ 'ਤੇ ਤਾਂ ਹਾਲੇ ਅਮਲ ਸ਼ੁਰੂ ਹੋਣਾ ਹੈ ਪਰ ਆਪਣੇ-ਆਪ ਨੂੰ ਵਾਧੂ ਬਿਜਲੀ ਵਾਲੇ ਸੂਬੇ ਦੇ ਉਪ ਮੁੱਖ ਮੰਤਰੀ ਹੋਣ ਦਾ ਦਾਅਵਾ ਕਰਨ ਵਾਲੇ ਸ. ਸੁਖਬੀਰ ਸਿੰਘ ਬਿਜਲੀ ਦਰਾਂ ਦੇ ਦਿੱਲੀ ਨਾਲੋਂ ਵੀ ਕਿਤੇ ਉੱਚਾ ਹੋਣ ਨੂੰ ਲੈ ਕੇ ਸ਼ਾਇਦ ਅੰਕੜਿਆਂ ਤੋਂ ਜਾਣੂ ਨਹੀਂ। ਇਹੀ ਨਹੀਂ ਥਰਮਲ ਪਲਾਂਟ ਸਥਾਪਤ ਕਰਨ ਦੇ ਬਾਵਜੂਦ ਪੰਜਾਬ ਦਾ ਆਮ ਖਪਤਕਾਰ ਮਹਿੰਗੇ ਬਿਜਲੀ ਬਿੱਲਾਂ ਦੇ ਭਾਰ ਥੱਲੇ ਦੱਬਿਆ ਹੋਇਆ ਹੈ।

ਇਸ ਬਾਰੇ ਪੰਜਾਬ ਤੇ ਦਿੱਲੀ ਵਿਚ ਵਸੂਲੀਆਂ ਜਾ ਰਹੀਆਂ ਬਿਜਲੀ ਦਰਾਂ ਦਾ ਅਧਿਐਨ ਕਰਨ 'ਤੇ ਸਾਹਮਣੇ ਆਏ ਅੰਕੜਿਆਂ ਅਨੁਸਾਰ ਵਾਧੂ ਬਿਜਲੀ ਵਾਲੇ ਰਾਜ ਵਜੋਂ ਉਭਾਰੇ ਜਾ ਰਹੇ ਪੰਜਾਬ ਪ੍ਰਾਂਤ ਦੇ ਲੋਕਾਂ ਕੋਲੋਂ ਦਿੱਲੀ ਨਾਲੋਂ 3.087 ਗੁਣਾ ਵਧ ਬਿਜਲੀ ਦਰਾਂ ਵਸੂਲੀਆਂ ਜਾ ਰਹੀਆਂ ਹਨ। ਜੇਕਰ ਸਿਰਫ਼ ਵੰਡੇ ਜਾਂਦੇ ਬਿਜਲੀ ਬਿੱਲਾਂ ਦੇ ਅਧਾਰ 'ਤੇ ਹੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿਚ ਘਰੇਲੂ ਮੰਤਵ ਲਈ 100 ਯੂਨਿਟਾਂ ਤੱਕ ਬਿਜਲੀ ਦਰ 4.56 ਰੁ: ਪ੍ਰਤੀ ਯੂਨਿਟ ਹੈ। 100 ਤੋਂ 300 ਯੂਨਿਟਾਂ ਤੱਕ ਇਹ ਦਰ 6.02 ਪ੍ਰਤੀ ਯੂਨਿਟ ਹੈ ਤੇ 300 ਤੋਂ ਜ਼ਿਆਦਾ ਯੂਨਿਟਾਂ ਲਈ ਇਹ ਦਰ 6.44 ਰੁ: ਪ੍ਰਤੀ ਯੂਨਿਟ ਹੈ। ਦਿੱਲੀ ਵਿਚ ਘਰੇਲੂ ਖਪਤਕਾਰ ਪਹਿਲੇ 200 ਯੂਨਿਟਾਂ ਤੱਕ ਪਹਿਲਾਂ 2.70 ਰੁ: ਪ੍ਰਤੀ ਯੂਨਿਟ ਦਰ ਦੇ ਹਿਸਾਬ ਨਾਲ ਬਿੱਲ ਦੇ ਰਿਹਾ ਸੀ। 201 ਤੋਂ 400 ਯੂਨਿਟ ਤੱਕ ਪੰਜ ਰੁ: ਪ੍ਰਤੀ ਯੂਨਿਟ ਤੇ 401 ਤੋਂ 800 ਯੂਨਿਟਾਂ ਤੱਕ 6.80 ਰੁ: ਪ੍ਰਤੀ ਯੂਨਿਟ ਬਿੱਲ ਦੇ ਰਿਹਾ ਸੀ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਹੁਣ ਘਰੇਲੂ ਉਪਭੋਗਤਾਵਾਂ ਨੂੰ 200 ਯੂਨਿਟਾਂ ਤੱਕ 1.95 ਰੁ: ਪ੍ਰਤੀ ਯੂਨਿਟ ਤੇ 201 ਤੋਂ 400 ਯੂਨਿਟਾਂ ਤੱਕ 2.90 ਰੁ: ਪ੍ਰਤੀ ਯੂਨਿਟ ਬਿਜਲੀ ਦਰਾਂ ਦੇਣੀਆਂ ਪੈਣਗੀਆਂ।

ਜੇਕਰ ਇਨ੍ਹਾਂ ਦਰਾਂ ਨੂੰ ਧਿਆਨ ਨਾਲ ਵਾਚਿਆ ਜਾਵੇ ਤਾਂ ਪੰਜਾਬ ਵਿਚ 101 ਤੋਂ 200 ਯੂਨਿਟਾਂ ਤੱਕ ਬਿਜਲੀ ਵਰਤਣ ਵਾਲੇ ਉਪਭੋਗਤਾ 6.02 ਪ੍ਰਤੀ ਯੂਨਿਟ ਬਿਜਲੀ ਦਰ ਦੇ ਰਹੇ ਹਨ ਪਰ ਦਿੱਲੀ ਵਿਚ ਇਸ ਸ਼੍ਰੇਣੀ ਵਾਲੇ ਉਪਭੋਗਤਾ ਸਿਰਫ਼ 1.95 ਰੁ: ਪ੍ਰਤੀ ਯੂਨਿਟ ਦਰ ਦੇ ਹਿਸਾਬ ਨਾਲ ਬਿੱਲ ਦੇਣਗੇ। ਨਾਲ ਹੀ ਪੰਜਾਬ ਵਿਚ 301 ਤੋਂ 400 ਯੂਨਿਟ ਤੱਕ ਬਿਜਲੀ ਵਰਤਣ ਵਾਲੇ ਉਪਭੋਗਤਾ 6.44 ਰੁ: ਪ੍ਰਤੀ ਯੂਨਿਟ ਦਰ ਦੇ ਹਿਸਾਬ ਨਾਲ ਬਿੱਲ ਦੇ ਰਹੇ ਹਨ ਜਦਕਿ ਦਿੱਲੀ ਵਿਚ ਇਸ ਸ਼੍ਰੇਣੀ ਵਾਲੇ ਉਪਭੋਗਤਾ ਸਿਰਫ਼ 2.90 ਰੁ: ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿੱਲ ਦੇਣਗੇ।

ਇਥੇ ਹੀ ਬੱਸ ਨਹੀਂ ਪੰਜਾਬ ਦੇ ਵਿਚ ਬਿਜਲੀ ਦੀ ਕੁੱਲ ਵਰਤੋਂ 'ਤੇ 13 ਫੀਸਦੀ ਬਿਜਲੀ ਕਰ ਵੀ ਦੇ ਰਿਹਾ ਹੈ ਤੇ ਨਾਲ ਹੀ 16 ਰੁ: ਮੀਟਰ ਰੈਂਟ, ਤੇ 10 ਰੁ: ਸਰਵਿਸ ਚਾਰਜ ਵੀ ਦੇਣੇ ਪੈਂਦੇ ਹਨ। ਦੂਜੇ ਪਾਸੇ ਪੰਜਾਬ ਦੇ ਵਿਚ ਪ੍ਰਤੀ ਵਿਅਕਤੀ ਆਮਦਨ ਦਿੱਲੀ ਦੀ ਪ੍ਰਤੀ ਵਿਅਕਤੀ ਆਮਦਨ ਦੇ ਅੱਧ ਤੋਂ ਵੀ ਘੱਟ ਹੈ ਕਿਉਂਕਿ ਦਿੱਲੀ ਦੀ ਪ੍ਰਤੀ ਵਿਅਕਤੀ ਆਮਦਨ ਦੋ ਲੱਖ ਰੁਪਏ ਤੋਂ ਜ਼ਿਆਦਾ ਹੈ ਜਦਕਿ ਪੰਜਾਬ ਵਿਚ ਪ੍ਰਤੀ ਵਿਅਕਤੀ ਆਮਦਨ ਇਕ ਲੱਖ ਰੁਪਏ ਤੋਂ ਘੱਟ ਹੈ।

ਜੇ ਅੱਧੀ ਪ੍ਰਤੀ ਵਿਅਕਤੀ ਆਮਦਨ ਵਾਲੇ ਨਾਗਰਿਕ, ਦੁੱਗਣੀ ਪ੍ਰਤੀ ਵਿਅਕਤੀ ਆਮਦਨ ਵਾਲਿਆਂ ਨਾਲੋਂ ਤਿੰਨ ਗੁਣਾ ਬਿਜਲੀ ਦੀਆਂ ਦਰਾਂ ਦੇ ਰਹੇ ਹਨ, ਫਿਰ ਇਹ ਪੰਜਾਬੀਆਂ ਨਾਲ ਬਹੁਤ ਵੱਡਾ ਵਿਤਕਰਾ ਹੈ। ਇਸ ਬਾਰੇ ਆਰ.ਟੀ. ਆਈ ਕਾਰਕੁਨ ਐਡਵੋਕੇਟ ਦਿਨੇਸ਼ ਚੱਢਾ ਨੇ ਪੰਜਾਬ ਦੇ ਰਾਜਪਾਲ ਕੋਲੋਂ ਇਸ ਮਾਮਲੇ ਵਿਚ ਫ਼ੌਰੀ ਦਖ਼ਲ ਦਿੱਤਾ ਜਾਣ ਦੀ ਮੰਗ ਕਰਦਿਆਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦਾ ਸੋਸ਼ਲ ਆਡਿਟ ਕੀਤਾ ਜਾਣ ਤੇ ਨਾਲ ਹੀ ਘਰਾਂ ਤੋਂ ਬਾਹਰ ਕੱਢ ਕੇ ਗਰੁੱਪਾਂ ਵਿਚ ਲਾਏ ਨਵੇਂ ਮੀਟਰਾਂ ਦੀ ਕਿਸੇ ਲੈਬਾਰਟਰੀ ਤੋਂ ਪੜਤਾਲ ਕਰਵਾਏ ਜਾਣ ਦੀ ਮੰਗ ਕੀਤੀ ਹੈ।

## ਕਾਮਿਆਂ ਦੇ ਹੱਕਾਂ ਬਾਰੇ ਭਾਰਤ-ਸਾਊਦੀ ਅਰਬ ਸੰਧੀ

**ਨਵੀਂ ਦਿੱਲੀ:** ਭਾਰਤੀ ਕਾਮਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਭਾਰਤ ਤੇ ਸਾਊਦੀ ਅਰਬ ਨੇ ਇਕ ਅਹਿਮ ਸਮਝੌਤਾ ਕੀਤਾ ਤੇ ਦੋਵੇਂ ਦੇਸ਼ ਇਸ ਨੂੰ ਲਾਗੂ ਕਰਨ ਵਿਚ ਆਉਂਦੇ ਅੜਿੱਕਿਆਂ ਦੇ ਹੱਲ ਲਈ ਇਕ ਸਾਂਝੀ ਕਮੇਟੀ ਗਠਿਤ ਕਰਨ ਲਈ ਸਹਿਮਤ ਹੋਏ ਹਨ। ਸਾਊਦੀ ਅਰਬ ਦੇ ਕਿਰਤ ਮੰਤਰਾਲੇ ਦੇ ਅਦੇਲ ਬਿਨ ਮੁਹੰਮਦ ਫਾਕੇਈ ਤੇ ਵਿਦੇਸ਼ ਵਿਚ ਭਾਰਤੀ ਮਾਮਲਿਆਂ ਦੇ ਮੰਤਰੀ ਵਾਇਲਾਰ ਰਵੀ ਨੇ ਇਸ ਸਮਝੌਤੇ 'ਤੇ ਦਸਤਖ਼ਤ ਕੀਤੇ। ਇਹ ਸਮਝੌਤਾ ਦੋਹਾਂ ਦੇਸ਼ਾਂ ਦੇ ਕਾਮਿਆਂ ਦੇ ਅਧਿਕਾਰਾਂ ਦੀ ਰੱਖਿਆ ਕਰੇਗਾ। ਵਾਇਲਾਰ ਰਵੀ ਨੇ ਇਸ ਬਾਰੇ ਕਿਹਾ ਕਿ ਇਹ ਸਮਝੌਤਾ ਕਾਮਿਆਂ ਦੀ ਸੁਰੱਖਿਆ ਲਈ ਲੰਬੇ ਸਮੇਂ ਤੱਕ ਚੱਲੇਗਾ।

## ਛਾਤੀ ਅੰਦਰਲੇ ਥੇਹ (18)

# ਪੇਕੇ ਤੁਰ ਜਾਊਂਗੀ...

*ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ। -ਸੰਪਾਦਕ*

ਮੇਰਾ ਸਾਲਾ ਰਾਜ ਕੁਮਾਰ ਆਪਣੀ ਛੋਟੀ ਭੈਣ ਇਕਬਾਲ ਦਾ ਰਿਸ਼ਤਾ ਮੇਰੇ ਨਾਲ ਕਰਨ ਲਈ ਪੁੱਛ-ਪੜਤਾਲ ਵਾਸਤੇ ਹਿਸਾਰ ਆਇਆ। ਬੀ.ਐਡ. ਦੇ ਤੀਹ ਕੁ ਵਿਦਿਆਰਥੀਆਂ ਦੀ ਆਰੀਆ ਸਕੂਲ ਵਿਚ ਚੱਲ ਰਹੀ ਟੀਚਿੰਗ ਪ੍ਰੈਕਟਿਸ ਦਾ ਮੈਂ ਇੰਚਾਰਜ ਸਾਂ। ਉਹ ਆਪਣੇ ਤਿੰਨ ਚਾਰ ਦੋਸਤਾਂ ਸਮੇਤ ਉਥੇ ਹੀ ਪਹੁੰਚ ਗਿਆ। ਸਕੂਲ ਦੇ ਪ੍ਰਿੰਸੀਪਲ ਨੇ ਉਨ੍ਹਾਂ ਲਈ ਖਾਣ ਪੀਣ ਦਾ



**ਗੁਰਦਿਆਲ ਦਲਾਲ**
**ਫੋਨ: 91-98141-85363**

ਸਮਾਨ ਮੰਗਵਾਇਆ। ਫਿਰ ਅਸੀਂ ਅਲੱਗ ਦਫ਼ਤਰ ਵਿਚ ਜਾ ਕੇ ਬੈਠ ਗਏ ਜਿਥੇ ਬੀ.ਐਡ. ਦੇ ਮੁੰਡੇ ਕੁੜੀਆਂ ਆਪਣੇ ਲੈਸਨ ਚੈਕ ਕਰਾਉਣ ਲਈ ਆਉਣ ਲੱਗੇ। ਮੇਰੀ 'ਸਰ-ਸਰ' ਹੁੰਦੀ ਦੇਖ ਕੇ ਰਾਜ ਕੁਮਾਰ ਨੇ ਆਪਣੇ ਪਿੰਡ ਆ ਕੇ ਕਾਹਲ ਪਾ ਦਿੱਤੀ ਕਿ ਮੁੰਡੇ ਦੀ ਬਹੁਤ ਟੌਹਰ ਹੈ। ਛੇਤੀ ਕਰੋ, ਕਿਧਰੇ ਰਿਸ਼ਤਾ ਖੁੱਸ ਹੀ ਨਾ ਜਾਵੇ।

ਮੈਂ ਜਦੋਂ ਬੇਬੇ ਨੂੰ ਮਿਲਣ ਦੋਰਾਹੇ ਗਿਆ ਤਾਂ ਰਾਜ ਕੁਮਾਰ ਆਪਣੇ ਮਾਮਾ ਜੀ ਸ੍ਰੀ ਬੈਨੀ ਪ੍ਰਸ਼ਾਦ ਵਰਮਾ ਤੇ ਤਿੰਨ ਚਾਰ ਹੋਰ ਬੰਦਿਆਂ ਨੂੰ ਨਾਲ ਲੈ ਕੇ ਦੋਰਾਹੇ ਆ ਗਿਆ। ਘਰ ਦੀ ਹਾਲਤ ਤਾਂ ਬਹੁਤ ਖਸਤਾ ਸੀ, ਉਹ ਮੇਰੀ ਨੌਕਰੀ ਕਰ ਕੇ ਹੀ ਪੱਕ ਠੱਕ ਕਰ ਗਏ ਤੇ ਦੋ ਤਿੰਨ ਦਿਨਾਂ ਬਾਅਦ ਮੇਰਾ ਮੰਗਣਾ ਇਕਬਾਲ ਨਾਲ ਹੋ ਗਿਆ। ਉਹ ਉਦੋਂ ਏ.ਐਸ. ਕਾਲਜ ਖੰਨਾ ਤੋਂ ਬੀ.ਏ. ਫਾਈਨਲ ਕਰ ਰਹੀ ਸੀ। ਕੁਝ ਐਡਵਾਂਸ ਹੋਣ ਕਰ ਕੇ ਘਰ ਵਾਲਿਆਂ ਨੇ ਚਿੱਠੀ ਪੱਤਰ ਦੀ ਖੁੱਲ੍ਹ ਦੇ ਦਿੱਤੀ। ਉਧਰ ਮੈਨੂੰ ਘਰ ਦੀ ਖਿੱਚ ਰਹਿੰਦੀ ਸੀ ਤੇ ਮੈਂ ਪੰਜਾਬ ਵਿਚ ਹੀ ਸੈਟਲ ਹੋਣਾ ਚਾਹੁੰਦਾ ਸਾਂ। ਕੁਝ ਸਮੇਂ ਮਗਰੋਂ ਮੇਰਾ ਕੰਮ ਬਣ ਗਿਆ ਤੇ ਮੈਂ ਹਿਸਾਰ ਕਾਲਜ ਤੋਂ ਅਸਤੀਫਾ ਦੇ ਕੇ 17 ਫਰਵਰੀ 1972 ਨੂੰ ਸਰਕਾਰੀ ਹਾਈ ਸਕੂਲ ਪੱਬੀਆਂ (ਜਗਰਾਉਂ) ਵਿਚ ਬਤੌਰ ਗਣਿਤ ਮਾਸਟਰ ਜੁਆਇਨ ਕਰ ਲਿਆ।

ਬੀ.ਐਡ. ਕਾਲਜ ਦੇ ਪ੍ਰੋਫੈਸਰ ਤੋਂ ਸਕੂਲ ਮਾਸਟਰ ਬਣਨ ਕਰ ਕੇ ਮੇਰਾ ਰੁਤਬਾ ਘਟਿਆ ਦੇਖ ਸਹੁਰੇ ਘਰ ਵਿਚ ਹੋਈ ਕੁਰਬਲ ਕੁਰਬਲ ਮੇਰੇ ਤੀਕ ਪਹੁੰਚ ਗਈ। ਉਨ੍ਹਾਂ ਨੂੰ ਇਹ ਵੀ ਪਤਾ ਲੱਗ ਗਿਆ ਕਿ ਹੁਣ ਤਨਖਾਹ ਵੀ ਅੱਧੀ ਰਹਿ ਗਈ ਸੀ। ਮੇਰੀ ਇਕ ਸਾਲੀ ਪਹਿਲਾਂ ਹੀ ਪੱਕੇ ਰੰਗ ਦੇ ਮੁੰਡੇ ਨਾਲ ਉਸ ਦੀ ਗੋਰੀ ਭੈਣ ਦਾ ਰਿਸ਼ਤਾ ਹੋਣ ਕਰ ਕੇ ਆਪਣੇ ਘਰਦਿਆਂ ਨਾਲ ਖ਼ਫਾ ਸੀ। ਹੁਣ ਰੁਤਬਾ ਘਟਣ ਕਰ ਕੇ ਉਹ ਇਸ ਰਿਸ਼ਤੇ ਨੂੰ ਖਤਮ ਕਰਨ ਲਈ ਜ਼ੋਰ ਪਾਉਣ ਲੱਗੀ। ਦੋਰਾਹਾ ਕਸਬੇ ਵਿਚ ਸਾਡੇ ਕੋਲ ਪਲਾਟ ਸੀ, ਉਹ ਵੀ ਚਾਰ ਭਰਾਵਾਂ ਦਾ ਸਾਂਝਾ। ਉਸ ਦੇ ਇਕ ਪਾਸੇ ਦੋ ਕਮਰੇ ਜਸਵੰਤ ਨੇ ਬਣਾ ਲਏ ਸਨ। ਸਟੋਰ ਵਾਲੇ ਲੰਮੇ ਕਮਰੇ ਵਿਚ ਦੀਵਾਰ ਕਰ ਕੇ ਮੈਂ ਦੋ ਪੋਰਸ਼ਨ ਬਣਾ ਲਏ। ਇਕ ਵਿਚ ਬੇਬੇ ਦਾ ਮੰਜਾ, ਪੇਟੀ, ਟਰੰਕ, ਘਰ ਦਾ ਨਿਕਸੁੱਕ ਰੱਖ ਦਿੱਤਾ ਤੇ ਦੂਜੇ ਨੂੰ ਮੈਂ ਆਪਣਾ ਬੈਡਰੂਮ ਬਣਾ ਲਿਆ। ਪਲਾਟ ਦੇ ਇਕ ਖੂੰਜੇ ਵਿਚ ਇੱਟਾਂ ਚਿਣ ਕੇ ਆਰਜ਼ੀ ਜਿਹਾ ਬਾਥਰੂਮ ਤੇ ਕੰਧ ਨਾਲ ਉਵੇਂ ਹੀ ਇੱਟਾਂ ਚਿਣ ਕੇ, ਉਤੇ ਟੀਨ ਪਾ ਕੇ, ਰਸੋਈ ਛੱਤ ਲਈ। ਸਾਡੇ ਘਰ ਦੁਆਲੇ ਖਾਲੀ ਟਿੱਬਿਆਂ ਵਿਚ ਘਾਹ ਫੂਸ, ਅੱਕ, ਸਰਕੜਾ ਅਤੇ ਬੇਰੀਆਂ ਦੀ ਭਰਮਾਰ ਸੀ ਜਿਥੇ ਸਾਰੀ ਸਾਰੀ ਰਾਤ ਗਿੱਦੜ ਹੁਆਂਕਦੇ ਰਹਿੰਦੇ। ਬਾਹਰ ਅੰਦਰ ਜਾਣ ਲਈ ਨਲਕੇ ਲਾਗੇ ਬੋਤਲ ਪਈ ਰਹਿੰਦੀ। ਬੇਬੇ ਹਰ ਹਫ਼ਤੇ ਗੋਹੇ ਮਿੱਟੀ ਨਾਲ ਵਿਹੜੇ ਅਤੇ ਕਮਰਿਆਂ ਦਾ ਕੱਚਾ ਫਰਸ਼ ਲਿੱਪ ਦਿੰਦੀ। ਸੋ, ਘਰ ਦੇ ਸਟੈਂਡਰਡ ਕਰ ਕੇ ਵੀ ਮੰਗਣਾ ਟੁੱਟਣ ਦਾ ਖ਼ਤਰਾ ਮੇਰੇ ਸਿਰ ਮੰਡਰਾਉਣ ਲੱਗਾ ਸੀ। ਮੈਂ ਆਪਣੇ ਵਿਚੋਲੇ ਬਾਲਕ ਰਾਮ ਪੋਸਟਮੈਨ ਨੂੰ ਕਿਹਾ ਕਿ ਉਹ ਅਸਰ ਰਸੂਖ ਵਾਲੇ ਦੋ ਚਾਰ ਬੰਦਿਆਂ ਨੂੰ ਵਿਚ ਪਾਵੇ ਅਤੇ ਬੈਨੀ ਪ੍ਰਸ਼ਾਦ ਹੈਡਮਾਸਟਰ ਨੂੰ ਸਮਰਾਲੇ ਜਾ ਕੇ ਮਿਲੇ। ਨਾਲ ਇਹ ਜ਼ਰੂਰ ਕਹਿ ਦੇਵੇ ਕਿ ਅਸੀਂ ਕੋਈ ਦਾਜ ਵਗੈਰਾ ਨਹੀਂ ਚਾਹੁੰਦੇ, ਬੱਸ ਤਿੰਨ ਕੱਪੜਿਆਂ ਵਿਚ ਕੁੜੀ ਤੋਰ ਦੇਣ ਪਰ ਬੈਨੀ ਪ੍ਰਸ਼ਾਦ ਜੀ ਨੇ ਮੈਨੂੰ ਆਪਣੇ ਘਰ ਹੀ ਬੁਲਾ ਲਿਆ। ਮੇਰੇ ਸੱਸ, ਸਹੁਰਾ, ਸਾਲਾ, ਸਾਲੀਆਂ-ਸਾਰਾ ਮੁਲਖ 'ਕੱਠਾ ਕੀਤਾ ਹੋਇਆ। ਮੇਰਾ ਤਾਂ ਦੇਖ ਦੇਖ ਮੂੰਹ ਉਡਦਾ ਜਾਵੇ।

"ਕਿਉਂ ਕਾਕਾ, ਤੂੰ ਪ੍ਰੋਫੈਸਰੀ ਛੱਡ ਕੇ ਮਾਸਟਰੀ ਕਾਹਤੋਂ ਲੈ ਲਈ? ਮਾਸਟਰ ਨਾਲ ਤਾਂ ਅਸੀਂ ਕੁੜੀ ਨਹੀਂ ਸੀ ਵਿਆਹੁਣੀ।"

"ਜੀ ਐਥੇ ਮੈਂ ਆਪਣੇ ਲੋਕਾਂ 'ਚ ਆ ਗਿਆ ਹਾਂ। ਉਹ ਤਾਂ ਪਰਾਇਆ ਮੁਲਖ਼ ਸੀ। ਮੈਂ ਐਮ.ਐਸਸੀ. ਬੀ.ਐਡ. ਤਕ ਪੜ੍ਹਿਆ ਹੋਇਆਂ। ਟਿਊਸ਼ਨਾਂ ਕਰ ਲਵਾਂਗਾ। ਇਕਬਾਲ ਬੀ.ਏ. ਤਾਂ ਹੈ ਹੀ। ਐਮ.ਏ. ਬੀ.ਐਡ. ਤਕ ਪੜ੍ਹਾਵਾਂਗਾ ਇਸ ਨੂੰ। ਨਾਲੇ ਲੈਕਚਰਾਰ ਤਾਂ ਮੈਂ ਦੋ ਚਾਰ ਸਾਲਾਂ ਵਿਚ ਹੀ ਪਰਮੋਟ ਹੋ ਜਾਣਾ ਏ। ਵਰਮਾ ਜੀ, ਤੁਸੀਂ ਤਾਂ ਆਪ ਮੇਰੇ ਮਹਿਕਮੇ ਵਿਚ ਅਫ਼ਸਰ ਹੋ।" ਮੈਂ ਕਿਹਾ।

"ਗੱਲ ਤਾਂ ਤੇਰੀ ਠੀਕ ਏ ਪਰ ਸਾਡੀ ਕੁੜੀ ਮੰਨੇ ਤਾਂ ਏ। ਅਸੀਂ ਸਲਾਹ ਕਰ ਕੇ ਦੱਸਾਂਗੇ।"

ਮੈਂ ਉਠ ਆਇਆ। ਸਮਰਾਲੇ ਅੱਡੇ ਦੇ ਕੋਲ ਠੇਕਾ ਸੀ। ਮੈਂ ਪਊਆ ਲਾ ਲਿਆ। ਸਲਾਹ ਕਰ ਕੇ ਦੱਸਣ ਦਾ ਮਤਲਬ ਸੀ, ਕੋਰਾ ਜਵਾਬ। ਮੈਨੂੰ ਅਹਿਸਾਸ ਹੋਣ ਲੱਗਾ ਕਿ ਨੌਕਰੀ ਛੱਡ ਕੇ ਮੈਂ ਬਹੁਤ ਵੱਡੀ ਗਲਤੀ ਕਰ ਬੈਠਾ ਸਾਂ। ਘਰ ਦੇ ਹੇਜ ਨੇ ਮਾਰ ਲਿਆ ਮੈਨੂੰ। ਘਰ ਪਹੁੰਚ ਕੇ ਮੈਂ ਇਕਬਾਲ ਨੂੰ ਬਹੁਤ ਵੱਡਾ ਖ਼ਤ ਲਿਖਿਆ। ਬੜੀਆਂ ਦਲੀਲਾਂ ਦਿੱਤੀਆਂ। ਮਿਲ ਕੇ ਸ਼ਾਨਦਾਰ ਜੀਵਨ ਬਿਤਾਉਣ ਦਾ ਸਬਜ਼ਬਾਗ ਦਿਖਾਇਆ। ਉਸ ਦੀ ਸਹੇਲੀ ਰਵਿੰਦਰ ਨੂੰ ਵੀ ਖ਼ਤ ਲਿਖਿਆ। ਖ਼ਤਾਂ ਵਿਚ ਸ਼ਾਇਰੋ-ਸ਼ਾਇਰੀ ਵੀ ਘੋਟੀ। ਖ਼ੈਰ, ਕੁਝ ਚੂੰਚਰਾਂ ਦੇ ਬਾਵਜੂਦ ਸਾਡਾ ਵਿਆਹ 11 ਮਈ 1972 ਨੂੰ ਸਿਰੇ ਚੜ੍ਹ ਗਿਆ।

ਇਕਬਾਲ ਸਾਡੇ ਵਰਗੇ ਹੀ ਪਰਿਵਾਰ ਵਿਚੋਂ ਆਈ ਸੀ, ਸੋ ਟਿਕ ਗਈ ਅਤੇ ਅਡਜਸਟ ਕਰ ਗਈ। ਉਹ ਬਾਕੀ ਸਭ ਕੁਝ ਤਾਂ ਹਜ਼ਮ ਕਰ ਗਈ, ਪਰ ਵਿੰਗੀ-ਟੇਢੀ ਰਸੋਈ ਉਸ ਨੂੰ ਬਹੁਤ ਚੁਭਿਆ ਕਰੇ। ਇਕ ਦੋ ਵਾਰੀ ਉਹਨੇ ਇਹਨੂੰ ਢਾਹ ਕੇ ਵਧੀਆ ਰਸੋਈ ਪਾਉਣ ਲਈ ਆਖਿਆ ਵੀ, ਪਰ ਮੈਂ ਗੱਲ ਆਈ-ਗਈ ਕਰ ਗਿਆ। ਹੁਣੇ ਤਾਂ ਮੈਂ ਵਿਆਹ ਉਤੇ ਦੋ ਢਾਈ ਹਜ਼ਾਰ ਰੁਪਏ ਖ਼ਰਚ ਕੇ ਹਟਿਆ ਸਾਂ। ਟੇਬਲ ਫੈਨ, ਪਲੰਘ ਤੇ ਕੁਝ ਭਾਂਡੇ ਟੀਂਡੇ ਹੋਰ ਖਰੀਦਣੇ ਪਏ ਸਨ। ਹੋਰ ਖਰਚਾ ਕਿਥੋਂ ਕਰਦਾ? ਉਧਾਰ ਚੁੱਕੀ ਰਕਮ ਦੀ ਕਿਸ਼ਤ ਹੀ ਸਾਹ ਨਹੀਂ ਸੀ ਲੈਣ ਦਿੰਦੀ, ਜੋ ਇਕਬਾਲ ਤੋਂ ਛੁਪਾ ਕੇ ਦੇਣੀ ਪੈਣੀ ਸੀ। ਬੱਸ ਅੱਜ ਕੱਲ੍ਹ ਕਰ ਕੇ ਕਾਫ਼ੀ ਦਿਨ ਟਾਲਦਾ ਰਿਹਾ।

ਇਕ ਦਿਨ ਜਦੋਂ ਮੈਂ ਡਿਊਟੀ ਤੋਂ ਪਰਤਿਆ ਤਾਂ ਵਿਹੜੇ ਵਿਚੋਂ ਰਸੋਈ ਗਾਇਬ ਸੀ। ਇੱਟਾਂ ਇਕ ਪਾਸੇ ਚਿਣੀਆਂ ਪਈਆਂ ਸਨ ਤੇ ਛੱਤ ਵਾਲਾ ਟੀਨ ਕੰਧ ਨਾਲ ਖੜ੍ਹਾ ਸੀ। ਚੱਕਵੇਂ ਚੁੱਲ੍ਹੇ 'ਤੇ ਕੁਝ ਰਿੱਝ ਰਿਹਾ ਸੀ ਤੇ ਇਕਬਾਲ ਡੇਕ ਥੱਲੇ ਵਿਹੜੇ ਵਿਚ ਸੁੱਤੀ ਪਈ ਸੀ। ਉਹ ਉਠੀ ਤੇ ਨਲਕਾ ਗੇੜ ਕੇ ਪਾਣੀ ਦਾ ਗਿਲਾਸ ਲੈ ਆਈ।

"ਰਸੋਈ ਕਿੱਥੇ ਗਈ?" ਮੈਂ ਪੁੱਛਿਆ।

"ਜਹੱਨਮ ਵਿਚ।" ਉਹ ਅੰਗੜਾਈ ਲੈਂਦੀ ਬੋਲੀ ਤੇ ਦੰਦੀਆਂ ਕੱਢਣ ਲੱਗੀ। ਮੈਨੂੰ ਉਸ ਦਾ ਹਾਸਾ ਬੁਰਾ ਲੱਗਾ।

"ਦੰਦੀਆਂ ਕੀ ਕੱਢਦੀ ਏਂ? ਤੈਨੂੰ ਕਿਹੜੇ ਕੰਜਰ ਨੇ ਕਿਹਾ ਤੀ, ਰਸੋਈ ਢਾਹੁਣ ਨੂੰ?"

"ਕਿਉਂ, ਪੁੱਛਣਾ ਜ਼ਰੂਰੀ ਏ? ਮੇਰਾ ਘਰ ਏ, ਜੋ ਮਰਜ਼ੀ ਕਰਾਂ", ਉਹ ਫਿਰ ਹੱਸੀ। ਮੈਂ ਆਪੇ ਤੋਂ ਬਾਹਰ ਹੋ ਗਿਆ ਤੇ ਉਸ ਨੂੰ ਮਾਰਨ ਲਈ ਆਪਣਾ ਹੱਥ ਉਪਰ ਚੁੱਕਿਆ। ਉਹ ਪਿੱਛੇ ਹਟਦੀ ਬੋਲੀ, "ਮਾਰਿਓ ਨਾ, ਮਹਿੰਗਾ ਪਊ। ਮੈਂ ਦੌੜ ਜੂੰ ਘਰੋਂ ਤੇ ਮੁੜ ਕੇ ਕਦੀ ਨਹੀਂ ਆਉਂਦੀ।" ਪਰ ਮੈਂ ਅੱਗੇ ਵਧ ਕੇ ਇਕ ਥੱਪੜ ਮਾਰ ਹੀ ਦਿੱਤਾ। ਉਹ ਬਿਨਾਂ ਬੋਲੇ ਆਰਾਮ ਨਾਲ ਅੰਦਰ ਜਾ ਵੜੀ। ਮੈਂ ਮੰਜੇ 'ਤੇ ਬੈਠ ਅਖ਼ਬਾਰ ਪੜ੍ਹਨ ਲੱਗ ਪਿਆ। ਉਹ ਬਾਹਰ ਆਈ ਤੇ ਨਲਕੇ ਕੋਲ ਪਏ ਚੱਕੀ ਦੇ ਪੁੜ 'ਤੇ ਬੈਠ ਸਾਬਣ ਨਾਲ ਹੱਥ ਮੂੰਹ ਧੋਤੇ, ਅੱਡੀਆਂ ਕੂਚੀਆਂ। ਅੰਦਰ ਜਾ ਕੇ ਕੱਪੜੇ ਬਦਲੇ, ਵਾਲ ਵਾਹੇ। ਸੁਰਖੀ ਬਿੰਦੀ ਲਾਈ, ਗਹਿਣੇ ਪਾਏ। ਫਿਰ ਉਚੀ ਅੱਡੀ ਦੇ ਸੈਂਡਲ ਪਾਈ, ਅਟੈਚੀ ਚੁੱਕੀ ਮੇਰੇ ਕੋਲੋਂ ਲੰਘਣ ਲੱਗੀ।

"ਹੁਣ ਕਿੱਥੇ ਚੱਲੀ ਏਂ?" ਮੈਂ ਪੁੱਛਿਆ।

"ਜਹਨਮ ਵਿਚ।" ਉਹ ਤੁਣਕ ਕੇ ਬੋਲੀ ਤੇ ਗੇਟ ਮੂਹਰੇ ਲਾਈ ਟੀਨ ਪਰ੍ਹਾਂ ਖਿੱਚ ਬਾਹਰ ਨਿਕਲ ਗਈ। ਮੈਂ ਮੰਜੀ 'ਤੇ ਲੇਟ ਬਾਂਹ ਨਾਲ ਅੱਖਾਂ ਢਕ ਲਈਆਂ। ਤਦੇ ਬੇਬੇ ਗੋਹੇ ਦਾ ਤਸਲਾ ਚੁੱਕੀ ਅੰਦਰ ਆ ਵੜੀ। ਉਸ ਨੇ ਤਸਲਾ ਮਿੱਟੀ ਲਾਗੇ ਉਲਟਾਇਆ ਤੇ ਨਲਕੇ ਹੇਠ ਧੋ ਕੇ ਇਕ ਪਾਸੇ ਰੱਖ ਦਿੱਤਾ। ਫਿਰ ਦੋਹਾਂ ਕਮਰਿਆਂ ਵਿਚ ਗੇੜਾ ਦੇ ਕੇ ਮੇਰੇ ਕੋਲ ਆਉਂਦੀ ਬੋਲੀ, "ਬਹੂ?"

"ਗਈ", ਮੈਂ ਕਿਹਾ।

"ਕਿੱਥੇ?" ਉਸ ਨੇ ਪੁੱਛਿਆ।



*ਗੁਰਦਿਆਲ ਦਲਾਲ ਦਾ ਪੁੱਤਰ ਕਰਨਵਿੰਦਰ, ਮਾਤਾ ਸ੍ਰੀਮਤੀ ਹੁਕਮ ਦੇਵੀ ਅਤੇ ਪਤਨੀ ਇਕਬਾਲ-ਸੰਨ 2001 ਦੀ ਇਕ ਤਸਵੀਰ ਵਿਚ*

"ਜਹੱਨਮ ਵਿਚ", ਮੈਂ ਖਿਝ ਕੇ ਕਿਹਾ।

"ਫੇਰ ਵੀ ਗੱਲ ਕੀ ਹੋਈ?"

"ਰਸੋਈ ਢਾਹ'ਤੀ ਸੀ ਸਾਲੀ ਨੇ, ਮੈਂ ਖੜਕਾ'ਤੀ।"

"ਵੇ ਢੈ ਜਾਣਿਆਂ, ਰਸੋਈ ਤਾਂ ਉਹਨੇ ਮੈਥੋਂ ਪੁੱਛ ਕੇ ਢਾਈ ਤੀ। ਜਾਹ ਦਫ਼ਾ ਹੋਣਿਆਂ, ਲਿਆ ਮੋੜ ਕੇ ਉਹਨੂੰ। ਕਿਸੇ ਖੂਹ ਖਾਤੇ ਜਾ ਮਰੂ। ਬੰਨ੍ਹਊ ਸਾਰਿਆਂ ਨੂੰ। ਜੱਗ ਹਸਾਈ ਹੋਊ ਟੁੱਟ ਪੈਣਿਆਂ।" ਬੇਬੇ ਬੋਲਣ ਤੋਂ ਨਾ ਹਟੀ ਤਾਂ ਮੈਂ ਸਾਇਕਲ ਚੁੱਕ ਕੇ ਪੋਸਟ ਆਫਿਸ ਕੋਲ ਚਲਾ ਗਿਆ ਜਿਥੋਂ ਸਮਰਾਲੇ ਨੂੰ ਭੂੰਡ (ਟੈਂਪੂ) ਚਲਦਾ ਸੀ। ਉਹ ਭੂੰਡ ਵਿਚ ਬੈਠੀ ਤੀਵੀਆਂ ਨਾਲ ਹੱਸ ਹੱਸ ਗੱਲਾਂ ਕਰ ਰਹੀ ਸੀ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਮੈਨੂੰ ਉਸ ਦੇ ਢੀਠਪੁਣੇ 'ਤੇ ਗੁੱਸਾ ਚੜ੍ਹਿਆ ਤੇ ਮੈਂ ਕਾਫੀ ਦੇਰ ਇਧਰ ਉਧਰ ਘੁੰਮਣ ਮਗਰੋਂ ਨਹਿਰ 'ਤੇ ਜਾ ਬੈਠਾ।

ਦੋ ਕੁ ਘੰਟੇ ਮਗਰੋਂ ਵਾਪਸ ਘਰ ਪੁੱਜਾ ਤਾਂ ਬੇਬੇ ਫੇਰ ਗਾਲ੍ਹਾਂ ਕੱਢਣ ਲੱਗ ਪਈ। ਸਭ ਬੁੜ੍ਹੀਆਂ ਆਪਣੀਆਂ ਨੂੰਹਾਂ ਨਾਲ ਲੜਦੀਆਂ ਸਨ, ਆਪਣੇ ਕੰਟਰੋਲ ਵਿਚ ਰੱਖਦੀਆਂ ਸਨ। ਇਕ ਸਾਡੀ ਬੁੜ੍ਹੀ ਸੀ ਕਿ ਹਮੇਸ਼ਾ ਮੇਰੇ ਵਿਚ ਹੀ ਕਸੂਰ ਕੱਢਦੀ।

"ਵੇ ਜੇ ਉਹ ਨਾ ਆਈ, ਪੇਕੀਂ ਜਾ ਕੇ ਬੈਠ ਗਈ, ਆਪਣਾ ਕੀ ਬਣੂੰਗਾ?" ਉਹ ਬੋਲੀ।

"ਮੇਰਾ ਫ਼ਿਕਰ ਨਾ ਕਰ ਬੁੜ੍ਹੀਏ। ਬਥੇਰੇ ਸਾਲ ਰੋਟੀਆਂ ਆਪ ਹੀ ਥੱਪੀਆਂ ਨੇ ਮੈਂ ਤਾਂ। ਤੂੰ ਆਪ ਤੁਰ ਜਾ। ਫੌਜੀ ਕੋਲ ਜਾਹ, ਚਾਹੇ ਦਿੱਲੀ ਆਲੇ ਕੋਲ, ਚਾਹੇ ਪਟਿਆਲੇ। ਮੇਰੀ ਜਾਨ ਛੱਡ।" ਮੈਂ ਗੁੱਸੇ ਨਾਲ ਕਿਹਾ।

"ਦੂਰ ਫਿੱਟੇ ਮੂੰਹ ਤੇਰਾ ਇਹੋ ਜਿਹੇ ਦਾ। ਔਰਤ 'ਤੇ ਹੱਥ ਚੁੱਕਦੈਂ ਕੰਜਰਾ। ਤੈਨੂੰ ਸ਼ਰਮ-ਹਿਆ ਹੈ ਭੋਰਾ?" ਉਹ ਕੜਕੀ।

ਪਤਾ ਨਹੀਂ, ਮੇਰੇ ਦਿਮਾਗ ਵਿਚ ਕਿੱਥੋਂ ਬਿਜਲੀ ਜਿਹੀ ਚਮਕੀ। ਭੰਗੂ ਗਿਆਨੀ ਜੀ ਕਿਹਾ ਕਰਦੇ ਸਨ, "ਔਰਤ ਉਤੇ ਕਦੀ ਹੱਥ ਨਹੀਂ ਚੁੱਕਣਾ ਚਾਹੀਦਾ। ਭੁਚਾਲ ਆ ਜਾਂਦਾ ਏ।"

ਬੇਬੇ ਨੇ ਨਾ ਰੋਟੀ ਬਾਰੇ ਪੁੱਛਿਆ ਤੇ ਨਾ ਮੈਂ ਖਾਧੀ। ਇਹ ਕੀ ਕਰ ਬੈਠਾ ਸਾਂ ਮੈਂ?

"ਬਾਲਕ ਰਾਮ ਨੂੰ ਮਿਲ ਕੇ ਕੋਈ ਹੱਲ ਕੱਢ ਚੰਦਰਿਆ। ਨਹੀਂ ਤਾਂ ਫਿਰੇਂਗਾ ਸਾਰੀ ਉਮਰ ਡੰਡੇ ਵਜਾਉਂਦਾ।" ਬੇਬੇ ਕਹਿਣ ਲੱਗੀ। ਮੈਂ ਸਾਇਕਲ ਚੁੱਕ ਬਾਲਕ ਰਾਮ ਨੂੰ ਮਿਲਣ ਬਰਮਾਲੀਪੁਰ ਚਲਾ ਗਿਆ। ਅੱਗੇ ਮੇਰੀ ਸੱਸ ਪਹਿਲਾਂ ਹੀ ਉਸ ਕੋਲ ਆਈ ਬੈਠੀ। ਮੈਨੂੰ ਦੇਖ ਕੇ ਉਹ ਬੋਲਣ ਲੱਗੀ, "ਤੂੰ ਬਾਲਕ ਰਾਮਾ, ਕੁੜੀ ਖੂਹ ਵਿਚ ਸੁਟਵਾ ਦਿੱਤੀ। ਮੇਰੀਆਂ ਪੰਜੇ ਧੀਆਂ ਸੁਖੀ ਵਸਦੀਆਂ ਨੇ। ਤੂੰ ਕਿਹੋ ਜਿਹੇ ਜਾਹਲ ਬੰਦਿਆਂ ਕੋਲ ਸਾਨੂੰ ਫਸਾ ਦਿੱਤਾ।"

ਸਾਇਕਲ ਸਟੈਂਡ 'ਤੇ ਲਾ ਕੇ ਮੈਂ ਸੱਸ ਸਮੇਤ ਸਾਰਿਆਂ ਦੇ ਪੈਰੀਂ ਹੱਥ ਲਾਇਆ। ਉਹ ਭਰੀ ਪੀਤੀ ਬੈਠੀ ਰਹੀ। ਨਾ ਬੋਲੀ, ਨਾ ਸਿਰ ਪਲੋਸਿਆ। ਮੈਂ ਆਪਣੀ ਸਫਾਈ ਦਿੱਤੀ ਤਾਂ ਮੇਰਾ ਰੋਣ ਨਿਕਲ ਗਿਆ। ਬਾਲਕ ਰਾਮ ਨੇ ਦੋਹਾਂ ਧਿਰਾਂ 'ਚ ਕਸੂਰ ਕੱਢ ਦਿੱਤਾ ਤਾਂ ਸੱਸ ਬੋਲੀ, "ਤਾਂ ਫੇਰ ਠੀਕ ਆ ਭਾਈ, ਮੈਂ ਜਾਂਦੀ ਆਂ। ਤੂੰ ਵੀ ਆਪਣੀ ਘਰਵਾਲੀ ਦੇ ਥੱਪੜ ਮਾਰਦਾ ਹੋਵੇਂਗਾ, ਤਾਂ ਹੀ ਹਿਮਾਇਤ ਕਰਦਾ ਏਂ। ਅਸੀਂ ਨੀ ਕੁੜੀ ਭੇਜਣੀ। ਕਹਿ ਦੇ ਜਾ ਕੇ ਪੰਚਾਇਤ ਸੱਦੋ। ਫੈਸਲਾ ਕਰ ਲਉ। ਮੇਰੀ ਧੀ ਵੀ ਨੀ ਰਾਜੀ ਜਾ ਕੇ। ਅਖੇ, ਪ੍ਰੋਫੈਸਰ ਲੱਗਾ ਏ। ਸੁਆਹ ਚੁੱਲ੍ਹਿਆਂ ਦੀ। ਫਸ ਗਏ ਭਾਈ ਅਸੀਂ, ਮਾੜੀ ਘੜੀ ਤੀ। ਸਾਡੀ ਕੁੜੀ ਸਿੱਟੀ ਹੋਈ ਨੀ ਬਈ ਥੱਪੜ ਖਾਵੇ।"

ਉਸ ਦੀ ਗੱਲ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ। ਮੈਂ ਘਬਰਾ ਕੇ ਕਿਹਾ, "ਬੀ ਜੀ, ਚੱਲ ਉਹ ਆਪਣੀ ਗਲਤੀ ਮੰਨ ਲਵੇ। ਗਲਤੀ ਤਾਂ ਮੈਥੋਂ ਵੀ ਹੋ ਗਈ। ਮੈਂ ਅੱਗੇ ਤੋਂ ਨਹੀਂ ਮਾਰਾਂਗਾ। ਫੇਰ ਵੀ ਤੁਸੀਂ ਉਸ ਨੂੰ ਸਮਝਾਉ ਤਾਂ ਸਹੀ। ਅੱਜ ਰਸੋਈ ਢਾਹੀ ਏ, ਕੱਲ੍ਹ ਮਕਾਨ ਢਾਹੂ।"

"ਦੇਖ ਖਾਂ, ਕੀ ਕਰਦਾ ਏ, ਵੱਡੀਆਂ ਹਵੇਲੀਆਂ ਵਾਲਾ। ਘਰ ਨੂੰ ਹੁਣ ਤਕ ਗੇਟ ਤਾਂ ਲੱਗਿਆ ਨ੍ਹੀਂ।" ਸੱਸ ਬੋਲੀ ਤਾਂ ਬਾਲਕ ਰਾਮ ਨੇ ਕਿਹਾ, "ਇਉਂ ਨਾ ਬੋਲੋ ਤੁਸੀਂ। ਫੇਰ ਵੀ ਜੁਆਈ-ਭਾਈ ਏ। ਕੁੜੀ ਨੂੰ ਵੀ ਸਮਝਾਉ। ਘਰ ਬੈਠੀ ਧੀ ਦਾ ਕਿਤੇ ਘੱਟ ਦੁੱਖ ਹੁੰਦਾ ਏ। ਨਾਲੇ ਤੂੰ ਮੁੰਡਿਆਂ ਸੁਣ ਲੈ ਕੰਨ ਖੋਲ੍ਹ ਕੇ। ਖ਼ਬਰਦਾਰ, ਜੇ ਅੱਗੇ ਤੋਂ ਹੱਥ ਚੁੱਕਿਆ ਏ ਕੁੜੀ 'ਤੇ।"

"ਜੀ ਨਹੀਂ ਚੁੱਕਦਾ।" ਮੈਂ ਕਿਹਾ ਤਾਂ ਸੱਸ ਕੁਝ ਢੈਲੀ ਹੋਈ ਤੇ ਘਰ ਨੂੰ ਵਾਪਸ ਜਾਣ ਲਈ ਉਠੀ।

"ਫੇਰ ਹੁਣ ਕੀ ਸੋਚਿਆ?" ਬਾਲਕ ਰਾਮ ਨੇ ਮੇਰੀ ਸੱਸ ਨੂੰ ਕਿਹਾ।

"ਮੈਂ ਆਪਣੇ ਭਰਾ ਬੈਨੀ ਨਾਲ ਗੱਲ ਕਰਾਂਗੀ। ਫੇਰ ਦੱਸਾਂਗੀ।" ਉਹ ਘਰੋਂ ਬਾਹਰ ਨਿਕਲ ਗਈ।

ਗਲੀ ਵਿਚ ਤੁਰੀ ਜਾਂਦੀ ਕੋਲ ਮੈਂ ਸਾਇਕਲ ਰੋਕ ਲਿਆ ਤੇ ਕਿਹਾ, "ਬੀ ਜੀ ਬੈਠੋ ਪਿੱਛੇ। ਮੈਂ ਤੁਹਾਨੂੰ ਬੀਜੇ ਛੱਡ ਆਵਾਂਗਾ।"

"ਮੈਂ ਨਹੀਂ ਬੈਠਣਾ। ਜਾਹ ਤੂੰ ਗਾਹਾਂ।" ਉਹ ਮੇਰੇ ਕੋਲੋਂ ਲੰਘ ਗਈ।

ਉਸ ਕੋਲੋਂ ਅੱਗੇ ਲੰਘ ਮੈਂ ਫੇਰ ਰੁਕ ਗਿਆ। ਜਦੋਂ ਫਿਰ ਮੇਰੇ ਕੋਲ ਪੁੱਜੀ ਮੈਂ ਕਿਹਾ, "ਬੀ ਜੀ ਤੁਹਾਡੇ ਨਾਲ ਤਾਂ ਮੇਰੀ ਕੋਈ ਲੜਾਈ ਨਹੀਂ ਹੋਈ। ਮੈਨੂੰ ਐਨਾ ਤਾਂ ਨਾ ਦੁਰਕਾਰੋ। ਤੁਸੀਂ ਤਾਂ ਮੈਨੂੰ ਐਨਾ ਪਿਆਰ ਕਰਦੇ ਸੀ, ਤਾਂ ਕੀ ਉਹ ਝੂਠਾ ਸੀ?"

"ਚੰਗਾ ਚੱਲ।" ਕਹਿੰਦੀ ਉਹ ਮੇਰੇ ਸਾਇਕਲ ਪਿੱਛੇ ਬੈਠ ਗਈ। ਮੈਂ ਬੜੀ ਤੇਜ਼ ਸਾਇਕਲ ਚਲਾ ਕੇ ਬੀਜੇ ਪਹੁੰਚ ਗਿਆ। ਉਥੇ ਸਮਰਾਲੇ ਜਾਣ ਵਾਲਾ ਭੂੰਡ ਖੜ੍ਹਾ ਸੀ। ਬੀਬੀ ਭੂੰਡ ਦੀ ਅਗਲੀ ਸੀਟ 'ਤੇ ਬੈਠ ਗਈ। ਮੈਂ ਸਾਇਕਲ ਸਟੈਂਡ 'ਤੇ ਲਾ ਕੇ ਉਸ ਕੋਲ ਜਾ ਖੜ੍ਹਿਆ। ਉਹ ਬੋਲੀ, "ਤੂੰ ਜਾਹ ਹੁਣ ਘਰ।"

"ਬੀ ਜੀ ਮੈਨੂੰ ਮਾਫ਼ ਕਰ ਦਿਉ। ਮੈਂ ਤੁਹਾਡਾ ਪੁੱਤ ਹਾਂ। ਮਾਂ ਪੁੱਤ ਨੂੰ ਮਾਫ਼ ਨਹੀਂ ਕਰਦੀ ਹੁੰਦੀ?" ਮੈਂ ਰੋਂਦਿਆਂ ਕਿਹਾ।

ਉਹ ਵੀ ਅੱਖਾਂ ਭਰ ਆਈ ਤੇ ਟੈਂਪੂ ਵਿਚੋਂ ਬਾਹਰ ਨਿਕਲ ਕੇ ਮੇਰਾ ਸਿਰ ਆਪਣੀ ਛਾਤੀ ਨਾਲ ਲਾਉਂਦੀ ਬੋਲੀ, "ਫੁੱਲਾਂ ਵਾਂਗ ਪਾਲੀ ਹੋਈ ਧੀ ਦਿੱਤੀ ਏ ਤੈਨੂੰ।"

ਮੈਂ ਉਸ ਦੇ ਪੈਰਾਂ ਨੂੰ ਹੱਥ ਲਾਇਆ ਤਾਂ ਉਸ ਨੇ ਮੇਰਾ ਸਿਰ ਪਲੋਸਿਆ ਤੇ ਬੋਲੀ, "ਜਿਉਂਦਾ ਰਹਿ।"

ਮੈਂ ਸਾਇਕਲ ਚੁੱਕ ਕੇ ਦੋਰਾਹੇ ਨੂੰ ਹਵਾ ਹੋ ਲਿਆ।

ਬੀ ਜੀ ਅਗਲੇ ਦਿਨ ਇਕਬਾਲ ਨੂੰ ਦੋਰਾਹੇ ਛੱਡ ਗਈ। ਉਹ ਘੁੱਟਵੀਂ ਜਿਹੀ ਸਲੈਕਸ ਪਾਈ ਮੇਰੇ ਕੋਲੋਂ ਅੰਦਰ ਲੰਘ ਗਈ। ਸੱਸ ਦੇ ਜਾਣ ਮਗਰੋਂ ਮੈਂ ਅੰਦਰ ਉਸ ਕੋਲ ਜਾ ਬੈਠਿਆ ਤੇ ਕਿਹਾ, "ਤੂੰ ਤਾਂ ਐਵੇਂ ਨਾਰਾਜ਼ ਹੋ ਕੇ ਦੌੜ ਗਈ। ਮੈਂ ਤਾਂ ਹਾਸੇ 'ਚ ਮਾਰਿਆ ਸੀ। ਤੈਨੂੰ ਤਾਂ ਮੈਂ ਸਾਰੀ ਉਮਰ ਫੁੱਲਾਂ ਦੀ ਤਰ੍ਹਾਂ ਰੱਖਣਾ ਏਂ। ਤੈਥੋਂ ਬਿਨਾਂ ਮੇਰਾ ਹੈ ਕੌਣ? ਚੱਲ, ਛੱਡ ਹੁਣ ਗੁੱਸੇ ਨੂੰ। ਇਉਂ ਦੱਸ ਅੱਜ ਧਰਨਾ ਕੀ ਏ?"

"ਮੇਰਾ ਸਿਰ ਧਰ ਲਵੋ।" ਉਹ ਅੱਖਾਂ ਭਰਦੀ ਬੋਲੀ। ਮੈਂ ਉਸ ਦੇ ਹੰਝੂਆਂ ਵੱਲ ਦੇਖਦਿਆਂ ਮਨ ਹੀ ਮਨ ਫ਼ੈਸਲਾ ਕੀਤਾ ਕਿ ਇਸ ਨੂੰ ਸਾਰੀ ਉਮਰ ਕੁਝ ਨਹੀਂ ਕਹਾਂਗਾ।

**(ਚਲਦਾ)**

## ਗਜ਼ਲ

ਨੈਣਾਂ ਵਿਚਲੇ ਹੰਝੂਆਂ ਦੇ ਜੋ ਨਦੀ ਕਿਨਾਰੇ।
ਮੈਂ ਉਡੀਕਾਂ ਚੰਨ ਵੀ ਡੁੱਬਾ, ਡੁੱਬੇ ਤਾਰੇ।
ਹੁਸਨ ਜਵਾਨੀ ਤੇਰੀ ਵਾਂਗ ਸਮੁੰਦਰ ਹੈ,
ਇਕ ਬੂੰਦ ਹੀ ਅੰਮ੍ਰਿਤ ਦੇ ਦੇ, ਖੜ੍ਹਾ ਦਵਾਰੇ।
ਜਿਹੜੇ ਆਪਣੀ ਖੈਰ ਸੁੱਖ ਦੇ ਖਬਰੀ ਸਨ,
ਇਕ ਇਕ ਕਰਕੇ ਛੱਡਗੇ ਕਾਸਦ ਤੇ ਵਣਜਾਰੇ।
ਮਿੱਠੀ ਜੇਲ੍ਹ 'ਚ ਕੈਦੀ ਬਣ ਰੋਵਾਂ ਤੇ ਕੁਰਲਾਵਾਂ,
ਅਮਰੀਕਾ ਦਾ ਜ਼ਾਲਮ ਮੌਸਮ, ਜੰਗਲ ਚੁਫੇਰੇ।
ਜਿਸ ਨੂੰ ਯਾਰ ਬਣਾਇਆ, ਉਸੇ ਕੀਤੀ ਠੱਗੀ,
ਕਿਸ 'ਤੇ ਮੈਂ ਕਰਾਂ ਭਰੋਸਾ ਸਾਰੇ ਬੇਇਤਬਾਰੇ।
ਅੱਥਰੂ ਡਿੱਗੇ ਖਤ, ਜਿਸ 'ਤੇ ਗਜ਼ਲਾਂ ਲਿਖੀਆਂ,
ਖਤ ਦੇਣ ਆਇਆ ਕਾਸਦ ਵੀ ਤਾਅਨੇ ਮਾਰੇ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

ਗੁਰਮਤਿ ਵਿਚਾਰ

# ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਵਿਚ ਅਸੀਂ ਚਰਚਾ ਕੀਤੀ ਸੀ ਕਿ ਉਸ ਅਕਾਲ ਪੁਰਖ ਦੇ ਸਿਮਰਨ ਤੋਂ ਬਿਨਾਂ, ਉਸ ਨੂੰ ਮਨ ਵਿਚ ਵਸਾਏ ਬਿਨਾਂ ਬਾਹਰੀ ਧਾਰਮਿਕ ਭੇਖ ਦਾ ਕੋਈ ਅਰਥ ਨਹੀਂ। ਇਸ ਸਲੋਕ ਵਿਚ ਗੁਰੂ ਨਾਨਕ ਸਾਹਿਬ ਇਸ ਗੱਲ 'ਤੇ ਚਾਨਣਾ ਪਾਉਂਦੇ ਹਨ ਕਿ ਅਕਾਲ ਪੁਰਖ ਦੀ ਬਖਸ਼ਿਸ਼ ਤੋਂ ਬਿਨਾਂ ਹਰ ਤਰ੍ਹਾਂ ਦੀਆਂ ਸਿਆਣਪਾਂ ਵਿਅਰਥ ਹਨ। ਉਸ ਦੀ ਬਖਸ਼ਿਸ਼ ਪਾਉਣ ਲਈ ਉਸ ਦੇ ਨਾਮ ਦਾ ਸਿਮਰਨ ਕਰਨਾ ਹੀ ਸਭ ਤੋਂ ਉਤਮ ਸਾਧਨ ਹੈ। (ਗੁਰਬਾਣੀ ਅਨੁਸਾਰ ਅਕਾਲ ਪੁਰਖ ਦੇ ਨਾਮ ਸਿਮਰਨ ਦਾ ਅਰਥ ਹੈ, ਉਸ ਦੇ ਗੁਣਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਵਸਾਉਣਾ। ਇਸੇ ਲਈ ਬਾਣੀ ਵਿਚ ਕਿਹਾ ਹੈ ਕਿ ਜਿਸ ਕਿਸਮ ਦੇ ਇਸ਼ਟ ਦੀ ਮਨੁੱਖ ਅਰਾਧਨਾ ਕਰਦਾ ਹੈ, ਉਹੋ ਜਿਹਾ ਹੀ ਉਸ ਦਾ ਵਿਅਕਤੀਤਵ ਘੜਿਆ ਜਾਂਦਾ ਹੈ, 'ਜੈਸਾ ਸੇਵੈ ਤੈਸਾ ਹੋਇ॥'

ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਭਾਵੇਂ ਲੱਖ ਨੇਕੀ ਦੇ ਅਤੇ ਚੰਗੇ ਕੰਮ ਕਰ ਲਏ ਜਾਣ, ਲੱਖਾਂ ਧਰਮ ਦੇ ਕੰਮ ਕੀਤੇ ਜਾਣ ਜੋ ਸੰਸਾਰ ਦੀਆਂ ਨਜ਼ਰਾਂ ਵਿਚ ਵੀ ਚੰਗੇ ਸਮਝੇ ਜਾਣ ਅਤੇ ਚੰਗੇ ਹੋਣ ਦਾ ਅਹਿਸਾਸ ਪੈਦਾ ਕਰਨ, ਤੀਰਥਾਂ ਉਤੇ ਜਾ ਕੇ ਤੱਪ-ਸਾਧਨਾ ਕੀਤੀ ਜਾਵੇ, ਜੰਗਲਾਂ ਵਿਚ ਜਾ ਕੇ ਸੁੰਨ ਸਮਾਧੀ ਵਿਚ ਟਿਕ ਕੇ ਜੋਗ-ਸਾਧਨਾ ਕੀਤੀ ਜਾਵੇ, ਮੈਦਾਨਿ-ਜੰਗ ਵਿਚ ਜਾ ਕੇ ਲੱਖਾਂ ਬਹਾਦਰੀ ਦੇ ਕਾਰਨਾਮੇ ਵਿਖਾਏ ਜਾਣ ਅਤੇ ਵੈਰੀ ਦਾ ਸਾਹਮਣਾ ਕਰਦਿਆਂ ਆਪਣੀ ਜਾਨ ਦੇ ਦਿੱਤੀ ਜਾਵੇ, ਲੱਖਾਂ ਢੰਗ-ਤਰੀਕਿਆਂ ਨਾਲ ਆਪਣੀ ਸੁਰਤ ਪੱਕੀ ਕੀਤੀ ਜਾਵੇ, ਗਿਆਨ ਦੀ ਚਰਚਾ ਕੀਤੀ ਜਾਵੇ, ਆਪਣੇ ਮਨ ਨੂੰ ਇਕਾਗਰ ਕਰਨ ਦੇ ਉਪਰਾਲੇ ਕੀਤੇ ਜਾਣ, ਅਣਗਿਣਤ ਵਾਰ ਹੀ ਧਰਮ ਸ਼ਾਸਤਰਾਂ ਜਿਵੇਂ ਪੁਰਾਣ ਆਦਿ ਦਾ ਪਾਠ ਪੜ੍ਹਿਆ ਜਾਵੇ ਪਰ ਇਹ ਸਾਰੀਆਂ ਸਿਆਣਪਾਂ ਵਿਅਰਥ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਦੇ ਦਰਵਾਜ਼ੇ 'ਤੇ ਪ੍ਰਵਾਨ ਹੋਣ ਲਈ ਉਸ ਪਰਮਾਤਮਾ, ਜਿਸ ਨੇ ਇਸ ਸ੍ਰਿਸ਼ਟੀ ਨੂੰ ਸਾਜਿਆ ਹੈ ਅਤੇ ਜੀਵਾਂ ਦਾ ਪੈਦਾ ਹੋਣਾ ਅਤੇ ਸੰਸਾਰ ਤੋਂ ਜਾਣਾ ਨਿਸਚਤ ਕੀਤਾ ਹੈ, ਦੀ ਬਖਸ਼ਿਸ਼ ਨੂੰ ਪ੍ਰਾਪਤ ਕਰਨਾ ਹੀ ਸੱਚਾ ਅਤੇ ਸਹੀ ਪਰਵਾਨਾ ਹੈ। (ਜਿਵੇਂ ਕਿ ਪਹਿਲਾਂ ਦੱਸਿਆ ਹੈ ਉਸ ਦੀ ਕਿਰਪਾ ਦਾ ਪਾਤਰ ਬਣਨ ਲਈ ਉਸ ਦਾ ਸਿਮਰਨ ਜ਼ਰੂਰੀ ਹੈ। ਨਾਮ ਸਿਮਰਨ ਦਾ ਅਰਥ ਹੈ ਉਸ ਦੇ ਗੁਣਾਂ ਨੂੰ ਆਪਣੀ ਸ਼ਖਸੀਅਤ ਦਾ ਹਿੱਸਾ ਬਣਾਉਣਾ ਅਤੇ ਉਨ੍ਹਾਂ ਨੂੰ ਆਪਣੀ ਕਰਨੀ ਰਾਹੀਂ ਪ੍ਰਗਟ ਕਰਨਾ),

ਲਖ ਨੇਕੀਆ ਚੰਗਿਆਈਆ
ਲਖ ਪੁੰਨਾ ਪਰਵਾਣੁ॥
ਲਖ ਤਪ ਉਪਰਿ ਤੀਰਥਾਂ
ਸਹਜ ਜੋਗ ਬੇਬਾਣ॥ (ਪੰਨਾ 467)

ਇਸ ਸਲੋਕ ਤੋਂ ਅੱਗੇ ਅੱਠਵੀਂ ਪਉੜੀ ਵਿਚ ਪਰਮਾਤਮਾ ਨੂੰ ਸੰਬੋਧਨ ਕਰਦਿਆਂ ਇੱਕ ਤਰ੍ਹਾਂ ਨਾਲ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਹੈ ਕਿ ਉਹ ਅਕਾਲ ਪੁਰਖ ਹੀ ਐਸੀ ਹਸਤੀ ਹੈ ਜੋ ਸਭ ਦਾ ਮਾਲਕ ਅਤੇ ਅਡੋਲ ਰਹਿਣ ਵਾਲਾ, ਸਦੀਵੀ ਖੇੜੇ ਵਿਚ ਰਹਿਣ ਵਾਲਾ ਹੈ ਅਤੇ ਆਪਣੀ ਇਸ ਅਡੋਲਤਾ ਅਤੇ ਸਦੀਵੀ ਖੇੜੇ ਦਾ ਗੁਣ ਉਸ ਨੇ ਆਪਣੀ ਸਾਰੀ ਰਚਨਾ ਵਿਚ ਵੀ ਵਰਤਾ ਦਿੱਤਾ ਹੈ। ਇਹ ਅਡੋਲਤਾ ਅਤੇ ਸਦੀਵੀ ਖੇੜੇ ਵਾਲਾ ਗੁਣ ਪ੍ਰਾਪਤ ਉਸ ਨੂੰ ਹੁੰਦਾ ਹੈ, ਜਿਸ ਜੀਵ 'ਤੇ ਪਰਮਾਤਮਾ ਦੀ ਬਖਸ਼ਿਸ਼ ਹੁੰਦੀ ਹੈ। ਜਿਨ੍ਹਾਂ ਜੀਵਾਂ 'ਤੇ ਇਹ ਬਖਸ਼ਿਸ਼ ਹੋ ਜਾਂਦੀ ਹੈ, ਪਰਮਾਤਮਾ ਦੀ ਕਿਰਪਾ ਸਦਕਾ ਸੱਚ ਹੀ ਉਨ੍ਹਾਂ ਦੇ ਅੰਦਰ ਵੱਸਦਾ ਹੈ ਅਤੇ ਸੱਚ ਹੀ ਉਹ ਕਮਾਉਂਦੇ ਹਨ। ਮੂਰਖ ਬੰਦਿਆਂ ਨੂੰ ਇਸ ਸੱਚ ਦੇ ਸਾਰ ਦੀ ਸਮਝ ਨਹੀਂ ਆਉਂਦੀ, ਉਹ ਮਨਮੁੱਖ ਇਸ ਤੋਂ ਸੱਖਣੇ ਰਹਿ ਜਾਂਦੇ ਹਨ ਅਤੇ ਆਪਣਾ ਜਨਮ ਵਿਅਰਥ ਗੁਆ ਲੈਂਦੇ ਹਨ। ਸੰਸਾਰ 'ਤੇ ਜਨਮ ਲੈਣ ਦਾ ਉਨ੍ਹਾਂ ਨੂੰ ਕੋਈ ਲਾਭ ਨਹੀਂ ਹੁੰਦਾ ਸਭ ਕੁਝ ਅਜਾਈਂ ਚਲਾ ਜਾਂਦਾ ਹੈ,

ਸਚਾ ਸਾਹਿਬੁ ਏਕੁ ਤੂੰ
ਜਿਨਿ ਸਚੋ ਸਚੁ ਵਰਤਾਇਆ॥
ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ
ਤਾ ਤਿਨੀ ਸਚੁ ਕਮਾਇਆ॥ (ਪੰਨਾ 467)

ਇਸ ਤੋਂ ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਫਿਰ ਇਸੇ ਤੱਥ 'ਤੇ ਜ਼ੋਰ ਦੇ ਰਹੇ ਹਨ ਕਿ ਕੋਈ ਵੀ ਪ੍ਰਾਪਤੀ ਭਾਵੇਂ ਉਹ ਵਿੱਦਿਆ ਦੀ ਹੀ ਕਿਉਂ ਨਾ ਹੋਵੇ, ਪਰਮਾਤਮਾ ਦੀ ਸਿਫਤਿ-ਸਾਲਾਹ ਤੋਂ ਬਿਨਾਂ ਹਉਮੈ ਨੂੰ ਵਧਾਉਣ ਦਾ ਕਾਰਨ ਤਾਂ ਬਣ ਸਕਦੀ ਹੈ ਪਰ ਪਰਮਾਤਮਾ ਤੱਕ ਪਹੁੰਚਣ ਅਤੇ ਉਸ ਦੇ ਦਰ 'ਤੇ ਕਬੂਲ ਹੋਣ ਵਿਚ ਸਹਾਈ ਨਹੀਂ ਹੁੰਦੀ। ਉਹ ਕਹਿੰਦੇ ਹਨ ਕਿ ਭਾਵੇਂ ਮਨੁੱਖ ਏਨੀਆਂ ਪੋਥੀਆਂ ਪੜ੍ਹ ਲਵੇ ਜਿੰਨੀਆਂ ਗੱਡਿਆਂ ਵਿਚ ਲੱਦੀਆਂ ਜਾ ਸਕਦੀਆਂ ਹੋਣ, ਏਨੀਆਂ ਪੁਸਤਕਾਂ ਪੜ੍ਹ ਲਈਏ ਜਿਨ੍ਹਾਂ ਨਾਲ ਬੇੜੀ ਭਰੀ ਜਾ ਸਕੇ, ਕਈ ਖਾਤੇ ਪੂਰੇ ਜਾ ਸਕਨ, ਜੇ ਪੜ੍ਹ ਪੜ੍ਹ ਕੇ ਸਾਲਾਂ ਦੇ ਸਾਲ ਗੁਜ਼ਾਰੇ ਜਾ ਸਕਣ, ਪੜ੍ਹ ਕੇ ਸਾਲਾਂ ਦੇ ਸਾਰੇ ਮਹੀਨੇ ਗੁਜ਼ਾਰ ਦਿੱਤੇ ਜਾਣ, ਜੇ ਪੜ੍ਹ ਪੜ੍ਹ ਕੇ ਉਮਰ ਦੇ ਸਾਰੇ ਸੁਆਸ ਵੀ ਗੁਜ਼ਾਰ ਦਿੱਤੇ ਜਾਣ ਤਾਂ ਵੀ ਰੱਬ ਦੀ ਦਰਗਾਹ ਵਿਚ ਇਨ੍ਹਾਂ ਵਿਚੋਂ ਕੁਝ ਵੀ ਪ੍ਰਵਾਨ ਨਹੀਂ ਹੁੰਦਾ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਰੱਬ ਦੀ ਦਰਗਾਹ ਵਿਚ ਉਸ ਦੀ ਸਿਫਤਿ-ਸਾਲਾਹ ਹੀ ਕਬੂਲ ਹੁੰਦੀ ਹੈ। ਉਸ ਦੀ ਸਿਫਤਿ-ਸਾਲਾਹ ਤੋਂ ਬਿਨਾਂ ਕੋਈ ਉਦਮ ਕਰਨਾ ਹਉਮੈ ਪੈਦਾ ਕਰਨ ਤੇ ਉਸ ਵਿਚ ਭਟਕਦੇ ਰਹਿਣ ਦਾ ਕਾਰਨ ਹੀ ਬਣਦਾ ਹੈ,

ਪੜਿ ਪੜਿ ਗਡੀ ਲਦੀਅਹਿ
ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ
ਪੜਿ ਪੜਿ ਗਡੀਅਹਿ ਖਾਤ॥ (ਪੰਨਾ 467)

ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਪੋਥੀਆਂ ਪੜ੍ਹਨ ਦੇ ਨਾਲ ਨਾਲ ਹੋਰ ਮੁਹਾਰਤਾਂ ਦੀ ਵੀ ਗੱਲ ਕਰਦੇ ਹਨ ਜੋ ਪਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾਂ ਅਜਾਈਂ ਜਾਂਦੀਆਂ ਹਨ ਅਤੇ ਹਉਮੈ ਨੂੰ ਵਧਾਉਣ ਦਾ ਕਾਰਨ ਬਣਦੀਆਂ ਹਨ। ਗੁਰੂ ਨਾਨਕ ਦੇਵ ਫੁਰਮਾਉਂਦੇ ਹਨ ਕਿ ਜਿੰਨਾ ਕੋਈ ਮਨੁੱਖ ਜ਼ਿਆਦਾ ਪੜ੍ਹਨਾ ਲਿਖਣਾ ਜਾਣਦਾ ਹੈ ਓਨਾ ਹੀ ਉਸ ਨੂੰ ਆਪਣੀ ਵਿੱਦਿਆ ਪ੍ਰਾਪਤੀ ਦਾ ਮਾਣ ਹੋ ਜਾਂਦਾ ਹੈ। ਜਿੰਨਾ ਕੋਈ ਬਹੁਤ ਤੀਰਥਾਂ ਦੀ ਯਾਤਰਾ ਕਰਦਾ ਹੈ, ਓਨਾ ਹੀ ਇਹ ਦੱਸਦਾ ਫਿਰਦਾ ਹੈ ਕਿ ਉਸ ਨੇ ਕਿੰਨੇ ਤੀਰਥਾਂ ਦੀ ਯਾਤਰਾ ਕੀਤੀ ਹੈ ਜੋ ਉਸ ਦੀ ਹਉਮੈ ਨੂੰ ਵਧਾਉਣ ਦਾ ਕਾਰਨ ਬਣਦੀ ਹੈ। ਕਈਆਂ ਨੇ ਬਹੁਤ ਸਾਰੇ ਧਾਰਮਿਕ ਭੇਖ ਧਾਰਨ ਕੀਤੇ ਹੋਏ ਹਨ ਅਰਥਾਤ ਧਾਰਮਿਕ ਚਿੰਨ੍ਹ ਧਾਰਨ ਕੀਤੇ ਹੋਏ ਹਨ ਅਤੇ ਕਈ ਆਪਣੇ ਸਰੀਰ ਨੂੰ ਅਨੇਕ ਕਿਸਮ ਦੀਆਂ ਤਕਲੀਫ਼ਾਂ ਦਿੰਦੇ ਹਨ, ਜਿਸ ਨੂੰ ਇਹੀ ਕਿਹਾ ਜਾ ਸਕਦਾ ਹੈ ਕਿ ਆਪਣੇ ਸਰੀਰ ਨੂੰ ਤੂੰ ਆਪ ਕਸ਼ਟ ਦਿੱਤੇ ਹਨ ਅਤੇ ਇਨ੍ਹਾਂ ਨੂੰ ਸਹਾਰ, ਇਹ ਰੱਬ ਨੂੰ ਪਾਉਣ ਦਾ ਸਾਧਨ ਨਹੀਂ ਹਨ। ਸਰੀਰ ਨੂੰ ਦੁੱਖ ਦੇਣੇ ਰੱਬ ਨੂੰ ਕਬੂਲ ਨਹੀਂ ਹਨ। ਕਈ ਪਰਮਾਤਮਾ ਪ੍ਰਾਪਤੀ ਲਈ ਅੰਨ ਨਹੀਂ ਖਾਂਦੇ ਅਤੇ ਭੋਜਨ ਦੇ ਸੁਆਦ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਤਰ੍ਹਾਂ ਪਰਮਾਤਮਾ ਦੇ ਸਿਮਰਨ ਨੂੰ ਛੱਡ ਕੇ ਜਦੋਂ ਉਹ ਦੂਸਰੇ ਪਾਸੇ ਲੱਗ ਜਾਂਦੇ ਹਨ ਤਾਂ ਉਹ ਆਪਣੀ ਜ਼ਿੰਦਗੀ ਨੂੰ ਔਖਾ ਬਣਾ ਲੈਂਦੇ ਹਨ ਅਤੇ ਦੁੱਖ ਸਹਾਰਦੇ ਹਨ। ਕਈ ਅਜਿਹੇ ਹਨ ਜੋ ਕੱਪੜੇ ਨਹੀਂ ਪਾਉਂਦੇ ਅਤੇ ਦਿਨ ਰਾਤ ਕਸ਼ਟ ਸਹਿੰਦੇ ਹਨ (ਕਪੜੇ ਗਰਮੀ-ਸਰਦੀ ਤੋਂ ਬਚਾਉਂਦੇ ਹਨ)। ਕਈ ਇਕਾਂਤ ਵਿਚ ਰਹਿ ਕੇ ਮੌਨ ਵਰਤ ਰੱਖਦੇ ਹਨ ਅਤੇ ਅਸਲੀ ਰਸਤੇ ਤੋਂ ਖੁੰਝੇ ਹੋਏ ਹਨ।

ਸੋਚਣ ਵਾਲੀ ਗੱਲ ਇਹ ਹੈ ਕਿ ਮਾਇਆ ਦੀ ਨੀਂਦ ਵਿਚ ਸੁੱਤਾ ਹੋਇਆ ਮਨੁੱਖ ਗੁਰੂ ਤੋਂ ਬਿਨਾ ਕਿਵੇਂ ਜਾਗ ਸਕਦਾ ਹੈ? ਕਈ ਪੈਰਾਂ ਤੋਂ ਨੰਗੇ ਫਿਰਦੇ ਹਨ ਅਤੇ ਆਪਣੀ ਇਸ ਕੀਤੀ ਹੋਈ ਭੁੱਲ ਦੀ ਸਜ਼ਾ ਭੁਗਤ ਰਹੇ ਹਨ। ਕਈ ਚੰਗਾ ਅਤੇ ਸੁੱਚਾ ਵਧੀਆ ਭੋਜਨ ਛੱਡ ਕੇ ਜੂਠਾ-ਮਿੱਠਾ ਖਾਂਦੇ ਹਨ ਅਤੇ ਸਿਰ ਵਿਚ ਸੁਆਹ ਪਾ ਰੱਖੀ ਹੈ। ਇਸ ਤਰ੍ਹਾਂ ਅਗਿਆਨੀ ਮੂਰਖਾਂ ਨੇ ਆਪਣੀ ਇੱਜ਼ਤ ਗੁਆ ਲਈ ਹੈ। ਪਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾ ਅਜਿਹੀਆਂ ਕ੍ਰਿਆਵਾਂ ਅਕਾਲ ਪੁਰਖ ਨੂੰ ਪ੍ਰਵਾਨ ਨਹੀਂ ਹਨ। ਕਈ ਅਕਲ ਦੇ ਅੰਨ੍ਹੇ ਅਤੇ ਮੂਰਖ ਉਜਾੜਾਂ ਵਿਚ, ਮੜ੍ਹੀਆਂ ਵਿਚ ਜਾ ਕੇ ਰਹਿੰਦੇ ਹਨ। ਅਸਲੀ ਰਸਤੇ ਦੀ ਪਛਾਣ ਨਾ ਹੋਣ ਕਰਕੇ ਸਮਾਂ ਲੰਘ ਜਾਣ 'ਤੇ ਪਛਤਾਉਂਦੇ ਹਨ। ਜਿਸ ਮਨੁੱਖ ਨੂੰ ਗੁਰੂ ਮਿਲ ਪਿਆ ਹੈ, ਉਸ ਨੂੰ ਸਹੀ ਰਸਤੇ ਦੀ ਪਛਾਣ ਹੋ ਜਾਂਦੀ ਹੈ ਅਤੇ ਉਹ ਹੀ ਸੁੱਖ ਮਾਣਦਾ ਹੈ। ਅਜਿਹਾ ਮਨੁੱਖ ਕਰਮਾਂ ਵਾਲਾ ਹੈ ਅਤੇ ਰੱਬ ਦਾ ਨਾਮ ਆਪਣੇ ਹਿਰਦੇ ਵਿਚ ਵਸਾ ਕੇ ਰੱਖਦਾ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਗੁਰੂ ਭੀ ਉਸੇ ਨੂੰ ਹੀ ਮਿਲਦਾ ਹੈ ਜਿਸ ਉਤੇ ਉਸ ਅਕਾਲ ਪੁਰਖ ਮਿਹਰ ਦੀ ਨਜ਼ਰ ਕਰਦਾ ਹੈ। ਉਹ ਸੰਸਾਰ ਦੀਆਂ ਆਸਾਂ ਤੇ ਫ਼ਿਕਰਾਂ ਤੋਂ ਨਿਰਲੇਪ ਹੋ ਕੇ ਗੁਰੂ ਦੇ ਸ਼ਬਦ ਦੁਆਰਾ ਆਪਣੀ ਹਉਮੈ ਨੂੰ ਸਾੜ ਦਿੰਦਾ ਹੈ,

ਲਿਖਿ ਲਿਖਿ ਪੜਿਆ ਤੇਤਾ ਕੜਿਆ॥
ਬਹੁ ਤੀਰਥ ਭਵਿਆ ਤੇਤੋ ਲਵਿਆ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ॥
ਸਹੁ ਵੇ ਜੀਆ ਅਪਣਾ ਕੀਆ॥
(ਪੰਨਾ 467)

ਅਗਲੀ ਪਉੜੀ ਵਿਚ ਗੁਰੂ ਸਾਹਿਬ ਦੱਸਦੇ ਹਨ ਕਿ ਰੱਬ ਦੇ ਭਗਤ ਉਸ ਨੂੰ ਪਾਉਣ ਲਈ ਕੀ ਕਰਦੇ ਹਨ? ਗੁਰੂ ਨਾਨਕ ਅਨੁਸਾਰ ਰੱਬ ਦੇ ਭਗਤ ਉਸ ਦੇ ਨਾਮ ਦਾ ਸਿਮਰਨ ਕਰਦੇ ਹਨ ਤੇ ਉਸ ਨੂੰ ਚੰਗੇ ਲੱਗਦੇ ਹਨ। ਉਹ ਉਸ ਦੇ ਦਰ ਉਤੇ ਸ਼ੋਭ ਰਹੇ ਹਨ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਜਿਨ੍ਹਾਂ ਦੇ ਭਾਗਾਂ ਵਿਚ ਅਕਾਲ ਪੁਰਖ ਦੀ ਮਿਹਰ ਨਹੀਂ ਲਿਖੀ ਹੁੰਦੀ, ਉਹ ਭਾਗਹੀਣ ਮਨੁੱਖ ਭਟਕਦੇ ਫਿਰਦੇ ਹਨ ਤੇ ਖੁਆਰ ਹੁੰਦੇ ਹਨ, ਉਨ੍ਹਾਂ ਨੂੰ ਪਰਮਾਤਮਾ ਦੇ ਦਰਵਾਜ਼ੇ 'ਤੇ ਥਾਂ ਨਹੀਂ ਮਿਲਦੀ ਕਿਉਂਕਿ ਉਹ ਆਪਣੇ ਅਸਲੇ ਨੂੰ ਨਹੀਂ ਸਮਝਦੇ (ਗੁਰਬਾਣੀ ਵਿਚ ਮਨੁੱਖ ਨੂੰ ਮੂਲ ਪਛਾਨਣ ਦੀ ਆਗਿਆ ਕੀਤੀ ਗਈ ਹੈ)। ਰੱਬੀ ਗੁਣਾਂ ਨੂੰ ਆਪਣੇ ਅੰਦਰ ਅਨੁਭਵ ਕਰਨ ਤੋਂ ਬਿਨਾ ਹੀ ਆਪਣੇ ਆਪ ਨੂੰ ਵੱਡਾ ਸਮਝਦੇ ਹਨ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਮੈਂ ਨੀਵੀਂ ਜਾਤ ਵਾਲਾ ਤੇਰੇ ਦਰਵਾਜ਼ੇ ਦਾ ਇੱਕ ਨਿਮਾਣਾ ਜਿਹਾ ਢਾਡੀ ਹਾਂ, ਹੋਰ ਲੋਕ ਤਾਂ ਆਪਣੇ ਆਪ ਨੂੰ ਉਤਮ ਜਾਤ ਦਾ ਸਦਾਉਂਦੇ ਹਨ। ਜੋ ਤੇਰੇ ਨਾਮ ਨੂੰ ਧਿਆਉਂਦੇ ਹਨ, ਮੈਂ ਉਨ੍ਹਾਂ ਪਾਸੋਂ ਤੇਰਾ ਨਾਮ ਮੰਗਦਾ ਹਾਂ,

ਭਗਤ ਤੇਰੈ ਮਨਿ ਭਾਵਦੇ
ਦਰਿ ਸੋਹਨਿ ਕੀਰਤਿ ਗਾਂਵਦੇ॥
ਨਾਨਕ ਕਰਮਾ ਬਾਹਰੇ
ਦਰਿ ਢੋਅ ਨ ਲਹਨੀ ਧਾਵਦੇ॥
ਇਕਿ ਮੂਲੁ ਨ ਬੁਝਨਿ ਆਪਣਾ
ਅਣਹੋਦਾ ਆਪੁ ਗਣਾਇਦੇ॥
ਹਉ ਢਾਢੀਕਾ ਨੀਚ ਜਾਤਿ
ਹੋਰਿ ਉਤਮ ਜਾਤਿ ਸਦਾਇਦੇ॥
ਤਿਨ ਮੰਗਾ ਜਿ ਤੁਝੈ ਧਿਆਇਦੇ॥9॥
(ਪੰਨਾ 468)

ਗੁਰੂ ਨਾਨਕ ਸਾਹਿਬ ਅਗਲੇ ਸਲੋਕ ਵਿਚ ਇਸ ਸੰਸਾਰ ਨੂੰ 'ਕੂੜ' ਇਸ ਲਈ ਕਹਿ ਰਹੇ ਹਨ ਕਿਉਂਕਿ ਇਹ ਚਲਾਇਮਾਨ ਹੈ, ਸਦੀਵੀ ਨਹੀਂ। ਇਸੇ ਸੰਦਰਭ ਵਿਚ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਇਹ ਸੰਸਾਰ ਛਲ ਰੂਪ ਹੈ। ਇਸ ਵਿਚ ਕੋਈ ਰਾਜਾ ਹੈ, ਕੋਈ ਪਰਜਾ ਅਤੇ ਇਹ ਵੀ ਛਿੰਨ-ਭੰਗਰ ਹਨ, ਛਲਾਵਾ ਹਨ। ਇਸ ਦੁਨੀਆਂ ਵਿਚ ਕਿਤੇ ਇਨ੍ਹਾਂ ਰਾਜਿਆਂ ਦੇ ਮੰਡਪ ਅਰਥਾਤ ਸ਼ਾਮਿਆਨੇ ਤੇ ਮਹਿਲ ਮਾੜੀਆਂ ਹਨ, ਇਹ ਸਭ ਵੀ ਛਲ ਰੂਪ ਹਨ ਅਤੇ ਇਨ੍ਹਾਂ ਵਿਚ ਵੱਸਣ ਵਾਲੇ ਵੀ ਚਲਾਇਮਾਨ ਹਨ। ਸੋਨੇ ਚਾਂਦੀ ਵਰਗੀਆਂ ਕੀਮਤੀ ਚੀਜ਼ਾਂ ਅਤੇ ਇਨ੍ਹਾਂ ਨੂੰ ਪਹਿਨਣ ਵਾਲੇ ਵੀ ਸਭ ਭਰਮ ਹਨ। ਇਹ ਸੁੰਦਰ ਸਰੀਰਕ ਆਕਾਰ, ਸੁੰਦਰ ਕੱਪੜੇ, ਬੇਅੰਤ ਸੁੰਦਰ ਸਰੂਪ ਸਰੀਰ-ਸਭ ਭਰਮ ਰੂਪ ਅਤੇ ਬਿਨਸਣਹਾਰ ਹਨ। ਪਰਮਾਤਮਾ ਨੇ ਇਸ ਸੰਸਾਰ ਵਿਚ ਕਿਤੇ ਪੁਰਸ਼ਾਂ ਦੀ ਰਚਨਾ ਕੀਤੀ ਹੈ, ਕਿਤੇ ਇਸਤਰੀਆਂ ਦੀ ਜੋ ਸੰਸਾਰਕ ਖੁਸ਼ੀਆਂ ਵਿਚ ਖਚਿਤ ਹੋ ਕੇ ਖੁਆਰ ਹੋ ਰਹੇ ਹਨ। ਇਹ ਸਭ ਕੁੱਝ ਚਲਾਇਮਾਨ ਹੈ। ਇਸ ਦ੍ਰਿਸ਼ਟਮਾਨ ਸੰਸਾਰ ਦੇ ਛਲਾਵੇ ਵਿਚ ਫਸੇ ਹੋਏ ਪ੍ਰਾਣੀ ਨੂੰ ਇਹ ਭਰਮ ਅਤੇ ਛਲਾਵਾ ਚੰਗਾ ਲਗਦਾ ਹੈ, ਉਸ ਨੂੰ ਇਸ ਨਾਲ ਮੋਹ ਪੈ ਗਿਆ ਹੈ, ਜਿਸ ਮੋਹ ਵਿਚ ਪੈ ਕੇ ਉਹ ਆਪਣੇ ਰਚਣਹਾਰੇ ਨੂੰ ਭੁੱਲ ਗਿਆ ਹੈ। ਉਸ ਨੂੰ ਇਹ ਵੀ ਭੁੱਲ ਗਿਆ ਹੈ ਕਿ ਇਹ ਸੰਸਾਰ ਬਿਨਸਣਹਾਰ ਹੈ ਅਤੇ ਕਿਸੇ ਨਾਲ ਮੋਹ ਨਹੀਂ ਪਾਉਣਾ ਚਾਹੀਦਾ। ਭਾਵੇਂ ਇਹ ਸੰਸਾਰ ਭਰਮ ਹੈ, ਛਲਾਵਾ ਹੈ ਪਰ ਫਿਰ ਵੀ ਸਭ ਨੂੰ ਚੰਗਾ ਅਤੇ ਪਿਆਰਾ ਲੱਗਦਾ ਹੈ, ਸ਼ਹਿਦ ਵਾਂਗ ਮਿੱਠਾ ਲੱਗਦਾ ਹੈ, ਜਿਸ ਕਰਕੇ ਇਹ ਸਭ ਨੂੰ ਆਪਣੀ ਮੋਹ ਮਾਇਆ ਵਿਚ ਡੋਬ ਰਿਹਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਉਸ ਅਕਾਲ ਪੁਰਖ ਤੋਂ ਬਿਨਾ ਸਭ ਕੁਝ ਚਲਾਇਮਾਨ ਹੈ, ਇੱਕ ਉਹ ਹੀ ਸਦੀਵੀ ਹੈ,

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥
(ਪੰਨਾ 468)

ਉਪਰ ਦਿੱਤੇ ਸਲੋਕ ਵਿਚ ਇਸ ਸੰਸਾਰਕ ਰਚਨਾ ਦੀ ਚਲਾਇਮਾਨਤਾ ਦੱਸਣ ਉਪਰੰਤ ਅਗਲੇ ਸਲੋਕ ਵਿਚ ਦੱਸਿਆ ਹੈ ਕਿ ਫਿਰ ਸਦੀਵੀ ਕੀ ਹੈ, ਸੱਚ ਕੀ ਹੈ ਜਿਸ ਨੂੰ ਮਨੁੱਖ ਨੇ ਪ੍ਰਾਪਤ ਕਰਨਾ ਹੈ? ਸੱਚ ਉਹ ਅਕਾਲ ਪੁਰਖ ਹੈ, ਸੱਚ ਦਾ ਅਰਥ ਹੈ ਜਿਸ ਦੀ ਹੋਂਦ ਸਦੀਵੀ ਹੈ। ਜਪੁਜੀ ਸਾਹਿਬ ਦੇ ਸ਼ੁਰੂ ਵਿਚ ਹੀ ਮੂਲ ਮੰਤਰ ਵਿਚ ਉਸ ਦੀ ਵਿਆਖਿਆ ਕਰਦਿਆਂ ਉਸ ਨੂੰ 'ਸਤਿਨਾਮ' ਕਿਹਾ ਹੈ, ਭਾਵ ਜਿਸ ਦੀ ਹੋਂਦ ਹੈ ਅਤੇ ਮੂਲ ਮੰਤਰ ਦੇ ਅੰਤ ਵਿਚ 'ਗੁਰ ਪਰਸਾਦਿ' ਕਿਹਾ ਹੈ ਜਿਸ ਦਾ ਅਰਥ ਬਣਦਾ ਹੈ ਕਿ ਉਸ ਨੂੰ ਗੁਰੂ ਦੀ ਕਿਰਪਾ ਰਾਹੀਂ, ਮਿਹਰ ਰਾਹੀਂ ਪਾ ਸਕੀਦਾ ਹੈ। ਅਗਲੇ ਸਲੋਕ ਵਿਚ ਉਸ ਸਤਿ ਦੇ ਅਨੁਭਵ ਦਾ ਹੀ ਜ਼ਿਕਰ ਕੀਤਾ ਹੈ ਕਿ ਉਸ ਸੱਚ ਨੂੰ ਕਿਵੇਂ ਜਾਣ ਸਕੀਦਾ ਹੈ, ਕਿਵੇਂ ਉਸ ਦਾ ਅਨੁਭਵ ਕਰ ਸਕੀਦਾ ਹੈ। ਗੁਰੂ ਨਾਨਕ ਅਨੁਸਾਰ ਜੀਵ ਨੂੰ ਆਪਣੇ ਮੂਲ ਦੀ, ਆਪਣੇ ਅਸਲੇ ਦੀ ਸਮਝ ਉਦੋਂ ਪੈਂਦੀ ਹੈ ਜਦੋਂ ਉਸ ਦੇ ਹਿਰਦੇ ਵਿਚ ਸਤਿ-ਸਰੂਪ ਅਕਾਲ ਪੁਰਖ ਜੋ ਅਸਲੀਅਤ ਦਾ ਮਾਲਕ ਹੈ, ਟਿਕ ਜਾਵੇ। ਉਸ ਦੇ ਟਿਕ ਜਾਣ ਨਾਲ ਮਾਇਆ ਦੇ ਭਰਮ ਦਾ ਅਸਰ ਮਨ ਤੋਂ ਦੂਰ ਹੋ ਜਾਂਦਾ ਹੈ। ਇਸ ਤਰ੍ਹਾਂ ਮਨ ਅਤੇ ਇੰਦਰੀਆਂ ਦੀ ਮੈਲ ਦੂਰ ਹੋ ਜਾਂਦੀ ਹੈ ਅਤੇ ਸਰੀਰ ਧੁਪ ਕੇ ਸਾਫ਼ ਹੋ ਜਾਂਦਾ ਹੈ। ਅਸਲੇ ਦੀ ਸਮਝ ਉਦੋਂ ਆਉਂਦੀ ਹੈ ਜਦੋਂ ਮਨੁੱਖ ਉਸ ਮੂਲ ਨਾਲ ਆਪਣਾ ਮਨ ਜੋੜਦਾ ਹੈ। ਉਸ ਮੂਲ ਸਰੋਤ ਦਾ ਨਾਮ ਸੁਣ ਕੇ ਮਨੁੱਖ ਦੇ ਮਨ ਵਿਚ ਖੇੜਾ ਆਉਂਦਾ ਹੈ ਅਤੇ ਉਸ ਨੂੰ ਮਾਇਆਵੀ ਬੰਧਨਾਂ ਤੋਂ ਆਜ਼ਾਦ ਹੋਣ ਦਾ ਰਸਤਾ ਪਤਾ ਲੱਗ ਜਾਂਦਾ ਹੈ। ਸੰਸਾਰ ਦੇ ਮੂਲ ਪਰਮਾਤਮਾ ਦੀ ਸਮਝ ਮਨੁੱਖ ਨੂੰ ਉਦੋਂ ਆਉਂਦੀ ਹੈ ਜਦੋਂ ਮਨੁੱਖ ਰੱਬੀ ਜੀਵਨ ਗੁਜ਼ਾਰਨ ਦੀ ਜੁਗਤ ਜਾਣ ਲੈਂਦਾ ਹੈ ਅਰਥਾਤ ਸਰੀਰ ਰੂਪੀ ਧਰਤੀ ਵਿਚ ਨਾਮ ਦਾ ਬੀਜ ਬੀਜੇ। ਗੁਰੂ ਕੋਲੋਂ ਸੱਚ ਦੀ ਸਿੱਖਿਆ ਲਵੇ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਦੀ ਜਾਚ ਸਿੱਖੇ, ਕੁਝ ਦਾਨ-ਪੁੰਨ ਕਰੇ ਤਾਂ ਹੀ ਮਨੁੱਖ ਨੂੰ ਸੱਚ ਦੀ ਸਮਝ ਆਉਂਦੀ ਹੈ। ਅੰਦਰ ਵੱਸ ਰਹੇ ਸੱਚ ਨਾਲ ਇੱਕਸੁਰਤਾ ਉਦੋਂ ਹੁੰਦੀ ਹੈ ਜਦੋਂ ਮਨੁੱਖ ਧੁਰ ਅੰਦਰਲੇ ਤੀਰਥ 'ਤੇ ਟਿਕਿਆ ਰਹੇ, ਆਪਣੇ ਗੁਰੂ ਕੋਲੋਂ ਉਪਦੇਸ਼ ਲੈ ਕੇ ਉਸ ਅੰਦਰਲੇ ਤੀਰਥ ਵਿਚ ਹੀ ਨਿਵਾਸ ਕਰੇ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ ਮਨੁੱਖਾਂ ਦੇ ਅੰਦਰ ਸੱਚ ਦਾ ਮਾਲਕ ਉਹ ਅਕਾਲ ਪੁਰਖ ਟਿਕਿਆ ਹੋਇਆ ਹੈ, ਉਨ੍ਹਾਂ ਦੇ ਸਾਰੇ ਦੁੱਖਾਂ-ਦਰਦਾਂ ਦਾ ਇਲਾਜ ਉਹ ਆਪ ਹੈ ਕਿਉਂਕਿ ਉਹ ਸਾਰੇ ਵਿਕਾਰਾਂ ਨੂੰ ਉਹ ਧੋ ਕੇ ਬਾਹਰ ਕੱਢ ਦਿੰਦਾ ਹੈ ਜੋ ਰੋਗਾਂ ਦਾ ਕਾਰਨ ਬਣਦੇ ਹਨ,

ਸਚੁ ਤਾਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥
(ਪੰਨਾ 468)

## ਗੁਣ ਗਾਵਹੁ ਪੂਰਨ ਅਬਿਨਾਸੀ...

ਗੁਰਬਾਣੀ ਗਿਆਨ

**ਸੋਰਠਿ ਮਹਲਾ ੫**

ਗੁਣ ਗਾਵਹੁ ਪੂਰਨ ਅਬਿਨਾਸੀ
ਕਾਮ ਕ੍ਰੋਧ ਬਿਖੁ ਜਾਰੇ॥
ਮਹਾ ਬਿਖਮੁ ਅਗਨਿ ਕੋ ਸਾਗਰੁ
ਸਾਧੂ ਸੰਗਿ ਉਧਾਰੇ॥੧॥
ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ॥
ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ॥ਰਹਾਉ॥
ਹਰਿ ਹਰਿ ਨਾਮੁ ਨਿਧਾਨ ਰਸੁ ਪੀਆ
ਮਨ ਤਨ ਰਹੇ ਅਘਾਈ॥
ਜਤ ਕਤ ਪੂਰਿ ਰਹਿਓ ਪਰਮੇਸਰੁ
ਕਤ ਆਵੈ ਕਤ ਜਾਈ॥੨॥
ਜਪ ਤਪ ਸੰਜਮ ਗਿਆਨ ਤਤ ਬੇਤਾ
ਜਿਸੁ ਮਨਿ ਵਸੈ ਗੁੋਪਾਲਾ॥
ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ
ਤਾ ਕੀ ਪੂਰਨ ਘਾਲਾ॥੩॥
ਕਲਿ ਕਲੇਸ ਮਿਟੇ ਦੁਖ ਸਗਲੇ
ਕਾਟੀ ਜਮ ਕੀ ਫਾਸਾ॥
ਕਹੁ ਨਾਨਕ ਪ੍ਰਭਿ ਕਿਰਪਾ ਧਾਰੀ
ਮਨ ਤਨ ਭਏ ਬਿਗਾਸਾ॥੪॥

ਗੁਰੂ ਅਰਜਨ ਦੇਵ ਜੀ ਬਖ਼ਸ਼ਿਸ਼ ਕਰਦੇ ਹਨ, ਹੇ ਭਾਈ! ਪੂਰੇ ਗੁਰੂ ਕੀ ਮੱਤ ਲੈ ਕੇ ਉਸ ਕਣ ਕਣ ਵਿਚ ਸਮਾਏ ਹੋਏ ਅਤੇ ਸਦਾ ਹੀ ਅਟੱਲ ਰਹਿਣ ਵਾਲੇ ਪ੍ਰਭ ਜੀ ਦੇ ਗੁਣਾਂ ਦਾ ਗਾਇਨ ਕਰਿਆ ਕਰ; ਕਾਮ ਕ੍ਰੋਧ ਬਿਖੁ ਜਾਰੇ, ਕਿਉਂਕਿ ਪ੍ਰਭੂ ਦਾ ਨਾਮ ਜੀਵ ਦੇ ਅੰਦਰੋਂ ਕਾਮ ਕ੍ਰੋਧ ਦੇ ਜ਼ਹਿਰ ਨੂੰ ਸਾੜ ਦਿੰਦਾ ਹੈ; ਮਹਾ ਬਿਖਮੁ ਅਗਨਿ ਕੋ ਸਾਗਰੁ, ਹੇ ਭਾਈ! ਇਹ ਸੰਸਾਰ ਤਾਂ ਵਿਕਾਰਾਂ ਦੀ ਅੱਗ ਨਾਲ ਭਰਿਆ ਪਿਆ ਸਮੁੰਦਰ ਹੈ ਜੋ ਪਾਰ ਕਰਨਾ ਕਠਿਨ ਹੈ, ਪਰ ਗੁਰੂ ਜੀਵ ਨੂੰ ਸਤਸੰਗ ਨਾਲ ਜੋੜ ਕੇ ਅੱਗ ਦੇ ਸਾਗਰ ਤੋਂ ਪਾਰ ਕਰ ਦਿੰਦਾ ਹੈ।

ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ॥
ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ॥ਰਹਾਉ॥

ਮਿਹਰਵਾਨ ਸਤਿਗੁਰ ਜੀਵਾਂ ਨੂੰ ਉਪਦੇਸ਼ ਕਰਦੇ ਹਨ, ਹੇ ਭਾਈ! ਤੂੰ ਪੂਰੇ ਗੁਰੂ ਦੀ ਸ਼ਰਨ ਵਿਚ ਆ ਜਾ, ਜੋ ਜੀਵ ਪੂਰੇ ਗੁਰੂ ਦੀ ਸ਼ਰਨ ਵਿਚ ਆ ਜਾਂਦੇ ਹਨ, ਪੂਰਾ ਗੁਰੂ ਉਨ੍ਹਾਂ ਜੀਵਾਂ ਦੇ ਸਾਰੇ ਭਰਮ ਭੁਲੇਖਿਆਂ ਦੇ ਹਨੇਰੇ ਨੂੰ ਮਿਟਾ ਦਿੰਦਾ ਹੈ ਅਤੇ ਜੋ ਮਾਇਆ ਦੇ ਮੋਹ ਦਾ ਹਨੇਰਾ ਜੀਵ ਦੇ ਚੁਫੇਰੇ ਪਸਰਿਆ ਸੀ, ਗੁਰੂ ਨੇ ਉਹ ਦੂਰ ਕਰ ਦਿੱਤਾ; ਭਜੁ ਪ੍ਰੇਮ ਭਗਤਿ ਪ੍ਰਭ ਨੇਰਾ, ਹੇ ਜੀਵ! ਤੂੰ ਗੁਰੂ ਦੀ ਸ਼ਰਨ ਵਿਚ ਬੈਠ ਕੇ ਪ੍ਰੇਮ ਭਗਤੀ ਕਰਿਆ ਕਰ, ਫਿਰ ਤੈਨੂੰ ਉਹ ਪ੍ਰਭ ਜੀ ਤੇਰੇ ਨੇੜੇ ਹੀ ਦਿਖਾਈ ਦੇਵੇਗਾ, ਉਹਨੂੰ ਯਾਦ ਕਰ।

ਹਰਿ ਹਰਿ ਨਾਮੁ ਨਿਧਾਨ ਰਸੁ ਪੀਆ
ਮਨ ਤਨ ਰਹੇ ਅਘਾਈ॥
ਜਤ ਕਤ ਪੂਰਿ ਰਹਿਓ ਪਰਮੇਸਰੁ
ਕਤ ਆਵੈ ਕਤ ਜਾਈ॥੨॥

ਹੇ ਭਾਈ! ਉਸ ਮਿਹਰਵਾਨ ਪ੍ਰਭ ਦਾ ਨਾਮ ਹੀ ਸਾਰੇ ਰਸਾਂ ਦਾ ਖ਼ਜ਼ਾਨਾ ਹੈ; ਮਨ ਤਨ ਰਹੇ ਅਘਾਈ, ਜੋ ਜੀਵ ਗੁਰੂ ਦੀ ਚਰਨੀ ਲੱਗ ਕੇ ਇਹ ਨਾਮ ਰਸ ਪੀਂਦਾ ਹੈ, ਉਸ ਜੀਵ ਦਾ ਮਨ ਵੀ ਅਤੇ ਤਨ ਵੀ ਜਗਤ ਦੇ ਝੂਠੇ ਪਦਾਰਥ ਰਸਾਂ ਵੱਲੋਂ ਰੱਜ ਜਾਂਦਾ ਹੈ; ਜਤ ਕਤ ਪੂਰਿ ਰਹਿਓ ਪਰਮੇਸਰੁ, ਭਾਵ ਫਿਰ ਉਸ ਜੀਵ ਨੂੰ ਕਣ ਕਣ ਵਿਚ ਹੀ ਉਹ ਸੋਹਣਾ ਪ੍ਰੀਤਮ ਵਸਦਾ ਦਿਸ ਪੈਂਦਾ ਹੈ; ਕਤ ਆਵੈ ਕਤ ਜਾਈ, ਜਦੋਂ ਜੀਵ ਆਪਣੇ ਮਾਲਕ ਪ੍ਰਭੂ ਨਾਲ ਜੁੜ ਜਾਂਦਾ ਹੈ, ਫਿਰ ਨਾ ਹੀ ਕਦੀ ਉਹ ਜੰਮਦਾ ਹੈ, ਨਾ ਹੀ ਕਦੀ ਮਰਦਾ ਹੈ।

ਜਪ ਤਪ ਸੰਜਮ ਗਿਆਨ ਤਤ ਬੇਤਾ
ਜਿਸੁ ਮਨਿ ਵਸੈ ਗੁੋਪਾਲਾ॥
ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ
ਤਾ ਕੀ ਪੂਰਨ ਘਾਲਾ॥੩॥

ਹੇ ਭਾਈ! ਉਹ ਜੀਵ ਹੀ ਸਹੀ ਮਾਇਨੇ ਵਿਚ ਜਪ, ਤਪ ਅਤੇ ਸੰਜਮ ਦੇ ਭੇਤ ਜਾਣਨ ਵਾਲਾ ਬਣ ਸਕਦਾ ਹੈ; ਜਿਸੁ ਮਨਿ ਵਸੈ ਗੁੋਪਾਲਾ, ਭਾਵ ਗੁਰੂ ਕ੍ਰਿਪਾ ਸਦਕਾ ਜਿਸ ਜੀਵ ਦੇ ਅੰਦਰ ਉਹ ਜਗਤ ਦਾ ਪਾਲਣਹਾਰ ਪ੍ਰਭੂ ਆ ਬਿਰਾਜਦਾ ਹੈ; ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ, ਭਾਵ ਹੇ ਭਾਈ! ਜਿਸ ਵਡਭਾਗੇ ਜੀਵ ਨੇ ਪੂਰੇ ਗੁਰੂ ਦੀ ਸ਼ਰਨ ਪੈ ਕੇ ਨਾਮ ਰੂਪੀ ਰਤਨ ਪ੍ਰਾਪਤ ਕਰ ਲਿਆ; ਤਾ ਕੀ ਪੂਰਨ ਘਾਲਾ, ਫਿਰ ਉਸ ਦੀ ਮਿਹਨਤ ਨੂੰ ਫਲ ਲੱਗ ਗਿਆ।

ਕਲਿ ਕਲੇਸ ਮਿਟੇ ਦੁਖ ਸਗਲੇ
ਕਾਟੀ ਜਮ ਕੀ ਫਾਸਾ॥
ਕਹੁ ਨਾਨਕ ਪ੍ਰਭਿ ਕਿਰਪਾ ਧਾਰੀ
ਮਨ ਤਨ ਭਏ ਬਿਗਾਸਾ॥੪॥

ਪੰਚਮ ਪਾਤਸ਼ਾਹ ਫਰਮਾਉਂਦੇ ਹਨ, ਹੇ ਭਾਈ! ਨਾਮ ਸਿਮਰਨ ਕਰਨ ਨਾਲ ਜੀਵ ਦੇ ਸਾਰੇ ਹੀ ਦੁਖ ਅਤੇ ਕਲੇਸ਼ ਮੁਕ ਗਏ; ਕਾਟੀ ਜਮ ਕੀ ਫਾਸਾ, ਭਾਵ ਜੋ ਜਮਾਂ ਦੀ ਫਾਹੀ ਵਾਲਾ ਡਰ ਜੀਵ ਦੇ ਅੰਦਰ ਬਣਿਆ ਹੋਇਆ ਸੀ, ਨਾਮ ਜਪਣ ਨਾਲ ਉਸ ਤੋਂ ਵੀ ਛੁਟਕਾਰਾ ਮਿਲ ਗਿਆ; ਕਹੁ ਨਾਨਕ ਪ੍ਰਭਿ ਕਿਰਪਾ ਧਾਰੀ, ਹੇ ਮੇਰੇ ਮਿਹਰਵਾਨ ਪ੍ਰਭ ਜੀਉ! ਇਹ ਨਾਨਕ ਆਖਦਾ ਹੈ, ਜਿਸ ਜੀਵ ਤੇ ਪ੍ਰਭੂ ਨੇ ਮਿਹਰ ਕਰ ਕੇ ਪੂਰੇ ਗੁਰੂ ਦਾ ਮੇਲ ਕਰਾ ਦਿੱਤਾ, ਫਿਰ ਉਸ ਦਾ ਮਨ ਅਤੇ ਤਨ ਅਨੰਦ ਨਾਲ ਭਰ ਗਏ।

ਆਓ ਸ਼ਬਦ ਗੁਰੂ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਗਿਆਨ ਦੀ ਗੋਦੜੀ ਤੇ ਅਗਿਆਨ ਦਾ ਟੋਪ!

ਪੰਜਾਬੀ ਵਿਚ ਗਿਆਨਵਾਨਤਾ ਦਾ ਹੁਣ ਅਲੋਕਾਰ ਦੌਰ ਆ ਗਿਆ ਹੈ। ਗਿਆਨ ਦੀ ਗੋਦੜੀ ਪਹਿਨਣ ਵਾਲੇ ਵਿਦਵਾਨ 'ਕੋਈ ਹਰਿਉ ਬੂਟ' ਵਾਂਗ ਵਿਰਲੇ-ਟਾਂਵੇਂ ਰਹਿ ਗਏ ਹਨ ਪਰ ਅਗਿਆਨ ਦੇ ਟੋਪ ਵਾਲੇ ਅਵਿਦਵਾਨ ਐਮ. ਏ. ਜਾਂ ਡਾਕਟਰੇਟ ਦੀ ਡਿਗਰੀ ਦੀ ਇਕ ਇੱਟ ਚੁੱਕੀ ਤੋਂ ਪੰਜਾਹ ਨਿਕਲਦੇ ਹਨ।



ਗੁਰਬਚਨ ਸਿੰਘ ਭੁੱਲਰ
ਫੋਨ: 91-11-65736868
bhullargs@gmail.com

ਗੋਦੜੀ ਨਿਮਰਤਾ ਦੀ ਨਿਸ਼ਾਨੀ ਹੈ, ਵਿਦਵਤਾ ਦੀ ਜੋਤ ਬਣ ਕੇ ਚਾਰ-ਚੁਫੇਰੇ ਲੋਅ ਬਖੇਰਦੀ ਹੈ, ਗਿਆਨ ਦੀ ਬੁੱਕਲ ਬਣ ਕੇ ਅਗਿਆਨ ਦੀ ਠੰਢ-ਠਾਰੀ ਤੋਂ ਬਚਾਉਂਦੀ ਹੈ ਅਤੇ ਮਨੁੱਖ ਦੀ ਹਿੱਕ ਨਾਲ ਲੱਗੀ ਰਹਿੰਦੀ ਹੈ। ਸਾਡੇ ਆਦਿ-ਕਵੀ ਬਾਬਾ ਸ਼ੇਖ ਫਰੀਦ ਸ਼ੱਕਰਗੰਜ ਦੀ ਗੋਦੜੀ ਨੂੰ ਫਰੀਦਕੋਟ ਦੇ ਗੁਰਦੁਆਰਾ ਗੋਦੜੀ ਸਾਹਿਬ ਨੇ ਅਮਰ ਕਰ ਦਿੱਤਾ ਹੈ। ਹਰਿਦੁਆਰ ਦੀ ਹਰਿ ਕੀ ਪਉੜੀ ਵਿਖੇ ਬਾਬਾ ਨਾਨਕ ਦੀ ਫੇਰੀ ਦੀ ਯਾਦ ਵਿਚ ਬਣਿਆ ਹੋਇਆ ਜੋ ਗੁਰਦੁਆਰਾ ਚੁਰਾਸੀ ਦੀ ਹਨੇਰਗਰਦੀ ਸਮੇਂ ਢਾਹ ਦਿੱਤਾ ਗਿਆ ਸੀ ਅਤੇ ਮੁੜ ਕੇ ਬਣਨ ਨਹੀਂ ਦਿੱਤਾ ਗਿਆ, ਉਹਦਾ ਤਾਂ ਨਾਂ ਹੀ ਗਿਆਨ ਅਤੇ ਗੋਦੜੀ ਦਾ ਸੰਗਮ, ਭਾਵ ਗੁਰਦੁਆਰਾ ਗਿਆਨ ਗੋਦੜੀ ਸੀ। ਇਥੇ ਹੀ ਬਾਬਾ ਜੀ ਨੇ ਪਾਂਡਿਆਂ ਨੂੰ ਗਿਆਨ ਦਿੱਤਾ ਸੀ ਕਿ ਜੇ ਪਾਣੀ ਦੇ ਵਗਾਹੇ ਮੇਰੇ ਬੁੱਕ ਮੇਰੇ ਖੇਤਾਂ ਤੱਕ ਨਹੀਂ ਪਹੁੰਚਣਗੇ, ਤੁਹਾਡੇ ਬੁੱਕ ਸੂਰਜ ਤੱਕ ਕਿਵੇਂ ਪਹੁੰਚ ਜਾਣਗੇ?

ਟੋਪ ਹਉਮੈ ਦੀ ਨਿਸ਼ਾਨੀ ਹੈ ਅਤੇ ਸਰੀਰ ਤੋਂ ਉਤੇ, ਸਿਰ ਤੋਂ ਵੀ ਉਤੇ ਹਵਾ ਵਿਚ ਤਰਦਾ ਹੈ ਜਿਸ ਕਰਕੇ ਇਹਦੇ ਹੇਠ ਹਨੇਰਾ ਵਿਛਿਆ ਹੁੰਦਾ ਹੈ। ਇਹ ਅਗਿਆਨ ਦੀ ਕਿਸੇ ਠੰਢ-ਠਾਰੀ ਤੋਂ ਕੋਈ ਬਚਾਅ ਕਰਨ ਤੋਂ ਵੀ ਅਸਮਰੱਥ ਹੁੰਦਾ ਹੈ। ਜਨਾਬ ਅਹਿਮਦ ਨਦੀਮ ਕਾਸਮੀ ਸਾਹਿਬ ਦਾ ਇਕ ਸ਼ਿਅਰ ਹੈ,

ਆਪ ਦਸਤਾਰ ਉਤਾਰੇਂ ਤੋ ਕੋਈ ਫ਼ੈਸਲਾ ਹੋ,

ਸੁਨਾ ਹੈ ਕਿ ਸਰ ਹੋਤੇ ਹੈਂ ਦਸਤਾਰੋਂ ਮੇਂ!

ਜੇ ਕਾਸਮੀ ਸਾਹਿਬ ਦੀ ਇਸ ਜੁਗਤ ਅਨੁਸਾਰ ਸਾਡੇ ਅਵਿਦਵਾਨਾਂ ਦੇ ਅਗਿਆਨ ਦਾ ਟੋਪ ਉਤਾਰ ਕੇ ਦੇਖੀਏ, ਪਤਾ ਲੱਗੇਗਾ, ਹੇਠਾਂ ਤਾਂ ਕੁਛ ਵੀ ਨਹੀਂ, ਅਰਥਾਤ ਸਿਰ ਮਤਲਬ ਸੋਝੀ ਤਾਂ ਹੈ ਹੀ ਨਹੀਂ!

ਪਿਛਲੇ ਦਿਨੀਂ ਮੈਨੂੰ ਇਸ ਤੱਥ ਦਾ ਅਨੋਖਾ ਅਨੁਭਵ ਹੋਇਆ। ਮਾਘੀ ਸਿੰਘ ਗਿੱਲ ਸਾਡੇ ਇਲਾਕੇ ਦੇ ਮਸ਼ਹੂਰ ਕਵੀਸ਼ਰ ਹੋਏ ਹਨ। ਉਨ੍ਹਾਂ ਦੀਆਂ ਹਰਮਨ ਪਿਆਰੀਆਂ ਰਚਨਾਵਾਂ ਵਿਚੋਂ ਇਕ 'ਜੰਞ' ਅਤੇ 'ਪੱਤਲ' ਦੇ ਦੋ ਨਾਂਵਾਂ ਨਾਲ ਵੱਡੀ ਗਿਣਤੀ ਵਿਚ ਵਾਰ ਵਾਰ ਛਪੀ ਛੋਟੀ ਜਿਹੀ ਕਿਰਤ ਹੈ। ਜਾਂਞੀਆਂ ਦੇ ਰੋਟੀ-ਖਾਣੀ ਸ਼ੁਰੂ ਕਰਨ ਸਮੇਂ ਕੁੜੀਆਂ ਗੀਤਾਂ ਰਾਹੀਂ ਉਨ੍ਹਾਂ ਦਾ ਖਾਣਾ ਬੰਨ੍ਹ ਦਿੰਦੀਆਂ ਸਨ ਅਤੇ ਕੋਈ ਇਕ ਜਾਂਞੀ ਖੜ੍ਹਾ ਹੋ ਕੇ ਕਵੀਸ਼ਰੀ ਰਾਹੀਂ ਆਪਣੀ ਇਕ ਇਕ ਚੀਜ਼ ਛੁਡਾਉਂਦਾ ਜਾਂਦਾ ਸੀ ਤੇ ਕੁੜੀਆਂ ਦੀ ਇਕ ਇਕ ਚੀਜ਼ ਬੰਨ੍ਹਦਾ ਜਾਂਦਾ ਸੀ। 'ਜੰਞ' ਦੀ ਰਚਨਾ ਬਹੁਤ ਸਾਰੇ ਕਵੀਸ਼ਰਾਂ ਨੇ ਕੀਤੀ ਪਰ ਸਾਡੇ ਇਲਾਕੇ ਦੇ ਜਾਂਞੀਆਂ ਨੂੰ ਜੰਞ ਛੁਡਾਉਣ ਵਿਚ ਸਭ ਤੋਂ ਵੱਧ ਮਾਘੀ ਸਿੰਘ ਗਿੱਲ ਦੀ 'ਜੰਞ' ਹੀ ਸਹਾਈ ਹੁੰਦੀ। ਮੁਟਿਆਰਾਂ ਅਤੇ ਗੱਭਰੂਆਂ ਦੇ ਚੋਹਲ-ਮੋਹਲ ਦਾ ਬੜਾ ਰੰਗ ਬੱਝਦਾ। ਵਿਆਹ ਦੀ ਰੌਣਕ ਦੂਣੀ ਹੋ ਜਾਂਦੀ।

ਮੇਰੇ ਮਨ ਵਿਚ ਆਇਆ, ਮਾਘੀ ਸਿੰਘ ਦੀ 'ਜੰਞ' ਬਾਰੇ ਲੇਖ ਲਿਖਾਂ। ਪਹਿਲਾਂ ਤਾਂ ਉਹ ਮਿਲੀ ਹੀ ਖਾਸੀ ਔਖ ਨਾਲ। ਉਹ ਅੱਖਰਾਂ ਦੀ ਹੱਥ-ਜੜਤ ਦੇ ਜ਼ਮਾਨੇ ਦੀ ਛਪੀ ਹੋਈ ਸੀ। ਫਟਾਫਟ ਛਾਪ ਕੇ ਮੇਲਿਆਂ ਵਿਚ ਵੇਚਣ ਲਈ ਕਾਹਲੇ ਉਸ ਸਮੇਂ ਦੇ ਪ੍ਰਕਾਸ਼ਕ ਪਰੂਫ਼-ਸ਼ਰੂਫ਼ਾਂ ਨੂੰ ਕੋਈ ਮਹੱਤਵ ਨਹੀਂ ਸਨ ਦਿੰਦੇ। ਰਚਨਾ ਛਾਪੇ ਦੀਆਂ ਬੇਸ਼ੁਮਾਰ ਗਲਤੀਆਂ ਨਾਲ ਭਰੀ ਹੋਈ ਸੀ। ਬਹੁਤ ਸਾਰੀਆਂ ਤਾਂ ਮੈਨੂੰ ਸੌਖਿਆਂ ਹੀ ਜਾਂ ਘੱਟ-ਵੱਧ ਮੱਥਾ ਮਾਰ ਕੇ ਆਪ ਹੀ ਸਮਝ ਆ ਗਈਆਂ ਪਰ ਕੁਛ ਗਲਤ ਸ਼ਬਦ ਮੇਰੀ ਸਮਝੋਂ ਬਾਹਰ ਸਨ। ਉਨ੍ਹਾਂ ਦਾ ਪਤਾ ਹੀ ਨਾ ਲੱਗੇ ਕਿ ਉਹ ਕਿਨ੍ਹਾਂ ਠੀਕ ਸ਼ਬਦਾਂ ਦਾ ਗਲਤ ਰੂਪ ਹਨ।

ਆਖਰ ਮੈਂ ਦਰਜਨ ਕੁ ਅਜਿਹੇ ਵਿਦਵਾਨ ਮਿੱਤਰਾਂ ਨੂੰ ਚਿੱਠੀਆਂ ਜਾਂ ਈਮੇਲਾਂ ਭੇਜੀਆਂ ਜਿਨ੍ਹਾਂ ਤੋਂ ਮੈਨੂੰ ਇਸ ਗੁੰਝਲ ਦੇ ਸੁਲਝਣ ਦੀ ਉਮੀਦ ਦਿਖਾਈ ਦਿੱਤੀ। ਭਾਣਾ ਇਹ ਵਰਤਿਆ ਕਿ ਸਭ ਡਾਕਟਰਾਂ-ਪ੍ਰੋਫ਼ੈਸਰਾਂ ਨੇ ਮੁਕੰਮਲ ਚੁੱਪ ਵੱਟ ਲਈ। ਪਹਿਲਾ ਫੋਨ ਮੇਰੇ ਮਿੱਤਰ, ਲੋਕ-ਸਾਹਿਤ ਦੇ ਰਸੀਏ ਸੁਖਦੇਵ ਮਾਦਪੁਰੀ ਦਾ ਆਇਆ। ਉਨ੍ਹਾਂ ਨੇ ਕੁਛ ਮਸਲੇ ਹੱਲ ਕਰ ਦਿੱਤੇ ਪਰ ਕਈ ਹੋਰ ਸਾਡੇ ਵਿਚਾਰ-ਵਟਾਂਦਰੇ ਮਗਰੋਂ ਵੀ ਅਣਸੁਲਝੇ ਰਹਿ ਗਏ। ਦੂਜਾ ਫੋਨ ਇਤਿਹਾਸ ਤੇ ਸਭਿਆਚਾਰ ਦੇ ਖੋਜੀ, ਮੇਰੇ ਮਿੱਤਰ ਕਾਮਰੇਡ ਸੁਵਰਨ ਸਿੰਘ ਵਿਰਕ ਦਾ ਆਇਆ। ਉਨ੍ਹਾਂ ਨੇ ਕਿਹਾ, "ਮੈਂ ਕੁਛ ਸ਼ਬਦ ਤਾਂ ਆਪ ਵੀ ਸਮਝ ਲਏ ਪਰ ਪੂਰਾ ਮਸਲਾ ਹੱਲ ਕਰਨ ਵਾਸਤੇ ਸਵਾਮੀ ਬ੍ਰਹਮਦੇਵ ਉਦਾਸੀ ਜੀ ਨੂੰ ਬੇਨਤੀ ਕੀਤੀ। ਉਨ੍ਹਾਂ ਨੇ ਇਕ ਇਕ ਗੰਢ ਖੋਲ੍ਹ ਦਿੱਤੀ ਹੈ।"

ਸਵਾਮੀ ਜੀ ਦਾ ਨਾਂ ਮੈਂ ਪੜ੍ਹਿਆ-ਸੁਣਿਆ ਤਾਂ ਹੋਇਆ ਸੀ ਪਰ ਉਨ੍ਹਾਂ ਬਾਰੇ ਮੈਨੂੰ ਬਹੁਤੀ ਜਾਣਕਾਰੀ ਨਹੀਂ ਸੀ। ਜਦੋਂ ਉਨ੍ਹਾਂ ਨੇ ਡਾਕਟਰਾਂ-ਪ੍ਰੋਫ਼ੈਸਰਾਂ ਦੇ ਬੁੱਲ੍ਹ ਸਿਉਂ ਦੇਣ ਵਾਲੇ ਸ਼ਬਦਾਂ ਦੇ ਕੇਵਲ ਅਰਥ ਹੀ ਨਾ ਦੱਸੇ, ਉਨ੍ਹਾਂ ਦਾ ਅੱਗਾ-ਪਿੱਛਾ, ਨਾਨਕਾ-ਦਾਦਕਾ ਅਤੇ ਨਿਕਾਸ-ਵਿਕਾਸ ਵੀ ਦੱਸ ਦਿੱਤਾ, ਉਨ੍ਹਾਂ ਵਿਚ ਮੇਰੀ ਦਿਲਚਸਪੀ



ਸਵਾਮੀ ਬ੍ਰਹਮ ਦੇਵ ਉਦਾਸੀ

ਜਾਗਣੀ ਕੁਦਰਤੀ ਸੀ। ਵਿਰਕ ਜੀ ਨੇ ਉਨ੍ਹਾਂ ਬਾਰੇ ਦੱਸਣਾ ਸ਼ੁਰੂ ਕੀਤਾ। ਉਨ੍ਹਾਂ ਦਾ ਜਨਮ ਤਾਂ ਪਾਕਿਸਤਾਨ ਤੋਂ ਇਧਰ ਆ ਟਿਕੇ ਇਕ ਪੰਡਿਤ ਪਰਿਵਾਰ ਦੇ ਘਰ ਹਰੀਕੇ ਕਲਾਂ ਵਿਚ ਹੋਇਆ ਪਰ ਉਧਰ ਰਹਿ ਗਈ ਜ਼ਮੀਨ ਦੇ ਬਦਲੇ ਸਿਰਸੇ ਨੇੜਲੇ ਪਿੰਡ ਪਨਿਹਾਰੀ ਵਿਚ ਜ਼ਮੀਨ ਮਿਲ ਜਾਣ ਸਦਕਾ ਬਚਪਨ ਉਥੇ ਬੀਤਿਆ। ਪਿੰਡ ਪਨਿਹਾਰੀ ਘੱਗਰ ਨਦੀ ਦੇ ਕਿਨਾਰੇ ਵਸਿਆ ਹੋਇਆ ਹੈ।

ਵਿਰਕ ਜੀ ਤਾਂ ਸਵਾਮੀ ਜੀ ਬਾਰੇ ਹੋਰ ਗੱਲਾਂ ਦਸਦੇ ਗਏ ਪਰ 'ਪਨਿਹਾਰੀ' ਸੁਣ ਕੇ ਮੇਰੀ ਸੁਰਤ ਹੋਰ ਹੀ ਮੰਡਲੀਂ ਉਡਾਰੀ ਲਾ ਗਈ। ਘੱਗਰ ਨਦੀ ਦਾ ਕੰਢਾ! ਪਿੰਡ ਦਾ ਨਾਂ ਪਨਿਹਾਰੀ! ਕੌਣ ਹੋਵੇਗੀ ਉਹ ਭਾਗਭਰੀ ਪਨਿਹਾਰੀ ਜਿਸ ਦੀ ਕੀਰਤੀ ਨੇ ਉਹਦੇ ਪਿੰਡ ਦੇ ਨਾਂ ਦਾ ਰੂਪ ਧਾਰ ਲਿਆ? ਸਾਡੀ ਪੀੜ੍ਹੀ ਬਹੁਤ ਖੁਸ਼ਕਿਸਮਤ ਸੀ ਜੋ ਹੁਣ ਸਾਡੇ ਮੰਚਾਂ ਉਤੋਂ ਗੀਤ-ਸੰਗੀਤ ਦੇ ਨਾਂ ਨਾਲ ਪਰੋਸੇ ਜਾ ਰਹੇ ਗੰਦ ਦੀ ਥਾਂ ਸਾਹਿਤ ਅਤੇ ਸਭਿਆਚਾਰ ਦੇ ਨਿਸਾਰੇ ਦੇ ਸਮਿਆਂ ਵਿਚ ਪ੍ਰਵਾਨ ਚੜ੍ਹੀ। ਮਨੁੱਖੀ ਭਾਵਨਾਵਾਂ ਦੇ ਵੰਨ-ਸੁਵੰਨੇ ਰੰਗਾਂ ਨੂੰ ਪ੍ਰਗਟ ਕਰਦੇ ਗੀਤ ਸਾਡੇ ਚੁਫੇਰੇ ਗੂੰਜਦੇ ਸਨ। ਉਨ੍ਹਾਂ ਵਿਚੋਂ ਇਕ ਰੰਗ ਪਨਿਹਾਰੀ ਅਤੇ ਖੂਹ ਜਾਂ ਪਨਘਟ ਦਾ ਸੀ। ਖੂਹ ਤੋਂ ਘੜਾ ਭਰ ਰਹੀ ਪਨਿਹਾਰੀ ਦਾ ਪੰਜਾਬੀ ਸਭਿਆਚਾਰ ਵਿਚ ਵੱਡਾ ਸਥਾਨ ਹੈ। ਭਲੇ ਜ਼ਮਾਨੇ ਵਿਚ "ਘੁੱਟ ਪਾਣੀ ਪਿਆ ਦੇ ਨੀ ਗੋਰੀਏ ਘੜਾ ਭਰੇਂਦੀਏ ਨਾਰੇ" ਵਿਆਹ-ਸ਼ਾਦੀਆਂ ਅਤੇ ਖੁਸ਼ੀ ਦੇ ਹੋਰ ਰੌਣਕ-ਮੇਲਿਆਂ ਸਮੇਂ ਆਮ ਹੀ ਗੂੰਜਦਾ ਸੀ। ਸਾਡੇ ਸਿਰਮੌਰ ਕਵੀ ਪ੍ਰੋ. ਮੋਹਨ ਸਿੰਘ ਕਹਿੰਦੇ ਹਨ: ਸੱਕ ਮਲਦੀਆਂ ਰਾਵੀ ਦੇ ਪੱਤਣਾਂ ਨੂੰ, ਅੱਗ ਲਾਣ ਲਾਹੌਰਨਾਂ ਚੱਲੀਆਂ ਨੇ! ਪਨਘਟ ਤੋਂ ਪਾਣੀ ਭਰਨ ਗਈਆਂ ਪਨਿਹਾਰੀਆਂ ਦੀ ਮਹਿਮਾ ਨਾਲ ਤਾਂ ਗ੍ਰੰਥ ਭਰੇ ਪਏ ਹਨ।

ਲੋਕ-ਮਨ ਵਿਚ ਪਨਿਹਾਰੀ ਅਤੇ ਪਨਘਟ ਨੂੰ ਅਮਰ ਬਣਾ ਦੇਣ ਵਿਚ ਅਣਗਿਣਤ ਫਿਲਮੀ ਗੀਤਾਂ ਦਾ ਵੱਡਾ ਹੱਥ ਰਿਹਾ। ਉਨ੍ਹਾਂ ਵਿਚੋਂ ਇਸ ਵੇਲੇ ਜੋ ਸਭ ਤੋਂ ਪੁਰਾਣਾ ਗੀਤ ਚੇਤੇ ਆ ਰਿਹਾ ਹੈ, ਉਹ 1956 ਦੀ ਫਿਲਮ 'ਦੇਵਤਾ' ਦਾ ਹੈ। ਉਸ ਗੀਤ ਦੀ ਪਨਿਹਾਰੀ ਦੀ ਮਜਬੂਰੀ ਸਰੋਤੇ ਦੇ ਦਿਲ ਵਿਚ ਛਿਲਤ ਵਾਂਗ ਚੁਭ ਕੇ ਬਰਾਬਰ ਦਾ ਬੇਚੈਨ ਕਰ ਦਿੰਦੀ ਹੈ: ਕੈਸੇ ਆਊਂ ਜਮੁਨਾ ਕੇ ਤੀਰ, ਪਾਉਂ ਪੜੀ ਜ਼ੰਜੀਰ, ਹਾਇ ਕੈਸੇ ਆਊਂ! 1978 ਦੀ ਫਿਲਮ 'ਸਤਿਅਮ ਸ਼ਿਵਮ ਸੁੰਦਰਮ' ਵਿਚ ਜ਼ੀਨਤ ਅਮਾਨ ਨੇ ਸਰਘੀ ਦੇ ਕੋਸੇ ਕੋਸੇ ਜਾਗੋ-ਮੀਟੇ ਚਾਨਣ ਵਿਚ ਦਰਸ਼ਕ ਅੱਗੇ ਪੂਰੀ ਲੀਲ੍ਹਾ ਹੀ ਰਚਾ ਦਿੱਤੀ: ਭੋਰ ਭਈ ਪਨਘਟ ਪੇ, ਮੋਹੇ ਨਟਖਟ ਸ਼ਾਮ ਸਤਾਏ। ਮੋਰੀ ਚੁਨਰੀਆ ਲਿਪਟੀ ਜਾਏ, ਮੈਂ ਕਯਾ ਕਰੂੰ ਹਾਇ...! ਪਰ ਝੰਡੀ ਲੁੱਟ ਕੇ ਲੈ ਜਾਣ ਵਾਲੀ ਪਨਿਹਾਰੀ ਇਨ੍ਹਾਂ ਦੋਵਾਂ ਦੇ ਵਿਚਕਾਰ 1960 ਵਿਚ ਆਈ ਲਾਜਵਾਬ ਟਕਸਾਲੀ ਫਿਲਮ 'ਮੁਗ਼ਲੇ-ਆਜ਼ਮ' ਦੀ ਮਧੂਬਾਲਾ ਸੀ। ਭਾਰਤੀ ਫ਼ਿਲਮ ਜਗਤ ਦੀ ਅੱਜ ਤੱਕ ਦੀ ਸਭ ਤੋਂ ਸੁੰਦਰ ਮੰਨੀ ਜਾਂਦੀ ਅਭਿਨੇਤਰੀ ਨੇ ਇਸ ਫ਼ਿਲਮ ਵਿਚ ਆਪਣੀ ਕਲਾ ਦੇ ਅਜਿਹੇ ਜੌਹਰ ਦਿਖਾਏ ਕਿ ਉਹ ਆਪ ਵੀ ਸ਼ਾਇਦ ਇਥੇ ਖਿੱਚੀ ਆਪਣੀ ਲਕੀਰ ਤੋਂ ਫੇਰ ਕਦੀ ਹੋਰ ਅੱਗੇ ਨਹੀਂ ਜਾ ਸਕੀ। ਇਸ ਗੀਤ ਨਾਲ ਤਾਂ ਉਹ ਆਪਣੀ ਗਗਰੀਆ ਸਮੇਤ ਪਾਇਲ ਛਣਕਾਉਂਦਾ ਨ੍ਰਿਤ ਅਤੇ ਜਾਦੂਭਰੀ ਕੋਇਲ-ਕੂਹੂ ਕਰਨ ਕਰੋੜਾਂ ਦਰਸ਼ਕਾਂ ਦੇ ਦਿਲਾਂ ਦੇ ਪਨਘਟ ਉਤੇ ਜਾ ਪਹੁੰਚੀ: ਮੋਹੇ ਪਨਘਟ ਪੇ ਨੰਦਲਾਲ ਛੇੜ ਗਇਉ ਰੇ/ ਮੋਰੀ ਨਾਜ਼ੁਕ ਕਲਈਆਂ ਮਰੋਰ ਗਇਉ ਰੇ/ ਕੰਕਰੀਆ ਮੋਹੇ ਮਾਰੀ, ਗਗਰੀਆ ਫੋਰ ਡਾਰੀ, ਮੋਰੀ ਸਾਰੀ ਅਨਾਰੀ ਭਿਗੋਇ ਗਇਉ ਰੇ/ ਮੋਹੇ ਪਨਘਟ ਪੇ...! ਅਨੋਖਾ ਸਬੱਬ ਦੇਖੋ, ਤਿੰਨੇ ਵਾਰ ਕਲਾ ਦਾ ਇਹ ਕ੍ਰਿਸ਼ਮਾ ਅਤੇ ਕਾਰਨਾਮਾ ਭਾਰਤ ਨੂੰ ਕੁਦਰਤ ਦੇ ਦਿੱਤੇ ਹੋਏ ਵਰਦਾਨ, ਲਤਾ ਮੰਗੇਸ਼ਕਰ ਦੀ ਟੁਣੇਹਾਰੀ ਆਵਾਜ਼ ਨੇ ਕੀਤਾ ਸੀ।

## ਚਰਚਾ ਤੇ ਚੇਤਾ

ਪਤਾ ਨਹੀਂ, ਘੱਗਰ ਦੇ ਤਟ ਦੀ ਉਸ ਪਨਿਹਾਰੀ ਦੀ ਇਤਿਹਾਸਕ-ਮਿਥਿਹਾਸਕ ਕਥਾ ਕੀ ਹੋਵੇਗੀ ਅਤੇ ਸਮਾਜਕ-ਸਭਿਆਚਾਰਕ ਕਹਾਣੀ ਕੀ ਹੋਵੇਗੀ, ਜਿਸ ਨੂੰ ਇਸ ਨਗਰ ਦਾ ਨਾਂ ਬਣਨ ਦਾ ਮਾਣ ਅਤੇ ਗੌਰਵ ਪ੍ਰਾਪਤ ਹੋਇਆ! ਪਰ ਇਥੇ ਸਾਡਾ ਵਾਸਤਾ ਅਜੇ ਸਿਰਫ਼ ਇਸ ਤੱਥ ਤੱਕ ਹੈ ਕਿ ਜੇ ਸਵਾਮੀ ਬ੍ਰਹਮਦੇਵ ਜੀ ਮਹਾਰਾਜ ਦੇ ਬਾਲਵਰੇਸ-ਨਗਰ ਦਾ ਨਾਂ ਏਨਾ ਸਾਹਿਤਕ-ਸਭਿਆਚਾਰਕ ਹੈ ਤਾਂ ਉਨ੍ਹਾਂ ਦਾ ਗਿਆਨਵਾਨ ਹੋਣਾ ਕੋਈ ਚਰਜ ਗੱਲ ਨਹੀਂ। ਸਗੋਂ ਮੈਂ ਤਾਂ ਕਹਾਂਗਾ, ਉਸ ਪਨਘਟੀ ਤੇ ਪਨਿਹਾਰੀਆ ਮਾਹੌਲ ਵਿਚ ਸੁਰਤ ਸੰਭਾਲਣ ਵਾਲੇ ਕਿਸੇ ਦਾ ਵੀ ਗਿਆਨਵਾਨ ਹੋਣ ਦੇ ਨਾਲ ਨਾਲ ਸਭ ਕੁਛ ਤਿਆਗ ਕੇ ਉਦਾਸੀ, ਵੈਰਾਗੀ, ਸੰਨਿਆਸੀ ਹੋ ਜਾਣਾ ਕੋਈ ਅਲੋਕਾਰ ਅਤੇ ਅਚੰਭਾਜਨਕ ਗੱਲ ਨਹੀਂ। ਸਵਾਮੀ ਜੀ ਪੰਜਾਬੀ ਸਾਹਿਤ ਤੇ ਬਾਣੀ ਦੇ ਅਤੇ ਹਿੰਦੀ-ਸੰਸਕ੍ਰਿਤ ਤੇ ਵੇਦਾਂ-ਸ਼ਾਸਤਰਾਂ ਦੇ ਗਿਆਨੀ ਹਨ। ਉਹ ਮੋਗਾ ਜ਼ਿਲੇ ਦੇ ਪਿੰਡ ਬੱਧਨੀ ਕਲਾਂ ਵਿਚ ਟਿਕੇ ਹੋਏ ਹਨ। ਮੂਲ ਰੂਪ ਵਿਚ ਉਹ ਕਵੀ ਹਨ। ਕਵਿਤਾ ਰਚਦੇ ਵੀ ਹਨ ਅਤੇ ਉਹਦੀਆਂ ਤਹਿਆਂ ਫਰੋਲ ਕੇ ਤੇ ਉਹਦੀਆਂ ਰਹਿਰਾਈਆਂ ਵਿਚ ਉਤਰ ਕੇ ਰੱਬੀ ਕਵਿਤਾ ਨੂੰ ਸਮਝਦੇ-ਵਿਚਾਰਦੇ ਵੀ ਹਨ ਤੇ ਸਮਝਾਉਂਦੇ ਵੀ ਹਨ।

ਸੰਪਰਕ ਬਣਿਆ ਤਾਂ ਉਨ੍ਹਾਂ ਦੀਆਂ ਪੁਸਤਕਾਂ ਵੀ ਮਿਲ ਗਈਆਂ। 'ਝਨਾ ਦਾ ਨੂਰ' ਅਤੇ 'ਨੂਰ ਦੇ ਨੇੜੇ' ਨਾਂ ਦੇ ਉਨ੍ਹਾਂ ਦੇ ਕਾਵਿ-ਸੰਗ੍ਰਿਹਾਂ ਵਿਚ ਮਨੁੱਖ ਅਤੇ ਸਮਾਜ ਦੇ ਮੁੱਦਿਆਂ ਤੇ ਮਸਲਿਆਂ ਬਾਰੇ ਸਦਾਚਾਰਕ ਨਜ਼ਰੀਏ ਤੋਂ ਲਿਖੀਆਂ ਗਈਆਂ ਕਵਿਤਾਵਾਂ ਹਨ। 'ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਚਰਿੱਤ੍ਰੋਪਖਿਆਨ' ਵਿਚ ਦਸਮ ਗ੍ਰੰਥ ਦੀ ਪ੍ਰਮਾਣਿਕਤਾ ਬਾਰੇ ਬਾਦਲੀਲ ਚਰਚਾ ਕੀਤੀ ਗਈ ਹੈ। 'ਗਿਆਨ ਕੀ ਗੋਦੜੀ: ਭਾਸ਼੍ਯ ਆਤਮਕ ਵਿਆਖਿਆ ਮਾਤਰਾ ਬਾਣੀ ਬਾਬਾ ਸ੍ਰੀਚੰਦ ਜੀ' ਵਿਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀਚੰਦ ਜੀ ਦੀ ਬਾਣੀ ਨੂੰ ਸਮਝਣ-ਸਮਝਾਉਣ ਦਾ ਉਪਰਾਲਾ ਕੀਤਾ ਹੈ।

ਇਸ ਲੇਖ ਦੇ ਨਾਂ ਦੀ ਪ੍ਰੇਰਨਾ ਸਵਾਮੀ ਜੀ ਦੀ ਰਚਨਾ 'ਗਿਆਨ ਕੀ ਗੋਦੜੀ' ਤੋਂ ਹੀ ਮਿਲੀ ਹੈ। ਕਿੰਨਾ ਚੰਗਾ ਹੋਵੇ ਜੇ ਘੱਟ ਤੋਂ ਘੱਟ ਜਾਣਨ ਅਤੇ ਫੋਕੀ ਵਿਦਵਤਾ ਦਾ ਵੱਧ ਤੋਂ ਵੱਧ ਵਿਖਾਲਾ ਪਾਉਣ ਵਾਲੇ ਸਾਡੇ ਅਜੋਕੇ 'ਵਿਦਵਾਨ' ਅਗਿਆਨ ਦਾ ਟੋਪ ਉਤਾਰ ਦੇਣ। ਇਹਦੀ ਥਾਂ ਉਨ੍ਹਾਂ ਨੂੰ ਸਾਡੇ ਸ਼ਬਦ-ਪੁਰਖੇ ਬਾਬਾ ਫਰੀਦ ਤੋਂ ਚੱਲ ਕੇ ਸਾਡੇ ਸਮਕਾਲੀ ਸਵਾਮੀ ਬ੍ਰਹਮਦੇਵ ਜੀ ਤੱਕ ਪੁੱਜੀ ਗਿਆਨ ਦੀ ਗੋਦੜੀ ਪਹਿਨਣ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਖਰੇ ਵਿਦਵਾਨਾਂ ਵਾਂਗ ਸ਼ਬਦ ਦੀਆਂ ਤਹਿਆਂ ਨੂੰ ਫਰੋਲਣ ਦੀ, ਉਸ ਦੀ ਗਹਿਰਾਈ ਵਿਚ ਉਤਰਨ ਦੀ ਤੇ ਉਸ ਦੀ ਬੁਲੰਦੀ ਤੱਕ ਉਡਾਰੀ ਲਾਉਣ ਦੀ ਜਾਚ ਸਿੱਖਣ ਦੇ ਰਾਹ ਪੈਣਾ ਚਾਹੀਦਾ ਹੈ!

# ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸੰਗਰਾਂਦ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 35 ਮਹਾਂਪੁਰਖਾਂ ਦੀ ਬਾਣੀ ਦਰਜ ਹੈ। ਕਿਤੇ ਵੀ 'ਸੰਗਰਾਂਦ' ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ। 'ਸੰਗਰਾਂਦ' ਸ਼ਬਦ ਪ੍ਰਾਕ੍ਰਿਤ ਅਤੇ ਪੰਜਾਬੀ ਵਿਚ ਸੰਸਕ੍ਰਿਤ ਦੇ ਸ਼ਬਦ 'ਸੰਕ੍ਰਾਂਤਿ' ਤੋਂ ਵਿਗੜ ਕੇ ਬਣਿਆ ਹੈ। 'ਸੰਕ੍ਰਾਂਤਿ'

ਪ੍ਰੋ. ਕਸ਼ਮੀਰਾ ਸਿੰਘ
ਫੋਨ: 801-414-0171

ਸ਼ਬਦ ਦਾ ਅਰਥ ਹੈ-ਸੂਰਜ ਦੀ ਰਾਸ਼ੀ ਦੀ ਤਬਦੀਲੀ। ਬਿਕ੍ਰਮਾਜੀਤ ਜੰਤਰੀ ਵਿਚ 12 ਸੰਗਰਾਂਦਾਂ ਅਤੇ ਸੂਰਜ ਦੀਆਂ 12 ਰਾਸ਼ੀਆਂ ਹਨ-ਮੇਸ਼/ਮੇਖ, ਵਰਿਸ਼ਭ, ਮਿਥੁਨ, ਕਰਕ, ਸਿਮਹਾ/ਸਿਨਹਾ, ਕੰਨਿਆਂ, ਤੁਲਾ, ਵ੍ਰਸਚਿਕਾ, ਧਨੁ, ਮਕਰ, ਕੁੰਭ ਅਤੇ ਮੀਨਾ। ਅੰਗ੍ਰੇਜ਼ੀ ਵਿਚ ਇਹ ਨਾਂ ਕ੍ਰਮਵਾਰ ਇਉਂ ਹਨ- Aries, Taurus, Gemini, Cancer, Leo, Vigor, Libra, Scorpio, Sagittarius, Capricom, Aquarius and Pisces.

ਹਿੰਦੂ ਗ੍ਰੰਥਾਂ ਅਨੁਸਾਰ ਹਰ ਰਾਸ਼ੀ ਦੇ ਅਰੰਭ ਜਾਂ ਬਾਅਦ ਦੀਆਂ ਘੜੀਆਂ ਸ਼ੁੱਭ ਜਾਂ ਅਸ਼ੁੱਭ ਮੰਨੀਆਂ ਜਾਂਦੀਆਂ ਹਨ। ਘੜੀਆਂ ਦੀ ਗਿਣਤੀ ਵੀ ਵੱਖ-ਵੱਖ ਦਿੱਤੀ ਗਈ ਹੈ। ਹਰ ਦੇਸੀ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਸੂਰਜ ਪਹਿਲੀ ਰਾਸ਼ੀ ਵਿਚੋਂ ਨਿਕਲ ਕੇ ਅਗਲੇ ਮਹੀਨੇ ਦੀ ਰਾਸ਼ੀ ਵਿਚ ਸੰਕ੍ਰਮਣ ਕਰਦਾ ਹੈ ਤੇ ਇਸ ਦਾ ਨਾਂ ਹੈ 'ਸੰਕ੍ਰਾਂਤਿ' ਜਾਂ 'ਸੰਗਰਾਂਦ।'

ਮਹੀਨੇ ਦਾ ਇਹ ਪਹਿਲਾ ਦਿਨ ਹਿੰਦੂਆਂ ਲਈ ਸੂਰਜ ਦੀ ਪੂਜਾ ਦਾ ਵਿਸ਼ੇਸ਼ ਦਿਨ ਹੁੰਦਾ ਹੈ ਤਾਂ ਜੁ ਸੂਰਜ ਦੇਵਤਾ ਉਨ੍ਹਾਂ ਉਤੇ ਸਾਰਾ ਮਹੀਨਾ ਪ੍ਰਸੰਨ ਰਹੇ। ਮਹੀਨੇ ਦੇ ਬਾਕੀ ਦਿਨਾਂ ਵਿਚ ਸੰਗਰਾਂਦ ਨਹੀਂ ਹੁੰਦੀ ਤੇ ਉਹ ਕਿਸੇ ਭਲੇ ਦੇ ਮੂੰਹੋਂ ਬਾਕੀ ਦਿਨਾਂ ਵਿਚ ਮਹੀਨੇ ਦਾ ਨਾਂ ਨਹੀਂ ਸੁਣਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਪ੍ਰਥਾ ਨੂੰ ਕੋਈ ਅਹਿਮੀਅਤ ਨਹੀਂ ਦਿਤੀ ਗਈ। ਗੁਰਮਤਿ ਅਨੁਸਾਰ ਉਹ ਹੀ ਮਹੀਨਾ, ਦਿਨ, ਘੜੀ, ਮੂਰਤ ਸਫਲ ਹੈ ਜਿਸ ਵਿਚ ਪ੍ਰਭੂ ਚੇਤੇ ਆਵੇ ਜਾਂ ਗੁਰੂ ਜੀ ਦੇ ਆਤਮਕ ਦਰਸ਼ਨ ਹੋਣ ਭਾਵ ਗੁਰੂ ਨਾਲ ਪ੍ਰੀਤਿ ਬਣੇ। ਪ੍ਰਮਾਣ ਵਜੋਂ ਸੋਚ ਮੰਡਲ ਵਿਚ ਲਿਆਓ ਇਹ ਪਾਵਨ ਬੋਲ,

ਮਾਹ ਦਿਵਸ ਮੂਰਤ ਭਲੇ
ਜਿਸ ਕਉ ਨਦਰਿ ਕਰੇ॥ (ਪੰਨਾ 136)
ਧੰਨੁ ਸੁ ਵੇਲਾ ਘੜੀ ਧੰਨੁ
ਧਨੁ ਮੂਰਤੁ ਪਲੁ ਸਾਰੁ॥
ਧੰਨੁ ਸੁ ਦਿਨਸੁ ਸੰਜੋਗੜਾ
ਜਿਤੁ ਡਿਠਾ ਗੁਰ ਦਰਸਾਰੁ॥ (ਪੰਨਾ 958)
ਸਾਈ ਘੜੀ ਸੁਲਖਣੀ
ਸਿਮਰਤ ਹਰਿ ਨਾਮੁ॥ (ਪੰਨਾ 819)
ਨਾਨਕ ਸੋਈ ਦਿਨਸੁ ਸੁਹਾਵੜਾ
ਜਿਤੁ ਪ੍ਰਭੁ ਆਵੈ ਚਿਤਿ॥
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ
ਫਿਟੁ ਭਲੇਰੀ ਰੁਤਿ॥ (ਪੰਨਾ 318)

ਕੇਵਲ ਮਹੀਨੇ ਦੀ ਪਹਿਲੀ ਤਾਰੀਖ (ਸੰਗਰਾਂਦ ਵਾਲੇ ਦਿਨ) ਨਾਲ ਹੀ ਸ਼ਰਧਾ ਜੋੜਨਾ ਅਤੇ ਮਹੀਨੇ ਦੇ ਬਾਕੀ ਦਿਨ ਮਹੀਨੇ ਦੇ ਉਪਦੇਸ਼ ਨੂੰ ਨਾ ਸੁਣਨਾ ਤੇ ਨਾ ਪੜ੍ਹਨਾ ਗੁਰੂ ਆਸ਼ੇ ਅਨੁਕੂਲ ਨਹੀਂ ਹੈ। ਗੁਰੂ ਜੀ ਦਾ ਉਪਦੇਸ਼ ਹੈ,

ਆਪੇ ਪੂਰਾ ਕਰੇ ਸੁ ਹੋਇ॥
ਏਹਿ ਥਿਤੀ ਵਾਰ ਦੂਜਾ ਦੋਇ॥ (ਪੰਨਾ 842)

ਅਰਥਾਤ ਹੁੰਦਾ ਓਹੀ ਹੈ ਜੋ ਪ੍ਰਭੂ ਕਰਦਾ ਹੈ ਤੇ ਇਹ ਸੰਗਰਾਂਦ ਦੇ ਵਸ ਨਹੀਂ। ਕਿਸੇ ਮਹੀਨੇ ਦੇ ਪਹਿਲੇ ਦਿਨ ਨੂੰ ਹੀ ਮਾਨਤਾ ਦੇਣੀ ਦੁਬਿਧਾ ਪੈਦਾ ਕਰਦੀ ਹੈ ਕਿ ਬਾਕੀ ਦਿਨਾਂ ਵਿਚ ਮਹੀਨੇ ਦਾ ਉਪਦੇਸ਼ ਸੁਣਨਾ ਚੰਗਾ ਨਹੀਂ ਕਿਉਂਕਿ ਸੰਗਰਾਂਦ ਲੰਘ ਗਈ ਹੁੰਦੀ ਹੈ।

ਸਤਿਗੁਰ ਬਾਝਹੁ ਅੰਧੁ ਗੁਬਾਰੁ॥
ਥਿਤੀ ਵਾਰ ਸੇਵਹਿ ਮੁਗਧ ਗਵਾਰ॥
(ਪੰਨਾ 843)

ਅਰਥਾਤ ਗੁਰੂ ਜੀ ਦੀ ਗੱਲ ਮੰਨਣ ਤੋਂ ਬਿਨਾ ਮਨ ਦਾ ਘੁੱਪ ਹਨੇਰਾ ਬਣਿਆ ਰਹੇਗਾ। ਕੇਵਲ ਮੂਰਖ ਅਤੇ ਮਹਾਂ ਮੂਰਖ ਹੀ ਮਹੀਨੇ ਦੀ ਕਿਸੇ ਵਿਸ਼ੇਸ਼ ਤਿੱਥ ਜਾਂ ਦਿਨ ਨੂੰ ਮਾਨਤਾ ਦਿੰਦੇ ਹਨ। ਮਹੀਨੇ ਦੇ ਸਾਰੇ ਦਿਨ ਇੱਕੋ ਜਿਹੇ ਹਨ, ਕੇਵਲ ਗੁਰੂ ਪ੍ਰੀਤ ਦੀ ਹੀ ਲੋੜ ਹੈ।

'ਸੋਮਵਾਰ' ਜਾਂ 'ਮੰਗਲਵਾਰ' ਕੇਵਲ ਨਾਂ ਲੈਣ ਜਾਂ ਨਾਂ ਸੁਣਨ ਨਾਲ ਹੀ ਸਫਲ ਨਹੀਂ ਹੁੰਦੇ, 'ਬਸੰਤ' ਜਾਂ 'ਪੋਤਝੜ' ਨਾਂ ਸੁਣਨ ਨਾਲ ਇਹ ਰੁੱਤਾਂ ਸਫਲ ਨਹੀਂ ਹੁੰਦੀਆਂ, 'ਚੇਤ' ਜਾਂ 'ਵੈਸਾਖ' ਆਦਿ ਮਹੀਨਿਆਂ ਦੇ ਕੇਵਲ ਨਾਂ ਸੁਣਨ ਨਾਲ ਇਹ ਸਫਲ ਨਹੀਂ ਹੋ ਜਾਂਦੇ, ਜੇ ਪ੍ਰਭੂ ਦੀ ਬੰਦਗੀ ਤੋਂ ਬਿਨਾ ਬੀਤ ਜਾਣ, ਐਸਾ ਗੁਰੂ ਜੀ ਦਾ ਉਪਦੇਸ਼ ਹੈ।

ਗੁਰੂ ਨਾਨਕ ਪਾਤਿਸ਼ਾਹ ਨੇ ਤੁਖਾਰੀ ਰਾਗ ਵਿਚ 'ਬਾਰਹ ਮਾਹਾ' ਦੀ ਰਚਨਾ 'ਸੰਗਰਾਂਦ' ਵਾਸਤੇ ਨਹੀਂ ਕੀਤੀ। ਜੇ ਅਜਿਹਾ ਕੀਤਾ ਹੁੰਦਾ ਤਾਂ ਪੰਜਵੇਂ ਗੁਰੂ ਜੀ ਨੂੰ 'ਸੰਗਰਾਂਦ' ਵਾਸਤੇ ਦੁਬਾਰਾ ਮਾਝ ਰਾਗ ਵਿਚ 'ਬਾਰਹ ਮਾਹਾ' ਲਿਖਣ ਦੀ ਲੋੜ ਨਹੀਂ ਸੀ ਪੈਣੀ। 'ਬਾਰਹ ਮਾਹਾ', 'ਰੁਤੀ ਸ਼ਲੋਕ',

## ਵਿਚਾਰ-ਚਰਚਾ

'ਸਤਵਾਰ' ਜਾਂ 'ਵਾਰਸਤ', 'ਪਟੀ', 'ਬਾਵਨ ਅਖਰੀ' ਆਦਿ ਸਿਰਲੇਖਾਂ ਵਾਲੀਆਂ ਗੁਰਬਾਣੀ ਦੀਆਂ ਰਚਨਾਵਾਂ ਮਹੀਨਿਆਂ, ਰੁੱਤਾਂ, ਅੱਖਰਾਂ ਅਤੇ ਦਿਨਾਂ ਦੀ ਪੂਜਾ ਜਾਂ ਸੂਰਜ ਚੰਦ ਦੀ ਪੂਜਾ ਵਾਸਤੇ ਨਹੀਂ ਹਨ ਸਗੋਂ ਰੱਬੀ ਉਪਦੇਸ਼ ਦੇਣ ਦੇ ਚੁਣੇ ਗਏ ਮਾਧਿਅਮ ਵਜੋਂ ਕਾਵਿ ਰੂਪ ਹਨ।

'ਵਾਰ ਸਤ' ਨਾਂ ਦੀ ਬਾਣੀ ਵਿਚ ਵਰਤੇ ਸੋਮਵਾਰ, ਮੰਗਲਵਾਰ ਆਦਿ ਦਿਨਾਂ ਦਾ ਅਰਥ ਇਹ ਨਹੀਂ ਕਿ 'ਸੋਮਵਾਰ' ਵਾਲੀਆਂ ਤੁਕਾਂ 'ਸੋਮਵਾਰ' ਨੂੰ ਹੀ ਪੜ੍ਹਨੀਆਂ ਹਨ ਤੇ 'ਮੰਗਲਵਾਰ' ਰਾਹੀਂ ਦਿੱਤਾ ਉਪਦੇਸ਼ ਕੇਵਲ 'ਮੰਗਲਵਾਰ' ਨੂੰ ਹੀ ਪੜ੍ਹਨਾ ਹੈ। 'ਰੁਤੀ ਸਲੋਕ' ਬਾਣੀ ਦਾ ਅਰਥ ਇਹ ਨਹੀਂ ਕਿ ਗਰਮੀ ਦੀ ਰੁੱਤ ਵਾਲੇ ਸ਼ਲੋਕ ਸਰਦੀ ਦੀ ਰੁੱਤੇ ਰੱਖੇ ਅਖੰਡ ਪਾਠ ਵਿਚ ਛੱਡ ਦੇਣੇ ਹਨ। ਇਵੇਂ ਹੀ 'ਬਾਰਹ ਮਾਹ' ਦਾ ਉਪਦੇਸ਼ ਸੰਗਰਾਂਦਾਂ ਦੀਆਂ ਬੰਦਸ਼ਾਂ ਤੋਂ ਆਜ਼ਾਦ ਹੈ। ਚੇਤ ਮਹੀਨੇ ਦਾ ਉਪਦੇਸ਼ ਕਿਸੇ ਹੋਰ ਮਹੀਨੇ ਵਿਚ ਪੜ੍ਹਨ ਨਾਲ ਘੱਟ ਅਸਰ ਨਹੀਂ ਕਰਦਾ ਤੇ ਚੇਤ ਮਹੀਨੇ ਦੀ ਕੈਦ ਵਿਚ ਨਹੀਂ ਹੈ।

ਹਿੰਦੁਸਤਾਨ ਵਿਚ ਸੂਰਜ ਅਤੇ ਚੰਦ ਦੀ ਪੂਜਾ ਵਾਸਤੇ ਪੁਜਾਰੀ ਸ਼੍ਰੇਣੀ ਵਲੋਂ 10 ਦਿਨ ਪਵਿੱਤਰ ਮੰਨ ਕੇ ਵਿਸ਼ੇਸ਼ ਪੂਜਾ ਕੀਤੀ ਜਾਂਦੀ ਸੀ। ਗੁਰੂ ਨਾਨਕ ਪਾਤਿਸ਼ਾਹ ਨੇ ਇਸ ਪ੍ਰਥਾ ਨੂੰ ਪ੍ਰਵਾਨ ਨਹੀਂ

(ਬਾਕੀ ਸਫਾ 33 'ਤੇ)

## ਲਿਓਨ ਤ੍ਰਾਤਸਕੀ ਦੀ ਪ੍ਰਸੰਗਿਕਤਾ-2

# ਕੀ ਸੀ ਤ੍ਰਾਤਸਕੀ ਦਾ ਸੁਪਨਾ?

***ਰੂਸੀ ਇਨਕਲਾਬ ਵਿਚ ਲਿਓਨ ਤ੍ਰਾਤਸਕੀ (1879-1940) ਦਾ ਚੰਗਾ-ਚੋਖਾ ਯੋਗਦਾਨ ਰਿਹਾ ਹੈ। ਇਨਕਲਾਬ ਤੋਂ ਬਾਅਦ ਉਸ ਨੇ ਲਾਲ ਫੌਜ ਦੀ ਜਿਸ ਢੰਗ ਨਾਲ ਅਗਵਾਈ ਕੀਤੀ ਅਤੇ ਉਲਟ-ਇਨਕਲਾਬ ਦੇ ਖਦਸ਼ੇ ਨਾਲ ਜਿਸ ਤਰ੍ਹਾਂ ਕਰੜੇ ਹੱਥੀਂ ਨਜਿੱਠਿਆ, ਉਸ ਦੀ ਸੰਸਾਰ ਭਰ ਵਿਚ ਕਿਤੇ ਕੋਈ ਮਿਸਾਲ ਨਹੀਂ ਲੱਭਦੀ। ਉਂਜ, ਉਸ ਦੇ ਕੁਝ ਵਿਚਾਰ ਪਹਿਲਾਂ ਰੂਸੀ ਇਨਕਲਾਬ ਦੇ ਪਿਤਾਮਾ ਲੈਨਿਨ ਅਤੇ ਮਗਰੋਂ ਸਤਾਲਿਨ ਨਾਲ ਇੰਨੇ ਜ਼ਿਆਦਾ ਖਹਿਸਰੇ ਕਿ ਅਖੀਰ ਉਹ ਇਕ-ਦੂਜੇ ਦੇ ਵਿਰੋਧੀ ਹੋ ਨਿਬੜੇ। ਇਸ ਵਿਚਾਰਧਾਰਕ ਭੇੜ ਵਿਚ ਤ੍ਰਾਤਸਕੀ ਨੂੰ ਪਰਿਵਾਰਕ ਤੌਰ 'ਤੇ ਬਹੁਤ ਵੱਡੀ ਕੀਮਤ ਤਾਰਨੀ ਪਈ। ਇਸ ਕੋਣ ਤੋਂ ਸਤਾਲਿਨ ਦੀ ਅੱਜ ਤੱਕ ਨੁਕਤਾਚੀਨੀ ਹੋ ਰਹੀ ਹੈ ਜਿਸ ਨੇ ਆਪਣੇ ਵਿਰੋਧੀਆਂ ਖਿਲਾਫ ਸਫਾਏ ਦੀ ਮੁਹਿੰਮ ਵਿੱਢ ਦਿੱਤੀ ਸੀ। ਪੰਜਾਬ ਟਾਈਮਜ਼ ਵਿਚ ਡਾ. ਅੰਮ੍ਰਿਤਪਾਲ ਸਿੰਘ ਦਾ ਤ੍ਰਾਤਸਕੀ ਦੇ ਵਿਚਾਰਾਂ ਬਾਰੇ ਲੰਮਾ ਲੇਖ ਦੋ ਕਿਸ਼ਤਾਂ ਵਿਚ ਛਾਪਿਆ ਗਿਆ ਸੀ ਜਿਸ ਵਿਚ ਉਨ੍ਹਾਂ ਲੈਨਿਨ ਅਤੇ ਸਤਾਲਿਨ ਦੇ ਹਵਾਲੇ ਨਾਲ ਤ੍ਰਾਤਸਕੀ ਦੀ ਗੱਲ ਛੇੜੀ ਸੀ। ਐਤਕੀਂ ਗੁਰਦਿਆਲ ਸਿੰਘ ਬੱਲ ਵੱਲੋਂ ਭੇਜੇ ਲੇਖ ਦਾ ਦੂਜਾ ਹਿੱਸਾ ਛਾਪ ਰਹੇ ਹਾਂ ਜਿਸ ਵਿਚ ਅਫਗਾਨਿਸਤਾਨ ਬਾਰੇ ਉਚੇਚੀ ਚਰਚਾ ਕੀਤੀ ਗਈ ਹੈ। -ਸੰਪਾਦਕ***

ਸੋਵੀਅਤ ਯੂਨੀਅਨ ਵਿਚ ਸਮਾਜਵਾਦੀ ਇਨਕਲਾਬ ਦੀ ਅਸਫਲਤਾ ਦੇ ਦੁਖਾਂਤ ਨੂੰ ਸਮਝਣ ਲਈ ਪ੍ਰੋ. ਰਣਧੀਰ ਸਿੰਘ ਨੇ 'ਕਰਾਈਸਿਸ ਇਨ ਸੋਸ਼ਲਿਜ਼ਮ' ਨਾਂ ਦੀ ਬੜੀ ਹੀ ਅਹਿਮ ਅਤੇ ਵੱਡ-ਅਕਾਰੀ ਪੁਸਤਕ ਲਿਖੀ ਹੈ। ਕਿਧਰੇ ਕਿਧਰੇ ਥੋੜ੍ਹੇ ਬਹੁਤ ਦੁਹਰਾਉ ਦੇ ਬਾਵਜੂਦ ਮਾਰਕਸੀ ਚਿੰਤਨ ਨੂੰ ਸਮਝਣ ਲਈ ਅਤੇ ਜ਼ਿੰਦਗੀ ਨੂੰ ਮੁਹੱਬਤ ਕਰਨ ਵਾਲੇ ਹਰ ਇਨਸਾਨ ਨੂੰ ਇਹ ਕਿਤਾਬ ਲਾਜ਼ਮੀ ਪੜ੍ਹਨੀ ਚਾਹੀਦੀ ਹੈ। ਪ੍ਰੋ. ਰਣਧੀਰ ਸਿੰਘ ਦਿਓਕੱਦ ਸ਼ਖਸੀਅਤ ਦੇ ਸੰਜੀਦਾ ਚਿੰਤਕ ਹਨ ਅਤੇ ਆਪਣੇ ਖੇਤਰ ਅੰਦਰ ਪੂਰੇ ਦੱਖਣ ਪੂਰਬੀ ਏਸ਼ੀਆ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਹੈ। ਮੇਰੇ ਮਨ ਵਿਚ ਉਨ੍ਹਾਂ ਦੀ ਪ੍ਰਤੀਬੱਧਤਾ ਦਾ ਬੇਹੱਦ ਸਤਿਕਾਰ ਹੈ। ਉਹ ਸਤਾਲਿਨ ਦੌਰ ਦੀਆਂ ਗਲਤੀਆਂ ਦੀ ਵੀ ਸਹੀ ਨਿਸ਼ਾਨਦੇਹੀ ਕਰਦੇ ਹਨ ਪਰ ਜਿਸ ਅੰਦਾਜ਼

**ਗੁਰਦਿਆਲ ਬੱਲ**
ਫੋਨ: 647-982-6091

ਵਿਚ ਉਹ ਖਰੁਸ਼ਚੇਵ, ਬਰੈਜ਼ਨੇਵ ਅਤੇ ਅਖੀਰ ਵਿਚ ਮਿਖਾਈਲ ਗੋਰਬਾਚੇਵ ਦੇ ਦੌਰਾਂ ਬਾਰੇ ਫਤਵੇ ਜਾਰੀ ਕਰਦੇ ਤੁਰੇ ਜਾਂਦੇ ਹਨ, ਉਹ ਕੋਈ ਬਾਤ ਨਹੀਂ ਹੈ। ਘੱਟੋ-ਘੱਟ ਮੇਰੀ ਨਜ਼ਰ ਵਿਚ ਫਤਵਿਆਂ ਦੀ ਭਾਸ਼ਾ 'ਚ ਗੱਲ ਕਰਨਾ ਕਤਈ ਠੀਕ ਨਹੀਂ ਹੈ। ਉਨ੍ਹਾਂ ਨੇ 20ਵੀਂ ਸਦੀ ਵਿਚ ਸਮਾਜਵਾਦੀ ਤਜਰਬੇ ਦੀ ਅਸਫਲਤਾ ਦੇ ਕਾਰਨਾਂ ਦੀ ਲੰਮੀ ਚੌੜੀ ਸੂਚੀ ਬਣਾਈ ਹੈ ਪਰ ਉਨ੍ਹਾਂ ਦੀ ਪੁਸਤਕ ਵੀ ਪਾਠਕ ਨੂੰ ਦੁਖਾਂਤ ਦੀਆਂ ਜੜ੍ਹਾਂ ਤੱਕ ਨਹੀਂ ਲਿਜਾਂਦੀ।

ਸੋਵੀਅਤ ਨਿਜ਼ਾਮ ਦੀ ਬਰਬਾਦੀ ਦੀ ਗੱਲ ਕਰਦਿਆਂ 30-32 ਵਰ੍ਹੇ ਪਹਿਲਾਂ ਰੂਸੀ ਕਮਿਊਨਿਸਟਾਂ ਬਾਰੇ ਆਪਣੇ ਮਿੱਤਰ ਪ੍ਰੋ. ਗੁਰਤਰਨ ਸਿੰਘ ਦੇ ਘਰ ਦੀ ਛੱਤ 'ਤੇ ਬੈਠਿਆਂ ਪ੍ਰੋ. ਹਰਿੰਦਰ ਸਿੰਘ ਮਹਿਬੂਬ ਨਾਲ ਹੋਇਆ ਤਲਖ ਤਕਰਾਰ ਯਾਦ ਆ ਰਿਹਾ ਹੈ। ਪ੍ਰੋ. ਮਹਿਬੂਬ ਬਹੁਤ ਪੜ੍ਹੇ ਲਿਖੇ ਅਤੇ ਨਿਸ਼ਚੇ ਹੀ ਵੱਡੀ ਇਖਲਾਕ-ਉਚਤਾ ਵਾਲੇ ਸੱਜਣ ਸਨ ਪਰ ਉਹ ਅਫਗਾਨਿਸਤਾਨ ਵਿਚ ਰੂਸੀ ਦਖਲ-ਅੰਦਾਜ਼ੀ ਵਰਗੇ ਮੁੱਦੇ 'ਤੇ ਅਰਥਪੂਰਨ ਰਾਏ ਦੇ ਸਕਣ ਦੇ ਮਾਮਲੇ ਵਿਚ ਮੇਰੀ ਜਾਚੇ ਮੂਲੋਂ ਹੀ ਓਬੜ ਸਨ। ਉਹ ਕਹਿ ਰਹੇ ਸਨ ਕਿ ਰੂਸੀਆਂ ਨੂੰ ਬੜਾ ਪਾਪ ਲੱਗਣਾ ਹੈ। ਅਖੇ, ਜੇ ਦੁਨੀਆਂ ਵਿਚੋਂ ਪਠਾਣਾਂ ਦੀ ਨਸਲ ਦਾ ਖਾਤਮਾ ਹੋ ਗਿਆ ਤਾਂ ਕਾਇਨਾਤ ਦੇ ਬਗੀਚੇ ਵਿਚੋਂ ਕੋਈ ਬਹੁਤ ਹੀ ਸੁੰਦਰ ਅਤੇ ਮਹਿਕਦਾਰ ਪੌਦਾ ਕੱਟਿਆ ਜਾਵੇਗਾ। ਪ੍ਰੋ. ਮਹਿਬੂਬ ਸਰਾਪ ਦੇਈ ਜਾ ਰਹੇ ਸਨ ਕਿ ਰੂਸੀਆਂ ਦਾ ਬੇੜਾ ਗਰਕ ਹੋ ਜਾਵੇਗਾ। ਮੈਂ ਉਨ੍ਹਾਂ ਨੂੰ ਉਸ ਜ਼ਮਾਨੇ ਦੇ ਅਫਗਾਨਿਸਤਾਨ ਦੀ ਹਕੀਕਤ ਦੱਸਣ ਦੀ ਕੋਸ਼ਿਸ਼ ਕੀਤੀ ਤਾਂ ਉਹ ਉਲਟਾ ਨਾਰਾਜ਼ ਹੋ ਕੇ ਮੰਜੀ ਤੋਂ ਉਠ ਕੇ ਅਚਾਨਕ ਮੈਨੂੰ ਬਿਨਾਂ ਬੁਲਾਏ ਹੀ ਟੁਰ ਗਏ।

ਮੇਰਾ ਅੱਜ ਵੀ ਵਿਸ਼ਵਾਸ ਹੈ ਕਿ ਅਫਗਾਨਿਸਤਾਨ ਦੇ ਉਸ ਇਨਕਲਾਬੀ ਪ੍ਰੋਜੈਕਟ ਬਾਰੇ ਪ੍ਰੋ. ਮਹਿਬੂਬ ਨੂੰ ਕੱਖ ਪਤਾ ਨਹੀਂ ਸੀ। ਕਿਸੇ ਵੀ ਰਹੱਸਵਾਦੀ ਸੱਜਣ ਨੂੰ ਪਤਾ ਹੋ ਵੀ ਨਹੀਂ ਸਕਦਾ। ਬੜੇ ਲੋਕਾਂ ਦਾ ਕਹਿਣਾ ਹੈ ਕਿ ਸੋਵੀਅਤ ਕਮਿਊਨਿਸਟਾਂ ਦੀ ਬਰਬਾਦੀ ਲਈ ਅਫਗਾਨਿਸਤਾਨ ਵਾਲਾ ਫੈਸਲਾ ਹੀ ਸਭ ਤੋਂ ਵੱਧ ਜ਼ਿੰਮੇਵਾਰ ਸੀ। ਅਖੇ, ਇਹ ਦਖਲ ਉਵੇਂ ਹੀ ਸੀ ਜਿਵੇਂ ਅਮਰੀਕਨ ਵੀਅਤਨਾਮ ਵਿਚ ਫਸ ਗਏ ਸਨ। ਇਹ ਗੱਲ ਬਹੁਤ ਹੱਦ ਤੱਕ ਠੀਕ ਹੋ ਸਕਦੀ ਹੈ ਪਰ ਇਤਿਹਾਸ ਦਾ ਇਹ ਮੌਕਾ ਮੇਲ ਹੀ ਸੀ ਕਿ ਐਨ ਉਸੇ ਸਮੇਂ ਇਕ ਪਾਸੇ ਰੋਨਾਲਡ ਰੀਗਨ ਵਰਗਾ ਬਚਪਨ ਤੋਂ ਹੀ ਕੱਟੜ ਕਮਿਊਨਿਸਟ ਵਿਰੋਧੀ ਆਗੂ ਅਮਰੀਕਾ ਦਾ ਰਾਸ਼ਟਰਪਤੀ ਬਣਿਆ ਅਤੇ ਦੂਜੇ ਪਾਸੇ ਸਾਊਦੀ ਅਰਬ ਵਿਚ ਰੈਡੀਕਲ ਇਸਲਾਮ ਤੋਂ ਪ੍ਰੇਰਿਤ ਜਹਾਦੀਆਂ ਨੇ ਮੱਕੇ 'ਤੇ ਕਬਜ਼ਾ ਕਰ ਕੇ ਸਾਊਦੀ ਸ਼ਹਿਜ਼ਾਦਿਆਂ ਨੂੰ ਕਾਂਬੇ ਛੇੜੇ, ਤੇ ਤੀਜੇ ਪਾਸੇ ਪਾਕਿਸਤਾਨ ਵਿਚ ਜ਼ੁਲਫਿਕਾਰ ਅਲੀ ਭੁੱਟੋ ਨੂੰ ਫਾਹੇ ਲਗਾ ਕੇ ਜ਼ਿਆ-ਉਲ-ਹੱਕ ਨੰਗਾ ਚਿੱਟਾ ਇਸਲਾਮੀ ਪੱਤਾ ਖੇਡ ਕੇ ਆਪਣੀ ਹਰ ਕਾਰਵਾਈ ਜਾਇਜ਼ ਸਾਬਤ ਕਰਨ ਲਈ ਹਰ ਹੱਥਕੰਡਾ ਵਰਤਣ ਲਈ ਤਹੂ ਹੋਇਆ ਪਿਆ ਸੀ।

ਜੋ ਵੀ ਹੈ, ਅਫਗਾਨਿਸਤਾਨ ਵਿਚ ਰੂਸੀ ਫੌਜੀ ਦਖਲ ਦਾ ਤਰਕ ਸਮਝਣਾ ਇਤਨਾ ਆਸਾਨ ਨਹੀਂ ਹੈ। ਰੂਸੀਆਂ ਨੇ ਕਤਈ ਕੋਈ ਮਾਅਰਕੇਬਾਜ਼ੀ ਨਹੀਂ ਸੀ ਕੀਤੀ, ਬਲਕਿ ਇਨਕਲਾਬ ਉਥੇ ਹਾਫਿਜ਼-ਉਲਾ ਅਮੀਨ, ਨੂਰ ਮੁਹੰਮਦ ਤਾਰਾਕੀ, ਬਬਰਾਕ ਕਾਰਮਲ ਅਤੇ ਖਲਕ ਤੇ ਪਰਚਮ ਧੜਿਆਂ ਦੇ ਅਫਗਾਨ ਕਮਿਊਨਿਸਟ ਇਨਕਲਾਬੀਆਂ ਨੇ ਖੁਦ ਕੀਤਾ ਸੀ। ਦੂਜੇ ਪਾਸੇ ਰੂਸੀ ਕਮਿਊਨਿਸਟ ਲੀਡਰਸ਼ਿਪ ਦਾ ਹਰ ਆਗੂ ਹੀ ਅਫਗਾਨਿਸਤਾਨ ਵਿਚ ਸਿੱਧੀ ਫੌਜੀ ਦਖਲ-ਅੰਦਾਜ਼ੀ ਦੇ ਸਖਤ ਵਿਰੁਧ ਸੀ। ਪ੍ਰਧਾਨ ਮੰਤਰੀ ਅਲੈਕਸੀ ਕੋਸੀਲਿਨ ਅਜੇ ਜਿਉਂਦੇ ਸਨ ਅਤੇ ਉਹ ਤਾਂ ਇਸ ਬਾਰੇ ਮਾਮੂਲੀ ਸੁਝਾਅ ਤੱਕ ਵੀ ਸੁਣਨ ਨੂੰ ਤਿਆਰ ਨਹੀਂ ਸਨ। ਫਿਰ ਵੀ ਉਹ ਦੁਖਾਂਤ ਵਾਪਰਿਆ, ਰੂਸੀ ਦਖਲ-ਅੰਦਾਜ਼ੀ ਦੇ ਮਹਾਂਦੁਖਾਂਤ ਨੂੰ ਜੇ ਕੋਈ ਜਾਣਨਾ ਚਾਹੁੰਦਾ ਹੈ ਤਾਂ ਉਹ ਸਾਲ 2011 ਵਿਚ ਰੌਡਰਿਕ ਬਰੈਥਵੇਟ ਦੀ 'ਅਫਗਾਨਿਸਟੀ' ਅਤੇ ਜੌਨਾਥਨ ਸਟੀਲ ਦੀ 'ਘੋਸਟਸ ਆਫ ਅਫਗਾਨਿਸਤਾਨ' ਨਾਂ ਦੀਆਂ ਪੁਸਤਕਾਂ ਜ਼ਰੂਰ ਪੜ੍ਹੇ। ਇਹ ਪੁਸਤਕਾਂ ਪੜ੍ਹ ਕੇ ਪਾਠਕ ਨੂੰ ਸਾਰੀ ਕਹਾਣੀ ਅਲੱਗ ਰੰਗਾਂ ਵਿਚ ਨਜ਼ਰ ਆਉਣੀ ਸ਼ੁਰੂ ਹੋ ਜਾਂਦੀ ਹੈ। ਰੌਡਰਿਕ ਬਰੈਥਵੇਟ ਦੀ ਕਿਤਾਬ ਵਧੇਰੇ ਪ੍ਰਮਾਣਿਕ ਮੰਨੀ ਜਾਂਦੀ ਹੈ।

ਕਾਮਰੇਡ ਤਾਰਾਕੀ ਦੇ ਆਪਣੇ ਸਾਥੀ ਰਾਸ਼ਟਰਪਤੀ ਹਾਫਿਜ਼-ਉਲਾ ਅਮੀਨ ਹੱਥੋਂ ਬੜੇ ਹੀ ਤਰਾਸਦਿਕ ਅਤੇ ਰਹੱਸਮਈ ਹਾਲਤ ਵਿਚ ਮਾਰੇ ਜਾਣ ਪਿੱਛੋਂ ਖਲਕ ਧੜੇ ਵਿਚ ਉਨ੍ਹਾਂ ਦੇ ਚਾਰ ਅਹਿਮ ਸਾਥੀਆਂ ਸਈਦ ਮੁਹੰਮਦ ਗੁਲਾਬਜ਼ੋਈ, ਅਸਲਮ ਮੁਹੰਮਦ, ਵਤਨਯਾਰ, ਸ਼ੇਰਜਾਨ ਮਜ਼ਦੂਰਯਾਰ ਅਤੇ ਅਸਦ-ਉਲਾ ਸਰਵਰੀ ਨੇ ਇਨਕਲਾਬ ਨੂੰ ਆਪਣੇ ਹੀ ਅਤਿਵਾਦੀ ਸਾਥੀ ਹਾਫਿਜ਼ਉਲਾ ਅਮੀਨ ਦੀ ਦਹਿਸ਼ਤ ਅਤੇ ਵਹਿਸ਼ਤ ਤੋਂ ਬਚਾਉਣ ਲਈ ਰੂਸੀਆਂ ਨੂੰ ਕਿਵੇਂ ਤੇ ਕਿਉਂ ਮਜਬੂਰ ਕਰ ਦਿੱਤਾ, ਉਹ ਕਹਾਣੀ ਸੌਖਿਆਂ ਨਹੀਂ ਦੱਸੀ ਜਾ ਸਕਦੀ। ਇਹ ਚਾਰੇ ਦੇ ਚਾਰੇ ਹੀ ਬੜੇ ਦਰਵੇਸ਼ ਕਿਸਮ ਦੇ ਕਾਮਰੇਡ ਸਨ। ਫਿਰ ਅੱਗਿਉਂ ਕਮਾਲ ਇਹ ਹੈ ਕਿ ਰੂਸੀ ਫੌਜਾਂ ਨੇ ਅਫਗਾਨ ਲੋਕਾਂ ਨੂੰ ਮੱਧਯੁਗੀ ਜਗੀਰੂ ਅੰਧਕਾਰ ਵਿਚੋਂ ਕੱਢਣ ਲਈ ਹਰ ਵਾਹ ਹੀ ਤਾਂ ਲਗਾ ਦਿੱਤੀ ਸੀ ਪਰ ਅਫਗਾਨ ਮੁਜਾਹਿਦਾਂ ਨੇ ਆਪਣੀ ਕਮਿਊਨਿਸਟ ਸਰਕਾਰ ਵਿਰੁਧ ਮਾਰੂ ਜਹਾਦ ਵਿੱਢ ਕੇ ਆਪਣੇ ਪਿਆਰੇ ਅਫਗਾਨਿਸਤਾਨ ਦਾ ਬੇੜਾ ਗਰਕ ਕਿੰਜ ਕੀਤਾ, ਇਹ ਲੋਕਾਂ ਨੂੰ ਅਜੇ ਥੋੜ੍ਹਾ ਸਮਾਂ ਹੋਰ ਠਹਿਰ ਕੇ ਉਦੋਂ ਸਮਝ ਆਵੇਗੀ ਜਦੋਂ ਉਹ ਸੰਜੀਦਗੀ ਨਾਲ ਸੋਚਣਾ ਸ਼ੁਰੂ ਕਰਨਗੇ ਕਿ ਗੁਲਾਬਜ਼ੋਈ, ਵਤਨਯਾਰ, ਮਜ਼ਦੂਰਯਾਰ ਅਤੇ ਕਾਮਰੇਡ ਸਰਵਰੀ ਵਰਗੇ ਅਫਗਾਨ ਕਮਿਊਨਿਸਟ ਆਗੂ ਅਸਲ ਵਿਚ ਕਹਿ ਕੀ ਰਹੇ ਸਨ, ਉਹ ਕਿਸ ਕਿਸਮ ਦੇ ਸਮਾਜ ਦੀ ਸਿਰਜਣਾ ਦੀ ਚਾਹਤ ਕਰ ਰਹੇ ਸਨ!

ਪ੍ਰੋ. ਮਹਿਬੂਬ ਦੀ ਗੱਲ ਤੁਰੀ ਹੈ ਤਾਂ ਮੈਨੂੰ ਉਨ੍ਹਾਂ ਦੇ 60ਵਿਆਂ ਦੇ ਸ਼ੁਰੂ ਵਿਚ ਭੂਤਵਾੜਾ ਦੌਰ ਦੇ ਮਹਾਂਭੂਤ ਡਾ. ਗੁਰਭਗਤ ਸਿੰਘ ਦੀ ਯਾਦ ਵੀ ਆਪਮੁਹਾਰੇ ਆ ਗਈ ਹੈ। ਡਾ. ਗੁਰਭਗਤ ਸਿੰਘ ਪੰਜਾਬ ਦੇ ਸਿੱਖ ਭਾਈਚਾਰੇ ਵਿਚ ਅੱਜ ਦੇ ਦਿਨ ਸਭ ਤੋਂ ਪੜ੍ਹੇ-ਲਿਖੇ, ਸੰਜੀਦਾ, ਦਿਗੰਬਰ ਅਤੇ ਪ੍ਰਤੀਬਧ ਚਿੰਤਕ ਹਨ। 'ਪੰਜਾਬ ਟਾਈਮਜ਼' ਦੇ 11 ਦਸੰਬਰ 2013 ਦੇ ਅੰਕ ਵਿਚ 'ਨਦੀਆ ਵਾਹ ਵਿਛੁੰਨਿਆ' ਸਿਰਲੇਖ ਹੇਠ ਉਨ੍ਹਾਂ ਦਾ ਲੇਖ ਛਪਿਆ ਹੈ ਜਿਸ ਵਿਚ ਉਨ੍ਹਾਂ ਨੇ 'ਰਾਗ ਆਸਾ' ਵਿਚ ਗੁਰੂ ਨਾਨਕ ਦੇ ਮਹਾਂਵਾਕ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦਾ ਲੇਖ ਪੜ੍ਹ ਕੇ ਅਫਸੋਸ ਹੋਇਆ ਕਿ ਡਾਕਟਰ ਸਾਹਿਬ ਪਿਛਲੇ 25-30 ਵਰ੍ਹਿਆਂ ਤੋਂ ਮਾਨੋ ਇਕੋ ਹੀ ਲੇਖ ਵਾਰ-ਵਾਰ ਲਿਖੀ ਜਾ ਰਹੇ ਹਨ।

ਇਸ ਲੇਖ ਵਿਚ ਡਾ. ਗੁਰਭਗਤ ਸਿੰਘ ਦੱਸਦੇ ਹਨ, "ਇਸ ਜਗਤ ਵਿਚ ਗੁਰੂ ਨਾਨਕ ਸਾਹਿਬ ਦਾ ਜਦੋਂ ਆਗਮਨ ਹੋਇਆ ਤਾਂ ਉਸ ਵਕਤ ਹਿੰਦੁਸਤਾਨੀ ਸਮਾਜ ਉਪਰ ਬ੍ਰਾਹਮਣਵਾਦ, ਇਸਲਾਮ ਤੇ ਜਗੀਰਦਾਰੀ ਦੇ (ਮਾਰੂ) ਇਕਸਾਰਵਾਦ ਨੇ ਆਮ ਲੋਕਾਈ ਦੀ ਜ਼ਿੰਦਗੀ ਦੀ ਭਰਪੂਰਤਾ 'ਤੇ ਸੱਟ ਮਾਰੀ ਹੋਈ ਸੀ।" ਫਿਰ ਅਗਾਂਹ ਉਹ ਦੱਸਦੇ ਹਨ ਕਿ ਪੱਛਮੀ ਚਿੰਤਕਾਂ ਨੇ ਦੋ ਭਿਆਨਕ ਸੰਸਾਰ ਜੰਗਾਂ ਪਿਛੋਂ ਆਪਣੇ ਇਕਪਾਸੜ ਤਰਕ ਅਤੇ ਤਕਨਾਲੋਜੀ ਆਧਾਰਤ ਸਭਿਆਚਾਰਾਂ (ਦੀਆਂ ਖਾਮੀਆਂ) ਦਾ ਵਿਸ਼ਲੇਸ਼ਣ ਕਰਦਿਆਂ ਵਿਸ਼ਾਲ ਜੀਵਨ ਜਾਂ ਬ੍ਰਹਿਮੰਡੀ ਵਰਤਾਰੇ ਵਿਚ ਨਿਹਿਤ ਬਹੁਲਤਾ ਦੀ ਨਿਸ਼ਾਨਦੇਹੀ ਕੀਤੀ। ਇਸ ਨੂੰ ਮੁੜ ਵਿਆਪਕ ਬਣਾ ਕੇ ਵਿਅਕਤੀ ਤੇ ਸਭਿਆਚਾਰ ਦੇ ਨਿਰਮਾਣ ਦਾ ਚਿੰਤਨ ਰਚਿਆ। (ਅਖੇ) ਇਸ ਚਿੰਤਨ ਦਾ ਵੱਡਾ ਪ੍ਰਤੀਕ ਤੇ ਮੁੱਖ ਫਿਲਾਸਫਰ ਬਾਤਈ ਹੈ। (ਅਖੇ) ਉਸ ਦੇ ਚਿੰਤਨ ਵਿਚ ਨਵ-ਫਰਾਇਡੀ ਅਤੇ ਮਾਰਕਸੀ ਚਿੰਤਨ ਵੀ ਕਿਰਿਆਵੰਤ ਹੋਏ ਹੋਏ ਹਨ। ਹੈਰਾਨੀ ਹੈ ਕਿ ਕਿਥੇ ਸੈਡਇਜ਼ਮ ਦੇ ਸਿਧਾਂਤਕਾਰ ਮਾਰਖੇਜ ਦੀ ਸਾਦ (Marquis de Sade) ਦਾ ਸਭ ਤੋਂ ਵੱਡਾ ਪ੍ਰਸ਼ੰਸਕ ਬਾਤਈ (Bataille) ਅਤੇ ਕਿਥੇ ਗੁਰਬਾਣੀ!

ਇਸੇ ਹੀ ਲੇਖ ਵਿਚ ਡਾਕਟਰ ਸਾਹਿਬ ਆਪਣਾ ਹਜ਼ਾਰ ਵਾਰੀ ਕੀਤਾ ਪੁਰਾਣਾ ਦਾਅਵਾ ਇਹ ਕਹਿੰਦਿਆਂ ਫਿਰ ਦੁਹਰਾਉਂਦੇ ਹਨ ਕਿ ਪੱਛਮ ਦਾ ਕੋਈ ਵੀ ਪਰਵਰਗ ਪੂਰਬੀ ਚਿੰਤਨ ਦੇ ਅਨੁਭਵਾਂ ਅਤੇ ਚੇਤਨਤਾ ਦੇ (ਮਹਾਤਮ ਜਾਂ ਮਰਮ) ਨੂੰ ਨਹੀਂ ਸਮਝ ਸਕਦਾ।

ਹੁਣ ਜ਼ਰਾ ਧਿਆਨ ਨਾਲ ਵੇਖੋ ਤਾਂ ਡਾ. ਗੁਰਭਗਤ ਸਿੰਘ ਸਿੱਖ ਧਰਮ ਦੀ ਆਮਦ ਦੀ ਤਾਰਕਿਕਤਾ ਨੂੰ ਸ੍ਰੇਸ਼ਠ ਸਾਬਤ ਕਰਨ ਲਈ ਇਕ ਪਾਸੇ ਹਜ਼ਾਰ ਅੰਦਰੂਨੀ ਵਖਰੇਵਿਆਂ ਦੇ ਬਾਵਜੂਦ ਇਸਲਾਮ ਅਤੇ ਹਿੰਦੂ ਧਰਮ ਨੂੰ ਇਕੋ ਰੱਸੇ ਲਪੇਟ ਕੇ ਉਨ੍ਹਾਂ ਨੂੰ ਲੋਕ ਦੁਸ਼ਮਣ ਦੀ ਥਾਂ ਜੀਵਨ ਦੋਖੀ/ਇਕਸਾਰਵਾਦ ਦੇ ਰੂਪ ਵਿਚ ਕਲੱਬ ਕਰੀ ਜਾ ਰਹੇ ਹਨ; ਇਸ ਦੇ ਨਾਲ-ਨਾਲ ਹੀ ਵਾਰ-ਵਾਰ ਲਗਾਤਾਰ ਦਾਅਵਾ ਕਰੀ ਜਾਂਦੇ ਹਨ ਕਿ ਪੱਛਮੀ ਚਿੰਤਨ ਏਸ਼ੀਆਈ ਅਧਿਆਤਮਕ ਚਿੰਤਨ ਦੀ ਅਮੀਰੀ ਨੂੰ ਸਮਝਣ ਦੇ ਯੋਗ ਹੀ ਨਹੀਂ ਹੈ। ਯਾਦ ਰਹੇ ਕਿ ਪਿਛਲੇ ਡੇਢ ਹਜ਼ਾਰ ਸਾਲਾਂ ਦੌਰਾਨ ਇਸਲਾਮ ਨੇ ਅਣਗਿਣਤ ਮਹਾਨ ਚਿੰਤਕ ਪੈਦਾ ਕੀਤੇ ਹਨ। ਬੁੱਧ ਧਰਮ ਅਤੇ ਉਪਨਿਸ਼ਦਿਕ ਹਿੰਦੂਵਾਦ ਜਾਂ ਮਹਾਂਰਿਸ਼ੀ ਅਰਵਿੰਦੋ ਵਰਗੇ ਚਿੰਤਕਾਂ ਦੀ ਅਸੀਂ ਅਜੇ ਗੱਲ ਹੀ ਨਹੀਂ ਕਰਦੇ। ਇਸਲਾਮ ਵਿਚੋਂ ਵੀ ਇਕੱਲੇ ਸਈਦ ਹੁਸੈਨ ਨਾਸਰ ਨਾਂ ਦੇ ਇਰਾਨੀ ਚਿੰਤਕ ਨੂੰ ਲੈ ਲੈਂਦੇ ਹਾਂ। ਪਿਛਲੇ ਦਿਨੀਂ ਮੇਰੀ ਆਪਣੇ ਅਜ਼ੀਜ਼ ਧਰਮਜੀਤ ਅਤੇ ਦੋਸਤ ਪ੍ਰੋ. ਹਰਪਾਲ ਸਿੰਘ ਪੰਨੂ ਨਾਲ ਪ੍ਰੋ. ਭੁਪਿੰਦਰ ਸਿੰਘ ਵਲੋਂ ਸਿੱਖੀ ਦੀ ਮੂਲ ਭਾਵਨਾ ਨੂੰ ਸਥਾਪਤ ਕਰਨ ਲਈ ਹੁਣੇ-ਹੁਣੇ ਲਿਖੀ (ਅਜੇ ਅਣਛਪੀ) ਕਿਤਾਬ ਬਾਰੇ ਗੱਲ ਹੋ ਰਹੀ ਸੀ। ਮੈਂ ਪ੍ਰੋ. ਪੰਨੂ ਅਤੇ ਧਰਮਜੀਤ ਨੂੰ ਉਹ ਕਿਤਾਬ ਪੜ੍ਹਨ ਤੋਂ ਪਹਿਲਾਂ ਸਈਦ ਨਾਸਰ ਦੀ 2010 ਵਿਚ ਹਾਰਪਰ ਵੱਲੋਂ ਛਪੀ 'ਇਸਲਾਮ ਇਨ ਦਿ ਮਾਡਰਨ ਵਰਲਡ' ਪੁਸਤਕ ਲਾਜ਼ਮੀ ਤੌਰ 'ਤੇ ਪੜ੍ਹ ਲੈਣ ਲਈ ਆਖਿਆ ਸੀ।

ਮੈਂ ਇਕਬਾਲ ਕਰਦਾ ਹਾਂ ਕਿ ਸਈਦ ਹੁਸੈਨ ਨਾਸਰ ਹਰ ਕਿਸਮ ਦੇ ਰੈਡੀਕਲ ਇਸਲਾਮੀ ਚਿੰਤਨ ਦੇ ਵਿਰੋਧ ਵਿਚ ਖੜ੍ਹਾ ਹੈ। ਉਹ ਰਵਾਇਤੀ ਇਸਲਾਮ ਦੀਆਂ ਸ਼ਾਨਾਂ ਦਾ ਮਹਾਨ ਢਾਡੀ ਹੈ। ਉਹ ਇਸਲਾਮ ਬਾਰੇ ਇਤਨੇ ਪਿਆਰ ਅਤੇ ਸੁਹਜ ਨਾਲ ਗੱਲ ਕਰਦਾ ਹੈ ਕਿ ਮੇਰੇ ਵਰਗੇ ਬੇ-ਪੀਰ ਆਦਮੀ ਦਾ ਵੀ ਕੇਰਾਂ ਤੁਰੰਤ ਇਸਲਾਮ ਗ੍ਰਹਿਣ ਕਰ ਲੈਣ ਨੂੰ ਮਨ ਕਰ ਆਉਂਦਾ ਹੈ। ਆਪਣੀ ਇਸੇ ਪੁਸਤਕ ਵਿਚ ਸਈਦ ਨਾਸਰ ਨੇ ਗੇਇਓਂ (Guenon), ਮਾਰਟਿਨ ਲਿੰਗਜ਼, ਆਰੀ ਕੋਰਬਿਨ ਅਤੇ ਫਰਿਟਜੋਫ ਸ਼ੂਨ ਆਦਿ 20ਵੀਂ ਸਦੀ ਦੇ 6-7 ਇਸਾਈ ਮੂਲ ਦੇ ਮਹਾਨ ਮੁਸਲਿਮ ਸੂਫੀ ਚਿੰਤਕਾਂ ਬਾਰੇ ਪ੍ਰੇਰਨਾਮਈ ਅਤੇ ਤਾਜ਼ਗੀ ਭਰੇ ਅੰਦਾਜ਼ ਵਿਚ ਲਿਖਿਆ ਹੈ। ਇਹ ਸਾਰੇ ਚਿੰਤਕ ਉਹ ਹਨ ਜਿਨ੍ਹਾਂ ਨੇ 20ਵੀਂ ਸਦੀ ਦੇ ਸ਼ੁਰੂ ਵਿਚ ਇਸਲਾਮ ਧਾਰਨ ਕੀਤਾ। ਹਿਮਾਲਾ ਪਹਾੜ ਦੀਆਂ ਚੋਟੀਆਂ ਜਿੱਡੇ ਇਨ੍ਹਾਂ ਸਭਨਾਂ ਦੇ ਕੱਦ ਹਨ। ਮੈਂ ਧਰਮਜੀਤ ਨਾਲ ਜਦੋਂ ਸਈਦ ਨਾਸਰ ਅਤੇ ਇਨ੍ਹਾਂ ਚਿੰਤਕਾਂ ਦੀ ਗੱਲ ਕਰ ਰਿਹਾ ਸਾਂ ਤਾਂ ਮੈਨੂੰ ਯਾਦ ਹੈ ਕਿ ਉਹਨੇ ਸਹਿਜ ਨਾਲ ਮਹਿਜ਼ ਇਤਨਾ ਕਹਿ ਕੇ ਮੇਰੀ ਗੱਲ ਕੱਟ ਦਿੱਤੀ ਸੀ ਕਿ ਇਨ੍ਹਾਂ ਸਾਰੇ ਚਿੰਤਕਾਂ ਦੀ ਸੋਚ ਨੇ ਇਤਿਹਾਸਕ ਅਮਲ ਵਿਚ ਅਜਿਹੀ ਸਪਿਰਿਟ ਉਤਾਰੀ ਕਿਥੇ ਹੈ?

ਫਿਰ ਵੀ ਇਸਲਾਮ, ਹਿੰਦੂ ਜਾਂ ਬੁੱਧ ਧਰਮ ਦਾ ਸਮੁੰਦਰ ਜਿੱਡਾ ਪਸਾਰ ਹੈ। ਡਾ. ਗੁਰਭਗਤ ਸਿੰਘ ਸਪਸ਼ਟ ਨਹੀਂ ਕਰਦੇ, ਉਹ ਕਿਹੜੇ ਇਸਲਾਮ ਜਾਂ ਹਿੰਦੂ ਧਰਮ ਦੀ ਗੱਲ ਕਰੀ ਜਾਂਦੇ ਹਨ। ਤੇ ਜੇ ਗੱਲ ਮਹਿਜ਼ ਪ੍ਰੈਕਟਿਸ ਦੀ ਹੀ ਕਰਨੀ ਹੈ ਤਾਂ ਫਿਰ ਸਾਡੀ ਆਪਣੇ ਸਿੱਖ ਭਾਈਚਾਰੇ ਵਿਚ ਪ੍ਰੈਕਟਿਸ ਕਿਹੜਾ ਸਿੱਖ ਧਰਮ ਦੀ ਆਤਮਾ ਦੇ ਅਨੁਰੂਪ ਹੀ ਹੋ ਰਹੀ ਹੈ! ਸਵਾਲ ਇਹ ਹੈ ਕਿ ਡਾ. ਗੁਰਭਗਤ ਸਿੰਘ ਦੀ ਪੂਰਬੀ ਚਿੰਤਨ ਤੋਂ ਮੁਰਾਦ ਕੀ ਹੈ? ਕੀ ਇਹ ਬੱਸ ਸਿੱਖ ਧਰਮ ਤਕ ਹੀ ਮਹਿਦੂਦ ਹੈ?

ਅਫਸੋਸ ਦੀ ਗੱਲ ਹੈ ਕਿ ਡਾ. ਗੁਰਭਗਤ ਸਿੰਘ ਵਾਲੇ ਰਾਹ ਹੀ ਸਾਡੇ ਪਰਮ ਮਿੱਤਰ ਕਰਮਜੀਤ ਸਿੰਘ ਚੰਡੀਗੜ੍ਹ ਅਤੇ ਕੁਝ ਹੋਰ ਨਵੇਂ ਬਣੇ ਸਿੱਖ ਚਿੰਤਕ ਪਏ ਹੋਏ ਹਨ। ਡਾ. ਬਲਕਾਰ ਸਿੰਘ ਦਾ ਕਿਸੇ ਵੀ ਤਰ੍ਹਾਂ ਦਾ ਕੋਈ ਵੱਡਾ ਦਾਅਵਾ ਨਹੀਂ ਹੈ ਪਰ ਉਨ੍ਹਾਂ ਨੇ ਅਜਿਹੇ ਸੱਜਣਾਂ ਨੂੰ ਰੱਬ ਸੱਚੇ ਦਾ ਵਾਸਤਾ ਦਿੰਦਿਆ ਅਜਿਹਾ ਕਰਨ ਤੋਂ ਵਰਜਿਆ ਸੀ। ਉਨ੍ਹਾਂ ਠੀਕ ਹੀ ਤਾਂ ਕਿਹਾ ਸੀ, ਯਾਰੋ ਪਾਪ ਲੱਗੇਗਾ, ਨਾ ਕਰੋ ਏਤਰਾਂ! ਨਾ ਕਰੋ!

ਸਾਡੇ ਬਿਰਤਾਂਤ ਵਿਚ ਪ੍ਰੋ. ਮਹਿਬੂਬ ਤੇ ਡਾ.

***(ਬਾਕੀ ਅਗਲੇ ਸਫੇ 'ਤੇ)***




***ਅਫਗਾਨਿਸਤਾਨ ਬਾਰੇ ਦੋ ਅਹਿਮ ਪੁਸਤਕਾਂ।***



***ਅਫਗਾਨ ਕਾਮਰੇਡ (ਖੱਬਿਉਂ) ਹਾਫਿਜ਼-ਉਲਾ ਅਮੀਨ, ਨੂਰ ਮੁਹੰਮਦ ਤਾਰਾਕੀ ਤੇ ਬਬਰਾਕ ਕਾਰਮਲ।***




***ਸਈਦ ਹੁਸੈਨ ਨਾਸਰ ਦੀ ਪੁਸਤਕ 'ਇਸਲਾਮ ਇਨ ਦਿ ਮਾਡਰਨ ਵਰਲਡ' ਦਾ ਟਾਈਟਲ।***



***ਲਿਓਨ ਤ੍ਰਾਤਸਕੀ***

# ਨਿਰਾਰਥਕਤਾ ਦੀ ਸਾਰਥਕਤਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਭਾਸ਼ਾ ਵਿਚ ਅਸੀਂ ਸਿਰਫ ਭਲੀ ਭਾਂਤ ਪਰਿਭਾਸ਼ਿਤ ਸ਼ਬਦਾਂ ਦੀ ਹੀ ਵਰਤੋਂ ਨਹੀਂ ਕਰਦੇ ਸਗੋਂ ਕਈ ਅਜਿਹੀਆਂ ਜੁਗਤਾਂ ਵੀ ਵਰਤਦੇ ਹਾਂ ਜਿਨ੍ਹਾਂ ਨੂੰ ਅਸੀਂ ਆਮ ਤੌਰ 'ਤੇ ਗੌਲਦੇ ਹੀ ਨਹੀਂ। ਇਨ੍ਹਾਂ ਵਿਚੋਂ ਇਕ ਦੈਹਿਕ ਭਾਸ਼ਾ ਵੀ ਹੈ ਜਿਵੇ ਗੱਲਾਂ ਕਰਦੇ ਸਮੇਂ ਅੱਖਾਂ, ਦੰਦ, ਹੱਥ ਜਾਂ ਸਰੀਰ ਦੇ ਕੋਈ ਹੋਰ ਅੰਗਾਂ ਦੀਆਂ ਸੈਣਤਾਂ। ਇਸ ਬਾਰੇ ਪਹਿਲਾਂ ਦੋ ਤਿੰਨ ਲੇਖ ਲਿਖੇ ਜਾ ਚੁੱਕੇ ਹਨ। ਇਕ ਹੋਰ ਜੁਗਤ ਹੈ ਜਿਸ ਵਿਚ ਅਸੀਂ ਕਿਸੇ ਇਕ ਸ਼ਬਦ ਦੇ ਪੂਰਨ, ਅਪੂਰਨ ਨਾਲ ਮਿਲਦੇ ਜੁਲਦੇ ਜਾਂ ਉਸੇ ਅਰਥ ਦੇ ਘੇਰੇ ਵਿਚ ਆਉਂਦੇ ਸ਼ਬਦਾਂ ਦੀ ਵਰਤੋਂ ਕਰਦੇ ਹਾਂ। ਸ਼ਬਦ ਵਰਤਣ ਦੀ ਅਜਿਹੀ ਪ੍ਰਕ੍ਰਿਆ ਨੂੰ ਦੁਰੁਕਤੀ ਕਿਹਾ ਜਾ ਸਕਦਾ ਹੈ ਭਾਵੇਂ ਕਿ ਵਿਵਿਹਾਰ ਵਿਚ ਦੋ ਤੋਂ ਵਧ ਵਾਰ ਦੁਹਰਾਈ ਵੀ ਹੋ ਸਕਦੀ ਹੈ। ਕੁਝ ਇਕ ਪ੍ਰਸੰਗਾਂ ਵਿਚ ਹੂਬਹੂ ਉਸੇ ਸ਼ਬਦ ਦੀ ਦੁਹਰਾਈ ਹੁੰਦੀ ਹੈ ਜਿਵੇਂ ਹੌਲੀ-ਹੌਲੀ, ਚਲਦੇ-ਚਲਦੇ, ਹਸਦੇ-ਹਸਦੇ, ਮੋਟਾ-ਠੁਲ੍ਹਾ ਆਦਿ। ਸ਼ਬਦ-ਜੁੱਟ ਦੀ ਅਜਿਹੀ ਦੁਰੁਕਤੀ ਅਸਲ ਵਿਚ ਇਸ ਦੀ ਵਿਸ਼ੇਸ਼ਣੀ ਵਰਤੋਂ ਹੈ। ਉਹ ਹੌਲੀ ਚਲਦਾ ਹੈ ਤੇ ਉਹ ਹੌਲੀ-ਹੌਲੀ ਚਲਦਾ ਹੈ ਵਿਚ ਸੂਖਮ ਅੰਤਰ ਹੈ। 'ਉਹ ਹੌਲੀ ਚਲਦਾ ਹੈ' ਇਕ ਸਾਧਾਰਨ ਬਿਆਨ ਹੈ ਪਰ 'ਉਹ ਹੌਲੀ-ਹੌਲੀ ਚੱਲਦਾ ਹੈ' ਫਿਕਰੇ ਵਿਚ ਹੌਲੀ ਸ਼ਬਦ ਦੀ ਦੋ ਵਾਰ ਵਰਤੋਂ ਕਰਕੇ ਉਸ ਦੇ ਹੌਲੀ ਚੱਲਣ ਵੱਲ ਵਿਸ਼ੇਸ਼ ਧਿਆਨ ਦਵਾਇਆ ਗਿਆ ਹੈ। 'ਬਹੁਤੀ-ਬਹੁਤੀ ਮਾਇਆ ਚੱਲੀ ਆਵਈ' ਜਿਹੀ ਕਾਵਿ ਟੁਕੜੀ ਵਿਚ ਅਜਿਹੀ ਦੁਰੁਕਤੀ ਦੀ ਪ੍ਰਭਾਵਕਤਾ ਦੇਖੀ ਜਾ ਸਕਦੀ ਹੈ।

ਕੋਈ ਵੀ ਕ੍ਰਿਆ ਖੜੋਤ ਤੋਂ ਉਲਟ ਹੈ, ਇਸ ਵਿਚ ਕਰਮ ਦੀ ਲਗਾਤਾਰਤਾ ਦਾ ਭਾਵ ਹੁੰਦਾ ਹੈ; ਇਸ ਲਈ ਇਸ ਦੀ ਅਜਿਹੀ ਵਿਸ਼ੇਸ਼ਤਾ ਦਰਸਾਉਣ ਲਈ ਵਿਸ਼ੇਸ਼ਣੀ ਸ਼ਬਦ ਨੂੰ ਇਕ ਤੋਂ ਵਧ ਵਾਰੀ ਦੁਹਰਾਇਆ ਜਾਂਦਾ ਹੈ। ਦੁਰੁਕਤੀ ਦਾ ਇਕ ਦੂਜਾ ਢੰਗ ਹੈ ਉਲਟਭਾਵੀ ਸ਼ਬਦ ਜੋੜੇ ਵਰਤਣਾ ਜਿਵੇਂ ਮਾੜਾ-ਮੋਟਾ, ਥੋੜਾ-ਬਹੁਤਾ, ਆਦਿ। ਅਜਿਹੇ ਸ਼ਬਦ ਜੁੱਟਾਂ ਵਿਚ ਆਮ ਤੌਰ 'ਤੇ ਤਾਂ ਪਹਿਲੇ ਸ਼ਬਦ ਦੇ ਭਾਵਾਂ ਨੂੰ ਹੀ ਤੀਬਰਤਾ ਸਹਿਤ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਿਵੇਂ 'ਮਾੜਾ-ਮੋਟਾ ਕੰਮ' ਦਾ ਭਾਵ ਬਹੁਤਾ ਮਾੜਾ ਕੰਮ ਹੈ ਤੇ ਫਿਰ ਇਸ ਮੁਰਾਦ ਨੂੰ ਨਿਸਚੇ ਨਾਲ ਦਰਸਾਇਆ ਗਿਆ ਹੈ। ਪਰ ਊਚ ਨੀਚ ਜਿਹੇ ਸ਼ਬਦ ਜੋੜੇ ਨੂੰ ਅਸੀਂ ਇਸ ਕੋਟੀ ਵਿਚ ਨਹੀਂ ਰੱਖਾਂਗੇ ਕਿਉਂਕਿ ਇਸ ਵਿਚ ਦੋਵੇਂ ਸ਼ਬਦ ਸੁਤੰਤਰ ਤੌਰ 'ਤੇ ਆਪਣੇ ਟਕਰਾਵੇਂ ਅਰਥ ਦੇ ਰਹੇ ਹਨ। ਇਕ ਹੋਰ ਤਰ੍ਹਾਂ ਦੀ ਦੁਰੁਕਤੀ ਹੈ ਜਿਸ ਵਿਚ ਇਕੋ ਸਰਗਰਮੀ ਜਾਂ ਵਰਤਾਰੇ ਨਾਲ ਸਬੰਧਤ ਇਕ ਤੋਂ ਵਧ ਸ਼ਬਦ ਵਰਤੇ ਜਾਂਦੇ ਹਨ ਤੇ ਉਸ ਤੋਂ ਇਕ ਹੋਰ ਸ਼ਬਦ ਦਾ ਨਿਰਮਾਣ ਹੋ ਜਾਂਦਾ ਹੈ ਜਿਵੇਂ ਬੋਰੀਆ-ਬਿਸਤਰਾ, ਰੋਟੀ-ਪਾਣੀ, ਟਿੰਡ-ਫਾਹੁੜੀ ਆਦਿ। ਸਪਸ਼ਟ ਹੈ ਕਿ ਅਜਿਹੇ ਜੁੱਟਾਂ ਵਿਚੋਂ ਕੋਈ ਵੀ ਇਕ ਸ਼ਬਦ ਸੁਤੰਤਰ ਤੌਰ 'ਤੇ ਉਹ ਅਰਥ ਨਹੀਂ ਦਿੰਦਾ ਜੋ ਮਿਲ ਕੇ ਦਿੰਦੇ ਹਨ। ਪਰ ਜਾਣ-ਪਛਾਣ, ਕਰਤਾ-ਧਰਤਾ, ਹੇਠ-ਉਤੇ, ਲੜਨਾ-ਭਿੜਨਾ ਜਿਹੇ ਸ਼ਬਦ ਜੁੱਟਾਂ ਦੇ ਦੋਵੇਂ ਸ਼ਬਦ ਪਰਸਪਰ ਨੇੜਲੇ ਅਰਥ ਦਿੰਦੇ ਹਨ। ਇਕ ਹੋਰ ਤਰ੍ਹਾਂ ਦੀ ਦੁਰੁਕਤੀ ਹੈ ਜਿਸ ਵਿਚ ਪਹਿਲੇ ਸ਼ਬਦ ਦਾ ਹੀ ਸਮਾਨਅਰਥਕ ਦੂਜਾ ਸ਼ਬਦ ਨਰੜਿਆ ਜਾਂਦਾ ਹੈ ਜਿਵੇਂ ਚਿੱਟਾ-ਸੁਰਖ, ਬੱਗਾ-ਪੂਣੀ, ਉਚਾ-ਲੰਮਾ ਆਦਿ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅਰਥਾਂ ਨੂੰ ਵਿਆਪਕ ਅਤੇ ਅਰਥਭਰਪੂਰ ਬਣਾਉਣ ਲਈ ਦੁਰੁਕਤੀ ਇਕ ਆਮ ਭਾਸ਼ਾਈ ਵਰਤਾਰਾ ਹੈ।

ਆਪਣੇ ਆਪ ਨੂੰ ਵਿਅਕਤ ਕਰਨ ਲਈ ਮਨੁਖ ਜਿਹੜੇ ਵੀ ਸ਼ਬਦ ਵਰਤਦਾ ਹੈ ਉਹ ਕਦੇ ਨਿਰਾਰਥਕ ਨਹੀਂ ਹੋ ਸਕਦੇ ਕਿਉਂਕਿ ਭਾਸ਼ਾ ਸਿਰਫ ਸਥੂਲ ਭਾਵਾਂ ਦਾ ਹੀ ਸੰਚਾਰ ਨਹੀਂ ਬਲਕਿ ਇਸ ਰਾਹੀਂ ਅਸੀਂ ਆਪਣੇ ਰੌਂਅ, ਰਵੱਈਏ ਆਦਿ ਦਾ ਵੀ ਪ੍ਰਗਟਾਵਾ ਕਰਦੇ ਹਾਂ। ਇਹ ਸਾਰਾ ਕੁਝ ਅਸੀਂ ਆਪਣੇ ਬੋਲਾਂ ਦੇ ਸੁਰ, ਸ਼ਬਦਾਂ ਤੇ ਬਲ ਤੇ ਤਨ ਦੀ ਭਾਸ਼ਾ ਰਾਹੀਂ ਵੀ ਵਿਅਕਤ ਕਰਦੇ ਹਾਂ। ਸੱਚੀ ਗੱਲ ਤਾਂ ਇਹ ਹੈ ਕਿ ਵਿਅਕਤੀ ਸ਼ਬਦ ਦਾ ਅਰਥ ਹੀ 'ਉਹ ਹੈ ਜੋ ਵਿਅਕਤ ਹੈ' ਜਾਂ ਕਹਿ ਲਵੋ ਪ੍ਰਗਟ ਹੈ, ਦੂਜੇ ਸ਼ਬਦਾਂ ਵਿਚ ਮਨੁਖ ਪ੍ਰਗਟ ਸਿੰਘ ਹੀ ਹੈ! ਪਰ ਕੁਝ ਖੁਦ ਰੌ ਜਿਹੇ ਅਜਿਹੇ ਸ਼ਬਦਾਂ ਦੀ ਵੀ ਅਸੀਂ ਗਾਹੇ ਬਗਾਹੇ ਵਰਤੋਂ ਕਰਦੇ ਰਹਿੰਦੇ ਹਾਂ ਜਿਨ੍ਹਾਂ ਨੂੰ ਰਵਾਇਤੀ ਵਿਆਕਰਣ ਅਨੁਸਾਰ ਨਿਰਾਰਥਕ ਸ਼ਬਦਾਂ ਦੀ ਸੰਗਿਆ ਦਿੱਤੀ ਗਈ ਹੈ। ਮਿਸਾਲ ਵਜੋਂ ਰੋਟੀ-ਰਾਟੀ, ਚਾਹ-ਸ਼ਾਹ, ਪਾਣੀ-ਧਾਣੀ ਵਿਚ ਰਾਟੀ, ਸ਼ਾਹ, ਧਾਣੀ ਨਿਰਾਰਥਕ ਕਹੇ ਜਾਂਦੇ ਹਨ। ਭਦਰ ਪੁਰਸ਼ ਇਨ੍ਹਾਂ ਦੀ ਵਰਤੋਂ ਤੋਂ ਗੁਰੇਜ਼ ਕਰਦੇ ਹਨ, ਸਾਹਿਤਕ ਭਾਸ਼ਾ ਵਿਚ ਇਹ ਵਾੜੇ ਨਹੀਂ ਜਾਂਦੇ, ਕਿਸੇ ਕੋਸ਼ ਵਿਚ ਵੀ ਇਨ੍ਹਾਂ ਨੂੰ ਢੋਈ ਨਹੀਂ ਮਿਲਦੀ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਆਮ ਤੌਰ 'ਤੇ ਇਨ੍ਹਾਂ ਦੀ ਸੁਤੰਤਰ ਹੈਸੀਅਤ ਨਹੀਂ। ਇਹ ਇਕ ਤਰ੍ਹਾਂ ਦੂਜੇ ਸ਼ਬਦ ਦਾ ਸਾਥ ਦੇਣ ਜਾਂ ਨਿਭਾਉਣ ਲਈ ਹੀ ਆਉਂਦੇ ਹਨ।

ਉਪਰ ਦਿੱਤੇ ਗਏ ਅਜਿਹੇ ਸ਼ਬਦ ਜੁੱਟਾਂ ਵਿਚਲੇ ਸ਼ਬਦ ਰਾਟੀ, ਸ਼ਾਹ, ਧਾਣੀ ਆਪਣੀ ਹੋਂਦ ਆਪਣੇ ਸਾਥੀਆਂ ਦੀ ਸ਼ਾਨ ਵਧਾਉਣ ਲਈ ਕਾਇਮ ਰਖਦੇ ਹਨ। ਪਰ ਤੁਸੀਂ ਆਪ ਹੀ ਸੋਚੋ, 'ਰੋਟੀ ਖਾ ਲਓ' ਤੇ 'ਰੋਟੀ-ਰਾਟੀ ਖਾ ਲਓ' ਵਿਚ ਕਿੰਨਾ ਅੰਤਰ ਹੈ। ਸ਼ਾਇਦ ਅਸੀਂ 'ਰੋਟੀ ਖਾ ਲਓ' ਅਭਿਵਿਅੰਜਨਾ ਰਾਹੀਂ ਸਿਰਫ ਰੋਟੀ ਖਾਣ ਦੀ ਹੀ ਸੁਲਹ ਮਾਰ ਰਹੇ ਹਾਂ ਜਦ ਕਿ ਰੋਟੀ-ਰਾਟੀ ਵਾਲੇ ਵਾਕ ਵਿਚ 'ਰੋਟੀ ਵਗੈਰਾ' ਦਾ ਭਾਵ ਹੈ। ਉਂਜ ਤਾਂ ਰੋਟੀ ਵਿਚ ਵੀ ਕਿਹੜਾ ਸਿਰਫ ਫੁਲਕੇ ਦਾ ਹੀ ਭਾਵ ਹੁੰਦਾ ਹੈ, ਇਸ ਵਿਚ ਦਾਲ, ਸਬਜ਼ੀ, ਮੀਟ, ਸਲਾਦ, ਪਾਣੀ ਆਦਿ ਵੀ ਪਰੋਸੇ ਜਾਂਦੇ ਹਨ। ਦਰਅਸਲ ਅਜਿਹੇ ਸ਼ਬਦ ਜੋੜਿਆਂ ਦੀ ਵਰਤੋਂ ਤੋਂ ਵਕਤਾ ਦੀ ਲਾਪਰਵਾਹੀ, ਕ੍ਰੋਧ, ਘਿਰਣਾ, ਬੇਰੁਖੀ, ਆਲਸਪੁਣਾ ਆਦਿ ਹੀ ਝਲਕਦੇ ਹੁੰਦੇ ਹਨ।



History shmistory

ਦਿਲਚਸਪ ਗੱਲ ਹੈ ਕਿ ਪੰਜਾਬੀ ਵਿਚ ਅਜਿਹੀ ਦੁਰੁਕਤੀ ਦੀਆਂ ਕਈ ਕਿਸਮਾਂ ਹਨ। ਇਕ ਕਿਸਮ ਹੈ ਜਿਵੇਂ ਕਿਤਾਬ-ਕਤੂਬ, ਕਚਹਿਰੀ-ਕਚੂਹਰੀ, ਜਮੀਨ-ਜਮੂਨ, ਰੋਟੀ-ਰੂਟੀ, ਪਾਣੀ-ਪੂਣੀ, ਮਕਾਨ-ਮਕੂਨ ਆਦਿ। ਇਕ ਹੋਰ ਵਿਚ ਰੋਟੀ-ਸ਼ੋਟੀ, ਚਾਹ-ਸ਼ਾਹ, ਪੈਗ-ਸ਼ੈਗ ਆਦਿ। ਇਕ ਹੋਰ ਕਿਸਮ ਹੈ ਜਿਸ ਵਿਚ ਅਸੀਂ ਕਥਿਤ ਨਿਰਾਰਥਕ ਸ਼ਬਦ ਕਿਸੇ ਦੁਰੁਕਤੀ ਤੋਂ ਪਹਿਲਾਂ ਲਾਉਂਦੇ ਹਾਂ ਜਿਵੇਂ ਉਪਰੋਕਤ ਸ਼ਬਦਾਂ ਨੂੰ ਇਸ ਤਰ੍ਹਾਂ ਵੀ ਕਿਹਾ ਜਾਂਦਾ ਹੈ ਕੜੀ-ਕਚਹਿਰੀ, ਜੜੀ-ਜਮੀਨ, ਰੜੀ-ਰੋਟੀ, ਪੜਾ-ਪਾਣੀ, ਮੜਾ-ਮਕਾਨ। ਇਹ ਕ੍ਰਿਆ ਅਤੇ ਭਾਵਵਾਚਕ ਸ਼ਬਦਾਂ ਅੱਗੇ ਵੀ ਲੱਗ ਸਕਦਾ ਹੈ ਜਿਵੇਂ ਮੈਂ ਨਹੀਂ ਉਸ ਦੀ ਪੜੀ ਪਰਵਾਹ ਕਰਦਾ। ਪੰਜਾਬੀ ਤਾਂ ਕਿਸੇ ਭਲੇਮਾਣਸ ਦੇ ਨਾਂ ਅੱਗੇ ਵੀ ਅਜਿਹਾ ਕਲੰਕ ਲਾ ਦਿੰਦੇ ਹਨ, 'ਲੜੇ ਲਛਮਣ ਸਿੰਘ ਨੂੰ ਕਹਿਣਾ ਮੈਨੂੰ ਦੜਾ ਦੁੱਧ ਦਿੰਦਾ ਜਾਵੇ।' ਅਸੀਂ ਤਾਂ ਇਨ੍ਹਾਂ ਦੋਹਾਂ ਕਿਸਮਾਂ ਨੂੰ ਰਲਾ ਕੇ ਵੀ ਇਕ ਤਰ੍ਹਾਂ ਦੀ ਤਿਰੁਕਤੀ ਬਣਾ ਲੈਂਦੇ ਹਾਂ। ਮਸਲਨ 'ਮੈਂ ਨਹੀਂ ਪੜ੍ਹਨੀ ਤੇਰੀ ਕੜੀ ਕਿਤਾਬ ਕਤੂਬ।' ਇਥੇ ਪ੍ਰਸੰਗਵਸ ਦੱਸ ਦੇਵਾਂ ਕਿ ਦੁਰੁਕਤੀ ਦੀ ਪਰਿਵਿਰਤੀ ਦੁਨੀਆਂ ਦੀਆਂ ਲਗਭਗ ਸਾਰੀਆਂ ਬੋਲੀਆਂ ਵਿਚ ਵਿਆਪਕ ਹੈ। ਅੰਗਰੇਜ਼ੀ ਵਿਚ ਕੁਝ ਮਿਸਾਲਾਂ ਦੇਖੋ bye-bye, choo-choo, night night, no-no, pee-pee, poo-poo. bric-a-brac, chit-chat, criss-cross, kitty-cat, knick-knack, jibber-jabber, splish-splash, zig-zag, sing-song, clap-trap, hokey-pokey, honey-bunny, razzle-dazzle, slim-jim, super-duper, teeny-weeny, wing-ding, ਕੋਈ ਅੰਤ ਨਹੀਂ। ਪੰਜਾਬੀ ਦੀ ਰੜੀ-ਰੋਟੀ ਵਾਲੀਆਂ ਮਿਸਾਲਾਂ ਕੈਨੇਡਾ ਦੀ ਇਕ ਆਦਿਵਾਸੀ ਭਾਸ਼ਾ ਪਲੇਨਜ਼ ਕਰੀ ਵਿਚ ਵੀ ਮਿਲ ਜਾਂਦੀਆਂ ਹਨ ਜਿਵੇਂ history-schmistory, language-schmanguage! ਹਿੰਦੀ ਦੀ ਇਕ ਉਪਭਾਸ਼ਾ ਮਗਹੀ ਵਿਚ ਵੀ ਪੰਜਾਬੀ ਵਾਂਗ ਹੀ ਸ਼ਬਦ ਤੋਂ ਪਹਿਲਾਂ ਇਹ ਨਜ਼ਰਵੱਟੂ ਲਾਏ ਜਾਂਦੇ ਹਨ। ਪੰਜਾਬੀ 'ਚ ਦਿੱਤੀਆਂ ਉਕਤ ਮਿਸਾਲਾਂ ਮਗਹੀ 'ਚ ਲੈਂਦੇ ਹਾਂ, ਕਰ-ਕਿਤਾਬ, ਕਰ-ਕਚਹਿਰੀ, ਜਰ-ਜਮੀਨ, ਪਰ-ਪਾਨੀ। ਭੋਜਪੁਰੀ ਵਿਚ ਵੀ ਇੰਜ ਹੀ ਹੈ।

ਦੁਰੁਕਤੀ ਦੀਆਂ ਅਜੇ ਹੋਰ ਬਹੁਤ ਕਿਸਮਾਂ ਹਨ ਪਰ ਮੈਂ ਗੱਲ ਨੂੰ ਬਹੁਤ ਵਧਾਉਣਾ ਨਹੀਂ ਚਾਹੁੰਦਾ। ਪਾਠਕ ਖੁਦ ਦਿਮਾਗ ਦੇ ਸ਼ਿਕੰਜੇ ਕੱਸਣ। ਮੈਂ ਕੁਝ ਸਮੇਂ ਤੋਂ ਅਜਿਹੇ ਸ਼ਬਦਾਂ ਦੀ ਸਾਰਥਕਤਾ ਬਾਰੇ ਸੋਚ ਰਿਹਾ ਹਾਂ। ਕਹਿਣ ਦਾ ਭਾਵ ਹੈ ਕਿ ਜੋੜੇ ਜਾਂਦੇ ਅਜਿਹੇ ਕਈ ਵਧੇਤਰਾਂ ਦੇ ਕੋਈ ਕੋਸ਼ਕੀ ਅਰਥ ਵੀ ਹੋ ਸਕਦੇ ਹਨ? ਮੇਰਾ ਕੰਮ ਅਜੇ ਚੱਲ ਰਿਹਾ ਹੈ ਪਰ ਇਕ ਮਿਸਾਲ ਜ਼ਰੂਰ ਦੇਣੀ ਚਾਹੁੰਦਾ ਹਾਂ ਜਿਸ ਦੀ ਮੈਂ ਕੁਝ ਖੋਜ ਕਰ ਸਕਿਆ ਹਾਂ। ਅਸੀਂ ਕੁਝ ਇਸ ਤਰ੍ਹਾਂ ਦੇ ਸ਼ਬਦ ਅਕਸਰ ਹੀ ਬੋਲਦੇ ਹਾਂ, ਕਸ਼ਮਕਸ਼, ਖਾਹਮਖਾਹ, ਟਾਲਮਟੋਲ, ਧਕਮਧੱਕਾ, ਗੁਥਮਗੁੱਥਾ, ਖੁਲਮ੍ਹਖੁਲ੍ਹਾ ਅਦਿ। ਪਾਠਕ ਗੌਰ ਕਰਨ ਕਿ ਅਜਿਹੇ ਸਾਰੇ ਸ਼ਬਦਾਂ ਦੇ ਸ਼ੁਰੂ ਵਿਚ ਇਕ ਸ਼ਬਦ ਆਉਂਦਾ ਹੈ ਜਿਸ ਦੇ ਅੱਗੇ 'ਮ' ਧੁਨੀ ਲਾ ਕੇ ਉਸੇ ਨੂੰ ਦੁਹਰਾਇਆ ਜਾਂਦਾ ਹੈ। ਅਜਿਹੇ ਸ਼ਬਦਾਂ ਵਿਚ 'ਮ' ਦੀ ਬਾਕਾਇਦਾ ਧੁਨੀ ਕਿਉਂ ਆਉਂਦੀ ਹੈ? ਇਥੇ ਇਹ ਦੱਸਣਾ ਯੋਗ ਹੋਵੇਗਾ ਕਿ ਖਾਹਮਖਾਹ ਤੇ ਕਸ਼ਮਕਸ਼ ਫਾਰਸੀ ਦੇ ਲਫਜ਼ ਹਨ। ਫਾਰਸੀ ਦੇ ਅਜਿਹੇ ਸ਼ਬਦਾਂ ਵਿਚ 'ਮ' 'ਨਾ' ਵਾਂਗ ਨਾਂਹਵਾਚਕ ਅਰਥ ਦਿੰਦਾ ਹੈ। ਇਸ ਤੋਂ ਸਿੱਟਾ ਨਿਕਲਦਾ ਹੈ ਕਿ ਕਸ਼ਮਕਸ਼ ਸ਼ਬਦ ਦਾ ਅਰਥ ਬਣਿਆ ਖਿਚ ਅਤੇ ਧੱਕ (ਨਾਖਿਚ) ਫਾਰਸੀ ਵਿਚ 'ਮਗ' ਦਾ ਮਤਲਬ ਹੁੰਦਾ ਹੈ, ਮਤ ਕਹਿ ਅਤੇ ਦਿਲਚਸਪ ਗੱਲ ਹੈ ਕਿ ਸੰਸਕ੍ਰਿਤ ਵਲੋਂ ਆਇਆ 'ਮਤ' ਸ਼ਬਦ ਇਸ ਦਾ ਸੁਜਾਤੀ ਹੈ, 'ਮਤੁ ਦੇਖ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ' -ਗੁਰੂ ਨਾਨਕ ਦੇਵ। 'ਮਭੈਅ' ਦਾ ਅਰਥ ਹੁੰਦਾ ਹੈ ਨਾ ਡਰ, 'ਮਾਭਯ ਮਾਭਯ ਸ਼ੰਕ ਨ ਰੰਚਕ, ਕਰੋਂ ਤ੍ਰਾਣ ਤਵ ਮੇਕ ਘਰੀ।' ਸੰਸਕ੍ਰਿਤ ਵਿਚ ਇਸ ਦੀ ਵਰਤੋਂ ਦੀਆਂ ਬਹੁਤ ਮਿਸਾਲਾਂ ਮਿਲਦੀਆਂ ਹਨ ਪਰ ਪੰਜਾਬੀ ਵਿਚ ਇਹ ਜਾਂ ਤਾਂ ਅਲੋਪ ਹੋ ਗਿਆ ਹੈ ਜਾਂ ਕਿਸੇ ਉਪਭਾਸ਼ਾ ਵਿਚ ਅਜੇ ਵੀ ਕਾਇਮ ਹੋਵੇਗਾ।

ਸੰਸਕ੍ਰਿਤ 'ਮਾ ਸਮ ਗਮ' ਦਾ ਮਤਲਬ ਹੈ ਨਾ ਜਾਹ ਤੇ 'ਮਾ ਸਮ ਕਰੋਤ' ਦਾ, ਉਸ ਨੂੰ ਇਹ ਨਾ ਕਰਨ ਦਿਉ। ਪੰਜਾਬੀ ਵਿਚ ਇਕ ਸ਼ਬਦ ਮਚਾਂਗਵਾਂ ਮਿਲਦਾ ਹੈ ਜਿਸ ਦੀ ਵਰਤੋਂ ਬਾਬਾ ਸ਼ੇਖ ਫਰੀਦ ਨੇ ਕੀਤੀ ਹੈ, 'ਸਭਨਾ ਮਨ ਮਾਣਿਕ ਠਾਹਣ ਮੂਲਿ ਮਚਾਂਗਵਾ' ਅਰਥਾਤ ਸਭ ਲੋਕਾਂ ਦਾ ਮਨ ਮਣੀ ਦੀ ਤਰ੍ਹਾਂ ਕੀਮਤੀ ਹੈ ਇਸ ਨੂੰ ਤੋੜਨਾ ਚੰਗਾ ਨਹੀਂ। ਇਥੇ ਮਚਾਂਗਵਾ ਸ਼ਬਦ 'ਚੰਗਾ' ਦੇ ਅੱਗੇ 'ਮ' ਧੁਨੀ ਲਾ ਕੇ ਬਣਾਇਆ ਗਿਆ ਹੈ ਜਿਸ ਦਾ ਅਰਥ ਉਲਟ ਗਿਆ ਯਾਨਿ ਨਾਚੰਗਾ। ਮਖੱਟੂ ਸ਼ਬਦ ਤੋਂ ਪਹਿਲਾਂ ਲੱਗਾ 'ਮ' ਵੀ ਨਾਂਹਸੂਚਕ ਹੈ। ਗਰੀਕ ਭਾਰੋਪੀ ਭਾਸ਼ਾ ਹੈ ਇਸ ਵਿਚ ਕੀਤੇ ਬਾਈਬਲ ਅਨੁਵਾਦ ਵਿਚ ਇਕ ਸ਼ਬਦ ਲਭਦਾ ਹੈ ਜੋ ਇਸ ਦਾ ਸੁਜਾਤੀ ਮੰਨਿਆ ਜਾਂਦਾ ਹੈ। ਉਹ ਸ਼ਬਦ ਹੈ mete (mhte). ਇਹ ਵੀ ਨਾਂਹਸੂਚਕ ਭਾਵਾਂ ਵਿਚ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਇਸ ਕਥਿਤ ਭਾਸ਼ਾਈ ਨਿਰਾਰਥਕ ਵਰਤਾਰੇ ਦੀਆਂ ਜੜ੍ਹਾਂ ਲੱਭਣ ਦੀ ਲੋੜ ਹੈ।

## ਅੱਖੀਆਂ

ਕੁਝ ਭਰੀਆਂ ਕੁਝ ਖਾਲੀ ਅੱਖੀਆਂ,
ਕੁਝ ਨੇ ਸਦਾ ਸਵਾਲੀ ਅੱਖੀਆਂ,
ਇਹ ਤਾਂ ਭਰੀਆਂ ਭਰੀਆਂ ਲੱਗਣ,
ਜੋ ਸਮਝਾਂ ਮੈਂ ਖਾਲੀ ਅੱਖੀਆਂ।

ਕੁਝ ਹੱਸਣ ਕੁਝ ਰੋਵਣ ਅੱਖੀਆਂ,
ਕੁਝ ਪਾਵਣ ਕੁਝ ਖੋਵਣ ਅੱਖੀਆਂ,
ਕਈਆਂ ਦੇ ਵਿਚ ਲਾਲੀ ਰੜਕੇ,
ਕੁਝ ਲਾਲੀ ਤੋਂ ਖਾਲੀ ਅੱਖੀਆਂ।

ਕੁਝ ਅੱਖੀਆਂ ਵਿਚ ਗੁੱਸੇ ਫਟਕਣ,
ਕੁਝ ਅੱਖੀਆਂ ਬਣ ਸੀਨਾ ਧੜਕਣ,
ਕੁਝ ਅੱਖੀਆਂ ਨਾਲ ਸਾਹੀਂ ਜੀਵਣ,
ਕੁਝ ਅੱਖੀਆਂ ਸਾਹ ਪੀ ਹੀ ਜਾਵਣ,
ਕੁਝ ਨੇ ਸ਼ਾਨ ਨਿਰਾਲੀ ਅੱਖੀਆਂ,
ਕੁਝ ਭਰੀਆਂ ਕੁਝ ਖਾਲੀ ਅੱਖੀਆਂ।

ਕੌੜੀਆਂ ਵੀ ਨੇ ਮਿੱਠੀਆਂ ਵੀ ਨੇ,
ਮੋਟੀਆਂ ਵੀ ਤੇ ਨਿੱਕੀਆਂ ਵੀ ਨੇ,
ਕਾਲੀਆਂ ਵੀ ਤੇ ਚਿੱਟੀਆਂ ਵੀ ਨੇ,
ਭਰੀਆਂ ਵੀ ਤੇ ਖਾਲੀ ਅੱਖੀਆਂ,
ਸਦਾ ਹੀ ਰਹਿਣ ਸਵਾਲੀ ਅੱਖੀਆਂ।

ਅੱਖੀਆਂ ਤੁਹਾਨੂੰ ਰਸਤਾ ਦੱਸਣ,
ਅੱਖੀਆਂ ਰੋਵਣ ਅੱਖੀਆਂ ਹੱਸਣ,
ਅੱਖੀਆਂ ਪੀਵਣ ਅੱਖੀਆਂ ਚੱਖਣ,
ਇਹ ਹੈ ਗੱਲ ਨਿਰਾਲੀ ਅੱਖੀਆਂ,
ਕੁਝ ਭਰੀਆਂ ਕੁਝ ਖਾਲੀ ਅੱਖੀਆਂ।

ਸੰਧੂ ਕੁਝ ਅੱਖੀਆਂ ਨੇ ਸਾਕੀ,
ਭਰ ਭਰ ਦੇਣ ਪਿਆਲੀ ਅੱਖੀਆਂ,
ਕੁਝ ਭਰੀਆਂ ਕੁਝ ਖਾਲੀ ਅੱਖੀਆਂ,
ਸਦਾ ਹੀ ਰਹਿਣ ਸਵਾਲੀ ਅੱਖੀਆਂ।

-ਮਨਜੀਤ ਸਿੰਘ ਸੰਧੂ
ਫੋਨ: 469-698-9942

# ਕੀ ਸੀ ਤ੍ਰਾਤਸਕੀ ਦਾ ਸੁਪਨਾ?

(ਪਿਛਲੇ ਸਫੇ ਦੀ ਬਾਕੀ)

ਗੁਰਭਗਤ ਸਿੰਘ ਦਾ ਜ਼ਿਕਰ ਆਉਣ ਕਾਰਨ ਮੈਂ ਸਪਸ਼ਟ ਕਰ ਦੇਵਾਂ ਕਿ ਇਨ੍ਹਾਂ ਦੋਹਾਂ ਚਿੰਤਕਾਂ ਨੇ ਵੀ ਜ਼ਿੰਦਗੀ ਦੇ ਅਰਥਾਂ ਦੀ ਤਲਾਸ਼ ਦੀ ਮੁਹਿੰਮ ਮਾਰਕਸੀ ਚਿੰਤਨ ਦੀ ਪ੍ਰੇਰਨਾ ਨਾਲ ਹੀ ਕੀਤੀ ਸੀ। ਪ੍ਰੋ. ਮਹਿਬੂਬ ਬਾਰੇ ਦੰਤ-ਕਥਾ ਪ੍ਰਚਲਿਤ ਹੈ ਕਿ ਉਨ੍ਹਾਂ ਨੇ ਮਾਓ ਜੇ ਤੁੰਗ ਦੀ 'ਲੰਮੀ ਯਾਤਰਾ' (long march) ਉਤੇ ਲੰਮੀ ਨਜ਼ਮ ਵੀ ਲਿਖੀ ਸੀ ਜੋ ਪਿਛੋਂ ਪ੍ਰੋ. ਕੁਲਵੰਤ ਸਿੰਘ ਦੇ ਕਹਿਣ 'ਤੇ ਉਨ੍ਹਾਂ ਸਾੜ ਦਿੱਤੀ ਸੀ। ਇਹ ਸੱਜਣ ਵੀ ਸਤਾਲਿਨੀ ਕਮਿਊਨਿਸਟ ਪ੍ਰੈਕਟਿਸ ਤੋਂ ਹੀ ਬਦਜ਼ਨ ਹੋਏ ਸਨ।

ਮੁਆਫ ਕਰਨਾ, ਗੱਲ ਮੈਂ ਕਾਮਰੇਡ ਲਿਓਨ ਤ੍ਰਾਤਸਕੀ ਅਤੇ ਸਤਾਲਿਨ ਬਾਰੇ ਬਹਿਸ ਦੀ ਸਾਰਥਿਕਤਾ ਦੀ ਕਰ ਰਿਹਾ ਸਾਂ। ਜ਼ਿੰਦਗੀ ਨੂੰ ਹੁਸੀਨ ਅਤੇ ਜਿਉਣਯੋਗ ਬਣਾਉਣ ਦੀ ਮੁਹਿੰਮ ਜਾਂ ਪ੍ਰੈਕਟਿਸ ਨੂੰ ਸਿਰੇ ਚੜ੍ਹਾਉਣ ਦੀਆਂ ਕੋਸ਼ਿਸ਼ਾਂ ਵਿਚ ਕਰੋੜਾਂ ਲੋਕਾਂ ਨੇ ਕੁਰਬਾਨੀਆਂ ਦਿੱਤੀਆਂ, ਤੇ ਗੱਲ ਜੇ ਬਣੀ ਨਹੀਂ ਹੈ ਤਾਂ ਉਨ੍ਹਾਂ ਮੁੱਦਿਆਂ ਨੂੰ ਇਕ ਵਾਰ ਮੁੜ ਖੁੱਲ੍ਹੇ ਮਨ ਨਾਲ ਵਿਚਾਰ ਕਿਉਂ ਨਾ ਲਿਆ ਜਾਵੇ ਕਿ ਸਤਾਲਿਨ ਅਤੇ ਲਿਓਨ ਤ੍ਰਾਤਸਕੀ ਦਾ ਝਗੜਾ ਕੀ ਸੀ? ਕਾਮਰੇਡ ਲੈਨਿਨ ਦੇ ਦੋਹਾਂ ਜਾਨਸ਼ੀਨਾਂ ਵਿਚਾਲੇ 20ਵੀਂ ਸਦੀ ਦੇ ਸ਼ੁਰੂ ਵਿਚ ਹੋਈ ਮਹਾਨ ਤਕਰਾਰ ਪਿੱਛੇ ਮੂਲ ਮੁੱਦਾ ਕੀ ਸੀ?

ਮੈਨੂੰ ਯਾਦ ਆ ਰਿਹਾ ਹੈ, ਕਈ ਦਹਾਕੇ ਪੁਰਾਣਾ ਆਪਣੇ ਇਕ ਦੋਸਤ ਦੀ ਅਜ਼ੀਜ਼ ਕੁੜੀ ਦਾ ਮਾਸੂਮ ਜਿਹਾ ਇਕ 'ਮਹਾਂਵਾਕ'। ਉਸ ਨੇ ਕੇਰਾਂ ਸਹਿਵਨ ਹੀ ਮੈਨੂੰ ਦੱਸਿਆ ਸੀ, "ਘਰ 'ਚ ਮਹਿਮਾਨ ਜੇ ਕੋਈ ਨਾ ਆਵੇ, ਤਦ ਵੀ ਖੋਹ ਜਿਹੀ ਪੈਣ ਲੱਗ ਜਾਂਦੀ ਹੈ ਅਤੇ ਜੇ ਮਹਿਮਾਨ ਇਸ ਕਿਸਮ ਦਾ ਆ ਜਾਵੇ ਕਿ ਮਜਬੂਰੀਵਸ ਮਹਿਜ਼ ਇਕ ਰਾਤ ਲਈ ਵੀ ਆਪਣੇ ਸੱਜਣ ਪਿਆਰੇ ਤੋਂ ਪਾਸੇ ਹੋ ਕੇ ਸੌਣਾ ਪੈ ਜਾਵੇ ਤਾਂ ਡਰ ਲੱਗਦੈ... ਆਤਮਿਕ ਹੁਸਨ ਵਿਚ ਵੱਡਾ ਕਜ ਤਾਂ ਨਹੀਂ ਕੋਈ ਪੈ ਜਾਵੇਗਾ। ਸਾਰੀ ਹਸਤੀ ਹੀ ਮਾਰੂ ਕਿਸਮ ਦੀ ਸਵੈ-ਵਿਦਰੇਕਤਾ ਨਾਲ ਤਾਂ ਨਹੀਂ ਸਰਾਪੀ ਜਾਵੇਗੀ... ਕੋਈ ਸਦੀਵੀ ਵਿਗੋਚਾ ਤਾਂ ਨਹੀਂ ਪੈ ਜਾਵੇਗਾ।"

ਯੁੱਗਾਂ ਯੁੱਗਾਂ ਤੋਂ ਹਰ ਚਿੰਤਕ ਦਾ, ਹਰ ਧਰਮ ਦੇ ਰਹਿਨੁਮਾ ਦਾ ਕੇਂਦਰੀ ਸਰੋਕਾਰ ਇਹ ਹੀ ਤਾਂ ਰਿਹਾ ਹੈ ਕਿ ਇਨਸਾਨ ਵਿਦਰੇਕਤਾ ਅਤੇ ਸਵੈ-ਵਿਦਰੇਕਤਾ ਦਾ ਸ਼ਿਕਾਰ ਹੋਣ ਤੋਂ ਬਚ ਕੇ ਕਿੰਜ ਜੀਵੇ। ਕਾਰਲ ਮਾਰਕਸ ਨੇ ਆਪਣੀ ਮਹਾਨ ਰਚਨਾ 'ਦਾਸ ਕੈਪੀਟਲ' 'ਚ ਸਾਰਾ ਜ਼ੋਰ ਇਹ ਦੱਸਣ 'ਤੇ ਹੀ ਲਾ ਦਿੱਤਾ ਸੀ ਕਿ 19ਵੀਂ ਸਦੀ ਵਿਚ ਸਰਮਾਏ ਜਾਂ ਮੁਨਾਫੇ ਦੇ ਨਿਜ਼ਾਮ ਨੇ ਮਨੁੱਖਾਂ ਦੀ ਹਾਲਤ ਕਿੰਜ ਜਾਨਵਰਾਂ ਤੋਂ ਵੀ ਬਦਤਰ ਬਣਾ ਦਿੱਤੀ ਸੀ।

ਕਾਰਲ ਮਾਰਕਸ ਦਾ ਸਭ ਤੋਂ ਜ਼ਹੀਨ ਪੈਰੋਕਾਰ ਲਿਓਨ ਤ੍ਰਾਤਸਕੀ ਅਜਿਹੇ ਵਿਦਰੇਕਤਾ ਰਹਿਤ ਸਮਾਜ ਦੀ ਸਿਰਜਣਾ ਲਈ ਤਾਂ ਜੂਝ ਗਿਆ ਸੀ। ਸਤਾਲਿਨ ਨਾਲ ਉਸ ਦਾ ਇਹੋ ਹੀ ਤਾਂ ਰੌਲਾ ਸੀ ਕਿ ਉਹ ਕਿਸੇ ਵੀ ਕਿਸਮ ਦੀ ਵਿਦਰੇਕਤਾ ਅਤੇ ਸਵੈ-ਵਿਦਰੇਕਤਾ ਤੋਂ ਪਾਰ ਸਮਾਜ ਦੀ ਸਿਰਜਣਾ ਦੀ ਆੜ ਵਿਚ ਅਜਿਹਾ ਨਿਜ਼ਾਮ ਉਸਾਰ ਰਿਹਾ ਸੀ ਜਿਸ ਵਿਚ ਇਨਸਾਨ ਦੀ ਜ਼ਿੰਦਗੀ ਵਿਚ ਅਜਿਹੀ ਮਾਰੂ ਵਿਦਰੇਕਤਾ ਅਤੇ ਸਵੈ-ਵਿਦਰੇਕਤਾ ਵਿਆਪ ਜਾਣੀ ਸੀ ਜਿਸ ਦਾ ਤੋੜ ਅੱਜ ਤੱਕ ਆਦਮ ਜਾਤ ਨੇ ਕਦੀ ਤੱਕਿਆ ਜਾਂ ਕਿਆਸਿਆ ਤੱਕ ਵੀ ਨਾ ਹੋਵੇਗਾ।

ਦੋ ਕੁ ਵਰ੍ਹੇ ਪਹਿਲਾਂ ਫਿਲਮਸਾਜ਼ ਮਣੀ ਕੌਲ ਬਾਰੇ ਸ਼ਰਧਾਂਜਲੀ ਲੇਖ ਵਿਚ ਮੈਂ ਕਿਹਾ ਸੀ ਕਿ ਕਾਮਰੇਡ ਲੈਨਿਨ ਨੇ ਇਨਕਲਾਬ, ਰੂਸੀ ਹਾਕਮਾਂ ਤੋਂ ਆਪਣੇ ਪਿਆਰੇ ਲੇਖਕ ਐਂਤੋਨ ਚੈਖੋਵ ਦੇ 'ਕਲਰਕ ਦੀ ਮੌਤ' ਦਾ ਬਦਲਾ ਲੈਣ ਲਈ ਕੀਤਾ ਸੀ, ਤੇ ਸਤਾਲਿਨ ਨੇ ਪਤਾ ਨਹੀਂ ਕਿਤਨੇ 'ਬੇਗੁਨਾਹ ਕਲਰਕਾਂ' ਨੂੰ ਬਿਨਾ ਵਜ੍ਹਾ ਹੀ ਮੌਤ ਦੇ ਮੂੰਹ ਧੱਕ ਦਿੱਤਾ ਸੀ!...ਤੇ ਲਿਓਨ ਤ੍ਰਾਤਸਕੀ ਦੀਆਂ ਲਿਖਤਾਂ ਪੜ੍ਹ ਕੇ ਮੈਨੂੰ ਹਮੇਸ਼ਾ ਇਉਂ ਮਹਿਸੂਸ ਹੋਇਆ ਹੈ ਕਿ ਉਹ ਅਜਿਹੇ ਸਮਾਜ ਦੀ ਉਸਾਰੀ ਲਈ ਜੂਝ ਰਿਹਾ ਸੀ ਜਿਥੇ ਨਾ ਤਾਂ ਕਿਸੇ 'ਕਲਰਕ ਦੀ ਮੌਤ' ਮੌਤ ਹੋਵੇ, ਤੇ ਨਾ ਹੀ ਕਿਸੇ ਹੁਸੀਨ ਕੁੜੀ ਨੂੰ ਕਿਸੇ ਵੀ ਸਮਾਜਕ ਬੰਧਨ ਦੀ ਬਲੀ 'ਤੇ ਚੜ੍ਹਦਿਆਂ ਆਪਣੇ ਕਿਸੇ ਵੀ ਮਿੱਤਰ ਪਿਆਰੇ ਦੀ ਆਗੋਸ਼ ਤੋਂ ਵਾਂਝੇ ਰਹਿ ਜਾਣ ਦਾ ਖਦਸ਼ਾ ਹੋਵੇ।

ਮੈਨੂੰ ਲਿਓਨ ਤ੍ਰਾਤਸਕੀ ਦੀ ਸ਼ਖਸੀਅਤ ਕੋਹ ਕਾਫ ਦੀਆਂ ਚੋਟੀਆਂ ਵਰਗੀ ਉਚੀ ਤੇ ਨਿਰਮਲ ਲੱਗੀ ਸੀ। ਉਸ ਦੀਆਂ ਲਿਖਤਾਂ ਦੀ ਸਪਿਰਟ ਅੱਜ ਵੀ ਉਤਨੀ ਹੀ ਉਦਾਤ ਹੈ ਜਿਤਨੀ ਕਿ ਮੇਰੀਆਂ ਨਜ਼ਰਾਂ ਵਿਚ ਮੇਰੇ ਮਿੱਤਰ ਦੀ ਅਜੀਜ ਦਾ ਉਹ ਨਿਰਛਲ ਜਿਹਾ ਕਥਨ ਜਾਂ ਭਾਵਨਾਵਾਂ ਉਦਾਤ ਸਨ। ਸਤਾਲਿਨ ਤੋਂ ਬਾਅਦ ਖਰੁਸ਼ਚੇਵ, ਬਰੈਜ਼ਨੇਵ, ਕੋਸੀਜਿਨ, ਸੁਸਲੋਵ, ਆਂਦਰੋਪੋਵ, ਗੋਰਬਾਚੇਵ, ਲਿਗਾਚੇਵ ਅਤੇ ਬੋਰਿਸ ਯੇਲਤਸਿਨ ਦਾ ਤਰਦਾ-ਤਰਦਾ ਜ਼ਿਕਰ ਮੈਂ ਇਸ ਕਰ ਕੇ ਕੀਤਾ ਹੈ ਕਿ ਉਹ ਆਪੋ-ਆਪਣੀ ਜਗ੍ਹਾ 'ਤੇ ਸਾਰੇ ਹੀ ਕਮਾਲ ਦੇ ਆਗੂ ਸਨ, ਸ਼ਾਗਿਰਦ ਸਨ; ਤੇ ਫਿਰ ਵੀ ਇਨਕਲਾਬ ਦੀ ਕਾਮਯਾਬੀ ਦੇ ਬਾਅਦ ਹਾਲਾਤ ਲਗਾਤਾਰ ਨਾਂਹ ਵਾਲੇ ਪਾਸੇ ਹੀ ਨਿਘਰਦੇ ਕਿਉਂ ਚਲੇ ਗਏ? ਕਾਰਲ ਮਾਰਕਸ ਤੇ ਲਿਓਨ ਤ੍ਰਾਤਸਕੀ ਦਾ ਸੁਪਨਾ ਤਾਂ ਅਜਿਹੇ ਸਮਾਜ ਦੀ ਸਿਰਜਣਾ ਸੀ ਜਿਥੇ ਕਿਸੇ ਦੀ ਵੀ ਮਿਹਨਤ ਦਾ ਸ਼ੋਸ਼ਣ ਨਾ ਹੋਵੇ ਤੇ ਕਿਸੇ ਮਾਸੂਮ ਮੁੰਡੇ-ਕੁੜੀ ਦੇ ਜਜ਼ਬਾਤ ਦਾ ਹਨਨ ਨਾ ਹੋਵੇ। ਤਾਲਿਬਾਨੀ ਕੌਮੀ ਸਾਰਾਂ ਦੀ ਉਨ੍ਹਾਂ ਦੇ ਆਦਰਸ਼ ਸਮਾਜ ਵਿਚ ਕੋਈ ਥਾਂ ਨਹੀਂ ਸੀ।

ਸਤਾਲਿਨ ਨੇ ਤ੍ਰਾਤਸਕੀ ਸਮੇਤ ਲੱਖਾਂ ਬੇਗੁਨਾਹ ਲੋਕ ਬੇਰਹਿਮੀ ਨਾਲ ਮਰਵਾ ਦਿੱਤੇ। ਅਸੀਂ ਕਿੰਤੂ ਨਾ ਹੀ ਉਠਾਉਂਦੇ ਬਸ਼ਰਤੇ ਕਿ ਸਮਾਜਵਾਦੀ ਉਸਾਰੀ ਦਾ ਪ੍ਰਾਜੈਕਟ ਲੀਹ 'ਤੇ ਆ ਜਾਂਦਾ। ਪੰਜਾਬ ਟਾਈਮਜ਼ ਵਿਚ ਕਰਨੈਲ ਸਿੰਘ ਨਾਂ ਦੇ ਸਾਡੇ ਇਕ ਜਗਿਆਸੂ ਪਾਠਕ ਨੇ ਲਿਓਨ ਤ੍ਰਾਤਸਕੀ ਦੀਆਂ ਅਨੇਕ ਪੇਸ਼ੀਨਗੋਈਆਂ ਦੇ ਗਲਤ ਸਾਬਤ ਹੋ ਜਾਣ ਦੀ ਗੱਲ ਕੀਤੀ ਹੈ। ਪਰ ਗੱਲ ਤਾਂ ਤ੍ਰਾਤਸਕੀ ਦੇ ਕਿਰਦਾਰ ਅਤੇ ਗੁਫਤਾਰ ਦੀ ਸਪਿਰਟ ਦੀ ਹੈ: ਪੇਸ਼ੀਨਗੋਈ ਅੱਜ ਤਕ ਭਲਾ ਕਿਸ ਦੀ ਸੱਚੀ ਸਾਬਤ ਹੋਈ ਹੈ। ਰਵਾਇਤਾਂ ਜਾਂ ਸਮਾਜਿਕ ਕੋਡ ਇਨਸਾਨੀ ਹਸਤੀ ਅੰਦਰ ਕੁਦਰਤਨ ਨਿਹਿਤ ਮਹਿਕ ਨੂੰ ਉਗਾਸਾ ਦੇਣ ਲਈ ਹੋਣੇ ਚਾਹੀਦੇ ਹਨ-ਭਾਂਤ ਭਾਂਤ ਦੇ ਕੌਮੀਸਾਰਾਂ, ਤਾਲਿਬਾਨਾਂ ਜਾਂ ਹਰਿਆਣਾ ਪ੍ਰਾਂਤ ਦੇ ਬਦਨਾਮ ਖਾਪ ਪੰਚਾਇਤਾਂ ਦੇ ਜ਼ਿਦਖੋਰੇ ਪੰਚਾਂ ਦੀ ਹਉਂ ਨੂੰ ਸਰਚਾਉਣ ਖਾਤਰ ਮੁਹੱਬਤ ਕਰਨ ਲਈ ਬਜਿਦ ਸਾਡੇ ਨੌਜਵਾਨ ਮੁੰਡੇ-ਕੁੜੀਆਂ ਦੇ ਜਜ਼ਬਾਤ ਨੂੰ ਜ਼ਿਬਹ ਕਰਨ ਲਈ ਕਦਾਚਿਤ ਵੀ ਨਹੀਂ।

(ਸਮਾਪਤ)

## ਉਰਦੂ ਕਹਾਣੀ

# ਦੂਲੋ

***ਉਪਿੰਦਰਨਾਥ ਅਸ਼ਕ (14 ਦਸੰਬਰ 1910-19 ਜਨਵਰੀ 1996) ਜਲੰਧਰ ਵਿਚ ਪੈਦਾ ਹੋਏ। ਉਨ੍ਹਾਂ ਹਿੰਦੀ ਅਤੇ ਉਰਦੂ ਵਿਚ ਨਾਵਲ, ਕਹਾਣੀਆਂ ਅਤੇ ਨਾਟਕ ਲਿਖੇ। ਉਨ੍ਹਾਂ ਆਲ ਇੰਡੀਆ ਰੇਡੀਓ 'ਤੇ ਵੀ ਕੰਮ ਕੀਤਾ। ਕ੍ਰਿਸ਼ਨ ਚੰਦਰ, ਪਾਤਰਸ ਬੁਖਾਰੀ ਅਤੇ ਸਿਆਦਤ ਹਸਨ ਮੰਟੋ ਉਨ੍ਹਾਂ ਦੇ ਸਾਥੀ ਅਦੀਬ ਸਨ। ਸੰਗੀਤ ਨਾਟਕ ਅਕਾਦਮੀ ਦਾ ਪੁਰਸਕਾਰ ਲੈਣ ਵਾਲੇ ਉਹ ਪਹਿਲੇ ਹਿੰਦੀ ਨਾਟਕਕਾਰ ਸਨ। ਜਨਾਬ ਅਸ਼ਕ ਦੀ ਕਹਾਣੀ 'ਦੂਲੋ' ਤਿੜਕ ਰਹੇ ਰਿਸ਼ਤਿਆਂ ਦਾ ਦਰਦ ਬਿਆਨ ਕਰਦੀ ਹੈ। ਇਸ ਕਹਾਣੀ ਦੀ ਪਰਤ ਭਾਵੇਂ ਇਕਹਿਰੀ ਹੈ ਪਰ ਇਸ ਦੀ ਮਾਰ ਇਕਹਿਰੀ ਨਹੀਂ। ਇਹ ਕਹਾਣੀ ਅਸਲ ਵਿਚ ਇਕ ਪੀੜ੍ਹੀ ਦਾ ਦੂਜੀ ਪੀੜ੍ਹੀ ਲਈ ਇਕ ਤਰ੍ਹਾਂ ਨਾਲ ਉਲਾਂਭਾ ਵੀ ਹੈ। ਅਸ਼ਕ ਨੇ ਇਹ ਉਲਾਂਭਾ ਪਹਿਲੀ ਪੀੜ੍ਹੀ ਦੇ ਹੱਕ ਵਿਚ ਖਲੋ ਕੇ ਦਿੱਤਾ ਹੈ, ਕਦਰਾਂ-ਕੀਮਤਾਂ ਪਹਿਲੀ ਪੀੜ੍ਹੀ ਦੇ ਹਿਸਾਬ ਨਾਲ ਜੁ ਵਿਚਾਰਨੀਆਂ ਹੋਈਆਂ! ਇਹੀ ਵਿਚਾਰ ਅਗਾਂਹ ਘਸ-ਘਸ ਕੇ 'ਪੀੜ੍ਹੀ-ਪਾੜਾ' ਬਣ ਗਿਆ ਹੈ। -ਸੰਪਾਦਕ***



ਉਪਿੰਦਰ ਨਾਥ ਅਸ਼ਕ

**ਅਨੁਵਾਦ: ਸੁਰਜੀਤ ਸਿੰਘ ਪੰਛੀ**
**ਫੋਨ: 661-827-8256**

ਅੱਜ ਅਚਾਨਕ ਇਕ ਪ੍ਰਸ਼ਨ ਪੈਦਾ ਹੋ ਗਿਆ ਹੈ। ਉਸ ਵੇਲੇ ਜਦੋਂ ਮੈਂ ਆਪਣੀ ਬੈਠਕ ਵਿਚ ਆਪਣੇ ਡੇਢ ਸਾਲ ਦੇ ਬੱਚੇ ਨੂੰ ਖਿਡਾ ਰਿਹਾ ਸੀ ਅਤੇ ਖਿੜਕੀ ਦੇ ਬਾਹਰ ਜਿੱਥੇ ਸਾਡੀ ਗਾਂ ਖੜ੍ਹੀ ਸੀ, ਇਸ ਤੋਂ ਪਰ੍ਹੇ ਟੁੱਟੀ-ਭੱਜੀ ਮੰਜੀ ਉਤੇ ਬੈਠੇ ਇਕ ਬੁੱਢੇ ਨੇ ਆਪਣੀ ਪਤਨੀ ਦੇ ਕੁੱਝ ਕਹਿਣ 'ਤੇ ਸਿਰ ਉਤੇ ਦੁਹੱਥੜ ਮਾਰ ਕੇ ਕਿਹਾ, "ਚੰਗਾ, ਚੰਗਾ।" ਮੈਂ ਬੱਚੇ ਨੂੰ ਖਿਡਾਉਣਾ ਭੁੱਲ ਗਿਆ। ਬੱਚਾ ਰੋ ਪਿਆ ਤੇ ਮੇਰੀ ਪਤਨੀ ਦੁੱਧ ਚੋਂਦੀ ਮੇਰੇ ਵੱਲ ਲਾਲ ਪੀਲੀਆਂ ਅੱਖਾਂ ਨਾਲ ਦੇਖਣ ਲੱਗੀ।

ਸ਼ਾਮ ਦਾ ਵੇਲਾ ਹੈ ਅਤੇ ਗਰਮੀ ਦੀ ਰੁੱਤ। ਦਿਨ ਭਰ ਦੀ ਗਰਮੀ ਤੋਂ ਤੰਗ ਹੋਏ ਲਗਭਗ ਸਭ ਲੋਕ ਆਪਣੇ ਕਮਰਿਆਂ ਵਿਚੋਂ ਨਿਕਲ ਕੇ ਛੱਤਾਂ 'ਤੇ ਚਲੇ ਗਏ ਹਨ। ਕਿਤੇ ਫਰਸ਼ਾਂ 'ਤੇ ਛਿੜਕਾ ਕੀਤੇ ਜਾ ਰਹੇ ਹਨ, ਕਿਤੇ ਕੱਪੜਿਆਂ ਨੂੰ ਪਾਣੀ ਦੇ ਛਿੱਟੇ ਮਾਰ ਕੇ ਠੰਢਾ ਕਰ ਰਹੇ ਹਨ ਅਤੇ ਦਿਨ ਭਰ ਦੀ ਧੁੱਪ ਨਾਲ ਮੁਰਝਾਏ ਫੁੱਲਾਂ ਨੂੰ ਗਮਲਿਆਂ ਵਿਚ ਪਾਣੀ ਦਿੱਤਾ ਜਾ ਰਿਹਾ ਹੈ। ਆਦਮੀ ਜਾਂ ਤਾਂ ਅਜੇ ਤਕ ਦੁਕਾਨਾਂ ਤੋਂ ਨਹੀਂ ਆਏ ਜਾਂ ਸੈਰ ਨੂੰ ਬਾਹਰ ਨਿਕਲ ਗਏ ਹਨ। ਇਸਤਰੀਆਂ ਘਰੇਲੂ ਕੰਮਾਂ ਤੋਂ ਵਿਹਲੀਆਂ ਹੋ ਕੇ ਰੋਟੀ ਦਾ ਸਮਾਨ ਛੱਤਾਂ ਉਪਰ ਲਿਜਾਣ ਵਿਚ ਰੁੱਝੀਆਂ ਹਨ। ਥੱਲੇ ਗਰਮੀ ਵਿਚ ਰੋਟੀ ਖਾਣ ਦਾ ਕੀ ਸੁਆਦ? ਉਪਰ ਠੰਢੀ ਹਵਾ ਵਿਚ ਰੋਟੀ ਖਾਵਾਂਗੇ। ਪੁਰੇ ਦੀ ਠੰਢੀ ਠੰਢੀ ਹਵਾ ਦੇ ਬੁੱਲਿਆਂ ਦਾ ਸੁਆਦ ਮਾਣਾਂਗੇ। ਅੱਜ ਗਰਮੀ ਵੀ ਲੋਹੜੇ ਦੀ ਪਈ ਹੈ, ਸ਼ਾਇਦ ਹਵਾ ਰਾਤ ਨੂੰ ਚੱਲੇ। ਫਿਰ ਵੀ ਆਸ ਤਾਂ ਨਹੀਂ ਪਰ ਉਹ ਬੁੱਢਾ ਤੇ ਉਸ ਦੀ ਪਤਨੀ ਨੇ ਇਸ ਅਤਿ ਦੀ ਗਰਮੀ ਵਿਚ ਵੀ ਹੇਠਾਂ ਗਲੀ ਵਿਚ ਜਿੱਥੇ ਦਿਨ ਭਰ ਧੁੱਪ ਦਾ ਰਾਜ ਰਿਹਾ, ਜਿੱਥੇ ਆਲੇ ਦੁਆਲੇ ਗਾਈਆਂ ਤੇ ਮੱਝਾਂ ਬੰਨ੍ਹੀਆਂ ਹੋਈਆਂ ਹਨ, ਜਿੱਥੇ ਨਾਲੀਆਂ ਵਿਚੋਂ ਬਦਬੂ ਆ ਰਹੀ ਹੈ, ਦੋ ਮੰਜੇ ਡਾਹੇ ਹੋਏ ਹਨ। ਮੰਜੇ 'ਤੇ ਇਸ ਗਰਮੀ ਦੀ ਰੁੱਤ ਵਿਚ ਵੀ ਗਦੈਲਾ ਵਿਛਿਆ ਹੋਇਆ ਹੈ ਜਿਹੜਾ ਗਲਿਆ ਸੜਿਆ ਤੇ ਮੈਲਾ ਕੁਚੈਲਾ ਹੈ। ਸ਼ਾਇਦ ਇਸ ਨੂੰ ਕੋਈ ਚੰਗੀ ਜਿਹੀ ਚਾਦਰ ਨਹੀਂ ਮਿਲੀ ਜਾਂ ਇਸ ਮੈਲੇ ਕੁਚੈਲੇ ਗਦੈਲੇ ਲਈ ਘਰ ਵਿਚ ਹੋਰ ਕੋਈ ਥਾਂ ਨਹੀਂ। ਇਹ ਬੁੱਢਾ ਆਦਮੀ ਕੁੱਬਾ ਹੈ। ਅੱਖਾਂ 'ਤੇ ਬਹੁਤ ਪੁਰਾਣੀ ਅਤੇ ਫਰੇਮ ਟੁੱਟਣ ਕਾਰਨ ਧਾਗਿਆਂ ਨਾਲ ਬੰਨ੍ਹੀ ਹੋਈ ਐਨਕ ਹੈ। ਦਾੜ੍ਹੀ ਵਧੀ ਹੋਈ ਹੈ ਤੇ ਸਿਰ ਉਤੇ ਮਲਮਲ ਦੀ ਗੋਲ ਜਿਹੀ ਮੈਲੀ ਟੋਪੀ ਹੈ, ਸਰੀਰ ਨੰਗਾ ਹੈ ਤੇ ਤੇੜ ਮੈਲਾ ਜਿਹਾ ਡੇਢ ਕੁ ਗਜ਼ ਦਾ ਪਰਨਾ। ਇਸ ਦੀ ਪਤਨੀ ਬੁੜ ਬੁੜ ਕਰਦੀ ਮੰਜੇ 'ਤੇ ਜਾ ਕੇ ਬੈਠ ਗਈ ਹੈ ਅਤੇ ਹੌਲੀ ਹੌਲੀ ਉਸ ਨੂੰ ਗਾਲ੍ਹਾਂ ਕੱਢ ਰਹੀ ਹੈ। ਇਸ ਦੇ ਮੰਜੇ 'ਤੇ ਫਟੀ ਪੁਰਾਣੀ ਦਰੀ ਅਤੇ ਬਦਬੂ ਮਾਰਦੀ ਚਾਦਰ ਵਿਛੀ ਹੈ।

ਦੋਹਾਂ ਵਿਚ ਕਿਸ ਗੱਲ 'ਤੇ ਝਗੜਾ ਹੋਇਆ ਹੈ, ਇਹ ਮੈਨੂੰ ਪਤਾ ਨਹੀਂ ਪਰ ਕੋਈ ਇਹੋ ਜਿਹੀ ਹੀ ਗੱਲ ਹੋਈ ਹੋਵੇਗੀ। ਬੁੱਢੇ ਨੂੰ ਤ੍ਰੇਹ ਲੱਗੀ ਹੋਵੇਗੀ। ਉਹ ਬਿਮਾਰ ਹੈ, ਚੱਲ-ਫਿਰ ਨਹੀਂ ਸਕਦਾ। ਇਸ ਨੇ ਆਪਣੀ ਪਤਨੀ ਨੂੰ ਖੂਹ ਤੋਂ ਪਾਣੀ ਲਿਆਉਣ ਲਈ ਕਿਹਾ ਹੋਵੇਗਾ ਅਤੇ ਪਤਨੀ ਨੇ ਉਤਰ ਦਿਤਾ ਹੋਵੇਗਾ, "ਤੈਨੂੰ ਸਾਰਾ ਦਿਨ ਤ੍ਰੇਹ ਲੱਗੀ ਰਹਿੰਦੀ ਹੈ। ਮੈਨੂੰ ਘੱਟ ਦਿਸਦਾ ਹੈ। ਕਿਵੇਂ ਲਿਆਵਾਂ? ਤੂੰ ਆਪ ਕਿਉਂ ਹਿੰਮਤ ਨਹੀਂ ਕਰਦਾ?" ਸ਼ਾਇਦ ਇਸ ਤੋਂ ਗੁੱਸੇ ਹੋ ਕੇ "ਚੰਗਾ-ਚੰਗਾ" ਕਹਿੰਦਿਆਂ ਉਹਨੇ ਆਪਣਾ ਸਿਰ ਪਿੱਟ ਲਿਆ ਹੈ। ਸ਼ਾਇਦ ਮੇਰਾ ਖਿਆਲ ਠੀਕ ਹੈ ਕਿਉਂਕਿ ਖੂਹ 'ਤੇ ਪਾਣੀ ਭਰਨ ਵਾਲੇ ਨੂੰ ਆਵਾਜ਼ ਮਾਰ ਕੇ ਬੁੱਢੇ ਨੇ ਪਾਣੀ ਮੰਗਿਆ ਹੈ ਅਤੇ ਗਟਾ ਗਟ ਦੋ ਗਲਾਸ ਪੀ ਕੇ ਲਿਟ ਗਿਆ ਹੈ। ਸ਼ਾਇਦ ਉਸ ਨੇ ਠੰਢਾ ਹਉਕਾ ਵੀ ਭਰਿਆ ਹੈ।

ਅੱਜ ਕੱਲ੍ਹ ਜਦੋਂ ਸਾਰੇ ਘਰਾਂ ਵਿਚ ਬਰਫ਼ ਤੋਂ ਬਿਨਾਂ ਪਾਣੀ ਦੀ ਇਕ ਘੁੱਟ ਵੀ ਹਲਕ ਤੋਂ ਥੱਲੇ ਨਹੀਂ ਜਾਂਦੀ, ਜਿੱਥੇ ਦਿਨ ਰਾਤ ਲੱਸੀ ਤੇ ਸ਼ਰਬਤ ਦਾ ਰੌਲਾ ਪਿਆ ਰਹਿੰਦਾ ਹੈ, ਜਦੋਂ ਕੁਝ ਘਰਾਂ ਵਿਚ ਬਦਾਮਾਂ ਦੀ ਸ਼ਰਦਾਈ ਵੀ ਹੁੰਦੀ ਹੈ, ਜਦੋਂ ਗਰਮੀ ਦੇ ਮਾਰੇ ਗਲ ਸੁੱਕ ਸੁੱਕ ਜਾਂਦਾ ਹੈ, ਇਹ ਵਿਚਾਰਾ ਤ੍ਰੇਹ ਦਾ ਨਾਂ ਵੀ ਨਹੀਂ ਲੈ ਸਕਦਾ। ਪਤਨੀ ਦੇ ਪਾਣੀ ਨਾ ਦੇਣ 'ਤੇ ਕਿਸੇ ਬਿਗਾਨੇ ਦੇ ਹੱਥੋਂ ਬਰਫ਼ ਵਾਲਾ ਨਹੀਂ, ਮਿੱਟੀ ਦੀ ਸੁਰਾਹੀ ਜਾਂ ਘੜੇ ਦਾ ਵੀ ਨਹੀਂ, ਕੇਵਲ ਖੂਹ ਦਾ ਸੱਜਰਾ ਪਾਣੀ ਪੀ ਕੇ ਚੁੱਪ ਚਾਪ ਲਿਟ ਗਿਆ ਹੈ।

ਉਹ ਬੁੱਢੀ...ਉਹਦੀ ਪਤਨੀ, ਉਹ ਕਿਹੜਾ ਸੁਖੀ ਹੈ। ਅੱਖੋਂ ਲੱਗਭਗ ਅੰਨ੍ਹੀ ਹੈ। ਸੋਟੀ ਸਹਾਰੇ ਚੱਲਣ ਵਾਲੀ, ਕਮਜ਼ੋਰ ਜਿਹੀ, ਫੁਲਬਹਿਰੀ ਕਾਰਨ ਅੱਧੇ ਚਿੱਟੇ ਅਤੇ ਅੱਧੇ ਕਾਲੇ ਮੂੰਹ ਵਾਲੀ, ਆਪਣੇ ਮੰਜੇ 'ਤੇ ਗਮਾਂ ਦੀ ਮਾਰੀ ਬੈਠੀ ਹੈ। ਉਹ ਜੇ ਗਮ ਦਾ ਮਾਰਿਆ ਹੈ ਤਾਂ ਇਹ ਵੀ ਗਮਾਂ ਦੀ ਮਾਰੀ ਹੈ।

ਕੀ ਇਸ ਦੁਨੀਆਂ ਵਿਚ ਇਨ੍ਹਾਂ ਦਾ ਕੋਈ ਨਹੀਂ? ਕੀ ਇਹ ਪਤੀ-ਪਤਨੀ ਬੁਢਾਪੇ ਵਿਚ ਬਿਲਕੁਲ ਇਕੱਲੇ ਹਨ? ਇਨ੍ਹਾਂ ਦਾ ਇਕਲੌਤਾ ਪੁੱਤਰ ਹੁਣੇ ਹੀ ਇਨ੍ਹਾਂ ਦੇ ਕੋਲ ਦੀ ਲੰਘ ਕੇ ਇਸ ਤਿੰਨ ਮੰਜ਼ਲੀ ਹਵੇਲੀ ਦੀ ਛੱਤ ਉਤੇ, ਜਿਸ ਦੇ ਬੂਹੇ ਸਾਹਮਣੇ ਮੰਜੇ ਡਾਹੀ ਪਏ ਹਨ, ਆਪਣੇ ਠੰਢੇ ਬਿਸਤਰੇ ਉਤੇ ਜਾ ਲੇਟਿਆ ਹੈ। ਉਸ ਦੀ ਪੁੱਤਰੀ ਇਸ ਨੂੰ ਪੱਖਾ ਝੱਲ ਰਹੀ ਹੈ ਤੇ ਉਸ ਦੀ ਪਤਨੀ ਪੈਰ ਘੁੱਟ ਰਹੀ ਹੈ।

"ਤ੍ਰੇਹ ਲੱਗੀ ਐ।"

ਦੋਵੇਂ ਮਾਂ ਧੀ ਭੱਜ ਪਈਆਂ ਹਨ। ਛੋਟਾ ਪੁੱਤਰ ਬਰਫ਼ ਲੈਣ ਭੱਜ ਗਿਆ ਹੈ।

"ਸਰਬਤ ਲਿਆਵਾਂ ਜਾਂ ਕੁੱਝ ਹੋਰ", ਪਤਨੀ ਨੇ ਪੁੱਛਿਆ।

"ਜੋ ਮਰਜ਼ੀ ਲੈ ਆ, ਪਰ ਛੇਤੀ।"

ਸ਼ਰਦਾਈ ਰਗੜਨ ਲੱਗੀ ਹੈ। ਬੁੱਢੇ ਨੂੰ ਸ਼ਾਇਦ ਫਿਰ ਤ੍ਰੇਹ ਲੱਗ ਗਈ ਹੈ। ਉਸ ਨੇ ਜੀਭ ਬੁੱਲ੍ਹਾਂ 'ਤੇ ਫੇਰੀ ਹੈ ਤੇ ਲੰਬਾ ਸਾਹ ਲੈ ਕੇ ਪਾਸਾ ਲਿਆ ਹੈ।

---

ਦੂਲੋ ਨਾਲ ਮੇਰਾ ਮਿਲਾਪ ਪਹਿਲਾਂ ਪਹਿਲ ਨਾਚ ਮਹਿਫ਼ਿਲ ਵਿਚ ਹੋਇਆ ਸੀ। ਉਦੋਂ ਪਤਾ ਨਹੀਂ ਮੈਂ ਕਿਹੜੀ ਸ਼੍ਰੇਣੀ ਵਿਚ ਪੜ੍ਹਦਾ ਸਾਂ। ਬਹੁਤ ਛੋਟਾ ਸਾਂ। ਸ਼ਾਇਦ ਪੜ੍ਹਨ ਲਈ ਸਕੂਲ ਜਾਣ ਵਾਸਤੇ ਮੈਂ ਕੁਝ ਮਹੀਨੇ ਉਡੀਕ ਕਰਨੀ ਸੀ। ਰਾਤ ਨੂੰ ਗੈਸ ਦੇ ਚਾਨਣ ਵਿਚ ਮੁਹੱਲੇ ਦਾ ਕੋਨਾ ਕੋਨਾ ਚਮਕ ਰਿਹਾ ਸੀ। ਵਿਚਕਾਰ ਵੱਡੀ ਦਰੀ ਵਿਛੀ ਹੋਈ ਸੀ। ਇਸ ਉਤੇ ਚਿੱਟੀਆਂ ਚਾਦਰਾਂ ਤੇ ਇਕ ਸੁੰਦਰ ਗਲੀਚਾ। ਮੁਹੱਲੇ ਦਾ ਕੋਈ ਹੀ ਅਜਿਹਾ ਪੁਰਸ਼ ਹੋਵੇਗਾ ਜਿਹੜਾ ਮੁਜਰਾ ਦੇਖਣ ਨਾ ਆਇਆ ਹੋਵੇ। ਦੋ ਨਾਜ਼ੁਕ ਜਿਹੀਆਂ ਨਾਚੀਆਂ ਮਜ਼ੇ ਨਾਲ ਪਾਨ ਚੱਬ ਰਹੀਆਂ ਸਨ। ਗੱਲ ਗੱਲ 'ਤੇ ਹਵਾ ਵਾਂਗ ਵਲ ਖਾ ਜਾਣ ਵਾਲੀਆਂ, ਮੁਸਕਾਨਾਂ ਨਾਲ ਦਰਸ਼ਕਾਂ ਦੇ ਦਿਲਾਂ ਵਿਚ ਧੜਕਣ ਪੈਦਾ ਕਰ ਦੇਣ ਵਾਲੀਆਂ ਅਤੇ ਇਨ੍ਹਾਂ ਦੇ ਪਿੱਛੇ ਬੈਠੇ ਸੀ ਉਸਤਾਦ ਜੀ, ਸਾਰੰਗੀ ਫੜੀ ਅਤੇ ਤਬਲਚੀ ਤੇ ਹਾਰਮੋਨੀਅਮ ਮਾਸਟਰ... ਗੱਲ ਗੱਲ 'ਤੇ 'ਜੀ ਹਜ਼ੂਰ' ਕਹਿ ਕੇ ਝੁਕ ਜਾਣ ਵਾਲੇ; ਗੱਲ ਗੱਲ 'ਤੇ ਹਾਸਾ ਮਖੌਲ ਕਰਨ ਵਾਲੇ; ਖੁਸ਼ ਮਜਾਜ਼, ਤੇ ਦਰਸ਼ਕ ਬੁੱਤ ਬਣੇ ਬੈਠੇ ਸਨ। ਪਰੀਆਂ ਵਰਗੀਆਂ ਇਨ੍ਹਾਂ ਨਾਚੀਆਂ ਜਿਨ੍ਹਾਂ ਦੀ ਸ਼ਰਮ ਬਨਾਉਟੀ ਸੀ, ਜਿਨ੍ਹਾਂ ਦੀ ਮੁਸਕਾਨ ਸ਼ੋਖ ਸੀ ਅਤੇ ਜਿਨ੍ਹਾਂ ਦੀਆਂ ਅੱਖਾਂ ਬਿਜਲੀ ਵਾਂਗ ਚੰਚਲ ਸਨ, ਨੂੰ ਦੇਖਣ ਵਿਚ ਲੋਕ ਖੁੱਭੇ ਹੋਏ ਸਨ।

ਗੈਸ ਦੁਆਲੇ ਬਹੁਤ ਸਾਰੇ ਭਮੱਕੜ ਇਕੱਠੇ ਹੋ ਗਏ ਸਨ। ਮੈਂ ਆਪਣੇ ਘਰ ਦੇ ਬਨੇਰੇ 'ਤੇ, ਜਿਹੜਾ ਹੁਣ ਦੁਮੰਜ਼ਲਾ ਬਣ ਗਿਆ ਹੈ, ਬੈਠਾ ਇਨ੍ਹਾਂ ਨੂੰ ਦੇਖਣ ਵਿਚ ਮਗਨ ਸੀ। ਮੈਂ ਕਈ ਵਾਰ ਯਤਨ ਕੀਤਾ ਕਿ ਉਹ ਸੁੰਦਰ ਜਿਹੀ ਹੁਸੀਨਾ ਮੇਰੇ ਵੱਲ ਵੀ ਦੇਖੇ ਪਰ ਮੇਰੇ ਯਤਨ ਅਸਫਲ ਰਹੇ। ਇਸ ਲਈ ਮੈਨੂੰ ਉਸ ਨਾਲ ਘਿਰਣਾ ਹੋ ਗਈ। ਮੈਂ ਭਮੱਕੜਾਂ ਵੱਲ ਦੇਖਣ ਲੱਗ ਪਿਆ। ਮੈਨੂੰ ਯਾਦ ਹੈ, ਇਸ ਵੇਲੇ ਵੀ ਮੇਰੇ ਦਿਲ ਵਿਚ ਖਿਆਲ ਆਉਂਦਾ ਹੈ ਕਿ ਉਨ੍ਹਾਂ ਤਮਾਸ਼ਬੀਨਾਂ ਅਤੇ ਭਮੱਕੜਾਂ ਵਿਚ ਕੀ ਅੰਤਰ ਹੈ? ਦੋਵੇਂ ਕੁਰਬਾਨ ਹੋ ਰਹੇ ਸਨ, ਉਨ੍ਹਾਂ 'ਤੇ ਜਿਨ੍ਹਾਂ ਨੂੰ ਇਨ੍ਹਾਂ ਦੀ ਕੁਰਬਾਨੀ ਦਾ ਕੋਈ ਅਹਿਸਾਸ ਹੀ ਨਹੀਂ ਸੀ।

ਛਨਣ ਛਨਾ ਛਣ ਛਨਣ...

ਇਸ ਖਾਸ ਤਰ੍ਹਾਂ ਦੀ ਆਵਾਜ਼ ਨੇ ਮੇਰਾ ਧਿਆਨ ਖਿੱਚ ਲਿਆ। ਮੈਂ ਨਿਗ੍ਹਾ ਉਪਰ ਕੀਤੀ। ਉਹ ਸੁੰਦਰੀ ਪੁਤਲੀ ਵਾਂਗ ਦਰੀ 'ਤੇ ਥਿਰਕ ਰਹੀ ਸੀ। ਪੁਤਲੀ ਵਰਗੀ, ਨਾਜ਼ੁਕ ਜਿਹੀ, ਸੁੰਦਰ ਜਿਹੀ। ਅੱਜ ਵੀ ਜਦ ਇਸ ਘਟਨਾ ਨੂੰ ਕਈ ਸਾਲ ਬੀਤ ਗਏ ਹਨ, ਮੇਰੇ ਸਾਹਮਣੇ ਇਸ ਦੀ ਸੂਰਤ ਉਸੇ ਤਰ੍ਹਾਂ ਥਿਰਕ ਰਹੀ ਹੈ। ਉਸੇ ਤਰ੍ਹਾਂ ਆਪਣੀਆਂ ਨਾਜ਼ੁਕ ਅਦਾਵਾਂ ਨਾਲ ਆਪਣੇ ਦਰਸ਼ਕਾਂ ਨੂੰ ਘਾਇਲ ਕਰ ਰਹੀ ਹੈ।

ਇਹ ਬਹੁਤ ਦੇਰ ਤਕ ਹੁੰਦਾ ਰਿਹਾ, ਇਸ ਦੀ ਮਨਮੋਹਣੀ ਆਵਾਜ਼ ਕਈ ਵਾਰ ਵਾਤਾਵਰਨ ਵਿਚ ਗੂੰਜੀ। ਇਸ ਨੇ ਗਾਇਆ ਵੀ, ਪਰ ਮੈਨੂੰ ਨਹੀਂ ਪਤਾ ਇਸ ਨੇ ਕੀ ਗਾਇਆ। ਕੋਈ ਉਸ ਸਮੇਂ ਦਾ ਹਰਮਨ ਪਿਆਰਾ ਗੀਤ ਹੋਵੇਗਾ। ਅੱਜ 'ਮੁਜਰਾ' ਹੁੰਦਾ ਤਾਂ 'ਯਾ ਅੱਲਾ ਮਿਟ ਜਾਏ ਦਰਦੇ ਦਿਲ' ਵਰਗੀ ਕੋਈ ਗ਼ਜ਼ਲ ਗਾਈ ਹੁੰਦੀ ਪਰ ਪਤਾ ਨਹੀਂ ਉਸ ਸਮੇਂ ਕਿਹੜੀ ਗ਼ਜ਼ਲ ਮਸ਼ਹੂਰ ਸੀ ਅਤੇ ਕਿਹੜੀ ਗਾਈ ਸੀ। ਐਨਾ ਕੁ ਯਾਦ ਹੈ ਕਿ ਉਸ ਦੀ ਆਵਾਜ਼ ਬਹੁਤ ਸੁਰੀਲੀ ਸੀ। ਬਹੁਤ ਹੀ ਮਨਮੋਹਣੀ, ਨੀਂਦ ਜਿਹੀ ਲਿਆ ਦੇਣ ਵਾਲੀ। ਮੈਨੂੰ ਕਈ ਵਾਰੀ ਨੀਂਦ ਦਾ ਝੌਂਕਾ ਜਿਹਾ ਆ ਗਿਆ ਪਰ ਜਦੋਂ ਅੱਖ ਖੁੱਲ੍ਹੀ, ਉਹਨੂੰ ਗਾਉਂਦਿਆਂ, ਨੱਚਦਿਆਂ ਤੇ ਮੁਸਕਰਾਉਂਦਿਆਂ ਦੇਖਿਆ। ਉਸਤਾਦ ਨੂੰ ਉਸ ਦੇ ਨਾਜ਼ੁਕ ਹੱਥਾਂ ਦੋ ਪੈਸੇ ਲੈ ਕੇ ਸਿਤਾਰ ਦੇ ਮੂੰਹ ਵਿਚ ਪਾਉਂਦੇ ਦੇਖਿਆ। ਫਿਰ ਪਤਾ ਨਹੀਂ ਕਦੋਂ ਨੀਂਦ ਆਉਣ ਲੱਗੀ। ਜਦੋਂ ਉਠਿਆ ਤਾਂ ਆਪਣੇ ਬਿਸਤਰੇ 'ਤੇ ਪਿਆ ਸੀ। ਸਿਰ ਦਰਦ ਕਰ ਰਿਹਾ ਸੀ ਪਰ ਇਸ ਦੀ ਬਿਨਾਂ ਪਰਵਾਹ ਕੀਤਿਆਂ ਭੱਜ ਕੇ ਬਨੇਰੇ 'ਤੇ ਗਿਆ। ਨਾ ਉਹ ਰੋਸ਼ਨੀ ਸੀ ਤੇ ਨਾ ਉਹ ਮਹਿਫ਼ਿਲ। ਸ਼ਾਮਿਆਨਾ ਅਜੇ ਸੀ। ਸ਼ਾਇਦ ਰਾਤ ਦੇ ਸੁੰਦਰ ਸੁਪਨੇ ਦੀ ਯਾਦ ਵਿਚ ਅੱਖਾਂ ਬੰਦ ਕਰ ਕੇ ਸੁੱਤਾ ਪਿਆ ਸੀ। ਨਾਚੀਆਂ ਜਾ ਰਹੀਆਂ ਸਨ ਅਤੇ ਸਾਜ਼ੀ ਵੀ ਜਾਣ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਸਨ। ਮੇਰੀਆਂ ਅੱਖਾਂ ਸਾਹਮਣੇ ਰਾਤ ਦਾ ਦ੍ਰਿਸ਼ ਘੁੰਮ ਰਿਹਾ ਸੀ। ਇਕ ਵਾਰ ਇਸ ਨਾਚੀ ਦੀ ਸੂਰਤ ਵੀ ਅੱਖਾਂ ਸਾਹਮਣੇ ਆਈ, ਪਰ ਇਸ ਦੇ ਨਾਲ ਇਕ ਹੋਰ ਸੂਰਤ ਵੀ ਸੀ। ਇਕ ਅੱਧਖੜ ਉਮਰ ਦੇ ਆਦਮੀ ਦੀ ਸੂਰਤ ਜਿਸ ਦੇ ਗਲ ਵਿਚ ਵਧੀਆ ਮਲਮਲ ਦਾ ਕੁੜਤਾ ਸੀ। ਲੱਕ 'ਤੇ ਪਤਲੀ ਸੁੰਦਰ ਧੋਤੀ ਸੀ। ਕੁੜਤੇ ਉਤੇ ਕੀਮਤੀ ਜਾਕਟ ਅਤੇ ਸਿਰ ਉਤੇ ਲਖਨੌਰੀ ਟੋਪੀ ਸੀ, ਜਿਹੜਾ ਨਾਚੀ ਦੀ ਇਕ ਇਕ ਅਦਾ 'ਤੇ ਰੁਪਏ ਲੁਟਾਈ ਜਾ ਰਿਹਾ ਸੀ। ਇਹ ਦੂਲੋ ਸੀ। ਇਸ ਨੇ ਇਹ 'ਮੁਜਰਾ' ਆਪਣੇ ਪੋਤੇ ਦੇ ਜਨਮ ਦਿਨ 'ਤੇ ਕਰਵਾਇਆ ਸੀ।

ਹਾਂ, ਇਹੀ ਦੂਲੋ ਸੀ। ਜਾਤ ਦਾ ਸੁਨਿਆਰ। ਇਸ ਕੋਲ ਧਨ ਬਹੁਤ ਸੀ। ਪੋਤੇ ਦੇ ਜਨਮ ਦਿਨ ਦੀ ਖੁਸ਼ੀ ਇਸ ਨੇ ਮਨਾਈ ਸੀ ਜਿਸ ਦਾ ਚਰਚਾ ਅੱਜ ਵੀ ਘਰ ਘਰ ਹੈ। ਇਸ ਨੇ ਇਸ ਮੁਜਰੇ 'ਤੇ ਖਰਚਾ ਭਾਵੇਂ ਬਹੁਤਾ ਨਾ ਕੀਤਾ ਹੋਵੇ ਪਰ ਨਾਚੀਆਂ ਇਸ ਦੀਆਂ ਆਸਾਮੀਆਂ ਹੋਣ ਕਾਰਨ, ਇਸ ਤੋਂ ਕਦੇ ਕਦੇ ਰੁਪਈਆ ਕਰਜ਼ ਲੈਣ ਕਰ ਕੇ ਪੋਤੇ ਦੀਆਂ ਵਧਾਈਆਂ ਦੇਣ ਬਿਨਾਂ ਬੁਲਾਏ ਹੀ ਆ ਗਈਆਂ ਸਨ। ਫਿਰ ਵੀ ਐਨਾ ਲੈ ਗਈਆਂ ਸੀ ਕਿ ਸੌਦਾ ਕਰਨ 'ਤੇ ਵੀ ਐਨਾ ਨਾ ਮਿਲਦਾ।

ਸੁਣਦੇ ਹਾਂ, ਇਸ ਵਿਚ ਐਬ ਵੀ ਸਨ। ਉਹ ਖਾਣ ਪੀਣ ਵਾਲਾ ਆਦਮੀ ਸੀ। 'ਖਾਣ ਪੀਣ ਵਾਲਾ', ਇਹ ਸ਼ਬਦ ਕੁਝ ਬੁਰੇ ਜਿਹੇ ਲਗਦੇ ਹਨ, ਪਰ ਮੇਰੇ ਖਿਆਲ ਵਿਚ ਖਾ ਪੀ ਜਾਣ ਵਾਲੇ ਪੁਰਸ਼ ਜ਼ਿੰਦਗੀ ਦਾ ਸੁਆਦ ਲਏ ਬਿਨਾਂ ਮਰ ਜਾਣ ਵਾਲੇ ਪੁਰਸ਼ਾਂ ਨਾਲੋਂ ਕਿਤੇ ਚੰਗੇ ਹੁੰਦੇ ਹਨ ਪਰ ਸ਼ਾਇਦ ਇਨ੍ਹਾਂ ਦੇ ਲਈ ਬੁਢਾਪਾ ਦੂਜੇ ਪੁਰਸ਼ਾਂ ਨਾਲੋਂ ਬਹੁਤਾ ਦੁਖਦਾਈ ਸਾਬਤ ਹੁੰਦਾ ਹੈ। ਸਦਾਚਾਰੀ ਨੂੰ ਕਿਸੇ ਤਰ੍ਹਾਂ ਦੀ ਬੁਰੀ ਆਦਤ ਨਹੀਂ ਹੁੰਦੀ। ਖਾਣ ਪੀਣ ਦੀ ਚਾਟ ਵੀ ਨਹੀਂ ਹੁੰਦੀ। ਉਹ ਕਿਸੇ ਨਾ ਕਿਸੇ ਤਰ੍ਹਾਂ ਰੋ ਪਿੱਟ ਕੇ ਆਪਣੀ ਜ਼ਿੰਦਗੀ ਦੇ ਦਿਨ ਕੱਟ ਲੈਂਦਾ ਹੈ। ਪਰਸੋਂ ਦੀ ਗੱਲ ਹੈ, ਸਵੇਰੇ ਕੋਈ ਨੌਂ ਵਜੇ ਹੋਣਗੇ। ਮੈਂ ਨਹਾ ਧੋ ਕੇ ਵਿਹਲਾ ਹੋ ਕੇ ਪੁਸਤਕ ਪੜ੍ਹਨ ਬੈਠਿਆ ਸੀ ਕਿ ਮੇਰੇ ਕੰਨਾਂ ਵਿਚ ਮੱਧਮ ਜਿਹੀ ਆਵਾਜ਼ ਪਈ, "ਬਾਬੂ, ਬਾਬੂ!" ਮੈਂ ਨਜ਼ਰ ਚੁੱਕੀ। ਸਾਹਮਣੇ ਇਕ ਹੱਥ ਵਿਚ ਭਾਂਡਾ ਤੇ ਦੂਜੇ 'ਚ ਸੋਟੀ ਲਈ ਦੂਲੋ ਖੜ੍ਹਾ ਸੀ।

"ਕੀ ਗੱਲ ਐ ਬਾਬਾ ਜੀ?"



"ਬਾਬੂ! ਥੋੜ੍ਹੀ ਜਿਹੀ ਲੱਸੀ ਤਾਂ ਲਿਆ ਦੇ।"

ਮੈਂ ਭੱਜ ਕੇ ਉਪਰ ਗਿਆ ਤੇ ਲੱਸੀ ਦਾ ਜੱਗ ਭਰ ਕੇ ਉਸ ਦੇ ਘਰ ਦੇ ਆਇਆ।

ਸਾਰਾ ਦਿਨ ਮੈਂ ਕੰਮ ਨਾ ਕਰ ਸਕਿਆ। ਇਸ ਦੇ ਲੜਕੇ ਦੇ ਇਸ ਵਿਹਾਰ ਨਾਲ ਮੇਰਾ ਦਿਲ ਸੜ ਗਿਆ। ਕੀ ਇਸ ਤੋਂ ਇਹ ਵੀ ਨਹੀਂ ਹੁੰਦਾ ਕਿ ਉਹ ਆਪਣੇ ਮਾਪਿਆਂ ਨੂੰ ਐਨਾ ਕੁ ਸੁਖ ਦੇ ਸਕੇ? ਕੀ ਆਪਣੇ ਮਾਪਿਆਂ ਵਾਸਤੇ ਇਨ੍ਹਾਂ ਦੇ ਘੜੇ ਵਿਚ ਦੋ ਘੁੱਟ ਪਾਣੀ ਵੀ ਨਹੀਂ ਪਾ ਸਕਦੇ? ਸਾਹਮਣੇ ਮੰਜੇ 'ਤੇ ਬੁੱਢੀ ਲੱਛਮੀ ਬੈਠੀ ਸੀ। ਪੁੱਤਰ ਦੀ ਪ੍ਰਾਪਤੀ ਲਈ ਇਸ ਨੇ ਕੀ ਕੀ ਨਹੀਂ ਕੀਤਾ? ਕਿਹੜਾ ਜਾਦੂ ਸੀ ਜੋ ਇਸ ਨੇ ਨਾ ਜਗਾਇਆ ਹੋਵੇ? ਕਿਹੜਾ ਮੰਤਰ ਨਹੀਂ ਫੂਕਿਆ? ਮੈਨੂੰ ਯਾਦ ਐ, ਮੇਰੀ ਪੜਦਾਦੀ ਉਸ ਨੂੰ ਆਪਣੇ ਘਰ ਨਹੀਂ ਆਉਣ ਦਿੰਦੀ ਸੀ। ਬੱਚਿਆਂ ਵਾਲੀਆਂ ਇਸਤਰੀਆਂ ਇਸ ਦਾ ਪਰਛਾਵਾਂ ਨਹੀਂ ਪੈਣ ਦਿੰਦੀਆਂ ਸਨ। ਇਸ ਨੇ ਖੂਹ ਸੁੱਕਾ ਦਿੱਤੇ ਸਨ। ਸਾਡੇ ਘਰ ਦੇ ਨਾਲ ਲਸੂੜੇ ਦਾ ਰੁੱਖ ਸੀ ਜਿਸ ਕਾਰਨ ਸਾਡੀ ਦਾਦੀ ਲਸੂੜੇ ਵਾਲੀ ਕਹਾਉਂਦੀ ਸੀ। ਕਿਸੇ ਟੂਣੇ ਟਾਮਣੇ ਕਰਨ ਵਾਲੀ ਦੇ ਕਹਿਣ 'ਤੇ ਇਹ ਇਸ ਦੇ ਥੱਲੇ ਨਹਾਤੀ। ਰੁੱਖ ਸੁੱਕ ਗਿਆ। ਇਸ ਨਾਲ ਸਾਡੀ ਪੜਦਾਦੀ ਨੇ ਸਾਰੇ ਮੁਹੱਲੇ ਵਿਚਲੀਆਂ ਇਸਤਰੀਆਂ ਨੂੰ ਇਸ ਦੇ ਡਰਾਉਣੇ ਅਸਰ ਤੋਂ ਸੁਚੇਤ ਕਰ ਦਿੱਤਾ। ਉਹ ਕਹਿੰਦੀ, "ਇਹਦੀ ਕਿਹੜੀ ਗੱਲ ਹੈ, ਪਰਮਾਤਮਾ ਇਸ ਤੋਂ ਬਚਾਵੇ। ਪੰਜਾਂ ਪੀਰਾਂ ਦੇ ਖੂਹ ਵਿਚ ਉਤਰ ਕੇ ਨਹਾਤੀ ਸੀ, ਉਹ ਖੂਹ ਸੁੱਕ ਗਿਆ। ਲਾਲਾਂ ਵਾਲੇ ਦੀ ਬਾਉਲੀ ਇਸ ਕਲਮੂੰਹੀ ਦੀ ਭੇਟ ਚੜ੍ਹ ਗਈ। ਹੁਣ ਉਥੇ ਦੇਖਣ ਨੂੰ ਬੂੰਦ ਜਿੰਨਾ ਪਾਣੀ ਵੀ ਨਹੀਂ... ਮੇਰਾ ਲਸੂੜੇ ਦਾ ਰੁੱਖ ਸੁਕਾ ਦਿੱਤਾ। ਇਹ ਜਿਸ ਘਰ ਜਾਵੇਗੀ, ਅੱਗ ਲਾਵੇਗੀ।"

ਮੁਹੱਲੇ ਦੀਆਂ ਇਸਤਰੀਆਂ ਇਕ ਬੁੱਢੀ ਦੇ ਮੂੰਹੋਂ ਅਜਿਹੀਆਂ ਗੱਲਾਂ ਸੁਣ ਕੇ ਆਪਣੇ ਬੱਚਿਆਂ ਨੂੰ ਗੋਦੀ ਵਿਚ ਲੁਕੋ ਕੇ ਘਰਾਂ ਨੂੰ ਭੱਜ ਜਾਂਦੀਆਂ, ਕਿਤੇ ਲੱਛਮੀ ਦੀ ਨਿਗ੍ਹਾ ਇਨ੍ਹਾਂ ਉਤੇ ਨਾ ਪੈ ਜਾਵੇ। ਲੱਛਮੀ ਦੇ ਬੱਚੇ ਨਾ ਹੋਣ ਵਾਲੀ ਗੱਲ ਨਹੀਂ ਸੀ। ਹੁੰਦੇ ਤਾਂ ਸਨ ਪਰ ਮਰ ਜਾਂਦੇ ਸਨ। ਕੋਈ ਬਚਦਾ ਨਹੀਂ ਸੀ। ਇਹੋ ਜਿਹੀ ਕਿਹੜੀ ਥਾਂ ਹੈ, ਜਿੱਥੇ ਕਿਸੇ ਨੇ ਦੱਸਿਆ ਤੇ ਇਹ ਨਾ ਗਈ ਹੋਵੇ। ਇੱਛਾ ਕੁੰਡ ਇਹ ਗਈ, ਪੂਰਨ ਦੇ ਖੂਹ 'ਤੇ ਨਹਾਤੀ। ਤਦ ਜਾ ਕੇ ਕਿਤੇ ਇਹ ਪੁੱਤਰ ਮਿਲਿਆ। ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰੇ ਜਾਣ ਤੋਂ ਪਿੱਛੋਂ ਪੈਦਾ ਹੋਇਆ ਸੀ। ਗੁਰਾਂ ਦਿੱਤਾ ਨਾਂ ਰੱਖ ਦਿੱਤਾ ਗਿਆ। ਇਕ ਗੁੱਜਰੀ ਦੀ ਮਦਦ ਲਈ ਗਈ। ਡਰ ਦੇ ਮਾਰਿਆਂ ਕੋਈ ਖੁਸ਼ੀ ਨਾ ਮਨਾਈ, ਕਿਤੇ ਮੌਤ ਨੂੰ ਇਹ ਖੁਸ਼ੀ ਬੁਰੀ ਨਾ ਲੱਗ ਜਾਵੇ। ਦੂਲੋ ਜਦੋਂ ਆਪਣੇ ਪੋਤੇ ਦੇ ਜਨਮ ਦਿਨ ਦੀ ਖੁਸ਼ੀ ਮਨਾ ਰਿਹਾ ਸੀ ਤਾਂ ਕੌਣ ਜਾਣਦਾ ਸੀ ਕਿ ਉਹ ਆਪਣੇ ਪੁੱਤਰ ਦੇ ਜਨਮ ਦੀ ਖੁਸ਼ੀ ਦਾ ਚਾਅ ਪੂਰਾ ਕਰ ਰਿਹਾ ਸੀ!

ਉਹੀ ਦੂਲੋ ਅਤੇ ਉਹੀ ਲੱਛਮੀ ਇਸੇ ਲੜਕੇ ਦੇ ਹੱਥੋਂ ਅੱਜ ਜਿਉਂਦੇ ਜੀਅ ਮੌਤ ਦੇ ਮੂੰਹ ਵਿਚ ਧੱਕੇ ਜਾ ਰਹੇ ਸਨ।

ਦੂਲੋ ਦਾ ਕਸੂਰ ਕੀ ਸੀ? ਇਹੀ ਨਾ ਕਿ ਇਸ ਨੇ ਆਪਣੇ ਖੂਨ ਨਾਲ ਪਾਲੇ ਆਪਣੇ ਪੁੱਤਰ ਨੂੰ ਆਪਣੇ ਜਿਉਂਦੇ ਜੀਅ ਘਰ ਦਾ ਮੁਖਤਿਆਰ ਬਣਾ ਦਿੱਤਾ ਸੀ। ਉਸ ਨੂੰ ਭਰੋਸਾ ਸੀ ਕਿ ਉਸ ਦਾ ਪੁੱਤਰ ਜਿਸ ਨੂੰ ਉਸ ਨੇ ਸਭ ਕੁਝ ਸੌਂਪ ਦਿੱਤਾ ਸੀ, ਇਸ ਦੇ ਬੁਢਾਪੇ ਵਿਚ ਜਦ ਇਸ ਜ਼ਿੰਦਗੀ ਦੀ ਖਿੱਚ ਧੂਹ ਤੋਂ ਥੱਕਿਆ ਹੋਇਆ ਤੇ ਸਰੀਰਕ ਆਰਾਮ ਲਈ ਆਸਰਾ ਲੋੜੇਗਾ ਤਾਂ ਇਸ ਨੂੰ ਸੁੱਖ ਦੇਵੇਗਾ। ਇਸ ਦਾ ਖਿਆਲ ਕਿੰਨਾ ਖੋਖਲਾ ਸੀ, ਬੇਅਰਥ ਸੀ; ਇਸ ਦਾ ਇਸ ਨੂੰ ਛੇਤੀ ਹੀ ਪਤਾ ਲੱਗ ਗਿਆ।

ਅਮਰ ਕੌਰ ਇਸ ਦੀ ਨੂੰਹ ਦਾ ਨਾਂ ਸੀ। ਗੁਰਾਂ ਦਿੱਤਾ ਦੀ ਪਹਿਲੀ ਪਤਨੀ ਵਿਚਾਰੀ ਚੰਗੀ ਸੀ। ਸੁੰਦਰ ਸੀ, ਪੜ੍ਹੀ ਲਿਖੀ ਸੀ, ਸਲੀਕੇ ਵਾਲੀ ਪਰ ਸੁਣਦੇ ਹਾਂ ਕਿ ਪਰਮਾਤਮਾ ਨੂੰ ਚੰਗੇ ਮਰਦ ਔਰਤਾਂ ਦੀ ਲੋੜ ਹੈ। ਭਲੇ ਲੋਕ ਛੇਤੀ ਮਰ ਜਾਂਦੇ ਹਨ। ਦੂਜਾ ਵਿਆਹ ਹੋਇਆ ਤਾਂ ਸ੍ਰੀਮਤੀ ਅਮਰ ਕੌਰ ਆ ਗਈ। ਚਿਹਰਾ ਸੁੰਦਰ, ਮੂੰਹ ਦੀ ਮਿੱਠੀ, ਮਨ ਦੀ ਕੌੜੀ। ਮੂੰਹ ਵਿਚ ਰਾਮ ਰਾਮ ਬਗਲ ਵਿਚ ਛੁਰੀ। ਉਹ ਅਜਿਹੀ ਬਣੀ ਕਿ ਸੱਸ-ਸਹੁਰੇ ਦੇ ਮਨ ਮੋਹ ਲਏ। ਗੱਲਾਂ ਗੱਲਾਂ ਵਿਚ ਸਭ ਕੁਝ ਪਤੀ ਦੇ ਨਾਂ ਕਰਵਾ ਲਿਆ। ਫਿਰ ਕੀ ਸੀ? ਅਸਲ ਰੰਗ ਉਘੜਨ ਲੱਗਿਆ। ਸੱਸ ਨੂੰਹ ਵਿਚ ਝਗੜਾ ਰਹਿਣ ਲੱਗਿਆ। ਹੌਲੀ ਹੌਲੀ ਲੱਛਮੀ ਹੱਥੋਂ ਸਭ ਕੁਝ ਜਾਂਦਾ ਰਿਹਾ। ਜੋ ਮਾਲਕ ਸੀ, ਭਿਖਾਰੀ ਨਾਲੋਂ ਵੀ ਭੈੜਾ ਹੋ ਗਿਆ। ਦੂਲੋ ਬਿਮਾਰ ਰਹਿਣ ਲੱਗ ਪਿਆ। ਦੁਕਾਨ ਕਰਨ ਦੀ ਵੀ ਹਿੰਮਤ ਨਾ ਰਹੀ। ਘਰ ਵਿਚ ਬੈਠਾ ਰਹਿੰਦਾ ਅਤੇ ਆਪਣੀ ਬੇਇੱਜ਼ਤੀ ਤੋਂ ਦਿਲ ਵਿਚ ਸੜਦਾ ਰਹਿੰਦਾ। ਜਦੋਂ ਸਹਿਣ ਦੀ ਹੱਦ ਪਾਰ ਹੋ ਜਾਂਦੀ ਹੈ ਤਾਂ ਦਿਲ ਦਾ ਗੁੱਸਾ ਅੱਖਾਂ ਰਾਹੀਂ ਨਿਕਲ ਜਾਂਦਾ। ਇਸ ਤੋਂ ਵੱਧ ਕੋਈ ਬੁੱਢਾ ਕਰ ਵੀ ਕੀ ਸਕਦਾ ਸੀ!

ਇਕ ਦਿਨ ਨੂੰਹ-ਸੱਸ ਵਿਚਕਾਰ ਝਗੜਾ ਹੋ ਗਿਆ। ਘਰ ਵਿਚ ਖੀਰ ਬਣੀ ਸੀ ਪਰ ਇਨ੍ਹਾਂ ਲਈ ਨਹੀਂ ਆਈ। ਬੁੱਢਿਆਂ ਦਾ ਚਿੱਤ ਬੱਚਿਆਂ ਵਰਗਾ ਹੋ ਜਾਂਦਾ ਹੈ। ਇਨ੍ਹਾਂ ਦੀਆਂ ਇੱਛਾਵਾਂ ਵੀ ਬੱਚਿਆਂ ਵਰਗੀਆਂ ਹੋ ਜਾਂਦੀਆਂ। ਲੱਛਮੀ ਦੇ ਮੂੰਹੋਂ ਨਿਕਲ ਗਿਆ, "ਤੂੰ ਰੋਟੀ ਦਿੰਨੀ ਐਂ ਕਿ ਐਵੇਂ ਟਾਲਦੀ ਏਂ।" ਬੱਸ ਸ੍ਰੀਮਤੀ ਅਮਰ ਕੌਰ ਨੇ ਅਸਮਾਨ ਸਿਰ 'ਤੇ ਚੁੱਕ ਲਿਆ, "ਮੈਥੋਂ ਰੋਜ਼ ਰੋਜ਼ ਪ੍ਰਸ਼ਾਦ ਅਤੇ ਖੀਰ ਨਹੀਂ ਬਣਾਈ ਜਾਂਦੀ। ਨੀਤ ਤਾਂ ਦੇਖੋ ਕਿੰਨੀ ਹੋਛੀ ਹੋ ਗਈ ਏ। ਬੱਚਿਆਂ ਵਾਂਗ ਮਚਲਦੇ ਨੇ। ਬੱਚੇ ਰੋਂਦੇ ਸੀ, ਰਤਾ ਖੀਰ ਬਣਾ'ਤੀ ਪਰ ਇਹ ਪਤਾ ਨਹੀਂ ਸੀ ਕਿ ਸੱਤਰ ਸਾਲਾ ਬੱਚੇ

(ਬਾਕੀ ਅਗਲੇ ਸਫੇ 'ਤੇ)

ਵੀ ਮਚਲ ਜਾਣਗੇ।" ਗੁਰਾਂ ਦਿੱਤਾ ਆਪਣੀ ਪਤਨੀ ਦੇ ਇਸ਼ਾਰਿਆਂ 'ਤੇ ਨੱਚਦਾ ਸੀ। ਉਸੇ ਦਿਨ ਤੋਂ ਮਾਂ ਬਾਪ ਲਈ ਪੰਦਰਾਂ ਰੁਪਏ ਮਹੀਨਾ ਲਾ ਦਿੱਤਾ ਗਿਆ। ਲੱਛਮੀ ਆਪਣੇ ਕੰਬਦੇ ਹੱਥਾਂ ਅਤੇ ਅੰਨ੍ਹੀਆਂ ਜਿਹੀਆਂ ਅੱਖਾਂ ਨਾਲ ਚੁੱਲ੍ਹਾ ਬਾਲਦੀ ਅਤੇ ਸੜੀਆਂ-ਫੁਕੀਆਂ ਰੋਟੀਆਂ ਪਕਾਉਂਦੀ। ਦੂਲੋ ਖਾਂਦਾ ਅਤੇ ਪਰਮਾਤਮਾ ਦਾ ਸ਼ੁਕਰ ਕਰਦਾ।

ਹੌਲੀ ਹੌਲੀ ਇਹ ਰਕਮ ਘਟ ਕੇ ਦਸ 'ਤੇ ਆ ਗਈ ਪਰ ਅਮਰ ਕੌਰ ਨੂੰ ਇਹ ਦਸ ਰੁਪਏ ਵੀ ਰੜਕਦੇ ਸਨ। ਇਕ ਦਿਨ ਬਹਾਨਾ ਬਣਾਇਆ ਗਿਆ, "ਲੋਕ ਫਟਕਾਰਾਂ ਪਾਉਂਦੇ ਨੇ, ਇਸ ਤੋਂ ਬੁੱਢੇ ਸੱਸ-ਸਹੁਰੇ ਨੂੰ ਰੋਟੀ ਵੀ ਨਹੀਂ ਖਵਾਈ ਜਾਂਦੀ। ਮੈਂ ਹੁਣ ਇਨ੍ਹਾਂ ਨੂੰ ਆਪਣੇ ਹੱਥਾਂ ਨਾਲ ਰੋਟੀ ਖਵਾਵਾਂਗੀ।" ਉਸ ਦਿਨ ਤੋਂ ਦਸ ਰੁਪਏ ਵੀ ਬੰਦ ਕਰ ਦਿੱਤੇ ਗਏ। ਅਮਰ ਕੌਰ ਆਪ ਰੋਟੀ ਪਕਾਵੇਗੀ। ਘਰ ਵਿਚ ਕੀ ਬਣਿਆ ਹੈ, ਕੀ ਨਹੀਂ; ਇਸ ਗੱਲ ਦਾ ਉਨ੍ਹਾਂ ਨੂੰ ਪਤਾ ਨਾ ਲੱਗ ਜਾਵੇ, ਇਸ ਲਈ ਇਨ੍ਹਾਂ ਨੂੰ ਤੀਜੀ ਮੰਜ਼ਿਲ ਦੀ ਥਾਂ ਵਿਚਕਾਰਲੀ ਮੰਜ਼ਿਲ ਵਿਚ ਰਹਿਣ ਲਈ ਥਾਂ ਦਿੱਤੀ ਗਈ। ਰਸੋਈ ਸਭ ਤੋਂ ਉਪਰਲੀ ਮੰਜ਼ਿਲ 'ਤੇ ਸੀ। ਉਥੋਂ ਗਿਣਤੀ ਵਿਚ ਫੁਲਕੇ ਅਤੇ ਮਿਣੀ-ਤੁਲੀ ਦਾਲ ਸਬਜ਼ੀ ਆਉਣ ਲੱਗੀ। ਜਿਸ ਦਿਨ ਦਾਲ ਸਬਜ਼ੀ ਰਤਾ ਸੁਆਦ ਹੁੰਦੀ, ਉਸ ਦਿਨ ਫਿਰ ਘਰ ਵਿਚ ਲੜਾਈ ਹੁੰਦੀ। ਉਹ ਹੋਰ ਰੋਟੀ ਮੰਗਦੇ ਤਾਂ ਅਮਰ ਕੌਰ ਕਹਿੰਦੀ, "ਮੈਥੋਂ ਹੁਣ ਦੁਬਾਰੇ ਰੋਟੀਆਂ ਨਹੀਂ ਪਕਾਈਆਂ ਜਾਂਦੀਆਂ। ਇਹ ਤਾਂ ਚਾਹੁੰਦੇ ਨੇ ਕਿ ਸਾਰਾ ਦਿਨ ਰੋਟੀਆਂ ਹੀ ਪਕਾਉਂਦੀ ਰਹਾਂ। ਇਹ ਮੈਥੋਂ ਨਹੀਂ ਹੋਣੀ। ਇਨ੍ਹਾਂ ਦੇ ਢਿੱਡ ਐ ਕਿ ਖੂਹ। ਦਸ ਦਸ ਰੋਟੀਆਂ ਖਾ ਜਾਂਦੇ ਨੇ, ਫਿਰ ਵੀ ਸਬਰ ਨਹੀਂ ਹੁੰਦਾ।" ਰੋਜ਼ ਦੀ ਇਸ ਖਿਚ ਖਿਚ ਤੋਂ ਛੁਟਕਾਰਾ ਪਾਉਣ ਲਈ ਗੁਰਾਂ ਦਿੱਤਾ ਨੇ ਫਿਰ ਰੁਪਏ ਨਿਯਤ ਕਰ ਦਿੱਤੇ ਪਰ ਹੁਣ ਗਿਣਤੀ ਅੱਠ ਸੀ। ਇਨ੍ਹਾਂ ਦੇ ਰਹਿਣ ਲਈ ਥਾਂ ਵੀ ਹੇਠਲੀ ਮੰਜ਼ਿਲ 'ਤੇ ਦੋ ਹਨੇਰੀਆਂ ਕੋਠੜੀਆਂ ਵਿਚ ਕਰ ਦਿੱਤੀ ਗਈ। ਫਿਰ ਦੋਵੇਂ ਪਤੀ-ਪਤਨੀ ਗਰਮੀਆਂ ਵਿਚ ਬਾਹਰ ਗਲੀ ਵਿਚ ਸੌਣ ਲੱਗ ਪਏ।

---

ਮੈਂ ਆਪਣੇ ਭਰਾ ਲਈ ਦਵਾਈ ਲੈਣ ਹਕੀਮ ਨਬੀ ਬਖ਼ਸ਼ ਦੀ ਦੁਕਾਨ ਨੂੰ ਜਾ ਰਿਹਾ ਸੀ ਕਿ ਨਾਲ ਦੀ ਗਲੀ ਵਿਚ ਕੁਝ ਰੌਲਾ ਜਿਹਾ ਕੰਨੀਂ ਪਿਆ। ਕੁਝ ਔਰਤਾਂ ਝਗੜ ਰਹੀਆਂ ਸਨ। ਮੇਰਾ ਰਾਹ ਵੀ ਇਧਰੋਂ ਹੀ ਸੀ। ਦੇਖਿਆ ਤਾਂ ਬੁੱਢੀ ਬਿਮਾਰ ਲੱਛਮੀ ਇਨ੍ਹਾਂ ਦੇ ਵਿਚਕਾਰ ਖੜ੍ਹੀ ਸੀ ਅਤੇ ਕੁਝ ਔਰਤਾਂ ਨੇ ਉਹਨੂੰ ਘੇਰਿਆ ਹੋਇਆ ਸੀ। ਧਰਤੀ 'ਤੇ ਕੱਪੜਾ ਵਿਛਿਆ ਹੋਇਆ ਸੀ ਜਿਸ ਉਤੇ ਕੁਝ ਆਟਾ ਪਿਆ ਸੀ। ਮੈਨੂੰ ਸਮਝਦਿਆਂ ਦੇਰ ਨਹੀਂ ਲੱਗੀ। ਸ਼ਾਇਦ ਇਨ੍ਹਾਂ ਨੂੰ ਆਖਰ ਭੈੜੀ ਕਿਸਮਤ ਨੇ ਬਿਲਕੁਲ ਬੇਆਸਰਾ ਕਰ ਦਿੱਤਾ ਸੀ। ਦੋ ਤਿੰਨ ਦਿਨ ਦੇ ਭੁੱਖੇ ਸਨ। ਅਮਰ ਕੌਰ ਨੇ ਇਨ੍ਹਾਂ ਨੂੰ ਖਾਣ ਲਈ ਕੁਝ ਨਹੀਂ ਦਿੱਤਾ ਸੀ। ਪੈਸੇ ਵੀ ਨਹੀਂ। ਭੁੱਖ ਬੇਚੈਨ ਕਰ ਦਿੰਦੀ ਹੈ, ਪਰ ਪੈਰਾਂ ਦੀ ਬੇੜੀ ਬਣ ਜਾਂਦੀ ਹੈ। ਆਖਰ ਜਦੋਂ ਦੇਵੀ ਜੀ ਕਿਸੇ ਤਰ੍ਹਾਂ ਵੀ ਨਾ ਪੰਘਰੀ ਤਾਂ ਲੱਛਮੀ ਜਿਸ ਦੇ ਪੈਰਾਂ ਵਿਚ ਕਦੇ ਲੱਛਮੀ ਖੇਡਦੀ ਸੀ, ਢਿੱਡ ਦੀ ਅੱਗ ਬੁਝਾਉਣ ਲਈ ਘਰੋਂ ਨਿਕਲੀ। ਉਹ ਇਸ ਮੁਹੱਲੇ ਵਿਚ ਆਪਣੇ ਭਾਈਚਾਰੇ ਕੋਲ ਆਈ, ਪਰ ਭਾਈਚਾਰਾ ਹੋਵੇ ਜਾਂ ਕੋਈ ਹੋਰ; ਬੇ-ਸਹਾਰਿਆਂ ਦੀ ਸਾਰ ਕੌਣ ਲੈਂਦਾ ਹੈ? ਉਨ੍ਹਾਂ ਨੇ ਇਸ ਦਾ ਮਖੌਲ ਉਡਾਇਆ। ਇਕ ਨੇ ਕੱਪੜਾ ਵਿਛਾ ਦਿੱਤਾ ਅਤੇ ਇਕ ਇੱਜ਼ਤਦਾਰ ਦੀ ਇੱਜ਼ਤ ਤੋਂ ਪਰਦਾ ਚੁੱਕਿਆ ਜਾਣ ਲੱਗਿਆ। ਖੁਦਗਰਜ਼ ਦੁਨੀਆਂ! ਕਿਸੇ ਦੀ ਪਤ ਲਹਿ ਜਾਵੇ, ਇਹਨੂੰ ਇਸੇ ਵਿਚ ਹੀ ਸੁਆਦ ਆਉਂਦਾ ਹੈ।

ਇਕ ਘਰ ਦੀ ਕੰਧ ਨਾਲ ਲੱਗੀ ਹੋਈ ਸੀ ਲੱਛਮੀ। ਉਹਦੇ ਦਰ 'ਤੇ ਵੀ ਵੀਹ ਵਾਰੀ ਭਾਈਚਾਰਾ ਆਇਆ ਸੀ। ਅੱਜ ਇਸੇ ਭਾਈਚਾਰੇ ਹੱਥੋਂ ਇਉਂ ਬੇਇਜ਼ਤ ਹੋ ਰਹੀ ਸੀ। ਇਸਤਰੀਆਂ ਦੇ ਮਿਹਣਿਆਂ ਨਾਲ ਇਸ ਦਾ ਕਾਲਜਾ ਛਲਣੀ ਹੋ ਰਿਹਾ ਸੀ। ਇਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ ਸੀ। ਇਸ ਨੂੰ ਸੁਪਨੇ ਵਿਚ ਵੀ ਇਹ ਤਮਾਸ਼ਾ ਦੇਖਣ ਦੀ ਆਸ ਨਹੀਂ ਸੀ। ਉਹ ਚੁੱਪ-ਚਾਪ ਖੜ੍ਹੀ ਆਪਣੀ ਬੇਇਜ਼ਤੀ ਹੁੰਦੀ ਦੇਖ ਰਹੀ ਸੀ। ਦੇਖ ਕਿੱਥੇ ਰਹੀ ਸੀ, ਉਸ ਦੀਆਂ ਅੱਖਾਂ ਤਾਂ ਬੰਦ ਸਨ, ਕੇਵਲ ਦੋ ਵੱਡੇ ਵੱਡੇ ਹੰਝੂ ਉਸ ਦੀਆਂ ਪਿਚਕੀਆਂ ਹੋਈਆਂ ਗੱਲਾਂ 'ਤੇ ਢਲਕ ਆਏ ਸੀ। ਉਹ ਦੁਨੀਆਂ ਦੇ ਇਸ ਜ਼ੁਲਮ ਨੂੰ ਭਿੱਜੀਆਂ ਅੱਖਾਂ ਨਾਲ ਦੇਖ ਰਹੀ ਸੀ।

ਇਕ ਔਰਤ ਜਿਹੜੀ ਰਿਸ਼ਤੇ ਵਿਚ ਕੁਝ ਲਗਦੀ ਸੀ, ਨੇ ਕਾਰੂੰ ਦੀ ਕਬਰ 'ਤੇ ਲੱਤ ਮਾਰਦਿਆਂ ਛੋਟੀ ਜਿਹੀ ਕਟੋਰੀ ਵਿਚ ਆਟਾ ਲਿਆ ਕੇ ਵਿਛੇ ਹੋਏ ਕੱਪੜੇ 'ਤੇ ਪਾ ਦਿੱਤਾ ਸੀ ਅਤੇ ਮੂੰਹ ਚਿੜਾ ਕੇ ਬੋਲੀ, "ਬੇਸ਼ਰਮ ਨੂੰ ਸ਼ਰਮ ਵੀ ਨਹੀਂ ਆਉਂਦੀ, ਘਾਟ ਕਿਨਾਰੇ ਆ ਲੱਗੀ ਹੈ, ਪਰ ਮਨ ਦੀ ਲਾਲਸਾ ਨਹੀਂ ਗਈ। ਇਸ ਤਰ੍ਹਾਂ ਆਪਣੀ ਤੇ ਆਪਣੇ ਪੁੱਤਰ ਦੀ ਮਿੱਟੀ ਪਲੀਤ ਕਰਵਾਉਣ ਨਾਲੋਂ ਤਾਂ ਚੰਗਾ ਸੀ ਕਿ ਕੁਝ ਖਾ ਕੇ ਸੌਂ ਰਹਿੰਦੀ।"

ਲੱਛਮੀ ਤੋਂ ਹੋਰ ਸਹਿਆ ਨਾ ਗਿਆ। ਤਿੰਨ ਦਿਨ ਦੀ ਭੁੱਖੀ, ਬਹੁਤ ਕਮਜ਼ੋਰ ਬੁੱਢਾ ਸਰੀਰ, ਉਹ ਕੰਬੀ ਅਤੇ ਧਰਤੀ 'ਤੇ ਧੜੰਮ ਕਰ ਕੇ ਡਿੱਗ ਪਈ। ਮੈਂ ਭੱਜ ਕੇ ਗਿਆ। ਉਹਨੂੰ ਉਠਾਇਆ, ਕੱਪੜੇ ਦੀ ਝੱਲ ਮਾਰੀ। ਚੰਗੀ ਕਿਸਮਤ ਨੂੰ ਲਾਲਾ ਨਿਹਾਲ ਚੰਦ ਵੀ ਉਥੇ ਆ ਗਏ। ਉਹ ਵੀ ਇਸੇ ਮੁਹੱਲੇ ਵਿਚ ਰਹਿੰਦੇ ਹਨ। ਉਨ੍ਹਾਂ ਦੀ ਖੁਲ੍ਹਦਿਲੀ ਦੀ ਧਾਂਕ ਸ਼ਹਿਰ ਵਿਚ ਜੰਮੀ ਹੋਈ ਹੈ। ਉਨ੍ਹਾਂ ਨੂੰ ਸਮਝਦਿਆਂ ਦੇਰ ਨਹੀਂ ਲੱਗੀ। ਆਪਣੀ ਇੱਜ਼ਤ ਦਾ ਕੁਝ ਵੀ ਖਿਆਲ ਨਾ ਕਰਦਿਆਂ ਉਹ ਮੇਰੇ ਕੋਲ ਆ ਬੈਠੇ। ਲੱਛਮੀ ਨੂੰ ਹੋਸ਼ ਆ ਗਿਆ। ਫਿਰ ਉਹ ਇਸ ਦੀ ਸੋਟੀ ਫੜ ਕੇ ਇਸ ਦੇ ਘਰ ਛੱਡ ਆਏ ਅਤੇ ਆਟੇ ਦੀ ਬੋਰੀ ਤੇ ਦਾਲ ਪਹੁੰਚਾ ਦੇਣ ਲਈ ਕਿਹਾ।

ਸਿਨਮੇ ਦੀ ਤਸਵੀਰ ਵਾਂਗ ਇਹ ਸਭ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਘੁੰਮ ਗਏ। ਮੇਰੀ ਪਤਨੀ ਨੇ ਮੇਰੇ ਮੋਢੇ ਨੂੰ ਛੂਹਿਆ। ਉਹ ਗਾਂ ਦਾ ਦੁੱਧ ਚੋਅ ਕੇ ਉਪਰ ਜਾਣ ਲਈ ਤਿਆਰ ਸੀ। ਬੱਚਾ ਰੋ ਰਿਹਾ ਸੀ। ਇਸ ਨੇ ਦੁੱਧ ਵਾਲਾ ਭਾਂਡਾ ਫਰਸ਼ 'ਤੇ ਰੱਖ ਕੇ ਬੱਚੇ ਨੂੰ ਮੇਰੇ ਹੱਥਾਂ ਵਿਚੋਂ ਖੋਹ ਲਿਆ, "ਰੋਜ਼ ਤੁਹਾਨੂੰ ਕੋਈ ਕਿਸੇ ਕੰਮ ਨੂੰ ਕਹੇ!" ਉਸ ਨੇ ਕੁਝ ਗੁੱਸੇ ਵਾਲੇ ਲਹਿਜੇ ਵਿਚ ਕਿਹਾ। ਉਹ ਬੱਚੇ ਨੂੰ ਛਾਤੀ ਲਾ ਰਹੀ ਸੀ ਤੇ ਮੈਂ ਸੋਚਦਾ ਸੀ, "ਇਹ ਸਭ ਪਿਆਰ, ਇਹ ਮੋਹ ਕਿਸ ਲਈ...!"

## ਬੁੱਢੜੇ ਮਾਪੇ

ਆਖਣ ਲੱਗੀ ਆਂ ਪੁੱਤਰਾ ਪਰ ਹੁਣ ਕਹਿ ਵੀ ਹੁੰਦਾ ਨਹੀਂ
ਕੀ ਕਰਾਂ ਪੁੱਤ ਹੁਣ ਆਖੇ ਬਿਨਾ ਰਹਿ ਵੀ ਹੁੰਦਾ ਨਹੀਂ
ਜੇ ਗੱਲ ਪੂਰੀ ਨਾ ਕਰ ਸਕੀ ਤਾਂ ਸਮਝ ਲਈਂ ਆਪੇ ਵੇ...
ਕਿਉਂ ਚੀਜ਼ ਫਾਲਤੂ ਲੱਗਣ ਲੱਗ ਪਏ ਬੁੱਢੜੇ ਮਾਪੇ ਵੇ।

ਲੋਕੀਂ ਤਾਂ ਮਰ ਕੇ ਛੁਟ ਜਾਂਦੇ ਅਸੀਂ ਪਲ ਪਲ ਮਰਦੇ ਆਂ
ਅਸੀਂ ਆਪਣੇ ਹੀ ਘਰ ਵਿਚ ਪੁੱਤਾ ਵੇ ਖੰਘਣੋਂ ਵੀ ਡਰਦੇ ਆਂ
ਦੋ ਰੋਟੀਆਂ ਵੀ ਹੁਣ ਤੈਨੂੰ ਲੱਗਣ ਸਿਆਪੇ ਵੇ...
ਕਿਉਂ ਚੀਜ਼ ਫਾਲਤੂ ਲੱਗਣ ਲੱਗ ਪਏ ਬੁੱਢੜੇ ਮਾਪੇ ਵੇ।



ਤੈਨੂੰ ਕੁੱਖੋਂ ਜੰਮਣ ਵਾਲੀ ਵੇ ਮਾਂ ਲੱਗਦੀ ਹੁਣ ਮਾਂ ਹੀ ਨਹੀਂ
ਜਿਹਨੇ ਖੁਸ਼ੀਆਂ ਵਾਰੀਆਂ ਤੇਰੇ ਤੋਂ ਉਸ ਬਾਪ ਲਈ ਘਰ ਵਿਚ ਥਾਂ ਹੀ ਨਹੀਂ
ਤੈਨੂੰ ਠੰਡੀਆਂ ਛਾਂਵਾਂ ਲੱਗਦੇ ਹੁਣ ਕੰਡਿਆਲੇ ਛਾਪੇ ਵੇ...
ਕਿਉਂ ਚੀਜ਼ ਫਾਲਤੂ ਲੱਗਣ ਲੱਗ ਪਏ ਬੁੱਢੜੇ ਮਾਪੇ ਵੇ।

ਤੂੰ ਤੰਗ ਨਾ ਹੋਵੀਂ ਪੁੱਤਰਾ ਚੱਲ ਸਾਨੂੰ ਘਰ ਤੋਂ ਕੱਢ ਦੇ ਵੇ
ਜਿਥੇ ਬੇਔਲਾਦੇ ਰਹਿੰਦੇ ਨੇ ਸਾਨੂੰ ਉਥੇ ਹੀ ਛੱਡ ਦੇ ਵੇ
ਪਿਛਲੀ ਉਮਰੇ ਸੂਫੀ ਔਖੇ ਨੇ ਇਕਲਾਪੇ ਵੇ...
ਕਿਉਂ ਚੀਜ਼ ਫਾਲਤੂ ਲੱਗਣ ਲੱਗ ਪਏ ਬੁੱਢੜੇ ਮਾਪੇ ਵੇ।

*-ਸੂਫੀ ਬਲਬੀਰ*
*ਫੋਨ: 91-97794-30012*

# ਕੀਹਨੂੰ ਦੱਸੀਏ ਦੁੱਖਾਂ ਦੀ ਗੰਢ ਫੋਲ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

'ਪੰਜਾਬ ਟਾਈਮਜ਼' ਨਾਲ ਜੁੜੇ ਪਾਠਕਾਂ ਦੇ ਫੋਨ ਅਕਸਰ ਆਉਂਦੇ ਰਹਿੰਦੇ ਹਨ। ਕਈ ਆਪਣੇ ਦੁੱਖਾਂ ਦੀ ਗੰਢ ਖੋਲ੍ਹ ਕੇ ਸੁਣਾਉਂਦੇ ਹਨ, ਕਈ ਜ਼ਿੰਦਗੀ ਦੇ ਚੰਗੇ-ਮਾੜੇ ਤਜਰਬੇ ਸਾਂਝੇ ਕਰ ਲੈਂਦੇ ਹਨ। ਕੁੰਦਨ ਸਿੰਘ ਖਾਲਸਾ ਨੂੰ ਮੈਂ ਕਈ ਸਾਲਾਂ ਤੋਂ ਗੁਰਦੁਆਰੇ ਵਿਚ ਸੇਵਾ ਕਰਦਾ ਦੇਖ ਰਿਹਾ ਹਾਂ। ਕਦੇ ਉਹ ਜੋੜੇ ਝਾੜਦਾ ਦਿਸਦਾ ਹੈ, ਕਦੇ ਭਾਂਡੇ ਧੋਂਦਾ। ਮੈਂ ਉਹਨੂੰ ਦੇਖ ਕੇ ਆਪਣੇ ਮਨ ਵਿਚ ਕਹਿ ਲੈਂਦਾ ਹਾਂ, ਬਾਈ ਉਤੇ ਪਰਮਾਤਮਾ ਦੀ ਪੂਰੀ ਕ੍ਰਿਪਾ ਹੈ। ਕਈ ਵਾਰ ਮੈਂ ਉਹਨੂੰ ਕਹਿੰਦਾ, "ਬਾਈ! ਭਾਗਾਂ ਵਾਲੇ ਹੋ ਜਿਹੜੇ ਐਨੀ ਸੇਵਾ ਕਰਦੇ ਹੋ।" ਉਹ ਦੋ ਕੁ ਸ਼ਬਦਾਂ ਦਾ ਉਤਰ ਦੇ ਕੇ ਚੁੱਪ ਕਰ ਜਾਂਦਾ ਤੇ ਹੱਥਲਾ ਕੰਮ ਨਿਬੇੜਨ ਲੱਗ ਜਾਂਦਾ। ਪਤਾ ਨਹੀਂ ਕਿਉਂ, ਮੈਨੂੰ ਇੰਜ ਲੱਗਦਾ ਕਿ ਦੁੱਖਾਂ ਦੇ ਜ਼ਖ਼ਮ ਡੂੰਘੇ ਹਨ ਪਰ ਚੁੱਪ ਦੀ ਪੱਟੀ ਦਰਦਾਂ ਤੋਂ ਰਹਿਤ ਜਾਪਦੀ ਹੈ। ਫਿਰ ਇਕ ਦਿਨ ਚੁੱਪ ਦੀ ਪੱਟੀ ਲਾਹ ਕੇ ਉਸ ਨੇ ਆਪਣੇ ਦੁੱਖਾਂ ਦੇ ਜ਼ਖ਼ਮ ਦਿਖਾ ਦਿੱਤੇ।

ਮੈਂ ਮਾਪਿਆਂ ਦਾ ਕੁੰਦੀ ਸੀ ਤੇ ਹੁਣ ਕੁੰਦਨ ਸਿੰਘ ਖਾਲਸਾ ਹਾਂ। ਚਾਰ ਸਾਲ ਪਹਿਲਾਂ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਸੀ। ਵੱਡੇ ਪਰਿਵਾਰ ਦਾ ਮੈਂ ਅਣਗੌਲਿਆ ਜਿਹਾ ਜੀਅ ਸੀ। ਚਾਚੇ-ਤਾਇਆਂ ਦੇ ਇਕੱਠ ਵਿਚ ਮੈਂ ਵੀ ਕਣਕ ਵਿਚ ਜੋਦਰ ਵਾਂਗ ਪਲ ਗਿਆ। ਪੜ੍ਹਾਈ ਸਕੂਲ ਦੇ ਤੱਪੜਾਂ ਉਤੇ ਨਹੀਂ, ਖੇਤ ਦੀਆਂ ਵੱਟਾਂ ਤੋਂ ਸ਼ੁਰੂ ਹੋਈ। ਕਈ ਵਾਰ ਮਾਂ ਨੇ ਸਕੂਲ ਭੇਜਿਆ ਪਰ ਸਕੂਲ ਨੇ ਆਪਣਾ ਨਹੀਂ ਬਣਾਇਆ। ਮਾਸਟਰਾਂ ਦੀ ਕੁੱਟ ਤੋਂ ਡਰਦਾ ਮੈਂ ਸਕੂਲ ਦਾ ਗੇਟ ਨਾ ਵੜਦਾ, ਸਗੋਂ ਖੇਤ ਤੁਰ ਜਾਂਦਾ। ਥੋੜ੍ਹਾ ਵੱਡਾ ਹੋਇਆ ਤਾਂ ਮੱਝਾਂ ਚਰਾ ਕੇ ਮੁੜ ਆਉਂਦਾ। ਘਰ ਦੀ ਕਬੀਲਦਾਰੀ ਦਾ ਮੈਨੂੰ ਕੁਝ ਪਤਾ ਨਹੀਂ ਸੀ। ਮੇਰੇ ਕੋਲ ਤਾਂ ਪਸ਼ੂ ਪਾਲਣ ਮਹਿਕਮਾ ਸੀ। ਫਿਰ ਇਕ ਦਿਨ ਮਾਂ ਨੇ ਦੱਸਿਆ ਕਿ ਆਪਣੀ ਸ਼ਿੰਦੀ ਨੂੰ ਅਮਰੀਕਾ ਵਾਲੇ ਮੁੰਡੇ ਨੇ ਪਸੰਦ ਕਰ ਲਿਆ ਹੈ, ਅਗਲੇ ਮਹੀਨੇ ਵਿਆਹ ਕਰਨਾ ਹੈ। ਵੱਡੀ ਭੈਣ ਸ਼ਿੰਦੀ ਦਾ ਵਿਆਹ ਹੋ ਗਿਆ। ਉਸ ਦੇ ਵਿਆਹ 'ਤੇ ਚੁੱਕੇ ਕਰਜ਼ੇ ਨੇ ਸਾਨੂੰ ਅੱਡ ਕਰ ਦਿੱਤਾ। ਪਤਾ ਨਹੀਂ ਚਾਚਿਆਂ ਤਾਇਆਂ ਤੋਂ ਸ਼ਿੰਦੀ ਦਾ ਅਮਰੀਕਾ ਵਾਲੇ ਮੁੰਡੇ ਨਾਲ ਵਿਆਹ ਜਰ ਨਹੀਂ ਸੀ ਹੋਇਆ ਜਾਂ ਕੀ ਸੀ! ਬਾਪੂ ਉਤੇ ਕਰਜ਼ੇ ਦੀ ਭਾਰੀ ਪੰਡ ਨੇ ਉਸ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ। ਅੱਡ ਹੋਣ ਨਾਲ ਪਰਿਵਾਰਕ ਜੀਅ ਘਟ ਗਏ ਤੇ ਮੈਨੂੰ ਘਰ ਦੀ ਨਿੱਕੀ-ਨਿੱਕੀ ਗੱਲ ਦੀ ਜਾਣਕਾਰੀ ਮਿਲਣ ਲੱਗੀ। ਸ਼ਿੰਦੀ ਬਾਪੂ ਨੂੰ ਤਸੱਲੀਆਂ ਦਿੰਦੀ ਜਹਾਜ਼ ਚੜ੍ਹ ਗਈ। ਬਾਪੂ ਤੋਂ ਹਾੜ੍ਹੀ ਸਾਉਣੀ ਆੜ੍ਹਤੀਏ ਦਾ ਵਿਆਜ ਵੀ ਨਾ ਮੁੜਦਾ। ਮੇਰੇ ਨਾਲੋਂ ਛੋਟਾ ਭਰਾ ਪੜ੍ਹ ਕੇ ਫੌਜ ਵਿਚ ਭਰਤੀ ਹੋ ਗਿਆ। ਮਾਂ ਉਸ ਦੀ ਭਰਤੀ ਦੇ ਅਜੇ ਪਤਾਸੇ ਵੰਡ ਰਹੀ ਸੀ ਕਿ ਤਿੰਨ ਮੱਝਾਂ ਇਕੋ ਦਿਨ ਮਰ ਗਈਆਂ। ਬਾਹਰ ਫਿਰਦੀਆਂ ਨੇ ਕੋਈ ਜ਼ਹਿਰਲੀ ਚੀਜ਼ ਨਿਗਲ ਲਈ ਸੀ। ਮੱਝਾਂ ਦੀ ਖੁਰਲੀ ਖਾਲੀ ਦੇਖ ਕੇ ਮੇਰੀ ਭੁੱਬ ਨਿਕਲ ਜਾਂਦੀ। ਹੁਣ ਦੋ ਮੱਝਾਂ ਰਹਿ ਗਈਆਂ ਸਨ।

ਅੱਡ ਹੋਣ ਤੋਂ ਬਾਅਦ ਚਾਚਿਆਂ ਨੇ ਚਲਾਕੀ ਨਾਲ ਰੱਖੇ ਗੁਪਤ ਰੁਪਏ ਕੱਢ ਕੇ ਨਵਾਂ ਟਰੈਕਟਰ ਟਰਾਲੀ ਲੈ ਆਂਦਾ। ਦੋਵੇਂ ਭੂਆ ਵੀ ਉਨ੍ਹਾਂ ਦੇ ਘਰੀਂ ਆਉਂਦੀਆਂ, ਸਾਡਾ ਘਰ ਇੰਜ ਛੱਡ ਜਾਂਦੀਆਂ ਜਿਵੇਂ ਸਾਉਣ ਦਾ ਮੀਂਹ ਵੱਟ ਛੱਡ ਜਾਂਦਾ ਹੈ। ਉਧਰ ਘਰ ਰਹਿਣ ਨਾਲ ਮੇਰੇ 'ਤੇ ਵੀ ਨਿਖਾਰ ਆਉਣ ਲੱਗ ਗਿਆ। ਖੁੰਢਾਂ 'ਤੇ ਬਹਿਣ ਨਾਲ ਮੈਨੂੰ ਵੀ ਜੱਗ ਜਹਾਨ ਦੀ ਸਮਝ ਆਉਣ ਲੱਗੀ। ਇੱਧਰ ਸ਼ਿੰਦੀ ਨੇ ਆਪਣੇ ਪਤੀ ਨੂੰ ਕਹਿ ਕੇ ਮੈਨੂੰ ਅਮਰੀਕਾ ਸੱਦਣ ਦਾ ਉਪਰਾਲਾ ਕਰ ਲਿਆ। ਲੋਕ ਮੈਨੂੰ ਭਾਗਾਂ ਵਾਲਾ ਕਹਿਣ ਲੱਗ ਪਏ ਕਿ ਤੂੰ ਮੱਝਾਂ ਚਾਰਦੇ ਨੇ ਅਮਰੀਕਾ ਚਲਿਆ ਜਾਣਾ ਹੈ! ਮਾਂ ਕਹਿੰਦੀ, ਤੇਰੇ ਹੁੰਦਿਆਂ ਫੌਜੀ ਦਾ ਵਿਆਹ ਕਰ ਦੇਈਏ, ਕੀ ਪਤਾ ਤੂੰ ਕਦੋਂ ਵਾਪਸ ਮੁੜੇਂ। ਫੌਜੀ ਦਾ ਵਿਆਹ ਕਰ ਦਿੱਤਾ। ਬਾਪੂ ਨੂੰ ਕਈ ਵਾਰ ਕਿਹਾ ਕਿ ਹੋਰ ਵਿਆਜ ਭਰਨ ਨਾਲੋਂ ਇਕ ਕਿੱਲਾ ਵੇਚ ਕੇ ਘਰ ਦਾ ਸਾਰਾ ਕਰਜ਼ਾ ਉਤਾਰ ਦੇਈਏ ਪਰ ਬਾਪੂ ਦੀ ਧੌਣ ਵਿਚ ਜੱਟ ਵਾਲਾ ਕਿੱਲਾ ਅੜਿਆ ਹੋਇਆ ਸੀ। ਖ਼ੈਰ! ਮੈਂ ਹੋਰ ਕਰਜ਼ਾ ਚੁੱਕ ਕੇ ਅਮਰੀਕਾ ਪਹੁੰਚ ਗਿਆ। ਮਾਂ ਦੇ ਲਾਡਲੇ ਦੀ ਰੱਬ ਨੇ ਕੋਲ ਹੋ ਕੇ ਸੁਣ ਲਈ ਸੀ। ਪੰਜ ਸੱਤਾਂ ਦਿਨਾਂ ਬਾਅਦ ਮੈਨੂੰ ਵੀ ਕੰਮ ਵਾਲੇ ਪਟੇ 'ਤੇ ਚਾੜ੍ਹ ਦਿੱਤਾ। ਖੇਤਾਂ ਵਿਚ ਕੰਮ। ਜਿਹੜੀਆਂ ਵੱਟਾਂ ਤੋਂ ਉਠ ਕੇ ਆਇਆ ਸੀ, ਉਹੀ ਵੱਟਾਂ ਅਗਾਂਹ ਮਿਲ ਗਈਆਂ। ਫਰਕ ਇੰਨਾ ਕੁ ਸੀ ਕਿ ਇਥੇ ਖੇਤਾਂ ਦੇ ਘੇਰੇ ਵੱਡੇ ਸਨ।

ਸਮਾਂ ਲੰਘਿਆ, ਮੈਂ ਡਾਲਰ ਭੇਜੇ। ਬਾਪੂ ਨੇ ਕਰਜ਼ਾ ਉਤਾਰ ਦਿੱਤਾ। ਫੌਜੀ ਦੋ ਮਹੀਨੇ ਛੁੱਟੀ ਕੱਟ ਕੇ ਮੁੜ ਜਾਂਦਾ। ਮੈਂ ਸੋਚਿਆ ਕਿ ਰੱਬ ਨੇ ਹੁਣ ਪੋਰ ਟਿਕਾਣੇ ਬੰਨ੍ਹ ਦਿੱਤਾ ਹੈ, ਦਾਣਾ ਹਮੇਸ਼ਾ ਗਿੱਲ ਵਿਚ ਡਿਗੇਗਾ ਪਰ ਬਹੁਤਾ ਸਮਾਂ ਨਾ ਲੰਘਿਆ, ਬਾਪੂ ਮੌਤ ਹੱਥੋਂ ਹਾਰ ਗਿਆ। ਪੇਪਰ ਨਾ ਹੋਣ ਕਰ ਕੇ ਬਾਪੂ ਨੂੰ ਜਾਂਦੀ ਵਾਰੀ ਤੱਕ ਨਾ ਸਕਿਆ। ਪਹਿਲੀ ਵਾਰੀ ਅਮਰੀਕਾ ਤਿਹਾੜ ਜੇਲ੍ਹ ਵਰਗੀ ਲੱਗੀ। ਸ਼ਿੰਦੀ ਤਾਂ ਜਾ ਕੇ ਬਾਪੂ ਦੇ ਫੁੱਲ ਕੀਰਤਪੁਰ ਜਲ ਪ੍ਰਵਾਹ ਕਰ ਆਈ ਪਰ ਮੇਰੀਆਂ ਅੱਖਾਂ ਜਲ ਵਹਾਉਣੋਂ ਨਾ ਹਟੀਆਂ। ਬਾਪੂ ਦਾ ਕੋਠੀ ਬਣਾਉਣ ਦਾ ਸੁਪਨਾ ਵੀ ਪੂਰਾ ਨਾ ਹੋਇਆ। ਮੈਂ ਦਿਲ ਵਿਚ ਸੋਚਦਾ, ਕਿਤੇ ਮਾਂ ਵੀ ਨਾ ਇੰਜ ਬਿਨਾਂ ਮਿਲਿਆਂ ਤੁਰ ਜਾਵੇ।

ਮੈਂ ਵੀਹ ਲੱਖ ਦਾ ਹਿਸਾਬ ਲਗਾਉਂਦਾ ਤੇ ਵਾਪਸ ਜਾਣ ਦੀਆਂ ਸਕੀਮਾਂ ਘੜਦਾ। ਫਿਰ ਮਾਂ ਨੂੰ ਪੋਤੇ ਦੀ ਕਿਲਕਾਰੀ ਨੇ ਦੁੱਖਾਂ ਤੋਂ ਪਾਸਾ ਦਿਵਾਇਆ। ਮਾਂ ਫੌਜੀ ਦੇ ਪੁੱਤ ਨਾਲ ਤੋਤਲੀਆਂ ਗੱਲਾਂ ਕਰਦੀ ਰਹਿੰਦੀ। ਮਾਂ ਫੋਨ 'ਤੇ ਉਸ ਦੀਆਂ ਰੋਜ਼ ਗੱਲਾਂ ਕਰਦੀ, ਆਪ ਹੱਸਦੀ ਤੇ ਮੈਨੂੰ ਹਸਾਉਂਦੀ ਪਰ ਘਰ ਵਿਚ ਇਹ ਹਾਸੇ ਬਹੁਤਾ ਸਮਾਂ ਟਿਕ ਨਾ ਸਕੇ। ਫੌਜੀ ਨੂੰ ਆਪਣੀ ਯੂਨਿਟ ਨਾਲ ਕਾਰਗਿਲ ਜਾਣ ਦਾ ਹੁਕਮ ਆ ਗਿਆ। ਮਾਂ ਕਹੇ, ਨਾਮ ਕਟਵਾ ਕੇ ਘਰ ਆ ਜਾ। ਫੌਜੀ ਕਹਿੰਦਾ, ਜਦੋਂ ਦੇਸ਼ ਨੂੰ ਜਵਾਨਾਂ ਦੀ ਲੋੜ ਹੋਵੇ, ਫਿਰ ਪਿੱਠ ਨਹੀਂ ਦਿਖਾਈਦੀ; ਮਾਂ ਤੂੰ ਫਿਕਰ ਨਾ ਕਰ, ਜੇ ਜੰਗ ਤੋਂ ਜਿੱਤ ਕੇ ਮੁੜਿਆ ਤਾਂ ਤੇਰਾ ਹਾਂ, ਜੇ ਨਾ ਮੁੜਿਆ ਤਾਂ ਦੇਸ਼ ਦਾ। ਫਿਰ ਤੂੰ ਸ਼ਹੀਦ ਦੀ ਮਾਤਾ ਅਖਾਵੇਂਗੀ।

ਫੌਜੀ ਹੱਸਦਾ ਘਰੋਂ ਗਿਆ ਤੇ ਡੱਬੇ ਵਿਚ ਬੰਦ ਹੋ ਕੇ ਮੁੜਿਆ। ਸਾਰੇ ਪਿੰਡ ਨੇ ਸੋਗ ਮਨਾਇਆ। ਮੈਂ ਰੋ ਕੇ ਫਿਰ ਬੈਠ ਗਿਆ। ਜਿਹੜੇ ਖੰਭਾਂ ਨਾਲ ਵਤਨਾਂ ਨੂੰ ਪਰਵਾਜ਼ ਭਰਨੀ ਸੀ, ਉਹ ਖੰਭ ਅਜੇ ਨਿਕਲੇ ਨਹੀਂ ਸਨ। ਫੌਜੀ ਵੀ ਅੱਖੋਂ ਉਹਲੇ ਹੀ ਚੱਲਿਆ ਗਿਆ, ਪਿੰਡ ਦਾ ਨਾਂ ਉਚਾ ਕਰ ਗਿਆ। ਸਰਕਾਰੀ ਸਨਮਾਨਾਂ ਨਾਲ ਫੌਜੀ ਨੂੰ ਅਗਨੀ ਭੇਟ ਕੀਤਾ ਗਿਆ। ਮਾਂ ਦੀਆਂ ਭੁੱਬਾਂ ਨੇ ਅਫ਼ਸਰਾਂ ਦੀਆਂ ਅੱਖਾਂ ਵੀ ਨਮ ਕਰ ਦਿੱਤੀਆਂ। ਤਿੰਨ ਸਾਲਾਂ ਦਾ ਭਤੀਜਾ ਸਾਰਾ ਕੁਝ ਦੇਖਦਾ ਰਿਹਾ ਪਰ ਸਭ ਕੁਝ ਉਹਦੀ ਸਮਝ ਤੋਂ ਬਾਹਰ ਸੀ।

ਸ਼ਿੰਦੀ ਦੇ ਅਜੇ ਤੱਕ ਕੋਈ ਬੱਚਾ ਨਾ ਹੋਇਆ। ਉਹਦੇ ਸਹੁਰੇ ਉਹਨੂੰ ਤੰਗ ਕਰਨ ਲੱਗੇ। ਮੈਨੂੰ ਪੇਪਰਾਂ ਨੇ ਪੱਲਾ ਨਾ ਫੜਾਇਆ। ਮਾਂ ਕਹਿੰਦੀ, 'ਛੱਡ ਦੇ ਸਭ ਕੁਝ, ਆ ਜਾ ਵਾਪਸ। ਮੇਰੇ ਪੋਤੇ ਦੇ ਸਿਰ 'ਤੇ ਹੱਥ ਰੱਖ ਦੇ। ਮੇਰੇ ਪੁੱਤ ਦੀ ਸੋਹਣੀ ਵਹੁਟੀ ਹੈ, ਮੇਰੇ ਪੋਤੇ ਦੀ ਮਾਂ ਹੈ, ਤੂੰ ਪਿੰਡ ਆ ਜਾ।' ਮੈਂ ਤਿਆਰੀ ਕਰਨ ਲੱਗਿਆ ਤਾਂ ਪੇਪਰ ਮਿਲਣ ਦੀ ਆਸ ਹੋ ਗਈ। ਥੋੜ੍ਹਾ ਚਿਰ ਰੁਕਿਆ, ਗਰੀਨ ਕਾਰਡ ਮਿਲ ਗਿਆ। ਗਰੀਨ ਕਾਰਡ ਵੀ ਉਦੋਂ ਮਿਲਿਆ ਜਦੋਂ ਦਿਲ ਵਿਚੋਂ ਖੁਸ਼ੀ ਮੁੱਕ ਚੁੱਕੀ ਸੀ। ਪਿੰਡ ਗਿਆ, ਮਾਂ ਧਾਹਾਂ ਮਾਰ-ਮਾਰ ਕੇ ਰੋਂਦੀ ਚਿੰਬੜੀ। ਜਿਹੜੇ ਘਰ ਵਿਚ ਬੰਦਿਆਂ ਦੀਆਂ ਰੌਣਕਾਂ ਸਨ, ਉਥੇ ਹੁਣ ਦੁੱਖਾਂ ਅਤੇ ਉਦਾਸੀਆਂ ਨੇ ਮਨਾਂ ਦੇ ਮੰਜੇ ਮੱਲੇ ਹੋਏ ਸਨ। ਮਾਂ ਨੇ ਗਲ ਪੱਲਾ ਪਾ ਕੇ ਕਿਹਾ ਸੀ, 'ਪੁੱਤਰ! ਘਰ ਦੀ ਇੱਜ਼ਤ ਖਾਤਰ ਤੈਨੂੰ ਨਾ ਚਾਹੁੰਦਿਆਂ ਵੀ ਇਹ ਕੰਮ ਕਰਨਾ ਪੈਣਾ ਹੈ।' ਮੈਂ ਮਾਂ ਦਾ ਕਿਹਾ ਨਾ ਮੋੜ ਸਕਿਆ। ਹੰਝੂਆਂ ਦੀ ਝੜੀ ਵਿਚ ਮੈਂ ਆਪਣੀ ਭਰਜਾਈ ਨਾਲ ਅਨੰਦ ਕਾਰਜ ਕਰਵਾ ਲਏ। ਭਤੀਜਾ ਮੈਨੂੰ ਪਾਪਾ ਕਹਿਣ ਲੱਗ ਪਿਆ ਸੀ। ਮੈਂ ਬੈਠਾ ਸੋਚਦਾ ਰਹਿੰਦਾ, ਕੀ ਸੋਚਿਆ ਸੀ ਤੇ ਕੀ ਬਣ ਗਿਆ?

ਦੋ ਤਿੰਨ ਮਹੀਨੇ ਰਹਿ ਕੇ ਮੁੜਿਆ। ਫਿਰ ਮਾਂ ਨੇ ਸੱਦ ਲਿਆ। ਅਖੇ, ਵਹੁਟੀ ਤੇ ਪੋਤੇ ਦੇ ਪੇਪਰ ਭਰ, ਇਨ੍ਹਾਂ ਨੂੰ ਆਪਣੇ ਨਾਲ ਲੈ ਜਾ। ਮੈਂ ਅੱਜ ਮਰੀ ਭਲਕੇ ਦੂਜਾ ਦਿਨ। ਮੈਂ ਪੱਕਾ ਹੀ ਪਿੰਡ ਰਹਿਣਾ ਚਾਹੁੰਦਾ ਸੀ ਪਰ ਮਾਂ ਅੱਗੇ ਫਿਰ ਮੇਰਾ ਸਿਰ ਝੁਕ ਗਿਆ। ਮੈਂ ਉਨ੍ਹਾਂ ਦੇ ਪੇਪਰਾਂ ਦਾ ਓਹੜ-ਪੋਹੜ ਕਰਨ ਲੱਗ ਪਿਆ। ਸਮਾਂ ਬੀਤਿਆ, ਉਹ ਦੋਵੇਂ ਮਾਂ ਪੁੱਤ ਆ ਗਏ। ਮੇਰੇ ਵਾਂਗ ਭਰਜਾਈ ਵੀ ਫੌਜੀ ਨੂੰ ਭੁਲਾ ਨਹੀਂ ਸੀ ਸਕੀ। ਉਸ ਦੇ ਅੰਦਰਲਾ ਦੁੱਖ ਸਾਹਾਂ ਵਿਚ ਧੜਕਦਾ ਮੈਂ ਮਹਿਸੂਸ ਕੀਤਾ ਸੀ। ਫਿਰ ਵੀ ਉਸ ਨੇ ਓਪਰੀ ਨਿਗ੍ਹਾ ਨਾਲ ਅਮਰੀਕਾ ਆਉਣ ਦਾ ਚਾਅ ਮਨਾਇਆ। ਭਤੀਜਾ ਪੜ੍ਹਨ ਲੱਗ ਪਿਆ, ਉਹ ਘਰ ਹੀ ਹੁੰਦੀ। ਮੈਂ ਖਾਣ-ਪੀਣ ਜੋਗਾ ਕੰਮ ਕਰੀ ਜਾਂਦਾ। ਪਰਮਾਤਮਾ ਦਾ ਸ਼ੁੱਕਰ ਮਨਾਉਂਦਾ ਕਿ ਉਹ ਜਿਵੇਂ ਕਰਦਾ ਹੈ, ਚੰਗਾ ਹੀ ਕਰਦਾ ਹੈ ਪਰ ਨਹੀਂ... ਕਈ ਵਾਰ ਧੱਕਾ ਵੀ ਕਰ ਜਾਂਦਾ ਹੈ। ਅਜੇ ਮਾਂ ਨੇ ਦੁੱਖਾਂ ਦਾ ਕੰਡਿਆਲਾ ਕੰਬਲ ਲਾਹਿਆ ਹੀ ਸੀ ਕਿ ਉਸ ਨੂੰ ਦੁੱਖ ਦੇਣ ਵਾਲੀ ਖ਼ਬਰ ਸੁਣਾਉਣੀ ਪੈ ਗਈ। ਜਿਹੜੀ ਨੂੰਹ ਨੂੰ ਮਾਂ ਨੇ ਉਹਦੇ ਪੇਕਿਆਂ ਅੱਗੇ ਚੁੰਨੀ ਰੱਖ ਕੇ ਬੂਹਾ ਨਹੀਂ ਸੀ ਟੱਪਣ ਦਿੱਤਾ, ਤੇ ਧੀ ਬਣਾ ਕੇ ਰੱਖ ਲਈ ਸੀ, ਉਹਨੂੰ ਹੁਣ ਕਿਵੇਂ ਰੱਖੇਗੀ ਜਦੋਂ ਕੈਂਸਰ ਦੀ ਬਿਮਾਰੀ ਉਹਨੂੰ ਨਾਲ ਲਿਜਾਣ ਆ ਗਈ ਸੀ! ਮਾਂ ਤਾਂ ਸੁਣ ਕੇ ਸੁੰਨ ਹੋ ਗਈ। ਮੈਂ ਉਹਨੂੰ ਨਾਲ ਲੈ ਕੇ ਇੰਡੀਆ ਚੱਲਿਆ ਗਿਆ। ਭਤੀਜੇ ਨੂੰ ਸ਼ਿੰਦੀ ਕੋਲ ਛੱਡਿਆ ਤਾਂ ਕਿ ਪੜ੍ਹਾਈ ਖ਼ਰਾਬ ਨਾ ਹੋਵੇ। ਮੈਂ ਉਸ ਕਰਮਾਂ ਮਾਰੀ ਨੂੰ ਛੇ ਮਹੀਨੇ ਡਾਕਟਰਾਂ ਕੋਲ ਲਿਜਾਂਦਾ ਰਿਹਾ। ਉਨ੍ਹਾਂ ਨੇ ਵੀ ਪੂਰੀ ਵਾਹ ਲਾਈ ਪਰ ਸਵਾਸਾਂ ਦੀ ਪੂੰਜੀ ਉਧਾਰੀ ਨਹੀਂ ਮਿਲਦੀ। ਮੈਨੂੰ ਤੇ ਮਾਂ ਨੂੰ ਰੋਂਦਿਆਂ ਛੱਡ ਕੇ ਉਹ ਆਪਣੇ ਫੌਜੀ ਕੋਲ ਪਹੁੰਚ ਗਈ।

ਮਾਂ ਨੂੰ ਦੁੱਖਾਂ ਨੇ ਚੁਫੇਰਿਉਂ ਘੇਰੀ ਰੱਖਿਆ। ਉਹਨੇ ਕਈ ਵਾਰ ਰੱਬ ਨਾਲ ਗਿਲਾ ਕੀਤਾ ਕਿ ਜਾਂ ਤਾਂ ਮੈਨੂੰ ਚੁੱਕ ਲੈ, ਜਾਂ ਫਿਰ ਹੋਰ ਦੁੱਖ ਨਾ ਦੇਈਂ, ਪਰ ਰੱਬ ਜਿਵੇਂ ਕੰਨਾਂ ਤੋਂ ਬੋਲਾ ਸੀ। ਫਿਰ ਮੈਂ ਉਥੇ ਹੀ ਰਿਹਾ। ਫਿਰ ਮਾਂ ਨੂੰ ਵੀ ਸੁੰਨੇ ਘਰ ਦੀਆਂ ਕੰਧਾਂ ਬਹੁਤਾ ਚਿਰ ਨਾ ਰੱਖ ਸਕੀਆਂ। ਉਹ ਵੀ ਆਪਣਾ ਮੰਜਾ ਵਿਹਲਾ ਕਰਦੀ ਪੁੱਤ ਤੇ ਨੂੰਹ ਵਾਲੇ ਰਾਹ ਤੁਰ ਗਈ। ਮੈਂ ਤੇ ਸ਼ਿੰਦੀ ਨੇ ਮਾਂ ਦੇ ਫੁੱਲ ਜਲ ਪ੍ਰਵਾਹ ਕਰ ਦਿੱਤੇ ਤੇ ਵਿਹੜੇ ਵਿਚਕਾਰਲੀ ਕੰਧ ਢਾਹ ਕੇ ਸਾਰਾ ਘਰ-ਬਾਰ ਚਾਚਿਆਂ ਹਵਾਲੇ ਕਰ ਦਿੱਤਾ। ਸੋਚਿਆ, ਚਾਚਿਆਂ ਦੇ ਰਹਿਣ ਨਾਲ ਘਰ ਦੀਆਂ ਕੰਧਾਂ ਜਿਉਂਦੀਆਂ ਰਹਿ ਜਾਣਗੀਆਂ! ਬਿਨਾਂ ਬੰਦਿਆਂ ਤੋਂ ਤਾਂ ਛੱਤਾਂ ਵੀ ਡਿੱਗ ਪੈਂਦੀਆਂ ਹਨ! ਇਥੇ ਆ ਕੇ ਭਤੀਜਾ ਸ਼ਿੰਦੀ ਦੀ ਝੋਲੀ ਪਾ ਦਿੱਤਾ ਤੇ ਮੈਂ ਕਲਗੀਵਾਲੇ ਦਾ ਪੁੱਤਰ ਬਣ ਕੇ ਸੇਵਾ ਵਿਚ ਜੁਟ ਗਿਆ। ਹੁਣ ਦੱਸ, ਤੂੰ ਕਿਵੇਂ ਕਹਿੰਦਾ ਹੈਂ ਕਿ ਮੈਂ ਭਾਗਾਂ ਵਾਲਾ ਹਾਂ?

ਕੁੰਦਨ ਸਿੰਘ ਖਾਲਸਾ ਦੀ ਕਹਾਣੀ ਸੁਣ ਕੇ ਮੈਂ ਸੁੰਨ ਰਹਿ ਗਿਆ।

ਖਾਲਸਾ ਜੀ! ਭਾਂਡੇ ਮਾਂਜਣ ਜਾਂ ਜੋੜੇ ਝਾੜਨ ਨਾਲ ਅਗਲਾ ਰਾਹ ਸਾਫ ਹੁੰਦਾ ਹੈ ਜਾਂ ਨਹੀਂ, ਪਰ ਮਨ ਨੂੰ ਸ਼ਾਂਤੀ ਜ਼ਰੂਰ ਮਿਲ ਜਾਂਦੀ ਹੈ। ਜਿਥੇ ਅੰਮ੍ਰਿਤ ਛਕਣ ਨਾਲ ਦੁੱਖ ਘਟਦਾ ਹੈ, ਉਥੇ ਦੁੱਖ ਸਹਿਣ ਦਾ ਬਲ ਵੀ ਆ ਜਾਂਦਾ ਹੈ। ਕਹਿੰਦਾ ਕੁੰਦਨ ਸਿੰਘ ਖਾਲਸਾ ਮੇਰੀਆਂ ਖੁੱਲ੍ਹੀਆਂ ਅੱਖਾਂ ਦੇ ਉਹਲੇ ਹੋ ਗਿਆ।



ਚਿਤ ਚੇਤਾ

ਕਾਨਾ ਸਿੰਘ
ਫੋਨ:91-95019-44944

# ਕੁੜੀ ਦਾ ਪਿਓ

*ਕਾਨਾ ਸਿੰਘ ਨੇ ਸ਼ਾਇਰੀ ਵੀ ਕੀਤੀ ਹੈ ਅਤੇ ਕਹਾਣੀਆਂ ਵੀ ਲਿਖੀਆਂ ਹਨ। ਬਾਲ ਰਚਨਾਵਾਂ ਵੀ ਸਾਹਿਤ ਦੀ ਝੋਲੀ ਪਾਈਆਂ ਹਨ। ਹੋਰ ਵੀ ਕਈ ਕੁਝ, ਨਿੱਕ-ਸੁੱਕ; ਪਰ ਉਹਦੀ ਨਸਰ (ਵਾਰਤਕ) ਦਾ ਰੰਗ ਨਿਰਾਲਾ ਹੈ। ਰਸਦਾਰ, ਸੁਘੜ, ਚੁਸਤ, ਤੇ ਨਾਲ ਹੀ ਨੱਚ-ਨੱਚ ਫਾਵੀ ਹੁੰਦੀ ਹੋਈ। ਰਚਨਾ ਵਿਚ ਲੋਹੜੇ ਦੀ ਰਵਾਨੀ...। ਕਰਤਾਰ ਸਿੰਘ ਦੁੱਗਲ ਅਤੇ ਪ੍ਰੋ. ਮੋਹਨ ਸਿੰਘ ਤੋਂ ਬਾਅਦ ਉਹਦੀਆਂ ਰਚਨਾਵਾਂ ਵਿਚ ਪੋਠੋਹਾਰ ਭਰਵੇਂ ਰੂਪ ਵਿਚ ਪੇਸ਼ ਪੇਸ਼ ਹੈ। ਪਿਛਲੇ ਅੰਕਾਂ ਵਿਚ ਪਾਠਕਾਂ ਨੇ ਉਹਦੀ ਨਸਰ ਦਾ ਰੰਗ 'ਮਰ ਜਾਣੇ ਜਿਉਣ ਜੋਗੇ' ਅਤੇ 'ਛੋਟਾ ਕੱਦ ਵੱਡਾ ਕੱਦ' ਲੇਖਾਂ ਵਿਚ ਦੇਖਿਆ ਹੈ। ਇਸ ਵਾਰ ਲੋਹੜੀ ਮੌਕੇ ਉਨ੍ਹਾਂ ਦਾ ਲੇਖ 'ਕੁੜੀ ਦਾ ਪਿਓ' ਛਾਪ ਰਹੇ ਹਾਂ। ਆਪਣੀ ਨਸਰ ਦੀ ਕਿਤਾਬ 'ਚਿਤ ਚੇਤਾ' ਵਿਚ ਉਹਨੇ ਆਪਣੀ ਅਤੇ ਆਪਣੇ ਆਲੇ-ਦੁਆਲੇ ਦੀ ਕਹਾਣੀ ਪੂਰੇ ਜਲੌਅ ਨਾਲ ਸਭ ਦੇ ਸਾਹਮਣੇ ਰੱਖੀ ਹੈ। -ਸੰਪਾਦਕ*

ਜਿਸ ਚੀਜ਼ ਦੀ ਵੀਹ ਸਾਲਾਂ ਤੋਂ ਕੋਈ ਲੋੜ ਨਹੀਂ ਪਈ, ਉਹਨੂੰ ਹੋਰ ਸੰਭਾਲ ਕੇ ਰੱਖਣ ਦੀ ਕੀ ਤੁਕ? ਲੋਹੇ ਦਾ ਟਰੰਕ ਤੇ ਉਹ ਵੀ ਇਤਨਾ ਭਾਰਾ?

ਇਹ ਮੇਰਾ ਦਾਜਲ ਟਰੰਕ ਹੈ ਤੇ ਮੁੰਬਈਓਂ ਮੁਹਾਲੀ ਸ਼ਿਫਟ ਕਰਦਿਆਂ ਕੰਮ ਵੀ ਬੜਾ ਆਇਆ ਸੀ। ਰਸੋਈ ਦੇ ਸਾਰੇ ਜ਼ਰੂਰੀ ਭਾਂਡੇ ਮੈਂ ਇਸ ਵਿਚ ਭਰ ਲਿਆਈ ਸਾਂ ਤੇ ਖਾਲੀ ਕਰਨ ਮਗਰੋਂ ਇਸ ਵਿਚ ਫਾਲਤੂ ਸਮਾਨ ਰੱਖ ਕੇ ਗੁਸਲਖਾਨੇ ਦੀ ਪੜਛੱਤੀ ਉਪਰ ਰੱਖ ਛੋੜਿਆ ਸੀ। ਜਦੋਂ ਵੀ ਸਫ਼ੇਦੀ ਕਰਾਈ, ਇਸ ਨੂੰ ਥੱਲੇ ਲੁਹਾਇਆ ਤੇ ਮੁੜ ਉਸੇ ਥਾਂ 'ਤੇ ਉਂਜ ਦਾ ਉਂਜ ਟਿਕਵਾ ਦਿੱਤਾ।

ਐਤਕੀਂ ਸਫ਼ੇਦੀ ਕਰਨ ਵਾਲੇ ਮੀਆਂ ਜੀ ਨੇ ਇਹ ਟਰੰਕ ਮੰਗ ਲਿਆ ਹੈ। ਮੀਆਂ ਜੀ ਨੇ ਰੋਗਨ ਬੜੀ ਪ੍ਰੀਤ ਤੇ ਠਰ੍ਹੰਮੇ ਨਾਲ ਕੀਤਾ ਹੈ। ਮੈਂ ਖੁਸ਼ ਹਾਂ। ਮੈਂ ਤਾਂ ਉਨ੍ਹਾਂ ਨੂੰ ਇਨਾਮ ਵਜੋਂ ਬੇਟੇ ਦੀ ਸਾਈਕਲ ਦੇਣ ਬਾਰੇ ਸੋਚ ਰਹੀ ਸਾਂ ਪਰ ਮੀਆਂ ਜੀ ਨੇ ਟਰੰਕ ਨੂੰ ਤਰਜੀਹ ਦਿੱਤੀ। ਚਲੋ, ਇਹਦੀ ਉਨ੍ਹਾਂ ਨੂੰ ਜ਼ਿਆਦਾ ਲੋੜ ਹੋਵੇਗੀ!

ਟਰੰਕ ਖਾਲੀ ਕਰਦਿਆਂ ਦੋ ਮੱਛਰਦਾਨੀਆਂ ਅਤੇ ਵੱਡੇ ਭਾਰੇ ਪਤੀਲਿਆਂ ਤੇ ਕੜਾਹੀਆਂ ਤੋਂ ਸਿਵਾ ਇਕ ਤਸਵੀਰ ਵੀ ਮਿਲੀ ਹੈ, ਡੇਢ×ਇਕ ਫੁੱਟ ਦੇ ਰਕਬੇ ਦੀ। ਸਾਗਵਾਨ ਦੀ ਲਕੜੀ ਦੇ ਸੁਹਣੇ ਢਾਲਵੇਂ ਚੌਗਾਠ ਵਿਚ ਜੜੀ ਹੋਈ ਮੇਰੀ ਇਹ ਤਸਵੀਰ, ਮੇਰੇ ਪਤੀ ਦੀ ਲਾਖੀ ਪੱਗ ਵਿਚ ਵਲ੍ਹੇਟੀ ਹੋਈ ਹੈ। ਇਹ ਤਸਵੀਰ ਮੇਰੀ ਯਾਦ ਵਿਚੋਂ ਪੂਰੀ ਤਰ੍ਹਾਂ ਮਨਫ਼ੀ ਹੋ ਚੁੱਕੀ ਸੀ।

ਇਸ ਤਸਵੀਰ ਨੂੰ ਮੈਂ ਕਿਉਂ ਖੂੰਜੇ ਵਿਚ ਸੁੱਟ ਦਿੱਤਾ? ਮੈਂ ਛੱਤੀ ਵਰ੍ਹੇ ਪਿੱਛੇ ਚਲੀ ਗਈ ਹਾਂ, ਬੀਤੇ ਵਿਚ...।

---

ਸੰਨੀ ਨੂੰ ਚੌਥਾ ਸਾਲ ਲਗਿਆਂ ਮਸਾਂ ਕੁਝ ਦਿਨ ਹੀ ਹੋਏ ਸਨ। ਪੱਛਮ ਅੰਧੇਰੀ ਦੇ ਸੱਤ ਬੰਗਲੇ ਇਲਾਕੇ ਵਿਚ ਰਹਿੰਦੇ ਹੋਏ, ਨੇੜੇ ਦੇ ਨਵਰੰਗ ਸਿਨਮੇ ਵਿਚ ਫਿਲਮ ਵੇਖਣ ਗਏ। ਫ਼ਿਲਮ ਸੀ ਵਿਜੇ ਆਨੰਦ ਦੀ 'ਆਖਰੀ ਖਤ' ਜੋ ਅਠਾਰਾਂ ਮਹੀਨਿਆਂ ਦੇ ਮਾਸੂਮ ਬਾਲਕ ਬੰਟੀ ਦੁਆਲੇ ਕੇਂਦ੍ਰਿਤ ਸੀ। ਆਪਣੇ ਪ੍ਰੇਮੀ ਪਤੀ ਦੀ ਭਾਲ ਵਿਚ ਪਹਾੜੋਂ ਮੁੰਬਈ ਆਈ ਬੰਟੀ ਦੀ ਮਾਂ ਸੜਕ ਹਾਦਸੇ ਵਿਚ ਜਾਨ ਗੁਆ ਬੈਠਦੀ ਹੈ। ਯਤੀਮ ਬਾਲਕ ਬੰਟੀ ਮੁੰਬਈ ਦੀਆਂ ਗਲੀਆਂ ਅਤੇ ਸੜਕਾਂ ਉਪਰ ਕਲਮਕੱਲਾ ਤੁਰਦਾ ਡਿਗਦਾ, ਰੋਂਦਾ ਚੁੱਪਦਾ, ਮਾਮਾ...ਮਾ...ਮਾ...ਕਰਦਾ ਕਦੇ ਮੁੰਬਈ ਦੀ ਭੀੜ ਵਿਚ ਗੁਆਚਦਾ ਨਿਕਲਦਾ ਹੈ ਤੇ ਕਦੇ ਥੱਕਿਆ ਟੁੱਟਿਆ ਰੇਲ ਦੀ ਪਟੜੀ ਵਿਚਾਲੇ ਹੀ ਘੂਕ ਸੌਂ ਜਾਂਦਾ ਹੈ। ਉਪਰੋਂ ਫੱਟ ਫੱਟ ਕਰਦੀ ਸਰਪਟ ਗੱਡੀ ਦੇ ਘੋਰ ਨਾਦ ਨਾਲ ਡਰਦਾ ਚਿਚਲਾਂਦਾ ਉਠਦਾ ਹੈ।

ਅਜਿਹੇ ਖੌਫ਼ਨਾਕ ਦ੍ਰਿਸ਼ ਵੇਖ ਕੇ ਸਾਡਾ ਸੰਨੀ ਰੋਂਦਾ ਪਿਟਦਾ, ਉਸ ਬੰਟੀ ਵਾਲੇ 'ਬਾਬੇ' ਨੂੰ ਘਰ ਲਿਜਾਣ ਦੀ ਜ਼ਿੱਦ ਕਰਨ ਲੱਗਾ।

ਉਹ ਫ਼ਿਲਮ ਤਾਂ ਜਿਵੇਂ ਕਿਵੇਂ ਖਤਮ ਹੋਈ ਪਰ ਸਾਡੀ ਆਪਣੀ ਫ਼ਿਲਮ ਸ਼ੁਰੂ ਹੋ ਗਈ। ਸੰਨੀ ਨੂੰ ਅਜਿਹਾ ਬੁਖਾਰ ਚੜ੍ਹਿਆ ਕਿ ਉਤਰਨ ਦਾ ਨਾਂ ਹੀ ਨਾ ਲਵੇ। ਉਹ ਇਕੋ ਹੀ ਰਟ ਲਗਾਵੇ, "ਬੰਟੀ ਵਾਲਾ ਬਾਬਾ ਗੱਡੀ ਹੇਠਾਂ ਆ ਜਾਵੇਗਾ, ਉਹਨੂੰ ਘਰ ਲੈ ਆਵੋ। ਮੈਨੂੰ ਬੰਟੀ ਵਾਲਾ ਬਾਬਾ ਚਾਹੀਦਾ ਹੈ, ਬੰਟੀ ਵਾਲਾ ਬਾਬਾ...ਬੰਟੀ ਵਾਲਾ...ਬੰਟੀ...ਬੰਟੀ...ਬੰਟੀ...।"

ਸਾਡੇ ਕਮਰੇ ਦੇ ਸੱਜੇ ਕੋਨੇ ਦੀ ਬ੍ਰੈਕਟ ਉਪਰ ਗੁਰੂ ਗ੍ਰੰਥ ਸਾਹਿਬ ਦੀ ਨਿੱਕੀ ਬੀੜ ਹੁੰਦੀ ਸੀ। ਦੋ ਸੈਂਚੀਆਂ ਵਿਚ।

-ਇਹ ਵਾਹਿਗੁਰੂ ਜੀ ਹਨ, ਅਸਾਂ ਸਾਰਿਆਂ ਦੇ ਮਾਪੇ, ਰਾਖੇ। ਜੋ ਕੁਝ ਵੀ ਹੁੰਦਾ ਹੈ, ਇਨ੍ਹਾਂ ਦੀ ਹੀ ਮਰਜ਼ੀ ਨਾਲ ਹੁੰਦਾ ਹੈ। ਇਨ੍ਹਾਂ ਤੋਂ ਜੋ ਮੰਗੋ ਮਿਲਦਾ ਹੈ...।

ਬਾਲਕ ਸੰਨੀ ਨੂੰ ਪੂਰਾ ਨਿਸਚਾ ਸੀ। ਰੋਜ਼ ਸਵੇਰੇ ਸ਼ਾਮ ਮੇਰੇ ਨਾਲ ਹੱਥ ਜੋੜ ਕੇ ਅਰਦਾਸ ਜੁ ਕਰਦਾ ਸੀ। ਹੁਣ ਹਰ ਵੇਲੇ ਉਥੇ ਖੜ੍ਹੋਤਾ ਅੱਖਾਂ ਬੰਦ ਕਰ ਕੇ ਹੱਥ ਜੋੜ ਜੋੜ ਸੰਨੀ ਅਰਦਾਸਾਂ ਕਰਦਾ, "ਵਾਹਿਗੁਰੂ ਜੀ, ਬੰਟੀ ਵਾਲੇ ਬਾਬੇ ਨੂੰ ਬਚਾਅ ਲਵੋ...ਵਾਹਿਗੁਰੂ ਜੀ ਬੰਟੀ ਵਾਲਾ ਬਾਬਾ ਸਾਨੂੰ ਦੇ ਦਿਓ...ਵਾਹਿਗੁਰੂ ਜੀ, ਬੰਟੀ ਵਾਲਾ ਬਾਬਾ...ਵਾਹਿਗੁਰੂ ਜੀ...ਬੰਟੀ...।"

---

ਜੀਤ ਦੂਜੇ ਬਾਲਕ ਲਈ ਉਕਾ ਹੀ ਰਾਜ਼ੀ ਨਹੀਂ ਸੀ। ਕਹਿਣ ਲਈ ਭਾਵੇਂ ਜੀਤ ਕੋਲ ਕਈ ਬਹਾਨੇ ਸਨ ਪਰ ਅਸਲ ਕਾਰਨ ਸੀ ਉਹਦਾ ਕੁੜੀ ਪੈਦਾ ਹੋ ਜਾਣ ਦਾ ਡਰ। ਵੱਡੀਆਂ ਭੈਣਾਂ ਲਈ ਯੋਗ ਵਰ ਲੱਭਣ ਵਿਚ ਆਈਆਂ ਦਿੱਕਤਾਂ ਦਾ ਉਹ ਅਕਸਰ ਹੀ ਜ਼ਿਕਰ ਕਰਦਾ ਸੀ। ਉਸ ਨੂੰ ਕੁੜੀ ਦਾ ਪਿਓ ਬਣਨਾ ਅਸਲੋਂ ਹੀ ਪ੍ਰਵਾਨ ਨਹੀਂ ਸੀ। ਇਹਤਿਆਤ ਦੇ ਬਾਵਜੂਦ ਮੈਨੂੰ ਗਰਭ ਠਹਿਰ ਗਿਆ।

ਜੀਤ ਨੇ ਮੈਨੂੰ ਇਰਗਟ ਤੇ ਹੋਰ ਵੀ ਕਈ ਅੰਗਰੇਜ਼ੀ ਦਵਾਈਆਂ ਤੋਂ ਸਿਵਾ ਦੇਸੀ ਅਹੁੜਾਂ ਵੀ ਬਥੇਰੀਆਂ ਦਿੱਤੀਆਂ। ਪਪੀਤੇ, ਖਜੂਰਾਂ, ਜੈਫ਼ਲ ਤੇ ਹੋਰ ਵੀ ਜੋ ਕੁਝ ਗਰਮ ਖੁਸ਼ਕ ਚੀਜ਼ ਕੋਈ ਦੱਸੇ, ਜੀਤ ਮੈਨੂੰ ਖਾਣ ਲਈ ਮਜਬੂਰ ਕਰੇ।

ਆਪਣੀ ਥਾਂਵੇਂ ਮੈਨੂੰ ਕੁੜੀ ਜੰਮਣ ਦੀ ਹੱਦੋਂ ਬਾਹਰੀ ਰੀਝ ਸੀ। ਬਾਲ ਉਮਰੇ ਵੀ ਮੈਂ ਸਦਾ ਗੁੱਡੇ ਦੀ ਥਾਂ ਗੁੱਡੀ ਦਾ ਹੀ ਵਿਆਹ ਰਚਾਇਆ। ਮੇਰੀ ਭੂਆ ਦੀ ਧੀ, ਜੀਤੀ ਨੇ ਹਮੇਸ਼ਾਂ ਗੁੱਡਾ ਮੱਲਣਾ। ਉਸ ਜੰਞ ਲੈ ਕੇ ਢੁੱਕਣਾ ਤੇ ਪੂਰੀ ਖਾਤਰਦਾਰੀ ਮਗਰੋਂ ਸਣੇ ਦਾਜ ਦੇ ਮੇਰੀ ਗੁੱਡੀ ਦੀ ਡੋਲੀ ਲੈ ਜਾਣੀ। ਵੱਡਿਆਂ ਦੀ ਵੀ ਇਸ ਵਿਆਹ ਵਿਚ ਪੂਰੀ ਸ਼ਮੂਲੀਅਤ ਹੁੰਦੀ ਸੀ। ਜੀਤੀ ਉਂਜ ਵੀ ਲਹਿਣੇਦਾਰ ਸੀ, ਸਾਡੇ ਕਬੀਲੇ ਦੀ ਦੋਹਤੀ।

ਭੈਣਾਂ ਵਿਚੋਂ ਮੈਂ ਸਭ ਤੋਂ ਛੋਟੀ ਸਾਂ ਤੇ ਮੈਥੋਂ ਨਿੱਕੇ ਦੋ ਭਰਾ। ਮਾਂ ਤੁਲ ਵੱਡੀਆਂ ਭੈਣਾਂ ਦੇ ਘਰ ਪਹਿਲਾਂ ਲੜਕੇ ਹੀ ਪੈਦਾ ਹੋਏ। ਕਿਸੇ ਦੇ ਦੋ, ਕਿਸੇ ਦੇ ਤਿੰਨ ਤੇ ਕਿਸੇ ਦੇ ਚਾਰ। ਕਿਸ਼ੋਰ ਅਵਸਥਾ ਤਕ ਮੈਂ ਕੋਈ ਬਾਲੜੀ ਨਾ ਖਿਡਾ ਸਕੀ। ਇਥੋਂ ਤਕ ਕਿ ਸਾਡੇ ਗੁਆਂਢ ਵਿਚ ਹੀ ਰਹਿੰਦੀ ਮੇਰੀ ਭੈਣ ਨੂੰ ਚਾਰ ਪੁੱਤਰਾਂ ਮਗਰੋਂ ਜਦੋਂ ਗਰਭ ਠਹਿਰਨ ਦਾ ਮੈਨੂੰ ਪਤਾ ਲੱਗਾ ਤਾਂ ਦਸਵੀਂ ਦੇ ਇਮਤਿਹਾਨ ਦੀ ਤਿਆਰੀ ਦੇ ਬਾਵਜੂਦ ਮੈਂ ਰੋਜ਼ਾਨਾ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਗੁਰਦੁਆਰਾ ਸੀਸਗੰਜ ਦੇ ਦਰਸ਼ਨਾਂ ਦਾ ਬਿਨਾਂ ਨਾਗਾ ਚਲੀਹਾ ਵੀ ਕੱਟਿਆ ਤੇ ਸੁਖਣਾ ਵੀ ਸੁਖੀਆਂ ਕਿ ਭੈਣ ਦੇ ਘਰ ਬਾਲੜੀ ਜਨਮ ਲਵੇ। ਜਦੋਂ ਮੇਰੀ ਮੁਰਾਦ ਪੂਰੀ ਹੋਈ ਤਾਂ ਮੇਰੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ। ਇਮਤਿਹਾਨ ਤੋਂ ਫਾਰਗ ਹੁੰਦਿਆਂ ਹੀ ਮੈਂ ਸਿਲਾਈ ਕਢਾਈ ਸਿੱਖਣ ਲੱਗੀ। ਸੁਹਣੇ ਝਾਲਰਦਾਰ ਤੇ ਸਮਾਕਿੰਗ ਵਾਲੇ ਕਢਾਈਦਾਰ ਫਰਾਕ ਮੈਂ ਬਣਾਉਣ ਤੇ ਉਣਨ ਲੱਗੀ।

ਬੱਬਲ, ਮੇਰੀ ਸਹਿਕਵੀਂ ਤੇ ਪਹਿਲੀ ਭਣੇਵੀਂ ਨੇ ਪ੍ਰਾਇਮਰੀ ਸਕੂਲ ਦੀ ਸਿੱਖਿਆ ਨਾਨਕੇ ਰਹਿ ਕੇ ਹੀ ਲਈ, ਮੇਰੀ ਨਿਗਰਾਨੀ ਹੇਠ। ਮੈਂ ਉਹਨੂੰ ਨਵੀਨ ਸ਼ਾਹਦਰੇ ਦੇ ਨਗਰਪਾਲਿਕਾ ਦੇ ਸਕੂਲ ਆਪਣੇ ਨਾਲ ਲੈ ਕੇ ਜਾਂਦੀ ਜਿੱਥੇ ਮੈਂ ਅਧਿਆਪਕ ਸਾਂ। ਸਦਾ ਮੇਰੇ ਅੰਗ ਸੰਗ ਰਹਿੰਦੀ ਬੱਬਲ। ਮੇਰੇ ਨਾਲ ਹੀ ਸੌਂਦੀ ਉਠਦੀ, ਖੇਡਦੀ ਪੜ੍ਹਦੀ। ਨਾਨਕੇ ਘਰ ਦਾ ਜ਼ਿਕਰ ਉਹ 'ਮਾਸੀ ਘਰ' ਆਖ ਕੇ ਹੀ ਕਰਦੀ ਸੀ।

ਹਰ ਕੁੜੀ ਮਾਂ ਹੁੰਦੀ ਹੈ। ਹੋਸ਼ ਸੰਭਾਲਦਿਆਂ ਹੀ ਉਹ ਮਾਂ ਬਣਨ ਦੇ ਸੁਪਨੇ ਲੈਣ ਲੱਗਦੀ ਹੈ। ਮੈਂ ਵੀ ਸਦਾ ਮਾਂ ਬਣਨਾ ਕਲਪਿਆ ਅਰਾਧਿਆ, ਪਰ ਕੁੜੀ ਦੀ ਮਾਂ ਬਣਨਾ ਹੀ। ਜੀਤ ਦੀਆਂ ਭਣੇਵੀਆਂ, ਭਤੀਜੀਆਂ ਮੇਰੀਆਂ ਚਹੇਤੀਆਂ ਸਨ ਤੇ ਮੈਂ ਉਨ੍ਹਾਂ ਦੀ ਚਹੇਤੀ ਮਾਮੀ, ਚਾਚੀ। ਜੀਤ ਨੂੰ ਸ਼ਾਇਦ ਮੇਰੀ ਕੁੜੀ-ਸਿਕ ਦਾ ਕਿਆਸ ਸੀ।

-ਤੁਸੀਂ ਇਸ ਬਾਲਕ ਨੂੰ ਨਿਰਵਿਘਨ ਜਨਮ ਲੈ ਲੈਣ ਦਿਓ। ਫਿਰ ਭਾਵੇਂ ਮੇਰਾ ਆਪਰੇਸ਼ਨ ਕਰਾ ਦੇਣਾ। ਸੰਨੀ ਵੱਲ ਵੇਖੋ ਕਿੰਜ ਅਰਦਾਸਾਂ ਕਰਦਾ ਹੈ...ਮੇਰੀ ਕੁੱਖ ਵਿਚ ਸੰਨੀ ਵਰਗਾ ਹੀ ਬਾਲ ਹੈ, ਸਾਡਾ ਬਾਲ। ਉਹਨੂੰ ਮਾਰਨਾ ਸੰਨੀ ਨੂੰ ਮਾਰਨ ਦੇ ਬਰਾਬਰ ਹੈ, ਆਪਣੀ ਔਲਾਦ ਦਾ ਕਤਲ...ਪਲੀਜ਼ ਰਹਿਮ ਕਰੋ...।

ਮੈਂ ਵਾਸਤੇ ਪਾਉਂਦੀ ਪਰ ਕੋਈ ਪੇਸ਼ ਨਾ ਜਾਂਦੀ। ਪਹਿਲੀ ਪ੍ਰਸੂਤੀ ਵਾਂਗ ਕੁਝ ਦਿਨ ਚੜ੍ਹਿਆਂ ਹੀ ਮੈਨੂੰ ਉਲਟੀਆਂ ਆਉਣ ਲੱਗੀਆਂ। ਮਲੂਕ ਤਾਂ ਪਹਿਲਾਂ ਹੀ ਸਾਂ ਤੇ ਉਪਰੋਂ ਗਲਤ ਦਵਾਈਆਂ ਦਾ ਅਸਰ, ਮਾਨਸਿਕ ਪੀੜ ਤੇ ਦੁਬਿਧਾ, ਕੁਝ ਨਾ ਪਚਦਾ। ਬਹੁਤ ਕਮਜ਼ੋਰ ਹੋ ਗਈ। ਤੀਜਾ ਮਹੀਨਾ ਲਗਦਿਆਂ ਹੀ ਜੀਤ ਨੇ ਗਰਭਪਾਤ ਦਾ ਫੈਸਲਾ ਕਰ ਲਿਆ।

ਪ੍ਰਾਈਵੇਟ ਡਾਕਟਰ ਹੋਣ ਦੇ ਨਾਤੇ ਜੀਤ ਆਪਣੇ ਜ਼ਨਾਨਾ ਮਰੀਜ਼ਾਂ ਨੂੰ ਉਨ੍ਹਾਂ ਦੀਆਂ ਅੰਦਰੂਨੀ ਸਮੱਸਿਆਵਾਂ ਦੀ ਜਾਂਚ ਤੇ ਇਲਾਜ ਲਈ ਡਾਕਟਰ ਸੌਂਡੇ ਕੋਲ ਭੇਜਦਾ ਸੀ। ਡਾਕਟਰ ਸੌਂਡੇ ਦਾ ਮਾਹੀਮ ਵਿਚ ਚੰਗਾ ਮੰਨਿਆ ਪ੍ਰਮੰਨਿਆ ਜ਼ਨਾਨਾ ਹਸਪਤਾਲ ਸੀ। ਪਹਿਲਾਂ ਵੀ ਦੋ ਵੇਰਾਂ ਮੈਂ ਡਾਕਟਰ ਸੌਂਡੇ ਕੋਲ ਅੰਦਰ ਦੀ ਸੋਜਸ਼ ਅਤੇ ਬੱਚੇਦਾਨੀ ਟੇਢੀ ਹੋਣ ਦੀ ਪੀੜ ਕਾਰਨ ਮਨਜੀਤ ਨਾਲ ਜਾ ਚੁੱਕੀ ਸਾਂ। ਡਾਕਟਰ ਕੋਲ ਲਿਜਾਣ ਤੋਂ ਪਹਿਲਾਂ ਜੀਤ ਨੇ ਗੁਰੂ ਗ੍ਰੰਥ ਸਾਹਿਬ ਉਪਰ ਤੇ ਫੇਰ ਸੰਨੀ ਦੇ ਸਿਰ ਉਪਰ ਹੱਥ ਰਖਵਾ ਕੇ ਮੈਥੋਂ ਵਚਨ ਲਿਆ: ਡਾਕਟਰ ਸੌਂਡੇ ਮੇਰੀ ਗੈਰਹਾਜ਼ਰੀ ਵਿਚ ਤੈਥੋਂ ਐਬੌਰਸ਼ਨ ਦਾ ਕਾਰਨ ਪੁੱਛੇਗੀ। ਤੂੰ ਇਹੋ ਕਹੇਂਗੀ ਕਿ ਇਹ ਤੇਰਾ ਆਪਣਾ ਫੈਸਲਾ ਹੈ। ਤੂੰ ਹੋਰ ਬੱਚਾ ਪੈਦਾ ਨਹੀਂ ਕਰਨਾ ਚਾਹੁੰਦੀ ਤੇ ਇਸ ਪੱਖੋਂ ਤੇਰੇ ਪਤੀ ਦਾ ਤੇਰੇ ਉਤੇ ਕੋਈ ਦਬਾਅ ਨਹੀਂ।

ਇਹ ਡਾਢਾ ਕਰੜਾ ਇਮਤਿਹਾਨ ਸੀ। ਇਕੋ ਡਰ ਸੀ ਕਿ ਕਿਧਰੇ ਮੇਰੇ ਨੈਣ ਫੁੱਟ ਨਾ ਪੈਣ ਤੇ ਜੀਭ ਜੁਆਬ ਨਾ ਦੇ ਜਾਵੇ।

---

ਡਾਕਟਰ ਸੌਂਡੇ ਕੋਲ ਪੇਸ਼ੀ ਹੋਈ। ਮੇਰੀ ਹਾਲਤ ਵੇਖਦਿਆਂ ਹੀ ਉਹ ਜੀਤ ਨੂੰ ਬੋਲੀ, "ਡਾਕਟਰ ਇਹ ਬੜੀ ਕਮਜ਼ੋਰ ਹੈ। ਇਸ ਦੀ ਜਾਨ ਨੂੰ ਖਤਰਾ ਵੀ ਹੋ ਸਕਦਾ ਹੈ।" ਤੇ ਫੇਰ ਮੈਨੂੰ ਮੁਖਾਤਬ ਹੋ ਕੇ ਉਸ ਕਿਹਾ, "ਸੁਣ ਭਾਬੀ, ਜੇ ਇਹ ਤੇਰਾ ਦੋ-ਟੁਕ ਫੈਸਲਾ ਹੈ ਤਾਂ ਇਕ ਹੱਲ ਹੈ। ਤੂੰ ਇਸ ਬਾਲਕ ਨੂੰ ਠੀਕ ਠਾਕ ਪੈਦਾ ਹੋ ਜਾਣ ਦੇ। ਇਸ ਦੇ ਗਰਭ ਦੀ ਸੁਰੱਖਿਆ ਅਤੇ ਹਰ ਤਰ੍ਹਾਂ ਦੀ ਸੰਭਾਲ ਦੀ ਮੇਰੀ ਜ਼ੁੰਮੇਵਾਰੀ। ਬਾਲਕ ਕੁੜੀ ਹੋਵੇ ਜਾਂ ਮੁੰਡਾ, ਜੇ ਤੂੰ ਨਹੀਂ ਰੱਖਣਾ ਚਾਹਵੇਂਗੀ ਤਾਂ ਬੱਚਾ ਮੈਂ ਗੋਦ ਲੈ ਲਵਾਂਗੀ... ਕਿਉਂ ਡਾਕਟਰ?"

ਸੌਂਡੇ ਬੇਔਲਾਦ ਸੀ। ਉਹਨੇ ਮੇਰੇ ਪਤੀ ਨੂੰ ਨਿਰੁੱਤਰ ਕਰ ਦਿੱਤਾ ਤੇ ਮੈਨੂੰ ਵੀ ਅਗਨ ਪ੍ਰੀਖਿਆ ਤੋਂ ਬਚਾਅ ਲਿਆ।

"ਜ਼ਰੂਰ ਪਹਿਲੀਆਂ ਫੇਰੀਆਂ ਦੌਰਾਨ ਤੂੰ ਸੌਂਡੇ ਨੂੰ ਹੋਰ ਬੱਚਾ ਪੈਦਾ ਕਰਨ ਦੀ ਖਾਹਿਸ਼ ਦੱਸੀ ਹੋਵੇਗੀ। ਇਹ ਸਭ ਤੇਰੀ ਕਾਰਸਤਾਨੀ ਹੈ।" ਘਰ ਆ ਕੇ ਜੀਤ ਮੇਰੇ ਉਪਰ ਵਰ੍ਹ ਪਿਆ ਤੇ ਹੁਣ ਇਕ ਹੋਰ ਮੰਗ ਦੁਆਲੇ ਹੋ ਗਿਆ, "ਹੁਣ ਪੂਰੇ ਗਰਭ ਕਾਲ ਦੌਰਾਨ ਰੋਜ਼ ਸਵੇਰੇ ਮੇਰੇ ਨਾਲ ਬਹਿ ਕੇ ਤੂੰ ਸੁਖਮਨੀ ਸਾਹਿਬ ਦਾ ਪਾਠ ਕਰ ਕੇ ਅਰਦਾਸ ਕਰੇਂਗੀ ਕਿ ਵਾਹਿਗੁਰੂ ਸਾਨੂੰ ਪੁੱਤਰ ਦੀ ਹੀ ਦਾਤ ਬਖਸ਼ੇ।"

"ਪਰ ਜੋ ਬੀਜ ਅੰਦਰ ਪੈਣਾ ਸੀ, ਸੋ ਤਾਂ ਪੈ ਗਿਆ। ਜੋ ਕੁਝ ਹੁੰਦਾ ਹੈ, ਰੱਬ ਦੀ ਰਜ਼ਾ ਅਨੁਸਾਰ ਹੀ ਤਾਂ ਹੁੰਦਾ ਹੈ। ਹੁਣ ਇਸ ਤਰ੍ਹਾਂ ਦੀ ਮੰਗ ਕਰਨੀ ਕੀ ਰੇਖ ਵਿਚ ਮੇਖ ਮਾਰਨ ਵਾਲੀ ਗੱਲ ਨਹੀਂ ਹੋਵੇਗੀ? ਤੁਸੀਂ ਗੁਰਸਿੱਖ ਹੋ। ਪੱਕੇ ਗੁਰਸਿੱਖ। ਤੁਹਾਨੂੰ ਭਾਣਾ ਨਹੀਂ ਮੰਨਣਾ ਚਾਹੀਦਾ?" ਦੱਬੀ ਆਵਾਜ਼ ਵਿਚ ਮੈਂ ਦਲੀਲ ਦਿੱਤੀ। ਹੈਰਾਨ ਹੁੰਦੀ ਕਿ ਡਾਕਟਰ ਹੋਣ ਦੇ ਬਾਵਜੂਦ ਜੀਤ ਕਿੰਨੀਆਂ ਬੇਦਲੀਲ ਗੱਲਾਂ ਕਰਦਾ ਤੇ ਅੰਧਵਿਸ਼ਵਾਸੀ ਸੀ।



*ਆਪਣੇ ਖਾਵੰਦ ਨਾਲ ਲੇਖਿਕਾ ਕਾਨਾ ਸਿੰਘ*

ਸੁਖਮਨੀ ਸਾਹਿਬ ਦਾ ਪਾਠ ਤਾਂ ਪਹਿਲਾਂ ਵੀ ਰੋਜ਼ ਕਰੀਦਾ ਸੀ ਤੇ ਹੁਣ ਵੀ ਜਾਰੀ ਰਿਹਾ ਪਰ ਆਪੋ ਆਪਣੇ ਅਕੀਦੇ ਮੁਤਾਬਕ, ਆਪੋ ਆਪਣੇ ਪ੍ਰਸੰਗ ਵਿਚ। 'ਬਾਲਕ ਕੁੜੀ ਹੋਵੇ ਜਾਂ ਮੁੰਡਾ, ਤੰਦਰੁਸਤ ਹੋਵੇ, ਅਰੋਗ ਅਤੇ ਨੇਕ ਪਰ ਉਸ ਉਪਰ ਗਰਭਪਾਤ ਲਈ ਮੈਥੋਂ ਖਾਧੀਆਂ ਗਈਆਂ ਦਵਾਈਆਂ ਦਾ ਕੋਈ ਅਸਰ ਨਾ ਹੋਵੇ', ਮੈਂ ਅਰਦਾਸ ਕਰਦੀ।

---

ਇਕ ਵੇਰਾਂ ਗਰਭਪਾਤ ਦਾ ਫੈਸਲਾ ਰੱਦ ਹੋ ਜਾਣ ਮਗਰੋਂ ਜੀਤ ਨੇ ਪੂਰੇ ਗਰਭ ਕਾਲ ਦੌਰਾਨ ਮੇਰੀ ਸਿਹਤ ਦਾ ਪੂਰਾ ਖਿਆਲ ਰੱਖਿਆ। ਮੁੜ ਕੇ ਉਹ ਮੈਨੂੰ ਡਾਕਟਰ ਸੌਂਡੇ ਕੋਲ ਨਾ ਲੈ ਕੇ ਗਿਆ। ਪ੍ਰਸੂਤ ਪੀੜਾਂ ਦੇ ਸ਼ੁਰੂ ਹੁੰਦਿਆਂ ਹੀ ਉਸ ਮੈਨੂੰ ਖਾਰ ਸਥਿਤ ਡਾਕਟਰ ਨਾਗਪਾਲ ਦੇ ਨਰਸਿੰਗ ਹੋਮ ਵਿਚ ਭਰਤੀ ਕਰਾ ਦਿੱਤਾ। ਇਹ ਜ਼ਨਾਨਾ ਹਸਪਤਾਲ ਬਿਲਕੁਲ ਸਾਡੇ ਨਿਜੀ ਦਵਾਖਾਨੇ ਦੇ ਨੇੜੇ ਸੀ ਅਤੇ ਜੀਤ ਲਈ ਆਪਣੀ ਪ੍ਰੈਕਟਿਸ ਅਤੇ ਬੇਟੇ ਸੰਨੀ ਦੀ ਸੰਭਾਲ ਦੇ ਨਾਲ ਨਾਲ ਇਥੇ ਆਣਾ-ਜਾਣਾ ਵੀ ਸੌਖਾ ਸੀ। ਆਪ ਡਾਕਟਰ ਹੋਣ ਕਾਰਨ ਜਨਮ-ਘੜੀ ਵੇਲੇ ਜੀਤ ਮੇਰੇ ਕੋਲ ਹੀ ਸੀ, ਆਪਰੇਸ਼ਨ ਥਿਏਟਰ ਵਿਚ।

ਨਵਜੰਮੇ ਬਾਲਕ ਨੂੰ ਜਿਉਂ ਹੀ ਡਾ. ਨਾਗਪਾਲ ਨੇ ਪੁੱਠਾ ਪਕੜਿਆ, ਜੀਤ ਖੁਸ਼ੀ ਨਾਲ ਚਿਲਾ ਉਠਿਆ, "ਡਾਰਲਿੰਗ ਵੂਈ ਆਰ ਲੱਕੀ! ਇਟ ਇਜ਼ ਏ ਬੁਆਇ...ਮੈਂ ਦੋ ਪੁੱਤਾਂ ਦਾ ਬਾਪ ਬਣ ਗਿਆ...ਵਾਹ ਵਾਹ...।"

'ਤੇਰਾ ਭਾਣਾ ਮੀਠਾ ਲਾਗੇ', ਮੇਰੇ ਸਾਹ-ਸਤ ਹੀਣ ਹੋਂਠ ਫਰਕੇ। ਇਹ ਸ਼ੁਕਰਾਨੇ ਦੀ ਸਿਖਰ ਸੀ।

ਜੀਤ ਨੇ ਮੇਰੇ ਹਸਪਤਾਲੋਂ ਘਰ ਪਰਤਣ ਤਕ ਦਾ ਵੀ ਸਬਰ ਨਾ ਕੀਤਾ। ਉਸੇ ਦਿਨ, ਉਸੇ ਘੜੀ ਤੋਂ ਉਸ ਲੱਡੂ ਵੰਡਣੇ ਸ਼ੁਰੂ ਕਰ ਦਿੱਤੇ। ਨਰਸਿੰਗ ਹੋਮ ਵਿਚ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ। ਪੂਰੇ ਚਾਲੀ ਦਿਨਾਂ ਦਾ ਮੇਰਾ ਵਿਅੰਮ, ਜੀਤ ਦੇ ਬੇਪਨਾਹ ਚਾਵਾਂ ਤੇ ਖੁਸ਼ੀਆਂ ਦਾ ਆਲਮ ਸੀ।

ਫਾਰਗ ਹੋਈ ਹੀ ਸਾਂ ਕਿ ਨਵੀਂ ਸਾੜ੍ਹੀ, ਨਵੇਂ ਸੋਨ-ਸੈਟ ਨਾਲ ਤੈਸ ਲੈਸ ਕਰਾ ਕੇ ਜੀਤ ਮੈਨੂੰ ਅੰਧੇਰੀ ਦੇ ਤਰੁਣ ਫੋਟੋਗ੍ਰਾਫ਼ਰਜ਼ ਕੋਲ ਲੈ ਗਿਆ, ਮੇਰੀ ਫੋਟੋ ਖਿਚਵਾਣ।

"ਤੂੰ ਮੈਨੂੰ ਪੁੱਤਰ ਦਿੱਤਾ ਹੈ...ਇਕ ਹੋਰ ਪੁੱਤਰ...।" ਜੀਤ ਬਾਗੋਬਾਗ ਸੀ। ਤੇ ਮੈਂ? ਉਪਰੋਂ ਮੁਸਕਾਂਦੀ ਤੇ ਅੰਦਰੋਂ ਭੁਸਕਦੀ, "ਇਸੇ ਬਾਲਕ ਨੂੰ ਨਸ਼ਟ ਕਰਨ ਵਿਚ ਤੂੰ ਕੋਈ ਕਸਰ ਨਹੀਂ ਸੀ ਛੋੜੀ। ਤੂੰ ਉਸ ਤੋਂ ਜਨਮ ਲੈਣ ਦਾ ਹੱਕ ਖੋਹ ਰਿਹਾ ਸੈਂ।" ਸਾਰੀ ਹੋਈ ਬੀਤੀ ਦੀ ਫਿਲਮ ਅੱਖਾਂ ਸਾਹਵੇਂ ਚਲਦੀ ਰਹਿੰਦੀ।

---

ਜੜੀ ਗਈ ਤਸਵੀਰ ਫਰੇਮ ਵਿਚ ਤੇ ਟੰਗੀ ਵੀ ਗਈ ਕੰਧ ਉਤੇ ਐਨ ਸਾਡੇ ਪਲੰਘ ਸਾਹਮਣੇ, ਸਦਾ ਬਿਰਾਜਮਾਨ, ਦੋਹਾਂ ਦੇ ਵਿਚਕਾਰ ਦੋਹਾਂ ਦੀ ਨਜ਼ਰ ਸਾਹਵੇਂ, ਆਪੋ ਆਪਣੇ ਅਰਥਾਂ ਸਮੇਤ! ਬਾਲਕਾਂ ਨੂੰ ਮਾਪੇ ਤੇ ਮਾਪਿਆਂ ਨੂੰ ਬਾਲਕ ਘੱਟ ਵੱਧ ਪਿਆਰੇ ਨਹੀਂ ਹੁੰਦੇ ਪਰ ਭੀੜ ਆ ਪੈਣ 'ਤੇ ਹਰ ਬਾਲਕ ਦੁੰਹਾਂ ਵਿਚੋਂ ਕਿਸੇ ਇਕ ਨੂੰ ਹੀ ਪੁਕਾਰਦਾ ਹੈ। ਇਹ ਉਹਦੀ ਆਪਣੀ ਚੋਣ ਹੁੰਦੀ ਹੈ।

ਬਾਲਕ ਸੰਨੀ ਜਦੋਂ ਵੀ ਰੋਂਦਾ ਸੀ ਉਸ ਦੇ ਮੂੰਹੋਂ...ਪਾ...ਪਾ...ਪਾ...ਪਾ...ਪਾਪਾ ਹੀ ਨਿਕਲਦਾ, ਤੇ ਦੀਪੀ ਨੂੰ ਜਦੋਂ ਵੀ ਸੱਟ, ਪੀੜ ਜਾਂ ਕੋਈ ਤਕਲੀਫ਼ ਹੋਈ ਉਸ ਮਾ...ਮਾ...ਮਾਮਾ ਜੀ ਕਰ ਕੇ ਹੀ ਪੁਕਾਰਿਆ। ਭਰ ਜੁਆਨੀ ਵਿਚ ਸੱਟ ਲੱਗ ਜਾਵੇ ਜਾਂ ਕੋਈ ਮਾੜਾ ਸੁਪਨਾ ਵੇਖ ਲਵੇ ਤਾਂ ਸੁੱਤੇ ਸਿੱਧ ਦੀਪੀ ਦੇ ਮੂੰਹੋਂ 'ਹਾਇ ਮਾਮਾ' ਹੀ ਨਿਕਲਦਾ ਹੈ। ਮੇਰੀ ਨੂੰਹ, ਰਿਚਾ ਹੱਸਦੀ ਹੈ ਤੇ ਉਹਨੂੰ 'ਮਾਂ ਦਾ ਪੁੱਤ' ਆਖ ਕੇ ਛੇੜਦੀ ਹੈ।

ਕੀ ਦੀਪੀ ਦੀ ਇਸ ਚੋਣ ਦਾ ਕਾਰਨ ਉਹਦੇ ਬਾਪ ਵਲੋਂ ਉਹਦਾ ਅਪ੍ਰਵਾਨ ਗਰਭ ਸੀ? ਦੋਹਾਂ ਬਾਲਕਾਂ ਦੇ ਵੱਖੋ ਵੱਖ ਵਤੀਰੇ ਪਿੱਛੇ ਕੀ ਇਹੀ ਅਚੇਤ ਕਾਰਨ ਸੀ? ਮੈਂ ਅਕਸਰ ਸੋਚਦੀ ਹਾਂ।

---

ਮੁਹਾਲੀ ਆ ਕੇ ਇਹ ਤਸਵੀਰ ਮੈਂ ਖੂੰਜੇ ਪਾ ਦਿੱਤੀ ਸੀ। ਹਮੇਸ਼ਾਂ ਲਈ ਅੱਖੋਂ ਓਹਲੇ। ਟਰੰਕ ਵਿਚ। ਕਿਉਂ? ਮੈਂ ਉਹ ਸਾਰੀ ਹੱਡ-ਬੀਤੀ ਭੁਲ ਜਾਣਾ ਚਾਹੁੰਦੀ ਸਾਂ, ਕੀ ਇਸ ਲਈ? ਮੈਂ ਬੇਅਹਿਸਾਸ ਅਤੇ ਨਿਰਦਲੀਲ ਜੀਤ ਨੂੰ ਭੁੱਲ ਜਾਣਾ ਚਾਹੁੰਦੀ ਸਾਂ, ਕੀ ਇਸ ਲਈ? ਜਾਂ ਉਸ ਰੀੜ੍ਹ ਰਹਿਤ ਆਪੇ ਨੂੰ ਵਿਸਾਰਨਾ ਚਾਹੁੰਦੀ ਸਾਂ, ਇਸ ਲਈ?

ਮੈਂ ਤਸਵੀਰ ਨੂੰ ਪੂੰਝ ਪਾਂਝ ਕੇ ਹੁਣ ਦੀ ਤਸਵੀਰ ਸਾਹਵੇਂ ਰੱਖ ਕੇ ਇਕ ਟਕ ਵੇਖਦੀ ਹਾਂ। ਵੇਖਦੀ ਰਹਿੰਦੀ ਹਾਂ। ਜ਼ਰੀਦਾਰ ਨੀਲੀ ਸਾੜ੍ਹੀ ਨਾਲ ਮੇਲ ਖਾਂਦਾ ਨਵਾਂ ਸੋਨ-ਸੈਟ, ਪੋਚਿਆ ਪਾਚਿਆ ਚਿਹਰਾ, ਮਸਕਾਰੇ ਲੱਦੀਆਂ ਅੱਖਾਂ ਤੇ ਰੱਤੇ ਲਿਪਸਟਕੀ ਹੋਂਠ, ਸਿਰ ਉਪਰ ਉਚਾ ਸਾਰਾ ਪੱਫ ਤੇ ਲੰਮੇ ਲੰਮੇ ਕਾਂਟੇ...ਦਬੀ ਦਬੀ ਦਰਦੀਲੀ ਮੁਸਕਾਣ, ਹਰ ਨਕਸ਼, ਹਰ ਭਾਵ ਉਪਰ ਜੀਤ ਦੀ ਮੋਹਰ। ਗੂੜ੍ਹੀ ਗੂੜ੍ਹੀ। ਮੈਂ! ਜੀਤ ਦੀ ਪਤਨੀ! ਪਰ ਮੈਂ ਕਿੱਥੇ ਹਾਂ?...ਤੇ ਹੁਣ ਦੀ ਤਸਵੀਰ?

ਧੋਤਾ ਧਾਤਾ ਨਿਖਰਿਆ ਚਿਹਰਾ, ਚੌੜਾ ਮੱਥਾ ਮਾਣਮੱਤਾ, ਅੱਧ-ਚਿੱਟਾ ਸਿਰ, ਸਿੱਧੇ ਵਾਹੇ ਵਾਲ, ਖਿੰਡਰੇ ਪੁੰਡਰੇ...ਹਾਰ ਨਾ ਸ਼ਿੰਗਾਰ, ਬੇਪਰਵਾਹ ਨੁਹਾਰ, ਅੱਖਾਂ ਵਿਚ ਅੱਖਾਂ ਪਾ ਕੇ ਸਿੱਧੀ ਤੱਕਣੀ... ਪੱਕਾ ਇਰਾਦਾ, ਸਵੈ ਭਰੋਸਾ...ਇਹ ਮੈਂ ਹਾਂ, ਨਿਰੀ ਮੈਂ! ਦੁੰਹਾਂ ਤਸਵੀਰਾਂ ਨੂੰ ਨਾਲ ਨਾਲ ਟੰਗਾਂ ਕਿ ਨਾ? ਮੈਂ ਦੁਬਿਧਾ ਵਿਚ ਹਾਂ।

*(ਬਾਕੀ ਅਗਲੇ ਸਫੇ 'ਤੇ)*

# ਬਹੁਪੱਖੀ ਸ਼ਖਸੀਅਤ: ਪ੍ਰਿੰਸੀਪਲ ਤੇਜਾ ਸਿੰਘ

**ਬਰਸੀ 'ਤੇ ਵਿਸ਼ੇਸ਼**

ਪ੍ਰਿੰਸੀਪਲ ਤੇਜਾ ਸਿੰਘ ਵੀਹਵੀਂ ਸਦੀ ਦੀ ਇਕ ਪ੍ਰਭਾਵਸ਼ਾਲੀ ਹਸਤੀ ਸਨ। ਉਹ ਇਕ ਸਫਲ ਅਧਿਆਪਕ, ਮੰਨੇ-ਪ੍ਰਮੰਨੇ ਵਿਦਵਾਨ, ਸਾਹਿਤਕਾਰ, ਇਤਿਹਾਸਕਾਰ, ਕਵੀ, ਚਿੱਤਰਕਾਰ, ਵਿਆਕਰਣ ਮਾਹਿਰ, ਚਿੰਤਕ, ਧਰਮ ਪ੍ਰਚਾਰਕ ਤੇ ਸਮਾਜ ਸੁਧਾਰਕ ਸਨ। ਇਕ ਸਧਾਰਨ ਗਰੀਬ ਪਰਿਵਾਰ ਵਿਚ ਜਨਮ ਲੈ ਕੇ ਉਨ੍ਹਾਂ ਨੇ ਰੱਬ ਦਾ ਓਟ ਆਸਰਾ ਤੱਕਦਿਆਂ ਕਰੜੀ ਘਾਲਣਾ ਘਾਲ ਕੇ ਅਕਾਦਮਿਕ ਤੌਰ 'ਤੇ ਉਚੀਆਂ ਪ੍ਰਾਪਤੀਆਂ ਕੀਤੀਆਂ।

ਪ੍ਰਿੰਸੀਪਲ ਤੇਜਾ ਸਿੰਘ ਦਾ ਜਨਮ ਭਾਈ ਭਲਾਕਰ ਸਿੰਘ ਦੇ ਘਰ ਮਾਤਾ ਸੁਰਸਤੀ ਦੀ ਕੁੱਖੋਂ 2 ਜੂਨ 1893 ਨੂੰ ਪਿੰਡ ਅਡਿਆਲਾ, ਜ਼ਿਲ੍ਹਾ ਰਾਵਲਪਿੰਡੀ (ਲਹਿੰਦਾ ਪੰਜਾਬ)) ਵਿਚ ਹੋਇਆ। ਉਨ੍ਹਾਂ ਦਾ ਪਹਿਲਾ ਨਾਂ ਤੇਜ ਰਾਮ ਸੀ। ਪੰਜ ਸਾਲ ਦੀ ਉਮਰ ਵਿਚ ਅੰਮ੍ਰਿਤ ਛਕ ਕੇ ਤੇਜ ਰਾਮ ਤੋਂ ਤੇਜਾ ਸਿੰਘ ਹੋ ਗਏ। 1899 ਵਿਚ ਪ੍ਰਾਇਮਰੀ ਸਕੂਲ ਢੱਲਾ ਦੂਜੀ ਕਲਾਸ 'ਚ ਦਾਖਲਾ ਲਿਆ, 1908 ਵਿਚ ਅਠਵੀਂ ਜਮਾਤ ਵਿਚ ਅੱਵਲ ਰਹਿ ਕੇ ਵਜ਼ੀਫਾ ਹਾਸਿਲ ਕੀਤਾ। 1910 ਵਿਚ ਦਸਵੀਂ ਪਾਸ ਕੀਤੀ। ਭਾਈ ਨਿਹਾਲ ਸਿੰਘ ਤੇ ਭਾਈ ਰਾਮ ਚੰਦ ਸੋਟੀਆਂ ਵਾਲੇ ਤੋਂ ਗੁਰਮੁਖੀ ਸਿੱਖ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਦਿਤਾ। ਗੁਰਬਾਣੀ ਨਾਲ ਐਸੇ ਜੁੜੇ ਕਿ ਆਖਰੀ ਸਾਹ ਤੱਕ ਗੁਰਬਾਣੀ ਅਧਿਐਨ ਕਾਰਜਾਂ ਵਿਚ ਡਟੇ ਰਹੇ। ਮੌਲਵੀ ਕਲੀ ਮੁੱਲਾਂ ਤੋਂ ਉਰਦੂ ਤੇ ਫ਼ਾਰਸੀ ਸਿੱਖੀ।

ਸੰਨ 1912 ਵਿਚ ਐਫ. ਏ. ਪਾਸ ਕਰਕੇ ਉਹ ਸੰਤਾ ਸਿੰਘ ਸੁੱਖਾ ਸਿੰਘ ਸਕੂਲ, ਅੰਮ੍ਰਿਤਸਰ ਵਿਚ ਮੁੱਖ ਅਧਿਆਪਕ ਲਗੇ। 1914 ਵਿਚ ਬੀ. ਏ. ਪਾਸ ਕਰਨ ਉਪਰੰਤ ਮਾਡਰਨ ਕਾਲਜ, ਰਾਵਲਪਿੰਡੀ ਵਿਚ ਇੰਗਲਿਸ਼ ਤੇ ਇਤਿਹਾਸ ਪੜ੍ਹਾਉਣ ਲੱਗੇ। ਐਮ. ਏ. ਪਾਸ ਕਰਨ ਤੋਂ ਬਾਅਦ 1919 ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਇੰਗਲਿਸ਼, ਇਤਿਹਾਸ ਅਤੇ ਧਾਰਮਿਕ ਸਿਖਿਆ ਦੇ ਪ੍ਰੋਫੈਸਰ ਬਣੇ। 1936 ਵਿਚ ਉਨ੍ਹਾਂ ਮਲਾਇਆ ਦੀ ਯਾਤਰਾ ਵੀ ਕੀਤੀ। 1945 ਵਿਚ ਗੁਰੂ ਨਾਨਕ ਖਾਲਸਾ ਕਾਲਜ ਬੰਬਈ (ਮੁੰਬਈ) ਦੇ ਪ੍ਰਿੰਸੀਪਲ ਥਾਪੇ ਗਏ। 1948 ਵਿਚ ਪੰਜਾਬ ਯੂਨੀਵਰਸਿਟੀ ਦੇ ਪ੍ਰਕਾਸ਼ਨ ਵਿਭਾਗ ਦੇ ਸਕੱਤਰ ਬਣੇ। 1949 ਵਿਚ ਮਹਿੰਦਰਾ ਕਾਲਜ, ਪਟਿਆਲਾ ਦੇ ਪ੍ਰਿੰਸੀਪਲ ਨਿਯੁਕਤ ਹੋਏ। 1956 ਵਿਚ ਪੈਪਸੂ ਸਰਕਾਰ ਨੇ ਉਨ੍ਹਾਂ ਨੂੰ ਅਭਿਨੰਦਨ ਗ੍ਰੰਥ ਭੇਂਟ ਕਰਕੇ ਸਨਮਾਨਿਆ।

ਗੁਰਦੁਆਰਾ ਪ੍ਰਬੰਧ ਸੁਧਾਰ (ਅਕਾਲੀ) ਲਹਿਰ ਵਿਚ ਉਨ੍ਹਾਂ ਬੜੀ ਲਗਨ ਨਾਲ ਕੰਮ ਕੀਤਾ ਅਤੇ ਉਨ੍ਹਾਂ ਨੂੰ ਜੇਲ੍ਹ ਵੀ ਜਾਣਾ ਪਿਆ। 11-12 ਅਕਤੂਬਰ 1920 ਨੂੰ ਭਾਈ ਮਹਿਤਾਬ ਸਿੰਘ ਬੀਰ ਦੀ ਅਗਵਾਈ ਵਿਚ ਅੰਮ੍ਰਿਤਸਰ ਦੀ ਖਾਲਸਾ ਬਰਾਦਰੀ ਨੇ ਆਪਣਾ ਸਾਲਾਨਾ ਇਕਠ ਜਲ੍ਹਿਆਂ ਵਾਲਾ ਬਾਗ ਵਿਚ ਰਖਿਆ ਅਤੇ ਐਲਾਨ ਕੀਤਾ ਕਿ ਨੀਵੀਂਆਂ ਅਤੇ ਅਛੂਤ ਜਾਤੀਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਅਭੇਦ ਵਰਤਾਇਆ ਜਾਏਗਾ ਅਤੇ ਫਿਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਉਲਟ ਦਰਬਾਰ ਸਾਹਿਬ ਦੇ ਫਰੰਗੀ ਸਰਕਾਰ ਦੇ ਹੱਥ-ਠੋਕੇ ਪੁਜਾਰੀਆਂ ਨੇ ਢੰਡੋਰਾ ਫਿਰਵਾਇਆ ਕਿ ਉਸ ਦੀਵਾਨ ਵਿਚ ਕੋਈ ਸਿੱਖ ਨਾ ਜਾਵੇ। ਜਦ ਇਸ ਗੱਲ ਦਾ ਪਤਾ ਪ੍ਰਿੰਸੀਪਲ ਤੇਜਾ ਸਿੰਘ ਅਤੇ ਬਾਵਾ ਹਰਕਿਸ਼ਨ ਸਿੰਘ ਨੂੰ ਲੱਗਾ ਤਾਂ ਉਹ ਸਾਥੀ ਪ੍ਰੋਫੈਸਰਾਂ ਅਤੇ ਖਾਲਸਾ ਕਾਲਜ ਦੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਤੁਰੰਤ ਜਲ੍ਹਿਆਂ ਵਾਲਾ ਬਾਗ ਵਿਚ ਹਾਜ਼ਰ ਹੋ ਗਏ। ਅੰਮ੍ਰਿਤ-ਸੰਚਾਰ ਹੋਇਆ। ਅਗਲੇ ਦਿਨ ਹਰਿਮੰਦਰ ਸਾਹਿਬ ਪ੍ਰਜ ਕੇ ਕੜਾਹ ਪ੍ਰਸ਼ਾਦ ਦੇ ਕੌਲੇ ਭੇਂਟ ਕਰਨੇ ਸਨ। ਸੰਗਤ ਕੌਲੇ ਰਖ ਕੇ ਬੈਠ ਗਈ ਪਰ ਅੰਗਰੇਜੀ ਸਰਕਾਰ ਦੇ ਝੋਲੀ-ਚੁਕ ਪੁਜਾਰੀ ਸੰਗਤ ਦੇ ਨੇੜੇ ਨਾ ਢੁਕਣ, ਅਰਦਾਸ ਕਰਨਾ ਤਾਂ ਦੂਰ ਦੀ ਗੱਲ ਰਹੀ। ਇਸ ਮੌਕੇ 'ਤੇ ਪ੍ਰਿੰਸੀਪਲ ਤੇਜਾ ਸਿੰਘ, ਭਾਈ ਕਰਤਾਰ ਸਿੰਘ ਝੱਬਰ, ਭਾਈ ਤੇਜਾ ਸਿੰਘ ਚੂਹੜਕਾਣਾ, ਬਾਵਾ ਹਰਕਿਸ਼ਨ ਸਿੰਘ ਅਤੇ ਹੋਰ ਸਿੱਖ ਆਗੂ ਉਥੇ ਮੌਜੂਦ ਸਨ। ਅਰਦਾਸ ਪੁਜਾਰੀ ਕਰਨ ਜਾਂ ਸੰਗਤ ਵਿਚੋਂ ਕੋਈ ਸੱਜਣ ਕਰੇ, ਇਸ ਗੱਲ ਦਾ ਨਿਤਾਰਾ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁਕਮਨਾਮਾ ਲਿਆ ਗਿਆ। ਮੁੱਖ ਗ੍ਰੰਥੀ ਭਾਈ ਗੁਰਬਚਨ ਸਿੰਘ ਨੇ ਜੋ ਹੁਕਮ ਲਿਆ, ਉਹ ਸੀ,

ਸੋਰਠਿ ਮਹਲਾ 3 ਦੁਤੁਕੀ
ਨਿਗੁਣਿਆ ਨੋ ਆਪੇ ਬਖਸਿ ਲਏ
ਭਾਈ ਸਤਿਗੁਰ ਕੀ ਸੇਵਾ ਲਾਇ॥
(ਅੰਗ 638)

ਇਸ ਮਹਾਂਵਾਕ ਦੇ ਉਚਾਰਣ ਉਪਰੰਤ ਮੁੱਖ ਗ੍ਰੰਥੀ ਸਾਹਿਬ ਨੇ ਅਰਦਾਸ ਕੀਤੀ ਅਤੇ ਸਭ ਨੂੰ ਬਿਨਾਂ ਭੇਦ-ਭਾਵ ਪ੍ਰਸ਼ਾਦ ਵਰਤਾਇਆ ਗਿਆ। ਇੰਜ ਗੁਰਮਤਿ ਦੀ ਜਿਤ ਹੋਈ। ਇਹ ਵੇਖ ਕੇ ਅਕਾਲ ਤਖਤ ਦੇ ਪੁਜਾਰੀ ਤਖਤ ਸਾਹਿਬ ਤੋਂ ਭੱਜ ਗਏ। ਪੁਜਾਰੀਆਂ ਨੇ ਜਾ ਡਿਪਟੀ ਕਮਿਸ਼ਨਰ ਪਾਸ ਸ਼ਿਕਾਇਤ ਕੀਤੀ। ਡੀ. ਸੀ. ਨੇ ਇਕ ਪਾਸਿਓਂ ਪੁਜਾਰੀਆਂ ਅਤੇ ਦੂਜੇ ਪਾਸਿਓਂ ਪ੍ਰਿੰਸੀਪਲ ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ ਅਤੇ ਸੱਤ ਹੋਰਨਾਂ ਨੂੰ ਬੁਲਾਵਾ ਭੇਜਿਆ। ਪੁਜਾਰੀਆਂ ਵਾਲੀ ਧਿਰ ਹਾਜ਼ਰ ਨਾ ਹੋਈ। ਇੰਜ ਹੌਲੀ ਹੌਲੀ ਦਰਬਾਰ ਸਾਹਿਬ ਦਾ ਪ੍ਰਬੰਧ ਪੰਥ ਦੇ ਹਵਾਲੇ ਕੀਤਾ ਗਿਆ। ਇਸ ਘਟਨਾ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਢ ਬੱਝਿਆ। ਇਸ ਸਬੰਧ ਵਿਚ ਜਿੰਨੀਆਂ ਵੀ ਛੋਟੀਆਂ ਮੋਟੀਆਂ ਕਮੇਟੀਆਂ ਬਣੀਆਂ ਉਨ੍ਹਾਂ ਸਭ ਵਿਚ ਪ੍ਰਿੰਸੀਪਲ ਤੇਜਾ ਸਿੰਘ ਨੇ ਕੋਈ ਨਾ ਕੋਈ ਜ਼ਿੰਮੇਵਾਰੀ ਨਿਭਾਈ।

ਸ਼੍ਰੋਮਣੀ ਕਮੇਟੀ ਵਲੋਂ ਸਿੱਖ ਰਹਿਤ ਮਰਿਆਦਾ ਦਾ ਖਰੜਾ ਤਿਆਰ ਕਰਨ ਸਮੇਂ ਪ੍ਰਿੰਸੀਪਲ ਤੇਜਾ ਸਿੰਘ ਦਾ ਬਹੁਤ ਯੋਗਦਾਨ ਰਿਹਾ। ਉਨ੍ਹਾਂ ਗੁਰਦੁਆਰਾ ਪ੍ਰਬੰਧ ਸੁਧਾਰ (ਅਕਾਲੀ) ਲਹਿਰ 'ਤੇ ਇਕ ਕਿਤਾਬ ਵੀ ਲਿਖੀ ਜੋ ਕਿ ਸ਼੍ਰੋਮਣੀ ਕਮੇਟੀ ਨੇ ਛਾਪੀ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਉਨ੍ਹਾਂ ਦੇ ਲਿਖੇ ਕਈ ਇੰਦਰਾਜ ਬਹੁਤ ਪ੍ਰਸ਼ੰਸਾਯੋਗ ਹਨ। ਇਸ ਕੋਸ਼ ਦੀ ਭੂਮਿਕਾ ਵੀ ਉਨ੍ਹਾਂ ਦੀ ਲਿਖੀ ਹੋਈ ਹੈ। ਉਹ ਭਾਰਤੀ ਸਾਹਿਤ ਅਕਾਦਮੀ ਦੇ ਸਲਾਹਕਾਰ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਉਪ ਪ੍ਰਧਾਨ ਵੀ ਰਹੇ।

**ਰਚਨਾਵਾਂ:** ਇੰਗਲਿਸ਼- ਗਰੋਥ ਆਫ ਰਿਸਪਾਨਸਿਬਿਲਿਟੀ ਇਨ ਸਿਖਿਜ਼ਮ, ਏ ਸ਼ਾਰਟ ਹਿਸਟਰੀ ਆਫ ਦੀ ਸਿਖਸ, ਦੀ ਆਸਾ-ਦੀ-ਵਾਰ, ਹਾਈ ਰੋਡਜ਼ ਆਫ ਸਿੱਖ ਹਿਸਟਰੀ (ਤਿੰਨ ਭਾਗ),



ਪ੍ਰਿੰਸੀਪਲ ਤੇਜਾ ਸਿੰਘ ਦਾ ਇਕ ਚਿੱਤਰ

ਸਿਖਿਜ਼ਮ ਗੁਰਦੁਆਰਾ ਰੀਫਾਰਮ ਮੂਵਮੈਂਟ, ਸਿਖਿਜ਼ਮ: ਇਟਸ ਆਈਡਲਜ਼ ਐਂਡ ਇੰਸਟੀਟਿਊਸ਼ਨਜ਼, ਸ੍ਰੀ ਗੁਰੂ ਗ੍ਰੰਥ ਦਾ ਅੰਗਰੇਜ਼ੀ ਵਿਚ ਅਨੁਵਾਦ ਉਹ ਪੂਰਾ ਨਾ ਕਰ ਸਕੇ।

ਪੰਜਾਬੀ: ਨਵੀਆਂ ਸੋਚਾਂ, ਸਹਿਜ-ਸੁਭਾ, ਸਭਿਆਚਾਰ, ਆਰਸੀ (ਸਵੈ-ਜੀਵਨੀ), ਸਾਹਿਤ ਦਰਸ਼ਨ, ਪੰਜਾਬੀ ਕਿਵੇਂ ਲਿਖੀਏ, ਸ਼ਬਦਾਂਤਿਕ ਲਗਾਂ ਮਾਤਰਾਂ।

ਸ਼ਬਦ ਕੋਸ਼: ਸ਼ਬਦਾਰਥ, ਅੰਗਰੇਜ਼ੀ-ਪੰਜਾਬੀ ਕੋਸ਼।

ਪ੍ਰਿੰਸੀਪਲ ਤੇਜਾ ਸਿੰਘ ਦੀ ਵਾਰਤਕ ਬਹੁਤ ਹੀ ਮਿੱਠੀ ਅਤੇ ਸਰਲ ਸੀ, ਛੋਟੇ ਛੋਟੇ ਵਾਕਾਂ ਨਾਲ ਜੜ੍ਹੀ। ਨਮੂਨੇ ਵਜੋਂ ਉਨ੍ਹਾਂ ਦੇ ਲੇਖ 'ਵਿਹਲੀਆਂ ਗੱਲਾਂ' (ਨਵੀਆਂ ਸੋਚਾਂ) ਵਿਚੋਂ ਇਕ ਨਮੂਨਾ ਹਾਜ਼ਰ ਹੈ, "...ਪਿਆਰ ਦੇ ਮਾਮਲੇ ਵਿਚ ਤਾਂ ਵਿਹਲੀਆਂ ਗੱਲਾਂ ਇਕ ਖਾਸ ਮਹਾਨਤਾ ਰੱਖਦੀਆਂ ਹਨ। ਇਹ ਪ੍ਰੇਮੀਆਂ ਦੇ ਰੂਹ ਦੀ ਖੁਰਾਕ ਹਨ। ਹਰ ਇਕ ਪ੍ਰੇਮੀ ਏਹੋ ਕਹਿੰਦਾ ਹੈ ਕਿ ਦੁਨੀਆਂ ਸਾਰੀ ਲਾਂਭੇ ਹੋ ਜਾਏ ਤੇ ਬੱਸ, 'ਇਕ ਤੂੰ ਹੋਵੇਂ, ਇਕ ਮੈਂ ਹੋਵਾਂ ਤੇ ਦੋਵੇਂ ਬਹਿ ਕੇ ਗੱਲਾਂ ਕਰੀਏ।

ਟਾਹਲੀ ਦੇ ਥੱਲੇ ਬਹਿ ਕੇ,
ਹਾਂ, ਮਾਹੀਆ ਵੇ!
ਆ ਕਰੀਏ ਦਿਲ ਦੀਆਂ ਗੱਲਾਂ।
ਤੂੰ ਮੇਰਾ ਦਰਦ ਵੰਡਾਵੇਂ
ਮੈਂ ਤੇਰੇ ਦਰਦ ਉਥੱਲਾਂ।

ਅੰਬੀ ਦਾ ਬੂਟਾ ਹੋਵੇ ਜਾਂ ਖੜ ਖੜ ਕਰਦੇ ਪੱਤਰਾਂ ਵਾਲਾ ਪਿੱਪਲ, ਜਿਥੇ ਵੀ ਬਹਿ ਦਿਲ ਦੀਆਂ ਕੋਮਲ ਗੱਲਾਂ ਕੀਤੀਆਂ ਹੋਣ ਉਹ ਥਾਂ ਦਿਲ ਤੋਂ ਨਹੀਂ ਭੁਲਦਾ, ਬਲਕਿ ਯਾਦਗਾਰ ਕਾਇਮ ਕਰਨ ਦੇ ਲਾਇਕ ਹੋ ਜਾਂਦਾ ਹੈ।

ਜਿਥੇ ਬਹਿ ਗੱਲਾਂ ਕੀਤੀਆਂ
ਬੂਟਾ ਰੱਖਿਆ ਨਿਸ਼ਾਨੀ।"

---

1972 ਦੀ ਗੱਲ ਹੈ, ਮੈਂ ਦਸਵੀਂ ਜਮਾਤ ਵਿਚ ਉਨ੍ਹਾਂ ਦਾ ਲੇਖ 'ਸਾਊਪੁਣਾ (ਨਵੀਆਂ ਸੋਚਾਂ ਵਿਚੋਂ)' ਪੜ੍ਹਿਆ ਸੀ। ਇਸ ਲੇਖ ਵਿਚ ਉਨ੍ਹਾਂ ਸਭਿਅਕ ਜਾਂ ਸੁਲਝੇ ਹੋਏ ਸੁਹਿਰਦ ਮਨੁਖ ਦੇ ਲੱਛਣ ਦੱਸੇ ਹਨ। ਮੇਰੇ ਚੇਤੇ ਵਿਚ ਇਸ ਲੇਖ ਦੀਆਂ ਅਖੀਰਲੀਆਂ ਲਾਈਨਾਂ, ਅੱਜ 41 ਸਾਲ ਬਾਅਦ ਵੀ ਉਵੇਂ ਦੀਆਂ ਉਵੇਂ ਉਕਰੀਆਂ ਹੋਈਆਂ ਹਨ। ਲਾਈਨਾਂ ਸਨ, "ਸਾਊ ਆਦਮੀ ਲੋਕਾਂ ਨੂੰ ਬਹੁਤ ਨਸੀਹਤਾਂ ਨਹੀਂ ਕਰਦਾ। ਇਹ ਭੀ ਗੁਸਤਾਖੀ ਗਿਣੀ ਜਾਂਦੀ ਹੈ। ਚੰਗਾ ਫਿਰ ਮੈਂ ਇਹ ਗੁਸਤਾਖੀ ਬੰਦ ਕਰਦਾ ਹਾਂ।"

ਕਹਾਣੀਕਾਰ ਸ. ਕਰਤਾਰ ਸਿੰਘ ਦੁੱਗਲ ਆਪਣੀ ਸਵੈ-ਜੀਵਨੀ 'ਕਿਸੁ ਪਹਿ ਖੋਲਉ ਗੰਠੜੀ' (ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1996) 'ਚ ਪ੍ਰਿੰਸੀਪਲ ਤੇਜਾ ਸਿੰਘ ਦੀਆਂ ਯਾਦਾਂ ਬਾਰੇ ਲਿਖਦੇ ਹਨ, "ਮੈਨੂੰ ਯਾਦ ਹੈ, ਇਕ ਵਾਰ ਪ੍ਰੋਫੈਸਰ ਤੇਜਾ ਸਿੰਘ ਨੇ ਅੰਮ੍ਰਿਤਾ (ਪ੍ਰੀਤਮ) ਦੀ ਕਿਸੇ ਕਿਤਾਬ ਦਾ ਰੀਵਿਊ ਕੀਤਾ। ਹਮੇਸ਼ਾ ਵਾਂਗ ਰਜ ਕੇ ਤਾਰੀਫ ਕੀਤੀ। ਹੁਣ ਤੇਜਾ ਸਿੰਘ ਉਡੀਕ ਕਰਨ ਲਗੇ ਕਿ ਅੰਮ੍ਰਿਤਾ ਉਨ੍ਹਾਂ ਨੂੰ ਘਟੋ ਘਟ ਚਿਠੀ ਤਾਂ ਲਿਖੇ ਪਰ ਜਾਪਦਾ ਹੈ ਇਹਨੇ ਇੰਜ ਨਹੀਂ ਕੀਤਾ ਸੀ। ਕੁਝ ਦਿਨਾਂ ਬਾਅਦ ਪ੍ਰੋਫੈਸਰ ਸਾਹਿਬ ਨੇ ਮੈਨੂੰ ਚਿਠੀ ਲਿਖੀ, 'ਮੈਂ ਅੰਮ੍ਰਿਤਾ ਦੀ ਕਿਤਾਬ ਦੀ ਇੰਨੀ ਪ੍ਰਸੰਸਾ ਕੀਤੀ ਹੈ ਪਰ ਮੈਨੂੰ ਅਜੇ ਤੀਕ ਉਹਦੇ ਹਸੀਨ ਸ਼ੁਕਰੀਏ ਦੀ ਇੰਤਜ਼ਾਰ ਹੈ।' ਉਨ੍ਹਾਂ ਦਿਨਾਂ ਵਿਚ ਪ੍ਰੋ. ਤੇਜਾ ਸਿੰਘ ਖਾਲਸਾ ਕਾਲਜ ਬੰਬਈ ਦੇ ਪ੍ਰਿੰਸੀਪਲ ਸਨ।"

ਸ. ਕਿਰਪਾਲ ਸਿੰਘ ਕਸੇਲ ਆਪਣੀ ਸਵੈ-ਜੀਵਨੀ 'ਪੌਣੀ ਸਦੀ ਦਾ ਸਫਰ' (ਪੰਜਾਬੀ ਪਬਲੀਕੇਸ਼ਨ, ਪਟਿਆਲਾ) 'ਚ ਪ੍ਰਿੰਸੀਪਲ ਤੇਜਾ ਸਿੰਘ ਦੀਆਂ ਯਾਦਾਂ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ, "ਸਵਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਵਾਸਤਵਿਕ ਉਸਰਈਆਂ ਵਿਚੋਂ ਸਨ। ਉਨ੍ਹਾਂ ਨੇ ਆਪਣੇ ਜੀਵਨ ਵਿਚ ਬਹੁਤ ਸਾਰੇ ਨਵੇਂ ਪੰਜਾਬੀ ਲੇਖਕਾਂ ਅਤੇ ਕਵੀਆਂ ਨੂੰ ਉਤਸ਼ਾਹ ਦਿਤਾ, ਪਰ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਆਪ ਅਧਰੰਗ ਦੇ ਚੰਦਰੇ ਰੋਗ ਦਾ ਸ਼ਿਕਾਰ ਹੋ ਗਏ। ਇਥੋਂ ਤੱਕ ਕਿ ਚਲਣਾ ਫਿਰਨਾ ਤੇ ਉਠਣਾ ਬੈਠਣਾ ਵੀ ਮੁਸ਼ਕਿਲ ਹੋ ਗਿਆ। ਇਕ ਦਿਨ ਮੇਰੇ ਨਾਲ ਕੁਝ ਪ੍ਰਮੁੱਖ ਸਾਹਿਤਕਾਰ ਸ. ਹਰਿੰਦਰ ਸਿੰਘ ਰੂਪ ਅਤੇ ਸ. ਨਰਿੰਦਰ ਸਿੰਘ ਸੋਚ ਉਨ੍ਹਾਂ ਦੀ ਖਬਰ ਲੈਣ ਉਨ੍ਹਾਂ ਦੇ ਰੇਸ ਕੋਰਸ ਰੋਡ (ਅੰਮ੍ਰਿਤਸਰ) ਵਾਲੇ ਨਿਵਾਸ ਸਥਾਨ 'ਤੇ ਗਏ। ਸ਼ਾਮ ਦਾ ਵੇਲਾ ਸੀ, ਉਹ ਬਾਹਰ ਆਰਾਮ ਕੁਰਸੀ ਉਤੇ ਮਾਲਟੇ ਦੇ ਬ੍ਰਿਛ ਕੋਲ ਬੈਠੇ ਸਨ। ਲਾਗੇ 3-4 ਫੁੱਟ ਦੀ ਦੂਰੀ ਉਤੇ ਤਪੜੀ ਵਿਛਾ ਕੇ ਭਗਤ ਪੂਰਨ ਸਿੰਘ (ਪਿੰਗਲਵਾੜਾ) ਜੀ ਬੈਠੇ ਸਨ। ਉਹ ਕੁਝ ਅਖਬਾਰਾਂ ਦੇ ਪੰਨੇ ਪਰਤ ਪਰਤ ਕੇ ਕੁਝ ਨੋਟ ਲਿਖ ਰਹੇ ਸਨ। ਜਦੋਂ ਅਸੀਂ ਪ੍ਰਿੰ. ਸਾਹਿਬ ਨੂੰ ਫਤਿਹ ਬੁਲਾਈ, ਹੱਥ ਜੋੜ ਕੇ ਨਮਸਕਾਰ ਕੀਤੀ, ਗੋਡੀਂ ਹੱਥ ਲਾਇਆ ਤਾਂ ਉਨ੍ਹਾਂ ਦੇ ਮਨ ਵਿਚ ਪਤਾ ਨਹੀਂ ਕੀ ਆਇਆ, ਕਹਿਣ ਲਗੇ, 'ਅੰਦਰ ਚਲਦੇ ਹਾਂ।' ਅਸੀਂ ਉਨ੍ਹਾਂ ਨੂੰ ਫੜ ਕੇ ਸਹਿਜੇ ਸਹਿਜੇ ਅੰਦਰ ਲੈ ਗਏ ਅਤੇ ਪਲੰਘ ਉਤੇ ਬਿਠਾ ਦਿਤਾ, ਜਿਸ ਦੇ ਪਿਛੇ ਵਾਸਣਾ ਲੱਗਾ ਹੋਇਆ ਸੀ। ਆਪ ਬੈਠ ਗਏ ਅਤੇ ਬੜੇ ਪ੍ਰਸੰਨ ਹੋ ਕੇ ਖਿੜਖਿੜਾ ਕੇ ਹਸ ਪਏ। ਇੰਨੇ ਨੂੰ ਅਸੀਂ ਵੀ ਕਮਰੇ ਵਿਚੋਂ ਕੁਰਸੀਆਂ ਖਿਸਕਾ ਕੇ ਉਨ੍ਹਾਂ ਦੇ ਨੇੜੇ ਬੈਠ ਗਏ। ਪ੍ਰਿੰ. ਸਾਹਿਬ ਦੇ ਨੇਤਰਾਂ ਵਿਚੋਂ ਹੰਝੂਆਂ ਦੀ ਝੜੀ ਵਹਿ ਤੁਰੀ ਤੇ ਉਨ੍ਹਾਂ ਦੇ ਸਫੈਦ ਖੁਲ੍ਹੇ ਦਾੜ੍ਹੇ ਉਤੇ ਅਨੇਕ ਮੋਤੀ ਚਮਕਣ ਲਗੇ। ਫਿਰ ਉਨ੍ਹਾਂ ਨੇ ਇਕ ਪਾਸੇ ਮੰਜੇ ਦੇ ਨਾਲ ਦੀ ਅਲਮਾਰੀ ਵਿਚੋਂ ਸ਼ਬਦਾਰਥ ਦੀ ਇਕ ਪੋਥੀ ਫੜੀ ਤੇ ਖੋਲ੍ਹ ਕੇ ਜਿਵੇਂ ਵਾਕ ਲੈਣਾ ਹੁੰਦਾ ਹੈ, ਬੋਲਣ ਲਗ ਪਏ, 'ਰਵਿਦਾਸ ਜੀ ਦਾ ਗਾਉੜੀ ਰਾਗ ਦਾ ਸ਼ਬਦ ਸੀ (ਬੇਗਮਪੁਰਾ ਸਹਰ ਕੋ ਨਾਉ)। ਉਨ੍ਹਾਂ ਨੇ ਇਸ ਸ਼ਬਦ ਦੀ ਵਿਆਖਿਆ ਕਰਨੀ ਸ਼ੁਰੂ ਕਰ ਦਿਤੀ। ਪਤਾ ਨਹੀਂ ਕਿਵੇਂ ਸਮਾਂ ਰੁਕ ਗਿਆ। ਪ੍ਰਿੰ. ਸਾਹਿਬ ਉਸ ਸ਼ਬਦ ਦੀ ਵਿਆਖਿਆ ਕਰਦੇ ਰਹੇ, ਕਦੀ ਖੁਲ੍ਹ ਕੇ ਹਸ ਪੈਂਦੇ, ਕਦੀ ਅੱਖਾਂ ਵਿਚੋਂ ਮੋਤੀ ਲੜੀਆਂ ਬਿਖੇਰਦੇ ਭਾਵ ਭਿੰਨੀ ਅਵਾਜ਼ ਵਿਚ ਦਰਵ ਜਾਂਦੇ, ਸਮੇਂ ਦੀ ਚਾਲ ਰੁਕ ਗਈ। ਪ੍ਰਿੰ. ਸਾਹਿਬ ਦਾ ਵਿਖਿਆਨ ਜਾਰੀ ਰਿਹਾ ਤੇ ਸਾਨੂੰ ਪਤਾ ਵੀ ਨਾ ਲਗਾ ਕਿ ਡੇਢ ਘੰਟਾ ਕਿਵੇਂ ਬੀਤ ਗਿਆ।"

ਪ੍ਰਿੰਸੀਪਲ ਤੇਜਾ ਸਿੰਘ ਆਖਰੀ ਉਮਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੰਗਲਿਸ਼ ਵਿਚ ਉਲਥਾ ਕਰ ਰਹੇ ਸਨ। ਅਨੁਵਾਦ ਦੇ ਇਸ ਕਾਰਜ ਵਿਚ ਅਜੇ ਉਹ ਮਾਝ ਰਾਗ ਤਕ ਹੀ ਪਹੁੰਚੇ ਸਨ ਕਿ ਧੁਰ ਦਰਗਾਹੀਂ ਸੱਦੇ ਆ ਗਏ। 10 ਜਨਵਰੀ 1958 ਨੂੰ ਉਹ ਪਰਲੋਕ ਸਿਧਾਰ ਗਏ। ਉਨ੍ਹਾਂ ਦਾ ਇਹ ਅਨੁਵਾਦ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤਾ ਹੈ।

**-ਕੁਲਦੀਪ ਸਿੰਘ**
**ਯੂਨੀਅਨ ਸਿਟੀ, ਕੈਲੀਫੋਰਨੀਆ।**

# ਕੁੜੀ ਦਾ ਪਿਓ

**(ਪਿਛਲੇ ਸਫੇ ਤੋਂ ਜਾਰੀ)**

ਕੱਲ੍ਹ ਲੋਹੜੀ ਹੈ, ਮੇਰੀ ਪੋਤੀ ਜ਼ਾਵੀਆ ਦੀ ਪਹਿਲੀ ਲੋਹੜੀ। ਮੈਂ ਫਿਰ ਅਤੀਤ ਵਿਚ ਪ੍ਰਵੇਸ਼ ਕਰ ਜਾਂਦੀ ਹਾਂ, ਬਸ ਸਾਲ ਕੁ ਪਿਛੇ...ਪੋਤੀ ਲਈ ਮੇਰੀ ਸਿੱਕ ਨੂੰ ਭਾਂਪਦੀ ਹੋਈ ਰਿਚਾ, ਮੇਰੀ ਨੂੰਹ, ਮੇਰੇ ਪੁੱਤਰ ਦੀਪੀ ਨੂੰ ਕਹਿ ਰਹੀ ਹੈ, "ਮੈਨੂੰ ਡਰ ਹੈ ਕਿ ਜੇ ਸਾਡੇ ਮੁੰਡਾ ਪੈਦਾ ਹੋ ਗਿਆ ਤਾਂ ਮਾਮਾ ਨੇ ਤਾਂ ਉਹਨੂੰ ਪਿਆਰ ਹੀ ਨਹੀਂ ਕਰਨਾ।"

ਉਨ੍ਹਾਂ ਦੇ ਬੈਡਰੂਮ ਤੋਂ ਬਾਹਰ, ਲੌਬੀ ਵਿਚ ਬੈਠਦਿਆਂ ਮੈਂ ਸੁਣ ਲਿਆ ਤੇ ਗੁਆਚ ਗਈ ਹਾਂ ਅਤੀਤ ਵਿਚ, ਦੂਰ ਪਿਛੇ...।

---

ਰੱਖੜੀ ਦੇ ਤਿਉਹਾਰ ਤੋਂ ਇਕ ਦਿਨ ਪਹਿਲਾਂ ਹੁਣੇ ਹੀ ਸਕੂਲੋਂ ਪਰਤਿਆ, ਖਾਣੇ ਦੇ ਮੇਜ਼ 'ਤੇ ਬੈਠਾ ਸੱਤ ਸਾਲਾਂ ਦਾ ਦੀਪੀ ਬਹੁਤ ਉਦਾਸ ਹੈ, ਬੁਝਿਆ ਬੁਝਿਆ।

"ਕੀ ਗੱਲ ਹੈ ਪੁੱਤਰ, ਖਾਣਾ ਕਿਉਂ ਨਹੀਂ ਖਾ ਰਿਹਾ?" ਮੈਂ ਪੁਚਕਾਰਦੀ ਹਾਂ। ਦੀਪੀ ਚੁੱਪ ਹੈ, ਡਾਢਾ ਮੁਰਝਾਇਆ ਹੋਇਆ।

"ਕਿਉਂ ਬੱਚੇ? ਕੀ ਗੱਲ ਹੈ?" ਮੈਂ ਉਹਦਾ ਮੱਥਾ ਚੁੰਮਦੀ ਹਾਂ।

"ਕੱਲ੍ਹ ਰੱਖੜੀ ਹੈ...ਤੇ ਮੇਰੀ ਕੋਈ ਭੈਣ ਨਹੀਂ...।" ਦੀਪੀ ਦੀਆਂ ਅੱਖਾਂ ਛਲਕ ਪਈਆਂ ਹਨ, "ਮੈਨੂੰ ਭੈਣ ਚਾਹੀਦੀ ਹੈ, ਰੱਖੜੀ ਬੰਨ੍ਹਣ ਲਈ।" ਹੁਣ ਦੀਪੀ ਆਪੇ ਤੋਂ ਬਾਹਰ ਹੋ ਰਿਹਾ ਹੈ, ਕ੍ਰੋਧ ਤੇ ਕਰੁਣਾ ਵਿਚ ਫੁੱਟ ਫੁੱਟ।

"ਗਿਫ਼ਟੀ ਤੇ ਰਿੱਪੀ ਤੇਰੀ ਭੂਆ ਦੀਆਂ ਧੀਆਂ ਭੈਣਾਂ ਹੀ ਤਾਂ ਨੇ। ਉਨ੍ਹਾਂ ਦੀਆਂ ਰੱਖੜੀਆਂ ਪਹੁੰਚ ਗਈਆਂ ਹਨ। ਅੰਮ੍ਰਿਤਸਰੋਂ ਤੇਰੀ ਤਾਈ ਜੀ ਨੇ ਰੂਬੀ ਤੇ ਚਾਂਦੀ ਵਲੋਂ ਰੱਖੜੀਆਂ ਵੀ ਭੇਜ ਦਿੱਤੀਆਂ ਨੇ ਤੇ ਤੇਰੀ ਗੁਆਂਢ-ਦੀਦੀ ਰੇਖਾ ਵੀ ਆਏਗੀ ਕੱਲ੍ਹ। ਹਮੇਸ਼ਾ ਵਾਂਗ ਤੇਰੀ ਆਰਤੀ ਉਤਾਰੇਗੀ। ਟਿੱਕਾ ਲਾਏਗੀ। ਸਾਰੀਆਂ ਭੈਣਾਂ ਦੀਆਂ ਆਈਆਂ ਹੋਈਆਂ ਰੱਖੜੀਆਂ ਰੇਖਾ ਬੰਨ੍ਹੇਗੀ...ਸਾਨੂੰ ਰੱਖੜੀਆਂ ਦਾ ਕੀ ਘਾਟਾ ਹੈ?"

"ਮੈਨੂੰ ਇਹ ਸਭ ਭੈਣਾਂ ਨਹੀਂ ਚਾਹੀਦੀਆਂ। ਆਪਣੀ ਭੈਣ ਚਾਹੀਦੀ ਹੈ, ਆਪਣੀ ਮਾਂ ਦੇ ਪੇਟੋਂ...।" ਦੀਪੀ ਚੀਕ ਉਠਿਆ ਹੈ, ਡਾਢੀ ਤੜਫਾਹਟ ਨਾਲ।

---

"ਹੱਛਾ ਪੁੱਤਰ, ਜਦੋਂ ਤੇਰੇ ਘਰ ਬੇਟੀ ਪੈਦਾ ਹੋਵੇਗੀ ਨਾ, ਤਾਂ ਮੈਂ ਉਹਨੂੰ ਗੋਦ ਲੈ ਲਵਾਂਗੀ। ਉਹ ਤੇਰੀ ਭੈਣ ਬਣ ਜਾਵੇਗੀ...।" ਮੈਂ ਉਹਨੂੰ ਬਾਹਾਂ ਵਿਚ ਲੈ ਕੇ ਦਿਲਾਸਾ ਦੇਣ ਲੱਗਦੀ ਹਾਂ।

"ਹੂੰ! ਮੈਂ ਆਪਣੀ ਬੇਟੀ ਤੁਹਾਨੂੰ ਦੇ ਦੇਵਾਂਗਾ? ਕਿਉਂ? ਕਦੇ ਵੀ ਨਹੀਂ।" ਫੁੰਕਾਰਾ ਮਾਰਦਾ ਦੀਪੀ ਮੇਰੀ ਗਲਵਕੜੀ ਵਿਚੋਂ ਨਿਕਲ ਜਾਂਦਾ ਹੈ।

---

ਅੱਜ ਦੀਪੀ ਦੀ ਖੁਸ਼ੀ ਦਾ ਅੰਤ ਨਹੀਂ। ਲੋਹੜੀ ਦੀਆਂ ਤਿਆਰੀਆਂ ਹੋ ਰਹੀਆਂ ਹਨ। ਮਹਿਮਾਨਾਂ ਨੂੰ ਸੱਦੇ ਦਿੱਤੇ ਗਏ ਹਨ। ਕਨਾਤਾਂ ਲੱਗ ਗਈਆਂ ਹਨ। ਹਲਵਾਈਆਂ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਵਿਹੜੇ ਵਿਚ ਲੋਹੜੀ ਬਾਲਣ ਲਈ ਲੱਕੜਾਂ ਬੀੜੀਆਂ ਜਾ ਚੁੱਕੀਆਂ ਹਨ। ਢੋਲੀ ਵੀ ਵੇਲੇ ਸਿਰ ਆ ਜਾਵੇਗਾ। ਦੀਪੀ ਇਸ ਸਮਾਗਮ ਦੇ ਹਰ ਪੜਾਅ ਨੂੰ ਫਿਲਮ-ਬੱਧ ਕਰ ਰਿਹਾ ਹੈ। ਦਸ ਮਹੀਨਿਆਂ ਦੀ ਸਾਡੀ ਜ਼ਾਵੀਆ ਸਾਰਿਆਂ ਦੀਆਂ ਬਾਹਾਂ ਵਿਚ ਵਾਰੋ-ਵਾਰ ਪਲੰਮਦੀ ਗੁਟਕ ਰਹੀ ਹੈ, ਖਿੜੀ ਖਿੜੀ।

ਦੇਰ ਨਾਲ ਹੀ ਸਹੀ ਪਰ ਭੁੱਖੇ ਦੀ ਰੋਟੀ ਪੱਕੀ ਤਾਂ ਹੈ! ਮੈਂ ਸ਼ੁਕਰ ਸ਼ੁਕਰ ਹਾਂ। ਸ਼ਕਲ, ਕੱਦ-ਬੁੱਤ, ਚਾਲ ਢਾਲ, ਆਵਾਜ਼, ਅੰਦਾਜ਼ ਤੇ ਹੋਰ ਪਤਾ ਨਹੀਂ ਕਿਤਨਾ ਕੁਝ ਤੇ ਕਿੱਥੇ ਕਿੱਥੇ ਅਕਹਿ ਜਿਹਾ, ਦੀਪੀ ਦਾ ਪਿਓ ਸ਼ਾਮਲ ਹੈ, ਦੀਪੀ ਵਿਚ।

'ਨਿਰਾ ਪਿਓ।' ਮੈਂ ਅਕਸਰ ਹੀ ਕਹਿ ਉਠਦੀ ਹਾਂ ਪਰ ਅੱਜ ਨਹੀਂ। ਦੀਪੀ ਨੇ ਵਿਰਾਸਤ ਵਿਚ ਆਪਣੇ ਪਿਓ ਦੀ ਸੰਕੀਰਨਤਾ ਨਹੀਂ ਲਈ ਤੇ ਨਾ ਹੀ ਲਿਆ ਹੈ ਉਸ ਜੀਤ ਦਾ 'ਕੁੜੀ ਦਾ ਪਿਓ' ਨਾ ਬਣਨ ਦਾ ਇਰਾਦਾ।

ਸਾਗਵਾਨ ਦੀ ਲੱਕੜ-ਜੜੀ ਚੌਗਾਠ ਮੇਰੇ ਹੱਥਾਂ ਵਿਚ ਹੈ। ਮੈਂ ਤਸਵੀਰ ਸਮੇਤ ਇਹਨੂੰ ਲੋਹੜੀ ਲਈ ਜੁੜੀਆਂ-ਬੀੜੀਆਂ ਲੱਕੜਾਂ ਵਿਚ ਸੁੱਟਣ ਜਾਂਦੀ ਹਾਂ। ਸੁੱਟਦੀ ਸੁੱਟਦੀ ਰੁਕ ਜਾਂਦੀ ਹਾਂ।...ਕੀ ਇਹਨੂੰ ਨਸ਼ਟ ਕਰਨ ਨਾਲ ਮੇਰਾ ਹੰਢਾਇਆ ਹੋਇਆ ਅਤੀਤ ਨਸ਼ਟ ਹੋ ਜਾਵੇਗਾ? ਕੀ ਉਸ ਪਲ ਦਾ ਸੰਤਾਪ ਮੇਰੇ ਇਸ ਪਲ ਦੇ ਵਿਸਮਾਦ ਦਾ ਆਗਾਜ਼ ਨਹੀਂ?

# ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸੰਗਰਾਂਦ

**(ਸਫਾ 27 ਦੀ ਬਾਕੀ)**

ਕੀਤਾ ਅਤੇ ਕਿਹਾ,

ਗੁਰ ਗਿਆਨੁ ਸਾਚਾ ਥਾਨੁ
ਤੀਰਥੁ ਦਸ ਪੁਰਬ ਸਦ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ
ਜਾਚਉ ਦੇਹੁ ਪ੍ਰਭ ਧਰਣੀਧਰਾ॥
(ਪੰਨਾ 687)

ਅਰਥਾਤ ਗੁਰੂ ਦਾ ਬਖ਼ਸ਼ਿਆ ਰੱਬੀ ਗਿਆਨ ਹੀ ਅਸਲੀ ਤੀਰਥ ਹੈ। ਇਹ ਗਿਆਨ ਹੀ ਮੇਰੇ ਵਾਸਤੇ ਦਸ ਪੁਰਬ ਅਤੇ ਗੰਗਾ ਦਾ ਜਨਮ ਦਿਨ ਹੈ। ਇਸ ਗਿਆਨ ਦੇ ਹੁੰਦਿਆਂ ਦਸ ਪੁਰਬਾਂ (ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਸੂਰਜ ਗ੍ਰਹਿਣ, ਚੰਦ ਗ੍ਰਹਿਣ, ਚਾਨਣਾ ਐਤਵਾਰ, ਦੋ ਅਸ਼ਟਮੀਆਂ, ਦੋ ਚੌਦੇਂ) ਅਤੇ ਦਸਾਹਰਾ (ਦਸ ਪਾਪ ਹਰਨ ਵਾਲਾ ਗੰਗਾ ਨਦੀ ਦਾ ਜਨਮ ਦਿਨ ਜੇਠ ਸੁਦੀ ਦਸ਼ਮੀ) ਦੀ ਸਿੱਖ ਲਈ ਕੋਈ ਕੀਮਤ ਨਹੀਂ ਅਤੇ ਇਨ੍ਹਾਂ ਦਿਨਾਂ ਪ੍ਰਤੀ ਸ਼ਰਧਾ ਗੁਰ ਉਪਦੇਸ਼ ਦੇ ਪ੍ਰਤੀਕੂਲ ਹੈ। ਸੂਰਜ ਚੰਦ ਆਦਿ ਕਰਤੇ ਦੀ ਕ੍ਰਿਤ ਹੈ ਤੇ ਸਿੱਖ ਕ੍ਰਿਤ ਦੀ ਨਹੀਂ ਕਰਤੇ ਦੀ ਪੂਜਾ ਕਰਦਾ ਹੈ। ਸੰਗਰਾਂਦ ਕ੍ਰਿਤ ਦੀ ਪੂਜਾ ਹੈ। ਸੂਰਜ ਗ੍ਰਹਿਣ ਅਤੇ ਸੰਗਰਾਂਦ ਸੂਰਜ ਦੇਵਤੇ ਦੇ ਦਿਨ ਹਨ ਅਤੇ ਬਾਕੀ ਅੱਠ ਦਿਨ ਚੰਦ੍ਰਮਾ ਦੀ ਪੂਜਾ ਦੇ ਹਨ। ਪ੍ਰੋ. ਸਾਹਿਬ ਸਿੰਘ ਤੁਖਾਰੀ ਰਾਗ ਦੇ ਬਾਰਹ ਮਾਹਾ ਦੀ ਭੂਮਿਕਾ ਵਿਚ ਲਿਖਦੇ ਹਨ, "ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਤਾਲੀਮ ਦੀ ਬਰਕਤ ਨਾਲ ਜੋ ਲੋਕ ਅੱਨਯ ਪੂਜਾ ਛੱਡ ਕੇ ਇੱਕ ਅਕਾਲ ਪੁਰਖ ਨੂੰ ਮੰਨਣ ਵਾਲੇ ਹੋ ਚੁੱਕੇ ਹਨ, ਉਹ ਭੀ ਸੂਰਜ ਦੀ ਯਾਦ ਨਹੀਂ ਛੱਡ ਸਕੇ।"

ਸੰਗਰਾਂਦ, ਮੱਸਿਆ, ਪੂਰਨਮਾਸ਼ੀ ਆਦਿ ਨਾਲ ਸਿੱਖ ਕਿਵੇਂ ਜੁੜ ਗਏ? ਲਗਭਗ 200 ਸਾਲ (ਸੰਨ 1709 ਤੋਂ ਕਰੀਬ ਸੰਨ 1920) ਗੁਰ ਅਸਥਾਨਾਂ ਦਾ ਪ੍ਰਬੰਧ ਬਿਪਰਵਾਦੀ ਮਹੰਤਾਂ ਕੋਲ ਰਿਹਾ ਜਿਨ੍ਹਾਂ ਗੁਰਮਤਿ ਦੇ ਉਲਟ ਰੀਤਾਂ ਰਸਮਾਂ ਪ੍ਰਚਲਿਤ ਕੀਤੀਆਂ। ਇਥੋਂ ਤਕ ਕਿ ਅੰਗ੍ਰੇਜ਼ੀ ਰਾਜ ਸਮੇਂ ਦਰਬਾਰ ਸਾਹਿਬ ਦੀ ਪਰਿਕਰਮਾ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨਾਲ ਭਰੀ ਪਈ ਸੀ ਜੋ ਭਾਈ ਕਾਨ੍ਹ ਸਿੰਘ ਨਾਭਾ ਵਲੋਂ ਜੱਜ ਸਾਹਮਣੇ ਸਿੱਖੀ ਵਿਚਾਰਧਾਰਾ ਪੇਸ਼ ਕਰਨ 'ਤੇ ਉਥੋਂ ਉਠਾਈਆਂ ਗਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅੰਗ੍ਰੇਜ਼ ਰਾਜ ਸਮੇਂ ਧਰਮ ਯੁੱਧ ਮੋਰਚੇ ਲਾ ਕੇ ਮਹੰਤਾਂ ਕੋਲੋਂ ਗੁਰਦੁਆਰੇ ਆਜ਼ਾਦ ਕਰਵਾਏ ਗਏ ਪਰ ਮਿਲਗੋਭਾ ਹੋਈ ਸਿੱਖੀ ਨੂੰ ਅੱਜ ਤਾਈਂ ਆਜ਼ਾਦੀ ਨਹੀਂ ਮਿਲ ਸਕੀ। ਗਿਆਨ ਨੂੰ ਗੁਰੂ ਮੰਨਣ ਵਾਲੇ ਅਜੇ ਵੀ ਧਾਰਮਿਕ ਅਗਿਆਨ ਦੇ ਗੁਲਾਮ ਹਨ ਅਤੇ ਉਨ੍ਹਾਂ ਪੰਛੀਆਂ ਦੀ ਤਰ੍ਹਾਂ ਜਾਲ ਵਿਚ ਫਸੇ ਜਾਲ ਸਮੇਤ ਉਡਦੇ ਜਾਂਦੇ ਕਹਿ ਰਹੇ ਹਨ, "ਅਸੀਂ ਹੁਣ ਸ਼ਿਕਾਰੀ ਦੇ ਫੰਧੇ ਤੋਂ ਆਜ਼ਾਦ ਹਾਂ।"

# ਟੰਗ ਔਫ ਦਿ ਬਟਰਫਲਾਈ

## ਸੰਵੇਦਨਾ, ਸੰਵਾਦ ਅਤੇ ਗਿਆਨ ਪਸਾਰਾ

ਕਲਾ ਤੇ ਜ਼ਿੰਦਗੀ
ਜਤਿੰਦਰ ਮੌਹਰ
+91-97799-34747



'ਟੰਗ ਔਫ ਦਿ ਬਟਰਫਲਾਈ' ਸਪੇਨੀ ਫ਼ਿਲਮ ਹੈ ਜੋ 1999 'ਚ ਪਰਦਾਪੇਸ਼ ਹੋਈ ਸੀ। ਫ਼ਿਲਮ ਦੇ ਹਦਾਇਤਕਾਰ ਜੋਸ ਲੂਈਸ ਕੁਐਰਦਾ ਹਨ। ਫ਼ਿਲਮ ਦੀ ਕਹਾਣੀ ਦੇ ਦੋ ਮੁੱਖ ਪਾਤਰ ਹਨ। ਸੱਤ ਸਾਲਾਂ ਦਾ ਮੋਂਚੋ ਜਿਹਨੂੰ ਮਾਂ ਪਿਆਰ ਨਾਲ 'ਚਿੜੀ' ਕਹਿੰਦੀ ਹੈ। ਦੂਜਾ, ਡੌਨ ਗਰੇਗੋਰੀਉ ਜੋ ਮੁਕਾਮੀ ਸਕੂਲ ਵਿਚ ਅਧਿਆਪਕ ਹੈ। ਸਕੂਲ 'ਚ ਦਾਖ਼ਲ ਹੋਣ ਆਏ ਮੋਂਚੋ ਦੇ ਮਨ 'ਚ ਸਕੂਲੀ ਅਧਿਆਪਕਾਂ ਦਾ ਡਰ ਬੈਠਿਆ ਹੋਇਆ ਹੈ ਪਰ ਗਰੇਗੋਰੀਉ ਦੇ ਰੂਪ ਵਿਚ ਉਹਨੂੰ ਚੰਗਾ ਅਧਿਆਪਕ ਮਿਲ ਜਾਂਦਾ ਹੈ। ਇਹ ਫ਼ਿਲਮ ਗਿਆਨ ਪਸਾਰੇ ਅਤੇ ਗੁਰੂ-ਚੇਲੇ ਦੀ ਰਵਾਇਤ ਨੂੰ ਜ਼ਿੰਮੇਵਾਰੀ ਅਤੇ ਸੰਵਾਦ ਦੇ ਹਵਾਲੇ ਨਾਲ ਬਿਆਨ ਕਰਦੀ ਹੈ। ਅਧਿਆਪਕ ਦਾ ਰਵੱਈਆ ਕਿੱਤੇ ਦੀਆਂ ਰਸਮੀ ਧਾਰਨਾਵਾਂ ਤੋਂ ਅੱਗੇ ਜਾ ਕੇ ਮਨੁੱਖੀ ਸੰਵੇਦਨਾ ਨਾਲ ਜੁੜਿਆ ਹੋਇਆ ਹੈ। ਗਿਆਨ ਵੰਡਣਾ ਉਹਦਾ ਕਿੱਤਾ ਤਾਂ ਹੈ ਪਰ ਮਨੁੱਖੀ ਸੰਵਾਦ ਦੀਆਂ ਬਾਰੀਕ ਤਹਿਆਂ ਨੂੰ ਉਹ ਬਰਾਬਰ ਤਵੱਜੋ ਦਿੰਦਾ ਹੈ। ਉਹ ਵਿਸ਼ਿਆਂ ਨੂੰ ਜ਼ਿੰਦਗੀ ਤੋਂ ਤੋੜ ਕੇ ਨਹੀਂ ਦੇਖਦਾ। ਉਹ ਹਰ ਵਿਸ਼ੇ ਦਾ ਦੂਜੇ ਨਾਲ ਰਿਸ਼ਤਾ ਸਮਝਦਾ ਹੈ। ਉਹ ਵਿਗਿਆਨ ਦਾ ਇਤਿਹਾਸ, ਸਮਾਜ ਵਿਗਿਆਨ ਅਤੇ ਫ਼ਲਸਫ਼ੇ ਨਾਲ ਰਿਸ਼ਤਾ ਬਿਠਾਉਂਦਾ ਹੈ। ਉਹਦੀ ਬੋਲੀ ਭਾਸ਼ਣੀ ਨਹੀਂ, ਸਗੋਂ ਸੰਵਾਦੀ ਹੈ। ਉਹ ਨਿੱਕੇ ਬਾਲ ਨੂੰ ਸੰਵਾਦ ਦਾ ਹਿੱਸਾ ਬਣਾਉਂਦਾ ਹੋਇਆ ਉਹਦੀ ਅਹਿਮੀਅਤ ਦਾ ਅਹਿਸਾਸ ਕਰਵਾਉਂਦਾ ਹੈ। ਜਮਾਤ ਵਿਚ ਰੌਲਾ ਪਾਉਂਦੇ ਬੱਚਿਆਂ ਨੂੰ ਉਹ ਝਿੜਕਦਾ ਨਹੀਂ ਸਗੋਂ ਆਪ ਚੁੱਪ ਹੋ ਕੇ ਖਿੜਕੀ ਤੋਂ ਬਾਹਰ ਦੇਖਣ ਲੱਗ ਪੈਂਦਾ ਹੈ। ਬੱਚੇ ਖ਼ੁਦ ਚੁੱਪ ਕਰ ਜਾਂਦੇ ਹਨ। ਚੁੱਪ ਡੌਨ ਗਰੇਗੋਰੀਉ ਦੇ ਸੁਭਾਅ ਦਾ ਹਿੱਸਾ ਹੈ। ਉਹ ਕਿਸੇ ਨਾਲ ਬੇਮਤਲਬ ਬਹਿਸ ਨਹੀਂ ਕਰਦਾ। ਸਿਆਸਤ, ਰੱਬ ਅਤੇ ਧਰਮ ਬਾਰੇ ਉਹ ਚਰਚਾ ਵਿਚ ਨਹੀਂ ਪੈਂਦਾ। ਬੱਚੇ ਨੂੰ ਇਨ੍ਹਾਂ ਧਾਰਨਾਵਾਂ ਬਾਰੇ ਸਮਝਾਉਣ ਵੇਲੇ ਵੀ ਉਹ ਅਪਣੀ ਸਮਝ ਥੋਪਦਾ ਨਹੀਂ ਹੈ, ਸਗੋਂ ਬੱਚੇ ਨੂੰ ਅਪਣੀ ਸਮਝ ਬਣਾਉਣ ਲਈ ਹੱਲਾਸ਼ੇਰੀ ਦਿੰਦਾ ਹੈ। ਬੱਚਾ ਬੰਦੇ ਦੇ ਮਰਨ ਤੋਂ ਬਾਅਦ ਸਵਰਗ-ਨਰਕ ਦੇ ਭੇਤਾਂ ਬਾਰੇ ਪੁੱਛਦਾ ਹੈ। ਅਧਿਆਪਕ ਆਪਣੇ ਵਿਚਾਰ ਦੇਣ ਤੋਂ ਪਹਿਲਾਂ ਬੱਚੇ ਤੋਂ ਉਹਦੇ ਮਾਂ-ਪਿਉ ਦੀ ਇਨ੍ਹਾਂ ਬਾਬਤ ਸਮਝ ਪੁੱਛਦਾ ਹੈ। ਬੱਚੇ ਦੀ ਮਾਂ ਦਾ ਮੰਨਣਾ ਹੈ ਕਿ ਚੰਗੇ ਲੋਕ ਸਵਰਗ ਜਾਂਦੇ ਹਨ ਅਤੇ ਬੁਰੇ ਨਰਕ ਵਿਚ। ਪਿਉ ਦਾ ਕਹਿਣਾ ਹੈ ਕਿ ਜੇ ਰੱਬੀ ਇਨਸਾਫ਼ ਦੀ ਕੋਈ ਕਚਹਿਰੀ ਹੁੰਦੀ ਤਾਂ ਅਮੀਰ ਲੋਕ ਆਪਣੇ ਵਕੀਲ ਉੱਥੇ ਪੱਕਾ ਲੈ ਜਾਂਦੇ। ਫਿਰ ਅਧਿਆਪਕ ਜੁਆਕ ਨੂੰ ਪੁੱਛਦਾ ਹੈ ਕਿ ਉਹ ਕੀ ਸੋਚਦਾ ਹੈ? ਬੱਚੇ ਦਾ ਕਹਿਣਾ ਹੈ ਕਿ ਉਹ ਸਾਰੀਆਂ ਗੱਲਾਂ ਸੁਣ ਕੇ ਡਰ ਜਾਂਦਾ ਹੈ। ਅਧਿਆਪਕ ਬੱਚੇ ਨੂੰ ਗੱਲ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਦਾ ਹੈ, "ਨਰਕ ਦੂਜੀ ਧਰਤੀ 'ਤੇ ਨਹੀਂ ਹੈ ... ਨਫ਼ਰਤ ਅਤੇ ਜ਼ੁਲਮ ਹੀ ਨਰਕ ਹੈ।" ਘਰੇਲੂ ਕਿਤਾਬਘਰ ਵਿਚੋਂ ਉਹ ਮੋਂਚੋ ਨੂੰ ਦੇਣ ਲਈ ਪਹਿਲਾਂ ਮਸ਼ਹੂਰ ਨਾਬਰ-ਚਿੰਤਕ ਪੀਟਰ ਕਰੂਪਟੋਕਿਨ ਦੀ ਕਿਤਾਬ 'ਦਿ ਕਾਨਕੁਐਸਟ ਔਫ ਬਰੈਡ' ਕੱਢਦਾ ਹੈ। ਫਿਰ ਉਹ ਬੱਚੇ ਦੀ ਉਮਰ ਦੇ ਲਿਹਾਜ਼ ਨਾਲ 'ਟਰੈਜ਼ਰ ਆਈਲੈਂਡ' ਪੜ੍ਹਨ ਲਈ ਦੇ ਦਿੰਦਾ ਹੈ। ਉਹ ਕਿਤਾਬਾਂ ਬਾਰੇ ਮੋਂਚੋ ਨੂੰ ਕਹਿੰਦਾ ਹੈ, "ਕਿਤਾਬਾਂ ਘਰ ਵਰਗੀਆਂ ਹੁੰਦੀਆਂ ਨੇ ... ਇਨ੍ਹਾਂ ਵਿਚ ਸਾਡੇ ਸੁਪਨੇ ਪਨਾਹ ਲੈਂਦੇ ਹਨ ਤਾਂ ਕਿ ਉਹ ਮਰਨ ਲਈ ਨਾ ਜੰਮ ਜਾਣ।" ਜ਼ਾਬਤੇ ਬਾਰੇ ਅਤੇ ਪੜ੍ਹਾਉਣ ਦੇ ਰਸਮੀ ਤਰੀਕਿਆਂ ਬਾਬਤ ਵੱਖਰੀ ਸਮਝ ਕਰ ਕੇ ਅਧਿਆਪਕ ਪਿੰਡ ਦੇ ਕੁਝ ਲੋਕਾਂ ਦੇ ਸ਼ੱਕ ਦਾ ਕਾਰਨ ਬਣਿਆਂ ਰਹਿੰਦਾ ਹੈ।

ਫ਼ਿਲਮ ਮਨੁੱਖ 'ਤੇ ਪਾਏ ਜਾਂਦੇ ਦਾਬੇ ਦੀਆਂ ਬਾਰੀਕ ਤਹਿਆਂ ਨੂੰ ਉਜਾਗਰ ਕਰਦੀ ਹੈ। ਇਹ ਦਾਬਾ ਪਰਿਵਾਰ ਤੋਂ ਲੈ ਕੇ ਸਟੇਟ ਤੱਕ ਕਿਸੇ ਦਾ ਵੀ ਹੋ ਸਕਦਾ ਹੈ ਜੋ ਬੰਦੇ ਦੀ ਆਜ਼ਾਦ ਸੋਚ ਅਤੇ ਗਲ ਤੱਕ ਡੁੱਬ ਕੇ ਜ਼ਿੰਦਗੀ ਜਿਉਣ ਦੀ ਇੱਛਾ ਨੂੰ ਕਾਂਬਾ ਛੇੜਦਾ ਰਹਿੰਦਾ ਹੈ। ਡੌਨ ਗਰੇਗੋਰੀਉ ਸਿੱਧੇ-ਅਸਿੱਧੇ ਰੂਪ 'ਚ ਮੋਂਚੋ ਨੂੰ ਸਿਖਾਉਂਦਾ ਹੋਇਆ ਦਾਬੇ ਦੇ ਰੂਪਾਂ ਨੂੰ ਹੀ ਉਘਾੜ ਰਿਹਾ ਹੈ। ਫ਼ਿਲਮ ਮਨੁੱਖੀ ਸੁਭਾਅ ਦੀਆਂ ਵੱਖਰੀਆਂ ਤੰਦਾਂ ਨੂੰ ਧੁਰ ਅੰਦਰ ਤੱਕ ਪੇਸ਼ ਕਰਦੀ ਹੈ। ਮੋਂਚੋ ਦੇ ਪਿਉ ਦੇ ਦੂਜਾ ਵਿਆਹ ਤੋਂ ਇੱਕ ਧੀ ਹੈ ਜਿਹਦੇ ਬਾਰੇ ਪਿਉ ਨੇ ਕਦੇ ਨਹੀਂ ਦੱਸਿਆ। ਕੁੜੀ ਇਕੱਲੀ




ਮਾਂ ਨਾਲ ਰਹਿੰਦੀ ਹੈ। ਕੁੜੀ ਨੂੰ ਪਾਲਤੂ ਕੁੱਤੇ ਨਾਲ ਅੰਤਾਂ ਦਾ ਪਿਆਰ ਹੈ। ਕੁੜੀ ਦੇ ਆਸ਼ਕ ਨੂੰ ਕੁੱਤੇ ਨਾਲ ਨਫ਼ਰਤ ਹੈ। ਉਹ ਕੁੱਤੇ ਨੂੰ ਕਬਾਬ ਵਿਚ ਹੱਡੀ ਸਮਝਦਾ ਹੈ ਪਰ ਕੁੜੀ ਕੁੱਤੇ ਨਾਲ ਮਾੜਾ ਵਰਤਾਉ ਬਰਦਾਸ਼ਤ ਨਹੀਂ ਕਰਦੀ। ਆਸ਼ਕ ਕੁੱਤੇ ਨੂੰ ਮਾਰ ਦਿੰਦਾ ਹੈ। ਕੁੱਤੇ ਦੀ ਮੌਤ ਦੋਹਾਂ ਦੇ ਰਿਸ਼ਤੇ ਦਾ ਅੰਤ ਹੈ। ਮੋਂਚੋ ਦਾ ਭਰਾ ਸੈਕਸੋਫੋਨ ਵਜਾਉਂਦਾ ਹੈ ਅਤੇ ਚੀਨੀ ਕੁੜੀ ਨਾਲ ਵਿਆਹ ਕਰਵਾਉਣਾ ਲੋਚਦਾ ਹੈ। ਦੂਜੇ ਪਿੰਡ ਵਿਚ ਸਬੱਬੀ ਮਿਲੀ ਚੀਨੀ ਕੁੜੀ ਨੂੰ ਉਹ ਤੋਂ ਤਿੱਗਣੀ ਉਮਰ ਦੇ ਬੰਦੇ ਨੇ ਜਬਰੀ ਘਰਵਾਲੀ ਬਣਾਇਆ ਹੋਇਆ ਹੈ। ਕੁੜੀ ਮੋਂਚੋ ਦੇ ਭਰਾ ਨੂੰ ਚਾਹੁੰਦੀ ਹੈ ਪਰ ਉਹਦੇ ਨਾਲ ਜਾਣ ਦਾ ਹੌਸਲਾ ਨਹੀਂ ਕਰ ਪਾਉਂਦੀ। ਪਿੰਡ ਵਿਚ ਰਾਤ ਨੂੰ ਹੋ ਰਹੇ ਸਮਾਗਮ ਵਿਚ ਕੁੜੀ ਨੂੰ ਦੇਖ ਕੇ ਭਰਾ ਸੈਕਸੋਫੋਨ ਵਜਾਉਂਦਾ ਹੈ। ਪੇਸ਼ ਕੀਤਾ ਗਿਆ ਸੰਗੀਤ ਅਤੇ ਦ੍ਰਿਸ਼ ਮਾਰਮਿਕ ਹਨ ਜੋ ਬਿਨਾਂ ਕਿਸੇ ਸੰਵਾਦ ਦੇ ਤ੍ਰਾਸਦੀ ਨੂੰ ਸਿਖਰ 'ਤੇ ਲੈ ਜਾਂਦੇ ਹਨ। ਕੁੜੀ ਦਾ ਘਰਵਾਲਾ ਉਹਨੂੰ ਘੜੀਸਦਾ ਹੋਇਆ ਸਮਾਗਮ ਤੋਂ ਬਾਹਰ ਲਿਜਾ ਰਿਹਾ ਹੈ।...

ਆਮ ਤੌਰ 'ਤੇ ਚੁੱਪ ਰਹਿਣ ਵਾਲਾ ਡੌਨ ਗਰੇਗੋਰੀਉ ਸਕੂਲ ਵਿਚ ਆਪਣੇ ਵਿਦਾਇਗੀ ਸਮਾਗਮ 'ਚ ਜੋ ਬੋਲਦਾ ਹੈ, ਉਹ ਉਹਦੀ ਸੋਚ ਅਤੇ ਵਿਚਾਰਧਾਰਾ ਦਾ ਮੂਲ ਹਨ। ਉਹ ਸਕੂਲ ਵਿਚ ਅਪਣੇ ਆਖ਼ਰੀ ਦਿਨ ਕਹਿੰਦਾ ਹੈ, "ਬੇਸ਼ੱਕ ਡਾਢਿਆਂ ਨੇ ਕਦੇ ਨਿਮਾਣਿਆਂ ਅਤੇ ਨਿਤਾਣਿਆਂ ਦੇ ਸੰਗੀ ਨਹੀਂ ਬਣਨਾ ਪਰ ਇੱਕ ਗੱਲ ਦਾਅਵੇ ਨਾਲ ਕਹਿੰਦਾ ਹਾਂ ਕਿ ਸਪੇਨ ਦੀ ਇੱਕ ਪੀੜ੍ਹੀ ਨੂੰ ਖੁੱਲ੍ਹ ਕੇ ਬੜੇ ਹੋਣ ਦੀ ਆਗਿਆ ਦੇ ਕੇ ਦੇਖੋ ... ਸਿਰਫ਼ ਇੱਕ ਪੀੜ੍ਹੀ ਨੂੰ ... ਮੁੜ ਕੇ ਉਨ੍ਹਾਂ ਤੋਂ ਇਹ ਆਜ਼ਾਦੀ ਕੋਈ ਵਾਪਸ ਨਹੀਂ ਲੈ ਸਕੇਗਾ। ਉਨ੍ਹਾਂ ਤੋਂ ਇਹ ਖ਼ਜ਼ਾਨਾ ਕੋਈ ਨਹੀਂ ਖੋਹ ਸਕੇਗਾ।"

ਫ਼ਿਲਮ ਦੀ ਕਹਾਣੀ ਉਨ੍ਹਾਂ ਸਮਿਆਂ ਦੀ ਹੈ ਜਦੋਂ ਸਪੇਨ ਖ਼ਾਨਾਜੰਗੀ ਦੇ ਕੰਢੇ ਸੀ। ਫ਼ਿਲਮ ਦਾ ਅੰਤ ਖ਼ਾਨਾਜੰਗੀ ਸ਼ੁਰੂ ਹੋਣ ਨਾਲ ਹੁੰਦਾ ਹੈ। ਸੱਜੇਪੱਖੀ ਤਾਨਾਸ਼ਾਹ ਜਨਰਲ ਫਰੈਂਕੋ ਦੇ ਫ਼ੌਜੀ ਮੋਂਚੋ ਦੇ ਪਿੰਡ 'ਤੇ ਕਾਬਜ਼ ਹੋ ਚੁੱਕੇ ਹਨ। ਉਹ ਪਿੰਡ ਵਾਸੀਆਂ 'ਚੋਂ ਫ਼ਾਸ਼ੀਵਾਦ ਦੇ ਵਿਰੋਧੀਆਂ ਨੂੰ ਪਛਾਣ ਕੇ ਗ੍ਰਿਫ਼ਤਾਰ ਕਰ ਰਹੇ ਹਨ। ਪਿੰਡ ਦੇ ਬਹੁਤੇ ਲੋਕ ਜਾਨ ਬਚਾਉਣ ਲਈ ਆਪਣੇ-ਆਪ ਨੂੰ ਫਰੈਂਕੋ ਪੱਖੀ ਸਾਬਤ ਕਰਨ 'ਚ ਲੱਗੇ ਹੋਏ ਹਨ। ਮੋਂਚੋ ਦਾ ਪਿਉ ਫਰੈਂਕੋ-ਵਿਰੋਧੀ ਸੀ ਪਰ ਹਾਲਾਤ ਨੂੰ ਦੇਖਦੇ ਹੋਏ ਉਹ ਘਰਵਾਲੀ ਦੇ ਮਨਾਉਣ 'ਤੇ ਫ਼ਾਸ਼ੀਵਾਦੀਆਂ ਦੇ ਹੱਕ ਵਿਚ ਹੋ ਜਾਂਦਾ ਹੈ। ਪਿੰਡ ਦੀ ਸੱਥ ਵਿਚ ਵੱਡੀ ਭੀੜ ਇਕੱਠੀ ਕੀਤੀ ਗਈ ਹੈ ਜੋ ਫੜੇ ਗਏ ਜੀਆਂ ਨੂੰ ਗਾਲ੍ਹਾਂ ਕੱਢ ਕੇ ਅਪਣੀ ਦੇਸ਼ ਭਗਤੀ ਸਾਬਤ ਕਰ ਰਹੀ ਹੈ। ਫ਼ੌਜੀ ਕੈਦੀਆਂ ਨੂੰ ਮਾਰਨ ਲਈ ਲਿਜਾ ਰਹੇ ਹਨ। 'ਗ਼ੱਦਾਰ, ਸੂਰਖੇ, ਸੂਰਖ ਕੁੱਤੇ ਅਤੇ ਨਾਸਤਿਕ' ਵਰਗੇ ਬੋਲਿਆਂ ਨਾਲ ਭੀੜ ਕੈਦੀਆਂ ਨੂੰ ਸੰਬੋਧਿਤ ਹੋ ਰਹੀ ਹੈ। 'ਨਾਸਤਿਕ ਨਾਸਤਿਕ' ਚੀਖ ਰਹੀ ਮੋਂਚੋ ਦੀ ਮਾਂ ਉਹਦੇ ਪਿਉ ਨੂੰ ਨਾਅਰੇ ਮਾਰਨ ਲਈ ਮਜਬੂਰ ਕਰਦੀ ਹੈ। ਮੋਂਚੋ ਦਾ ਪਿਉ ਵੀ ਨਾਸਤਿਕ ਹੈ। ਮਰਨ ਲਈ ਜਾ ਰਹੇ ਜੀਆਂ ਦੀ ਕਤਾਰ ਵਿਚ ਸਭ ਤੋਂ ਆਖਰ 'ਚ ਡੌਨ ਗਰੇਗੋਰੀਉ ਹੈ। ਮੋਂਚੋ ਦਾ ਪਰਿਵਾਰ ਡੌਨ ਨੂੰ ਦੇਖ ਕੇ ਸੁੰਨ ਰਹਿ ਜਾਂਦਾ ਹੈ। ਪਰਿਵਾਰ ਦੀ ਨਜ਼ਰ ਵਿਚ ਉਹ ਨਫ਼ੀਸ ਅਤੇ ਖ਼ੂਬਸੂਰਤ ਮਨੁੱਖ ਹੈ ਪਰ ਟੱਬਰ ਦੀ ਸਲਾਮਤੀ ਲਈ ਮਾਂ ਡੌਨ ਦੇ ਨੇੜੇ ਆਉਂਦੇ ਸਾਰ 'ਨਾਬਰ, ਸੂਰਖੇ' ਵਰਗੇ ਸ਼ਬਦ ਚੀਕਣਾ ਸ਼ੁਰੂ ਕਰ ਦਿੰਦੇ ਹਨ। ਮਾਂ ਮੋਂਚੋ ਅਤੇ ਉਹਦੇ ਪਿਉ ਨੂੰ ਵੀ ਨਾਅਰੇ ਲਾਉਣ ਲਈ ਕਹਿੰਦੀ ਹੈ। ਪਿਉ ਅਣਮੰਨੇ ਦਿਲ ਨਾਲ ਅਤੇ ਰੋਂਦਾ ਹੋਇਆ ਡੌਨ ਨੂੰ 'ਗ਼ੱਦਾਰ' ਕਹਿ ਰਿਹਾ ਹੈ। ਮੋਂਚੋ ਵੀ ਇਸੇ ਤਰ੍ਹਾਂ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੰਦਾ ਹੈ। ਫ਼ੌਜੀਆਂ ਨੇ ਗੱਡੀ ਤੋਰ ਲਈ ਹੈ। ਮੋਂਚੋ ਗੱਡੀ ਦੇ ਪਿੱਛੇ ਭੱਜਿਆ ਜਾਂਦਾ ਆਪਣੇ ਅਧਿਆਪਕ ਦੇ ਵੱਟੇ ਮਾਰ ਰਿਹਾ ਹੈ। ਉਹ ਅਧਿਆਪਕ ਜੋ ਬੱਚੇ ਦਾ ਸਭ ਤੋਂ ਚੰਗਾ ਦੋਸਤ, ਮਹਾਨ ਉਸਤਾਦ ਅਤੇ ਖ਼ੂਬਸੂਰਤ ਮਨੁੱਖ ਹੈ, ਉਹਦਾ ਕਸੂਰ ਸਿਰਫ਼ ਨਾਬਰ ਹੋਣਾ ਹੈ ਜੋ ਮਨੁੱਖ ਨੂੰ ਹਰ ਦਾਬੇ ਤੋਂ ਮੁਕਤ ਕਰਨ ਦੀ ਗੱਲ ਕਰਦਾ ਹੈ।

# ਗਲੇ ਦੀ ਮਿਠਾਸ ਵਾਲੀ ਨੂਤਨ

ਸੁਰਿੰਦਰ ਸਿੰਘ ਤੇਜ
ਫੋਨ: 91-98555-01488

ਖ਼ਾਮੋਸ਼
ਸੁਰਾਂ-13

1960 ਵਿਚ ਰਿਲੀਜ਼ ਹੋਈ ਫਿਲਮ 'ਛਬੀਲੀ' ਦਾ ਖ਼ੂਬਸੂਰਤ ਗੀਤ ਹੈ 'ਐ ਮੇਰੇ ਹਮਸਫ਼ਰ, ਲੇ ਰੋਕ ਅਪਨੀ ਨਜ਼ਰ'। ਪਹਿਲੀ ਵਾਰ ਸੁਣਨ 'ਤੇ ਹੀ ਇਸ ਗੀਤ ਦੀ ਧੁਨ ਦੀ ਪਾਕੀਜ਼ਗੀ ਅਤੇ ਗਾਇਕਾ ਦੇ ਗਲੇ ਦੀ ਮਿਠਾਸ ਕੀਲ ਜਾਂਦੀ ਹੈ। ਨਾਲ ਹੀ ਅਹਿਸਾਸ ਹੁੰਦਾ ਹੈ ਕਿ ਇਹ ਗੀਤ ਕਿਸੇ ਪੇਸ਼ੇਵਰ ਗਾਇਕਾ ਦਾ ਨਹੀਂ ਗਾਇਆ ਹੋਇਆ, ਕਿਸੇ ਸ਼ੌਕੀਆ ਗਾਇਕਾ ਦੇ ਗਲੇ ਦੀ ਸੁਰਬਹਾਰ ਹੈ। ਦਰਅਸਲ, ਇਸੇ ਸੁਰਬਹਾਰ ਤੇ ਨਜ਼ਾਕਤ ਨੇ ਇਸ ਗੀਤ ਨੂੰ ਅਮਰ ਬਣਾਇਆ ਅਤੇ ਨੂਤਨ ਨੂੰ ਫਿਲਮ 'ਛਬੀਲੀ' ਦੇ ਹੋਰ ਗੀਤ ਗਾਉਣ ਦਾ ਸਾਹਸ ਬਖ਼ਸ਼ਿਆ।

'ਛਬੀਲੀ' ਨੂਤਨ ਦੇ ਘਰ ਦੀ ਫਿਲਮ ਸੀ। ਇਸ ਦਾ ਨਿਰਮਾਣ ਉਸ ਦੀ ਮਾਂ ਸ਼ੋਭਨਾ ਸਮਰੱਥ ਨੇ ਕੀਤਾ। ਸ਼ੋਭਨਾ ਖ਼ੁਦ ਵੀ ਆਪਣੇ ਸਮੇਂ ਦੀ ਮਸ਼ਹੂਰ ਅਭਿਨੇਤਰੀ ਸੀ ਅਤੇ ਅਦਾਕਾਰ ਪ੍ਰੇਮ ਅਦੀਬ ਨਾਲ ਉਸ ਦੀ ਫਿਲਮ 'ਰਾਮ ਰਾਜਿਆ' (1943) ਨੂੰ ਭਾਰਤੀ ਸਿਨਮਾ ਦੀਆਂ ਕਲਾਸਿਕ ਫਿਲਮਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। 'ਛਬੀਲੀ' ਰਾਹੀਂ ਸ਼ੋਭਨਾ ਨੇ ਜਿੱਥੇ ਨੂਤਨ ਨੂੰ ਰੋਣ-ਧੋਣ ਵਾਲੀਆਂ ਭੂਮਿਕਾਵਾਂ ਦੇ ਮਾਇਆਜਾਲ ਵਿਚੋਂ ਕੱਢਣ ਦਾ ਯਤਨ ਕੀਤਾ, ਉੱਥੇ ਆਪਣੀ ਮੰਝਲੀ ਧੀ ਤਨੂਜਾ ਨੂੰ ਅਦਾਕਾਰਾ ਵਜੋਂ ਬ੍ਰੇਕ ਵੀ ਦਿੱਤਾ। 'ਐ ਮੇਰੇ ਹਮਸਫ਼ਰ' ਦਰਅਸਲ, ਨੂਤਨ ਵੱਲੋਂ ਗਾਇਆ ਗਿਆ ਦੂਜਾ ਫਿਲਮੀ ਗੀਤ ਸੀ। ਉਸ ਨੇ ਪਹਿਲਾ ਗੀਤ 10 ਸਾਲ ਪਹਿਲਾਂ 'ਹਮਾਰੀ ਬੇਟੀ' (1950) ਵਿਚ ਗਾਇਆ ਸੀ। 'ਹਮਾਰੀ ਬੇਟੀ' ਵੀ ਸ਼ੋਭਨਾ ਸਮਰੱਥ ਨੇ ਹੀ ਬਣਾਈ ਸੀ, ਆਪਣੇ ਦੋਸਤ (ਅਭਿਨੇਤਾ) ਮੋਤੀ ਲਾਲ ਨਾਲ ਮਿਲ ਕੇ। ਇਸ ਫਿਲਮ ਰਾਹੀਂ ਨੂਤਨ ਨੂੰ ਅਦਾਕਾਰਾ ਦੇ ਤੌਰ 'ਤੇ ਲਾਂਚ ਕੀਤਾ ਗਿਆ ਸੀ। ਉਸ ਫਿਲਮ ਦਾ ਸੰਗੀਤ ਸਨੇਹਲ ਭਾਟਕਰ ਦਾ ਸੀ ਜੋ ਸ਼ੋਭਨਾ ਸਮਰੱਥ ਦੇ ਰਿਸ਼ਤੇਦਾਰ ਸਨ। ਸਨੇਹਲ ਜਿਨ੍ਹਾਂ ਦਾ ਅਸਲ ਨਾਮ ਵਾਸੂਦੇਵ ਗੰਗਾਰਾਮ ਭਾਟਕਰ ਸੀ, ਨੇ ਨੂਤਨ ਦੇ ਗਲੇ ਦੀ ਮਿਠਾਸ ਨੂੰ ਪਛਾਣਦਿਆਂ 'ਹਮਾਰੀ ਬੇਟੀ' ਵਿਚ ਉਸ ਪਾਸੋਂ 'ਤੁਝੇ ਕੈਸਾ ਦੂਲਹਾ ਚਾਹੀਏ' ਗਵਾਇਆ ਸੀ। ਇਹ ਗੀਤ ਸਰੋਤਿਆਂ ਵੱਲੋਂ ਪਸੰਦ ਵੀ ਕੀਤਾ ਗਿਆ ਸੀ, ਪਰ ਉਸ ਤੋਂ ਮਗਰੋਂ ਨਾ ਤਾਂ ਨੂਤਨ ਨੇ ਕਦੇ ਗੀਤ ਗਾਉਣ ਦੀ ਇੱਛਾ ਜ਼ਾਹਿਰ ਕੀਤੀ ਅਤੇ ਨਾ ਹੀ ਕਿਸੇ ਹੋਰ ਸੰਗੀਤਕਾਰ ਨੇ ਉਸ ਦੇ ਗਲੇ ਨੂੰ ਅਜ਼ਮਾਉਣ ਦਾ ਯਤਨ ਕੀਤਾ। ਜਦੋਂ 'ਛਬੀਲੀ' ਦਾ ਨਿਰਮਾਣ ਹੋਇਆ ਤਾਂ ਸਨੇਹਲ ਭਾਟਕਰ ਨੇ ਇਹ ਜ਼ਿੱਦ ਫੜ ਲਈ ਕਿ ਇਸ ਦੇ ਗੀਤ ਨੂਤਨ ਹੀ ਗਾਏਗੀ। ਇਹ ਇਸ ਜ਼ਿੱਦ ਦਾ ਨਤੀਜਾ ਸੀ ਕਿ ਇਸ ਫਿਲਮ ਦੇ ਹਰ ਗੀਤ ਵਿਚ ਨੂਤਨ ਸ਼ੁਮਾਰ ਰਹੀ। ਹੇਮੰਤ ਕੁਮਾਰ ਨਾਲ ਮਿਲ ਕੇ ਉਸ ਵੱਲੋਂ ਗਾਇਆ ਡੂਏਟ 'ਲਹਿਰੋਂ ਪੇ ਲਹਿਰ, ਉਲਫ਼ਤ ਹੈ ਜਵਾਂ' ਫਿਲਮ ਸੰਗੀਤ ਦੇ ਸਦਾਬਹਾਰ ਗੀਤਾਂ ਵਿਚ ਸ਼ਾਮਲ ਹੈ। ਹੇਮੰਤ ਕੁਮਾਰ ਨਾਲ ਗਾਉਣ ਮਗਰੋਂ ਨੂਤਨ ਨੂੰ



'ਛਬੀਲੀ' ਵਿਚ ਹੀ ਗੀਤਾ ਦੱਤ ਨਾਲ ਮਿਲ ਕੇ 'ਯਾਰੋ ਕਿਸੀ ਸੇ ਨਾ ਕਹਿਨਾ' ਅਤੇ ਸੁਧਾ ਮਲਹੋਤਰਾ ਨਾਲ 'ਮਿਲਾ ਲੇ ਹਾਥ, ਲੇ ਬਨ ਗਈ ਬਾਤ' ਰਿਕਾਰਡ ਕਰਵਾਉਣ ਵਿਚ ਕੋਈ ਦਿੱਕਤ ਨਹੀਂ ਆਈ। ਦਰਅਸਲ, 'ਯਾਰੋ ਕਿਸੇ ਸੇ ਨਾ ਕਹਿਨਾ' ਦੀ ਰਿਕਾਰਡਿੰਗ ਦੌਰਾਨ ਨੂਤਨ ਤੇ ਗੀਤਾ ਦੱਤ ਅਜਿਹੀਆਂ ਪੱਕੀਆਂ ਸਹੇਲੀਆਂ ਬਣੀਆਂ ਕਿ ਗੀਤਾ, ਨੂਤਨ ਉਪਰ ਫਿਲਮਾਏ ਜਾਣ ਵਾਲੇ ਹਰ ਗੀਤ ਵਿਚ ਵੱਧ ਜਾਨ ਪਾਉਣ ਲੱਗ ਪਈ।

'ਛਬੀਲੀ' ਫਲੌਪ ਹੋਣ ਕਾਰਨ ਨਾ ਤਾਂ ਕਿਸੇ ਹੋਰ ਸੰਗੀਤਕਾਰ ਨੇ ਨੂਤਨ ਨੂੰ ਗਾਇਕਾ ਵਜੋਂ ਅਜ਼ਮਾਉਣਾ ਵਾਜਬ ਸਮਝਿਆ ਅਤੇ ਨਾ ਹੀ ਨੂਤਨ ਨੇ ਆਪਣੀ ਗਾਇਕੀ ਨੂੰ ਗੰਭੀਰਤਾ ਨਾਲ ਲਿਆ। ਐਸ.ਡੀ. ਬਰਮਨ ਨੇ ਫਿਲਮ 'ਮੰਜ਼ਿਲ' (1960) ਦੇ ਬਿਹਤਰੀਨ ਗੀਤ 'ਚੁਪਕੇ ਸੇ ਮਿਲੇ, ਪਿਆਸੇ ਪਿਆਸੇ, ਕੁਛ ਹਮ ਕੁਛ ਤੁਮ' ਵਿਚ ਮੁਹੰਮਦ ਰਫ਼ੀ ਤੇ ਗੀਤਾ ਦੱਤ ਨਾਲ ਨੂਤਨ ਤੋਂ ਕੁਝ ਪੰਕਤੀਆਂ ਕਾਵਿਕ ਰੂਪ ਵਿਚ ਬੁਲਵਾਈਆਂ ਜ਼ਰੂਰ, ਪਰ ਇਨ੍ਹਾਂ ਨੂੰ ਗਵਾਇਆ ਗੀਤਾ ਦੱਤ ਪਾਸੋਂ।

ਜਦੋਂ ਇਹ ਮਹਿਸੂਸ ਹੋਣ ਲੱਗਾ ਕਿ ਗਾਇਕਾ ਦੇ ਰੂਪ ਵਿਚ ਨੂਤਨ ਨੂੰ ਸਭ ਸੰਗੀਤਕਾਰ ਭੁਲ-ਭੁਲਾ ਗਏ ਹਨ ਤਾਂ 1980ਵਿਆਂ ਵਿਚ ਦੋ ਫਿਲਮਾਂ ਅਜਿਹੀਆਂ ਆਈਆਂ ਜਿਨ੍ਹਾਂ ਵਿਚ ਉਸ ਨੇ ਆਪਣੇ ਗਲੇ ਦੇ ਸੁਹਜ ਨੂੰ ਨਵੇਂ ਰੂਪ ਤੇ ਨਵੇਂ ਅੰਦਾਜ਼ ਵਿਚ ਪੇਸ਼ ਕੀਤਾ। 'ਕਸਤੂਰੀ' (1980) ਵਿਚ ਉਸ ਦੀ ਮੁੱਖ ਭੂਮਿਕਾ ਸੀ। ਬਿਮਲ ਦੱਤ ਵੱਲੋਂ ਨਿਰਦੇਸ਼ਿਤ ਇਸ ਫਿਲਮ ਦਾ ਸੰਗੀਤ ਬੱਪੀ ਲਹਿਰੀ ਤੇ ਉੱਤਮ ਸਿੰਘ ਦਾ ਸੀ। ਸਮਾਨੰਤਰ ਸਿਨਮਾ ਲਹਿਰ ਦਾ ਹਿੱਸਾ ਸਮਝੀ ਜਾਂਦੀ ਇਸ ਫਿਲਮ ਵਿਚ ਤਿੰਨ ਗੀਤ ਸਨ ਅਤੇ ਤਿੰਨੇ ਬੈਕਗ੍ਰਾਊਂਡ ਵਿਚ ਵੱਜਦੇ ਹਨ। ਇਨ੍ਹਾਂ ਵਿਚੋਂ ਇਕ 'ਭੂਲ ਗਇਓ' ਸੰਥਾਲੀ ਆਦਿਵਾਸੀ ਸੰਗੀਤ ਵਿਚ ਢਲਿਆ ਹੋਣ ਦੇ ਬਾਵਜੂਦ ਨੂਤਨ ਵੱਲੋਂ ਗਾਇਆ ਗਿਆ। ਇੰਜ ਹੀ, 1985 ਵਿਚ ਬਣੀ ਫਿਲਮ 'ਮਯੂਰੀ' ਦੇ ਚਾਰੇ ਗੀਤਾਂ ਵਿਚ ਜਿੱਥੇ ਨੂਤਨ ਨੇ ਆਪਣੀ ਗਾਇਕੀ ਰਾਹੀਂ ਯੋਗਦਾਨ ਦਿੱਤਾ, ਉੱਥੇ ਇਹ ਸਾਰੇ ਗੀਤ ਲਿਖੇ ਵੀ ਉਸ ਨੇ ਖ਼ੁਦ ਹੀ ਸਨ। ਇਨ੍ਹਾਂ ਵਿਚੋਂ ਦੋ ਗੀਤ 'ਯਿਹ ਹੈ ਕੈਸੀ ਖ਼ਾਮੋਸ਼ੀ' ਅਤੇ 'ਮੇਰਾ ਜੀਵਨ ਏਕ ਬਰਫੀਲੀ ਧਾਰਾ' ਸੋਲੋ ਹਨ ਅਤੇ ਬਾਕੀ ਦੋ 'ਮਿਲ ਕੇ ਓ ਸਨਮ ਤੁਮ, ਤੁਮ ਨਾ ਰਹੇ' ਅਤੇ 'ਮੇਰਾ ਦਿਲ ਜਵਾਨ ਹੈ' ਅਮਿਤ ਕੁਮਾਰ ਨਾਲ ਡੂਏਟਸ ਦੇ ਰੂਪ ਵਿਚ ਹਨ। 'ਅਨੁਭਵ' (1971) ਤੇ 'ਆਵਿਸ਼ਕਾਰ' (1973) ਵਰਗੀਆਂ ਫਿਲਮਾਂ ਵਿਚ ਲਾਜਵਾਬ ਸੰਗੀਤ ਦੇਣ ਵਾਲੇ ਸੰਗੀਤਕਾਰ ਕਾਨੂ ਰਾਏ ਵੱਲੋਂ ਸੰਗੀਤਬੱਧ ਕੀਤੇ ਇਨ੍ਹਾਂ ਸਾਰੇ ਗੀਤਾਂ ਦੀ ਸੀ.ਡੀ. ਜਾਂ ਕੈਸੇਟ ਤਾਂ ਨਹੀਂ ਮਿਲਦੀ, ਪਰ ਜੋਧਪੁਰ ਦੇ ਇਕ ਫਿਲਮ ਸੰਗੀਤ ਉਪਾਸ਼ਕ ਗਿਰਧਾਰੀ ਲਾਲ ਸਕਸੇਨਾ ਦੇ ਯਤਨਾਂ ਸਦਕਾ ਯੂ-ਟਿਊਬ 'ਤੇ ਉਪਲਬਧ ਹਨ। ਇਸੇ ਸੰਗੀਤ ਉਪਾਸ਼ਕ ਦੀ ਸਾਧਨਾ ਦੀ ਬਦੌਲਤ ਇਕ ਫਿਲਮ ਸੰਮੇਲਨ ਵਿਚ ਨੂਤਨ ਵੱਲੋਂ ਗਾਏ ਗਏ ਫਿਲਮ 'ਅਨਾੜੀ' (1959) ਦੇ ਅਮਰ ਗੀਤ 'ਯਿਹ ਚਾਂਦ ਖਿਲਾ ਯਿਹ ਤਾਰੇ ਹੰਸੇ, ਯਿਹ ਰਾਤ ਅਜਬ ਮਤਵਾਰੀ ਹੈ' ਅਤੇ ਫਿਲਮ 'ਘਰ ਨੰਬਰ 44' (1958) ਦੇ ਖ਼ੂਬਸੂਰਤ ਗੀਤ 'ਫੈਲੀ ਹੂਈ ਹੈਂ ਸਪਨੋਂ ਕੀ ਬਾਹੇਂ' ਦੇ ਵੀਡੀਓ ਵੀ ਯੂ-ਟਿਊਬ ਉੱਤੇ ਸੁਣੇ ਜਾ ਸਕਦੇ ਹਨ।

Pinnacle Carriers Inc., San Jose, CA

Now Hiring Company Drivers

Team and Solo (With Two Yr Experience )

Owner Operators

Specialize in Reefer & Dry Loads.
Run All 48 States



*Trailer rentals
*Get paid weekly on time.
*Fuel advance
*Also provide fuel cards

We have late model trucks and brand new refers.

ਕੰਪਨੀ ਡਰਾਈਵਰਾਂ

ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)

ਓਨਰ ਅਪਰੇਟਰਾਂ ਦੀ ਲੋੜ ਹੈ

*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ *ਕਿਰਾਏ ਦੇ ਟਰੇਲਰ ਉਪਲਬਧ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਂਡਵਾਂਸ ਅਤੇ ਫਿਊਲ ਕਾਰਡ

Sharanbeer Atwal: 408-373-4168
Manpreet and Preet: 408-835-3007

www.pinnaclecarriers.com

51-6



Upgrade to HD-SDI or IP-Camera Mega Pixel quality 1080P
Magic DVR's with HD Blue Ray resolution
Installation available in California, Texas and New York

ਮਾਡੈਸਟੋ, ਸਟਾਕਟਨ ਅਤੇ ਮਰਸਡ ਦੇ ਇਲਾਕੇ 'ਚ 8 ਕੈਮਰਿਆਂ ਵਾਲਾ ਸਕਿਉਰਿਟੀ ਸਿਸਟਮ ਸਿਰਫ $1500 ਵਿਚ ਲੁਆਓ

ਜੇ ਤੁਹਾਡੇ ਕੈਮਰੇ ਘਰੋਂ ਨਹੀਂ ਚੱਲਦੇ ਤਾਂ ਸਿਰਫ 75 ਡਾਲਰ 'ਚ ਠੀਕ ਕਰਵਾਓ

COMMERCIAL & RESIDENTIAL

Monitor Your Home or Office from Anywhere

*Please Call*
888-233-4566

www.dvrunlimited.com
www.security360cameras.com

BOSCH SAMSUNG VIVOTEK
DVR UNLIMITED INC. SECURITY CAMERAS
LG Life's Good

ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114




*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour

All major and minor repairs.

ਤਸੱਲੀਬਖਸ਼ ਕੰਮ
ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

GLOBAL HAWK INSURANCE CO. RRG

# Join our 2014 Truck Compliance Seminar

FREE!

## This February 15, 2014 at 2575 Collier Canyon Road Livermore, CA 94551.



-ਅਸੀਂ ਪਿਛਲੇ 22 ਸਾਲਾਂ ਤੋਂ ਤੁਹਾਡੀ ਸੇਵਾ ਵਿਚ ਹਾਂ
-ਅਸੀਂ ਗਲੋਬਲ ਹਾਕ ਸਮੇਤ ਹੋਰ ਬਹੁਤ ਸਾਰੀਆਂ ਅੱਵਲ ਦਰਜੇ ਦੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਜੁੜੇ ਹੋਏ ਹਾਂ ਅਤੇ ਟਰੱਕਾਂ ਦੀ ਇੰਸ਼ੋਰੈਂਸ ਵਿਚ ਸਾਡੀ ਮੁਹਾਰਤ ਹੈ
-ਤੁਸੀਂ ਓਨਰ ਅਪਰੇਟਰ ਹੋ ਜਾਂ ਤੁਹਾਡੀ ਆਪਣੀ ਟਰੱਕਿੰਗ ਕੰਪਨੀ ਹੈ, ਤੁਹਾਡੇ ਕੋਲ ਇਕ ਟਰੱਕ ਹੈ ਜਾਂ ਸੈਂਕੜੇ ਟਰੱਕ ਹਨ-ਅਸੀਂ ਤੁਹਾਨੂੰ ਸਹੀ ਸਲਾਹ ਦੇ ਕੇ ਇੰਸ਼ੋਰੈਂਸ ਕਰਾਂਗੇ।
-ਆਟੋ ਤੇ ਜਨਰਲ ਲਾਇਬਿਲਿਟੀ, ਕਾਰਗੋ, ਫਿਜ਼ੀਕਲ ਡੈਮੇਜ, ਲੋਕਲ ਲਾਂਗ ਹਾਲ।
-ਬਸ ਇਕੋ ਕਾਲ 'ਤੇ ਤੁਹਾਡੀ ਮਦਦ ਲਈ ਇੰਸ਼ੋਰੈਂਸ ਟੀਮ ਹਾਜ਼ਰ ਹੋਵੇਗੀ।

-ਜਸਬੀਰ ਸਿੰਘ ਬਾਂਦੀ, ਸੀ ਈ ਓ

- CARB laws
- Hours of Service rules
- And much more!

## Come and Meet our Team







**Dominic Flamiano**
Transportation Lawyer with 25 years experience.

**BIT Consultant**
Longtime Inspector available to help with Driver Qualification Files, Interstate vs. Intrastate Regulations and Compliance Issues.

**California Highway Patrol**
An Officer will give you tips and answer all your questions.

## Our Team of Experts Can Help to Grow Your Business

**GCIB** has teamed up with the California Highway Patrol, Risk Managers, BIT Inspectors, Transportation Lawyers and other trucking professionals to help you move your trucking business forward.

**GCIB** has teamed up with **GHINS, Lloyds of London, American Safety Insurance Company** and other **A** rated companies to offer competitive rates for trucking companies of all sizes.

**We Insure**

- Auto liability
- Physical damage
- Cargo
- Local & 48 states
- Sand & gravel
- Container trucks
- Tow trucks
- Owner Operators
- Trucking Company (ies) (& drivers)
- Dump Trucks
- Seasonal Vegetable Haulers.
- Delivery Services
- CateringTrucks, Ice Cream & more

Global Century Insurance Brokers, Inc.
License No. 0E52042

**More Info Call Kelly**
**925.493.7525 Ext.115**

Faith P. Fisher, ARM
FFisher@gcib.net
www.gcib.net